15-NOV-PAGE-1.qxd 11/14/2025 10:30 PM Page 1

ਸ਼ਨੀਵਾਰ, 15 ਨਵੰਬਰ, 2025
30 ਕੱਤਕ { ਨਾਨਕਸ਼ਾਹੀ 557 / ਬਿਕਰਮੀ 2082
ਜਿਲਦ/VOL. : 74
ਅੰਕ/NO. : 165

ਰੋਜ਼ਾਨਾ
# ਨਵਾਂ ਜ਼ਮਾਨਾ

DAILY NAWAN ZAMANA • SATURDAY, 15 NOVEMBER, 2025 ਜਲੰਧਰ

'ਨਵਾਂ ਜ਼ਮਾਨਾ' ਦੇ ਫ਼ੋਨ ਨੰਬਰ
ਪੁੱਛ-ਗਿੱਛ (ਰਿਸੈਪਸ਼ਨ) 0181-5097300
ਇਸ਼ਤਿਹਾਰ ਵਿਭਾਗ 0181-5097302
ਸਹਿਤ ਸੰਪਾਦਕ (ਐਤਵਾਰਤਾ) 0181-5097305
ਕੰਪਿਊਟਰ ਰੂਮ 0181-5097310
ਵੈੱਬ ਟੀ ਵੀ 0181-5133160

YouTube nawan zamana TV

ਕੀਮਤ/PRICE : 5.00 ਰੁਪਏ Regd. No : L-4/Pb-JL-0023/2024-26, (R.N.I.)-00068/57 E-mail : nawanzamana@gmail.com www.nawanzamana.in ਸਫ਼ੇ : 12



350ਵਾਂ ਸ਼ਹੀਦੀ ਦਿਹਾੜਾ
ਸ੍ਰੀ ਗੁਰੂ ਤੇਗ਼ ਬਹਾਦਰ ਜੀ
ਭਾਈ ਮਤੀ ਦਾਸ ਜੀ, ਭਾਈ ਸਤੀ ਦਾਸ ਜੀ, ਭਾਈ ਦਿਆਲਾ ਜੀ
ਆਓ, ਸ੍ਰੀ ਅਨੰਦਪੁਰ ਸਾਹਿਬ ਵਿਖੇ ਨਤਮਸਤਕ ਹੋਈਏ | 23 ਤੋਂ 25 ਨਵੰਬਰ, 2025
ਸੂਚਨਾ ਅਤੇ ਲੋਕ ਸੰਪਰਕ ਵਿਭਾਗ, ਪੰਜਾਬ


# ਬਿਹਾਰ 'ਚ ਪੂਰਾ ਵਗਿਆ

## ਰਾਹੁਲ ਗਾਂਧੀ ਦੀਆਂ ਫੇਰੀਆਂ ਕੰਮ ਨਾ ਆਈਆਂ



**ਪਟਨਾ** : ਬਿਹਾਰ ਚੋਣਾਂ ਦੀ ਤਸਵੀਰ ਹੁਣ ਬਿਲਕੁਲ ਸਾਫ ਹੋ ਗਈ ਹੈ। 243 ਸੀਟਾਂ ਵਿਚੋਂ ਐੱਨ ਡੀ ਏ 202 ਸੀਟਾਂ 'ਤੇ ਅੱਗੇ ਚੱਲ ਰਿਹਾ ਹੈ, ਜਦ ਕਿ ਮਹਾਂਗਠਜੋੜ ਦੇ ਹਿੱਸੇ 37 ਸੀਟਾਂ ਹੀ ਆ ਰਹੀਆਂ ਹਨ। ਦੂਜੇ ਪਾਸੇ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਨੇ ਐੱਕਸ 'ਤੇ ਲਿਖਿਆ ਕਿ ਇਹ ਚੰਗੇ ਸ਼ਾਸਨ ਦੀ ਜਿੱਤ ਹੈ। ਭਾਰਤੀ ਜਨਤਾ ਪਾਰਟੀ ਨੇ 63 ਸੀਟਾਂ ਜਿੱਤ ਲਈਆਂ ਹਨ ਤੇ ਇਹ 27 ਸੀਟਾਂ 'ਤੇ ਅੱਗੇ ਚੱਲ ਰਹੀ ਹੈ। ਜਨਤਾ ਦਲ (ਯੂਨਾਈਟਿਡ) ਨੇ 44 ਸੀਟਾਂ ਜਿੱਤ ਲਈਆਂ ਹਨ ਤੇ ਇਹ 40 ਸੀਟਾਂ 'ਤੇ ਅੱਗੇ ਚੱਲ ਰਿਹਾ ਹੈ। ਦੂਜੇ ਪਾਸੇ ਰਾਸ਼ਟਰੀ ਜਨਤਾ ਦਲ (ਆਰ ਜੇ ਡੀ) ਨੂੰ 13 ਸੀਟਾਂ 'ਤੇ ਜਿੱਤ ਹਾਸਲ ਹੋਈ ਹੈ ਤੇ ਇਹ 12 ਸੀਟਾਂ 'ਤੇ ਅੱਗੇ ਹੈ। ਲੋਕ ਜਨਸ਼ਕਤੀ ਪਾਰਟੀ (ਰਾਮ ਵਿਲਾਸ) ਨੇ 9 ਸੀਟਾਂ ਜਿੱਤ ਲਈਆਂ ਹਨ ਤੇ ਇਹ 10 ਸੀਟਾਂ 'ਤੇ ਅੱਗੇ ਹੈ। ਕਾਂਗਰਸ ਨੂੰ ਹਾਲੇ ਸਿਰਫ 1 ਸੀਟ ਮਿਲੀ ਹੈ ਤੇ ਇਹ 5 ਸੀਟਾਂ 'ਤੇ ਅੱਗੇ ਹੈ। ਐੱਲ ਜੇ ਪੀ (ਆਰ ਵੀ) ਦੇ ਉਮੀਦਵਾਰ ਸੰਜੈ ਕੁਮਾਰ ਸਿੰਘ ਨੇ ਮਹੂਆ ਤੋਂ ਆਰ ਜੇ ਡੀ ਦੇ ਮੁਕੇਸ਼ ਕੁਮਾਰ ਰੌਸ਼ਨ ਨੂੰ 44,997 ਵੋਟਾਂ ਨਾਲ ਹਰਾਇਆ, ਤੇਜ ਪ੍ਰਤਾਪ ਯਾਦਵ ਤੀਜੇ ਸਥਾਨ 'ਤੇ ਰਹੇ। ਪ੍ਰਧਾਨ ਮੰਤਰੀ ਨੇ ਬਿਹਾਰ ਦੇ ਮੁੱਖ ਮੰਤਰੀ ਨਿਤਿਸ਼ ਕੁਮਾਰ ਅਤੇ ਐੱਨ ਡੀ ਏ ਪਰਵਾਰ ਦੇ ਮੈਂਬਰਾਂ ਚਿਰਾਗ ਪਾਸਵਾਨ, ਜੀਤਨ ਰਾਮ ਮਾਂਝੀ ਅਤੇ ਉਪੇਂਦਰ ਕੁਸ਼ਵਾਹਾ ਨੂੰ ਬਿਹਾਰ ਚੋਣਾਂ ਵਿੱਚ ਜਿੱਤ ਲਈ ਵਧਾਈ ਦਿੰਦਿਆਂ ਧੰਨਵਾਦ ਕੀਤਾ। ਮੋਦੀ ਨੇ ਕਿਹਾ ਕਿ ਇਹ ਜਿੱਤ ਲੋਕਾਂ ਦੀ ਜਿੱਤ ਹੈ। ਆਰ ਜੇ ਡੀ ਆਗੂ ਤੇ ਮਹਾਂਗੱਠਜੋੜ ਦੇ ਮੁੱਖ ਮੰਤਰੀ ਚਿਹਰੇ ਤੇਜਸਵੀ ਯਾਦਵ ਰਾਘੋਪੁਰ ਸੀਟ ਤੋਂ ਪਿੱਛੇ ਚੱਲ ਰਹੇ ਸਨ, ਪਰ ਉਨ੍ਹਾਂ 22 ਗੇੜ ਤੋਂ ਬਾਅਦ ਲੀਡ ਹਾਸਲ ਕਰ ਲਈ ਹੈ। ਉਨ੍ਹਾ ਇਸ ਸੀਟ ਤੋਂ ਭਾਜਪਾ ਉਮੀਦਵਾਰ ਸਤੀਸ਼ ਕੁਮਾਰ ਨਾਲੋਂ 14122 ਵੋਟਾਂ ਵੱਧ ਹਾਸਲ ਕਰ ਲਈਆਂ ਹਨ। ਮਹੂਆ ਤੋਂ ਜਨਸ਼ਕਤੀ ਜਨਤਾ ਦਲ (ਜੇ ਜੇ ਪੀ) ਦੇ ਤੇਜ ਪ੍ਰਤਾਪ ਸਿੰਘ 27ਵੇਂ ਗੇੜ ਦੀ ਗਿਣਤੀ ਮਗਰੋਂ 52000 ਦੇ ਕਰੀਬ ਵੋਟਾਂ ਦੇ ਵੱਡੇ ਫ਼ਰਕ ਨਾਲ ਪਿੱਛੇ ਹਨ। ਬਿਹਾਰ ਚੋਣਾਂ ਵਿਚ ਕੌਮੀ ਜਮਹੂਰੀ ਗੱਠਜੋੜ ਦੇ ਵੱਡੀ ਜਿੱਤ ਵੱਲ ਵਧਣ ਦਰਮਿਆਨ ਜੇ ਡੀ ਯੂ ਵਰਕਰਾਂ ਨੇ ਪਟਨਾ ਸਥਿਤ ਪਾਰਟੀ ਹੈੱਡਕੁਆਰਟਰ ਵਿਚ ਪਟਾਕੇ ਚਲਾ ਕੇ ਜਸ਼ਨ ਮਨਾਇਆ। ਚੋਣ ਕਮਿਸ਼ਨ ਨੇ ਵੋਟਾਂ ਦੀ ਗਿਣਤੀ ਲਈ ਬਿਹਾਰ ਦੇ ਸਾਰੇ 243 ਵਿਧਾਨ ਸਭਾ ਹਲਕਿਆਂ 'ਚ ਪੁਖ਼ਤਾ ਪ੍ਰਬੰਧ ਕੀਤੇ ਹਨ।

# ਤਰਨ ਤਾਰਨ ਤੋਂ 'ਆਪ' ਦੇ ਹਰਮੀਤ ਸਿੰਘ ਸੰਧੂ ਜੇਤੂ

## ਅਕਾਲੀ ਦਲ ਦੂਜੇ ਤੇ ਕਾਂਗਰਸ ਚੌਥੇ ਨੰਬਰ 'ਤੇ, ਭਾਜਪਾ ਦੀ ਜ਼ਮਾਨਤ ਜ਼ਬਤ



**ਤਰਨ ਤਾਰਨ** : 'ਆਪ' ਉਮੀਦਵਾਰ ਹਰਮੀਤ ਸਿੰਘ ਸੰਧੂ ਨੇ ਤਰਨ ਤਾਰਨ ਹਲਕੇ ਦੀ ਜ਼ਿਮਨੀ ਚੋਣ ਜਿੱਤ ਲਈ ਹੈ। ਸੱਤਾਧਾਰੀ ਪਾਰਟੀ ਦੇ ਉਮੀਦਵਾਰ ਨੂੰ 42649 ਵੋਟਾਂ ਪਈਆਂ। ਉਨ੍ਹਾ ਸ਼ਰੋਮਣੀ ਅਕਾਲੀ ਦਲ ਦੀ ਸੁਖਵਿੰਦਰ ਕੌਰ ਨੂੰ 12091 ਵੋਟਾਂ ਦੇ ਫ਼ਰਕ ਨਾਲ ਹਰਾਇਆ। ਅਕਾਲੀ ਉਮੀਦਵਾਰ ਨੂੰ 30558 ਵੋਟਾਂ ਪਈਆਂ। ਆਜ਼ਾਦ ਉਮੀਦਵਾਰ ਮਨਦੀਪ ਸਿੰਘ ਖਾਲਸਾ, ਜਿਸ ਨੂੰ 'ਵਾਰਿਸ ਪੰਜਾਬ ਦੇ' ਤੇ ਹੋਰਨਾਂ ਪੰਥਕ ਧਿਰਾਂ ਦੀ ਹਮਾਇਤ ਹਾਸਲ ਸੀ, 19620 ਵੋਟਾਂ ਨਾਲ ਤੀਜੇ ਸਥਾਨ 'ਤੇ ਰਿਹਾ।

ਕਾਂਗਰਸ ਦੇ ਕਰਨਬੀਰ ਸਿੰਘ ਬੁਰਜ ਨੂੰ 15078 ਵੋਟਾਂ ਪਈਆਂ। ਭਾਜਪਾ ਦੇ ਹਰਜੀਤ ਸਿੰਘ ਸੰਧੂ 6239 ਵੋਟਾਂ ਲੈ ਕੇ ਪੰਜਵੇਂ ਨੰਬਰ 'ਤੇ ਰਹੇ। ਨੀਟੂ ਸ਼ਟਰਾਂ ਵਾਲਾ 464 ਵੋਟਾਂ ਨਾਲ 8ਵੇਂ ਸਥਾਨ 'ਤੇ ਹੈ। 'ਆਪ' ਵਰਕਰਾਂ ਤੇ ਸਮਰਥਕਾਂ ਨੇ 14ਵੇਂ ਗੇੜ ਦੀ ਗਿਣਤੀ ਮਗਰੋਂ ਹੀ ਪਾਰਟੀ ਉਮੀਦਵਾਰ ਹਰਮੀਤ ਸਿੰਘ ਸੰਧੂ ਦੀ ਜਿੱਤ ਦਾ ਜਸ਼ਨ ਮਨਾਉਣਾ ਸ਼ੁਰੂ ਕਰ ਦਿੱਤਾ ਸੀ। ਮਾਈ ਭਾਗੋ ਇੰਟਰਨੈਸ਼ਨਲ ਕਾਲਜ ਆਫ ਨਰਸਿੰਗ, ਪਿੱਦੀ (ਤਰਨ ਤਾਰਨ) ਵਿਚ ਸਵੇਰੇ 8 ਵਜੇ ਤੋਂ ਵੋਟਾਂ ਦੀ ਗਿਣਤੀ ਸ਼ੁਰੂ ਹੋਈ। ਮੰਗਲਵਾਰ ਨੂੰ ਹੋਈ ਪੋਲਿੰਗ ਦੌਰਾਨ ਇਸ ਹਲਕੇ ਵਿੱਚ 60.95 ਫੀਸਦੀ ਵੋਟਿੰਗ ਦਰਜ ਕੀਤੀ ਗਈ ਸੀ। ਵੋਟਾਂ ਦੀ ਗਿਣਤੀ 16 ਗੇੜਾਂ ਵਿੱਚ ਪੂਰੀ ਹੋਈ।

ਤਰਨ ਤਾਰਨ ਵਿਧਾਨ ਸਭਾ ਸੀਟ ਬੀਤੀ ਜੂਨ ਵਿੱਚ ਆਮ ਆਦਮੀ ਪਾਰਟੀ ਦੇ ਵਿਧਾਇਕ ਕਸ਼ਮੀਰ ਸਿੰਘ ਸੋਹਲ ਦੀ ਮੌਤ ਤੋਂ ਬਾਅਦ ਖਾਲੀ ਹੋ ਗਈ ਸੀ। ਮਾਰਚ 2022 ਤੋਂ ਬਾਅਦ ਪੰਜਾਬ ਵਿੱਚ ਵਿਧਾਨ ਸਭਾ ਦੀ ਇਹ ਸੱਤਵੀਂ ਜ਼ਿਮਨੀ ਚੋਣ ਹੈ। ਸੱਤਾਧਾਰੀ 'ਆਪ' ਨੇ ਹੁਣ ਤੱਕ ਛੇ ਸੀਟਾਂ ਲਈ ਹੋਈ ਜ਼ਿਮਨੀ ਚੋਣ ਵਿਚ ਪੰਜ ਵਿਚ ਜਿੱਤ ਦਰਜ ਕੀਤੀ ਹੈ। ਤਰਨ ਤਾਰਨ ਹਲਕੇ ਦੀ ਜ਼ਿਮਨੀ ਚੋਣ ਨੂੰ ਮੁੱਖ ਮੰਤਰੀ ਭਗਵੰਤ ਮਾਨ ਅਤੇ 'ਆਪ' ਆਗੂਆਂ ਲਈ ਵੱਡੀ ਅਜ਼ਮਾਇਸ਼ ਵਜੋਂ ਦੇਖਿਆ ਜਾ ਰਿਹਾ ਸੀ, ਜਿਨ੍ਹਾਂ ਇਸ ਸੀਟ ਨੂੰ ਬਰਕਰਾਰ ਰੱਖਣ ਲਈ ਹਮਲਾਵਰ ਢੰਗ ਨਾਲ ਪ੍ਰਚਾਰ ਕੀਤਾ।

ਨਤੀਜੇ ਤੋਂ ਸਰਹੱਦੀ ਹਲਕੇ ਵਿੱਚ 'ਆਪ' ਸਰਕਾਰ ਦੀਆਂ ਨੀਤੀਆਂ ਅਤੇ ਪ੍ਰੋਗਰਾਮਾਂ ਪ੍ਰਤੀ ਵੋਟਰਾਂ ਦੀ ਭਾਵਨਾ ਦਾ ਸੰਕੇਤ ਵੀ ਮਿਲਦਾ ਹੈ। ਤਿੰਨ ਵਾਰ ਵਿਧਾਇਕ ਰਹੇ ਹਰਮੀਤ ਸਿੰਘ ਸੰਧੂ ਜੁਲਾਈ ਵਿੱਚ ਪਾਰਟੀ ਵਿੱਚ ਸ਼ਾਮਲ ਹੋਏ ਸਨ। ਸੰਧੂ 2002 ਵਿੱਚ ਆਜ਼ਾਦ ਉਮੀਦਵਾਰ ਵਜੋਂ ਅਤੇ 2007 ਅਤੇ 2012 ਵਿੱਚ ਸ਼੍ਰੋਮਣੀ ਅਕਾਲੀ ਦਲ ਦੇ ਉਮੀਦਵਾਰ ਵਜੋਂ ਚੁਣੇ ਗਏ ਸਨ। ਉਹ 2017 ਅਤੇ 2022 ਵਿੱਚ ਸੀਟ ਹਾਰ ਗਏ ਸਨ। ਸੂਬੇ ਵਿੱਚ ਪੈਰ ਜਮਾਉਣ ਦੀ ਕੋਸ਼ਿਸ਼ ਕਰ ਰਹੀ ਭਾਜਪਾ ਨੇ ਤਰਨ ਤਾਰਨ ਜ਼ਿਲ੍ਹਾ ਪ੍ਰਧਾਨ ਹਰਜੀਤ ਸਿੰਘ ਸੰਧੂ ਨੂੰ ਮੈਦਾਨ ਵਿੱਚ ਉਤਾਰਿਆ ਸੀ, ਪਰੰਤੂ ਉਹ ਪੰਜਵੇਂ ਸਥਾਨ 'ਤੇ ਰਿਹਾ ਤੇ ਉਸ ਦੀ ਜ਼ਮਾਨਤ ਜ਼ਬਤ ਹੋ ਗਈ। ਹਰਿਆਣਾ ਦੇ ਮੁੱਖ ਮੰਤਰੀ ਨਾਇਬ ਸਿੰਘ ਸੈਣੀ, ਦਿੱਲੀ ਦੀ ਮੁੱਖ ਮੰਤਰੀ ਰੇਖਾ ਗੁਪਤਾ, ਦਿੱਲੀ ਦੇ ਮੰਤਰੀ ਮਨਜਿੰਦਰ ਸਿੰਘ ਸਿਰਸਾ ਅਤੇ ਕੇਂਦਰੀ ਮੰਤਰੀ ਰਵਨੀਤ ਸਿੰਘ ਬਿੱਟੂ ਸਮੇਤ ਸੀਨੀਅਰ ਆਗੂਆਂ ਨੇ ਚੋਣ ਮੁਹਿੰਮ ਵਿੱਚ ਹਿੱਸਾ ਲਿਆ ਸੀ, ਪਰ ਪਾਰਟੀ ਨੂੰ ਕੋਈ ਖਾਸ ਹੁੰਗਾਰਾ ਨਹੀਂ ਮਿਲਿਆ।

## ਪੰਜਾਬ ਮਾਨ ਦੀ ਇਮਾਨਦਾਰੀ ਦਾ ਕਾਇਲ : ਕੇਜਰੀਵਾਲ

**ਚੰਡੀਗੜ੍ਹ (ਗੁਰਜੀਤ ਬਿੱਲਾ)**-'ਆਪ' ਦੇ ਰਾਸ਼ਟਰੀ ਕਨਵੀਨਰ ਅਰਵਿੰਦ ਕੇਜਰੀਵਾਲ ਨੇ ਕਿਹਾ ਹੈ ਕਿ ਤਰਨ ਤਾਰਨ ਦੀ ਇਤਿਹਾਸਕ ਜਿੱਤ ਸਾਬਤ ਕਰਦੀ ਹੈ ਕਿ ਪੰਜਾਬ ਕੰਮ ਦੀ ਰਾਜਨੀਤੀ ਅਤੇ ਮੁੱਖ ਮੰਤਰੀ ਭਗਵੰਤ ਮਾਨ ਦੀ ਇਮਾਨਦਾਰ ਲੀਡਰਸ਼ਿਪ ਦਾ ਭਾਰੀ ਸਮਰਥਨ ਕਰਦਾ ਹੈ। ਮੁੱਖ ਮੰਤਰੀ ਭਗਵੰਤ ਮਾਨ ਨੇ ਕਿਹਾ ਕਿ ਤਰਨ ਤਾਰਨ ਜ਼ਿਮਨੀ ਚੋਣ ਵਿੱਚ ਸ਼ਾਨਦਾਰ ਜਿੱਤ ਸਾਬਤ ਕਰਦੀ ਹੈ ਕਿ ਪੰਜਾਬ ਕੰਮ ਅਧਾਰਤ ਰਾਜਨੀਤੀ ਦਾ ਸਮਰਥਨ ਕਰਦਾ ਹੈ। ਅਰਵਿੰਦ ਕੇਜਰੀਵਾਲ ਦੀ ਅਗਵਾਈ ਹੇਠ ਪਾਰਟੀ ਹਰ ਜਗ੍ਹਾ ਜਿੱਤ ਦਾ ਝੰਡਾ ਬੁਲੰਦ ਕਰ ਰਹੀ ਹੈ।

## ਧਾਲੀਵਾਲ ਮੁੱਖ ਬੁਲਾਰਾ ਨਿਯੁਕਤ



**ਚੰਡੀਗੜ੍ਹ (ਗੁਰਜੀਤ ਬਿੱਲਾ)**-ਆਮ ਆਦਮੀ ਪਾਰਟੀ ਪੰਜਾਬ ਨੇ ਸੀਨੀਅਰ ਆਗੂ, ਸਾਬਕਾ ਮੰਤਰੀ ਅਤੇ ਮੌਜੂਦਾ ਵਿਧਾਇਕ ਕੁਲਦੀਪ ਸਿੰਘ ਧਾਲੀਵਾਲ ਨੂੰ ਪਾਰਟੀ ਦਾ ਮੁੱਖ ਬੁਲਾਰਾ ਨਿਯੁਕਤ ਕੀਤਾ ਹੈ। ਧਾਲੀਵਾਲ ਨੇ ਇਸ ਜ਼ਿੰਮੇਵਾਰੀ ਲਈ ਮੁੱਖ ਮੰਤਰੀ ਭਗਵੰਤ ਮਾਨ, ਕੌਮੀ ਕਨਵੀਨਰ ਅਰਵਿੰਦ ਕੇਜਰੀਵਾਲ ਅਤੇ ਪੰਜਾਬ ਇੰਚਾਰਜ ਮਨੀਸ਼ ਸਿਸੋਦੀਆ ਦਾ ਦਿਲੋਂ ਧੰਨਵਾਦ ਕੀਤਾ ਹੈ।

## ਰੰਗਦਾਰ ਵਿਸ਼ੇਸ਼ ਸਪਲੀਮੈਂਟ



ਧੰਨ-ਧੰਨ ਬਾਬਾ ਸ਼ਾਮ ਸਿੰਘ ਜੀ ਪਿੰਡ ਨਾਰਲਾ ਦੇ ਸਾਲਾਨਾ 335ਵੇਂ ਜੋੜ ਮੇਲੇ ਨੂੰ ਸਮਰਪਿਤ **ਭਿੱਖੀਵਿੰਡ** ਵਿਸ਼ੇਸ਼ ਸਪਲੀਮੈਂਟ 25 ਨਵੰਬਰ ਨੂੰ ਪ੍ਰਕਾਸ਼ਤ ਕੀਤਾ ਜਾ ਰਿਹਾ ਹੈ। ਇਸ ਸੰਬੰਧੀ ਇਸ਼ਤਿਹਾਰ ਤੇ ਹੋਰ ਛਪਣਯੋਗ ਸਮੱਗਰੀ ਦੇਣ ਲਈ ਸਾਡੇ ਪੱਤਰਕਾਰ **ਲਖਵਿੰਦਰ ਸਿੰਘ ਗੋਲਣ** ਨਾਲ ਮੋਬਾਇਲ ਨੰਬਰ 98147-70122 'ਤੇ ਸੰਪਰਕ ਕੀਤਾ ਜਾ ਸਕਦਾ ਹੈ।

-ਜਨਰਲ ਮੈਨੇਜਰ

## ਸਿਹਤ ਸੇਵਾਵਾਂ ਦੇ ਨਿੱਜੀਕਰਨ ਦੀ ਨੀਤੀ ਨੂੰ ਵਾਪਸ ਲੈਣ ਲਈ ਸੀ ਪੀ ਆਈ ਵੱਲੋਂ ਮੰਗ ਪੱਤਰ



**ਲੁਧਿਆਣਾ (ਐੱਮ ਐੱਸ ਭਾਟੀਆ)**

ਪੰਜਾਬ ਸਰਕਾਰ ਵੱਲੋਂ ਸਿਹਤ ਸੇਵਾਵਾਂ ਦੇ ਨਿੱਜੀਕਰਨ ਦੀ ਨੀਤੀ ਅਪਣਾਈ ਜਾ ਰਹੀ ਹੈ। ਇਸ ਲਈ ਪੀ ਪੀ ਪੀ ਮੋਡ ਦਾ ਬਹਾਨਾ ਲੈ ਕੇ ਮੋਗਾ, ਫਿਰੋਜ਼ਪੁਰ, ਰਾਜਪੁਰਾ, ਗੁਰਦਾਸਪੁਰ, ਮੂਨਕ ਦੇ ਸਿਵਲ ਹਸਪਤਾਲਾਂ ਨੂੰ ਨਿੱਜੀ ਖੇਤਰ ਵਿੱਚ ਲਿਆਉਣ ਦੀ ਗੱਲ ਹੋ ਰਹੀ ਹੈ। ਨਾਲ ਹੀ ਸ਼ਹੀਦ ਭਗਤ ਸਿੰਘ ਨਗਰ ਅਤੇ ਸੰਗਰੂਰ ਵਿੱਚ ਖੋਲ੍ਹੇ ਜਾਣ ਵਾਲੇ ਨਵੇਂ ਮੈਡੀਕਲ ਕਾਲਜਾਂ ਨੂੰ ਵੀ ਨਿੱਜੀ ਖੇਤਰ ਵਿੱਚ ਲਿਆਉਣ ਦੀ ਚਰਚਾ ਹੈ। ਇਹ ਕੰਮ ਪੰਜਾਬ ਇਨਫਰਾਸਟਰਕਚਰ ਵਿਕਾਸ ਬੋਰਡ ਰਾਹੀਂ ਕੀਤਾ ਜਾ ਰਿਹਾ ਹੈ। ਇਹਨਾਂ ਬਾਬਤ ਟੈਂਡਰ ਵੀ ਹੋ ਗਏ ਹਨ ਅਤੇ ਨਾਲ ਹੀ ਟੀਮਾਂ ਵੀ ਇਹਨਾਂ ਹਸਪਤਾਲਾਂ ਦਾ ਸਰਵੇ ਕਰਨ ਲਈ ਕੁਝ ਇਲਾਕਿਆਂ ਵਿੱਚ ਜਾ ਚੁੱਕੀਆਂ ਹਨ। ਭਾਰਤੀ ਕਮਿਊਨਿਸਟ ਪਾਰਟੀ ਦੀ ਲੁਧਿਆਣਾ ਇਕਾਈ ਵੱਲੋਂ ਡਿਪਟੀ ਕਮਿਸ਼ਨਰ ਰਾਹੀਂ ਮੁੱਖ ਮੰਤਰੀ ਨੂੰ ਮੰਗ ਪੱਤਰ ਭੇਜਿਆ ਗਿਆ, ਜਿਸ ਵਿੱਚ ਮੰਗ ਕੀਤੀ ਗਈ ਕਿ ਸਿਹਤ ਸੇਵਾਵਾਂ ਦੇ ਨਿੱਜੀਕਰਨ ਦੀ ਨੀਤੀ ਨੂੰ ਸਰਕਾਰ ਤਿਆਗੇ। ਮੰਗ ਪੱਤਰ ਦੇਣ ਤੋਂ ਬਾਅਦ ਗੱਲਬਾਤ ਕਰਦੇ ਹੋਏ ਡਾਕਟਰ ਅਰੁਣ ਮਿੱਤਰਾ ਨੇ ਕਿਹਾ ਕਿ ਇਸ ਨੀਤੀ ਨੂੰ ਅਪਣਾਉਣ ਦੇ ਨਾਲ ਪੰਜਾਬ ਦੇ

• ਬਾਕੀ ਸਫ਼ਾ 2 'ਤੇ

## ਕਾਮਿਨੀ ਕੌਸ਼ਲ ਦਾ ਦੇਹਾਂਤ



**ਨਵੀਂ ਦਿੱਲੀ** : ਬਿਰਧ ਅਦਾਕਾਰਾ ਕਾਮਿਨੀ ਕੌਸ਼ਲ ਦਾ 98 ਸਾਲ ਦੀ ਉਮਰ ਵਿਚ ਦੇਹਾਂਤ ਹੋ ਗਿਆ। ਕਾਮਿਨੀ ਕੌਸ਼ਲ ਨੇ ਉਪਕਾਰ, ਸ਼ਹੀਦ, ਆਰਜ਼ੂ, ਸ਼ਬਨਮ ਆਦਿ ਕਈ ਫ਼ਿਲਮਾਂ ਵਿਚ ਕੰਮ ਕੀਤਾ। ਕਾਮਿਨੀ ਕੌਸ਼ਲ ਦਾ ਜਨਮ 16 ਜਨਵਰੀ, 1927 ਨੂੰ ਲਾਹੌਰ ਵਿੱਚ ਹੋਇਆ ਸੀ। ਆਜ਼ਾਦੀ ਤੋਂ ਪਹਿਲਾਂ ਹੀ ਅਦਾਕਾਰੀ ਦੀ ਦੁਨੀਆ ਵਿੱਚ ਦਾਖ਼ਲ ਹੁੰਦਿਆਂ ਕੌਸ਼ਲ ਨੇ 1946 ਵਿੱਚ ਫਿਲਮ 'ਨੀਚਾ ਨਗਰ' ਨਾਲ ਆਪਣੇ ਫਿਲਮੀ ਕੈਰੀਅਰ ਦੀ ਸ਼ੁਰੂਆਤ ਕੀਤੀ। ਇਹ ਫਿਲਮ ਨਾ ਸਿਰਫ਼ ਉਨ੍ਹਾ ਲਈ ਇੱਕ ਮੀਲ ਪੱਥਰ ਸਾਬਤ ਹੋਈ, ਬਲਕਿ ਇਸ ਨੂੰ ਭਾਰਤੀ ਸਿਨੇਮਾ ਦੇ ਇਤਿਹਾਸ ਵਿੱਚ ਅਮਰ ਵੀ ਕਰ ਦਿੱਤਾ। 'ਨੀਚਾ ਨਗਰ' ਨੇ ਪਹਿਲੇ ਕਾਨ ਫਿਲਮ ਫੈਸਟੀਵਲ ਵਿੱਚ ਸਰਵੋਤਮ ਫਿਲਮ ਪੁਰਸਕਾਰ ਜਿੱਤਿਆ।

1940 ਅਤੇ 1950 ਦੇ ਦਹਾਕੇ ਦੀਆਂ ਸਭ ਤੋਂ ਮਸ਼ਹੂਰ ਅਭਿਨੇਤਰੀਆਂ ਵਿੱਚੋਂ ਇੱਕ ਕਾਮਿਨੀ ਕੌਸ਼ਲ ਨੇ ਆਪਣੇ ਕੈਰੀਅਰ ਦੌਰਾਨ ਕਈ ਮਸ਼ਹੂਰ ਫਿਲਮਾਂ ਵਿੱਚ ਕੰਮ ਕੀਤਾ। ਉਸ ਦੀਆਂ ਪ੍ਰਮੁੱਖ ਫਿਲਮਾਂ ਵਿੱਚ ਦੋ ਭਾਈ (1947), ਨਦੀਆ ਕੇ ਪਾਰ (1948), ਜ਼ਿੱਦੀ (1948), ਸ਼ਬਨਮ (1949), ਪਾਰਸ (1949), ਆਦਰਸ਼ (1949), ਆਰਜ਼ੂ (1950), ਝਾਂਜਰ (1953), ਆਬਰੂ (1956), ਬੜੀ ਸਰਕਾਰ (1957), ਜੇਲ੍ਹਰ (1958), ਨਾਈਟ ਕਲੱਬ (1958) ਅਤੇ ਗੋਦਾਨ (1963) ਸ਼ਾਮਲ ਹਨ।

## ਅੱਜ-ਨਾਮਾ

ਫਿਕਰ ਵਾਲੀ ਇੱਕ ਖਬਰ ਆ ਹੋਰ ਆਈ,
ਦੁੱਧ ਦੇ ਵਿੱਚ ਮਿਲਾਵਟ ਫਿਰ ਕਰੀ ਜਾਂਦੀ।
ਵਿਕਦਾ ਕਿਤੇ ਪਿਆ ਪੂਰਾ ਹੀ ਦੁੱਧ ਨਕਲੀ,
ਪਤਾ ਨਹੀਂ ਕਿਵੇਂ ਸਵਾਹ ਵਿੱਚ ਭਰੀ ਜਾਂਦੀ।
ਕਿਧਰੇ ਕੀਤੀ ਮਿਲਾਵਟ ਆ ਬਹੁਤ ਜਾਂਦੀ,
ਮੂਹਰੇ ਲੋਕਾਂ ਦੇ ਜ਼ਹਿਰ ਫਿਰ ਧਰੀ ਜਾਂਦੀ।
ਅੰਕੜੇ ਛਪਦੇ ਅਖਬਾਰਾਂ ਦੇ ਵਿੱਚ ਰਹਿੰਦੇ,
ਹਰ ਇੱਕ ਗੱਲ ਸਰਕਾਰ ਆ ਜਰੀ ਜਾਂਦੀ।
ਦੋ-ਚਾਰ ਸੈਂਕੜੇ ਕਿੱਲੋ ਦੀ ਬਾਤ ਹੈ ਨਹੀਂ,
ਵਿਕਦਾ ਜ਼ਹਿਰ ਬਾਜ਼ਾਰ ਵਿੱਚ ਥੋਕ ਬੇਲੀ।
ਚਿੰਤਾ ਕਰਦੀ ਤਾਂ ਕਰੀ ਜਾਏ ਯੂ ਐੱਨ ਓ,
ਸੁੱਤੀ ਸਰਕਾਰ ਤੇ ਮਰਨ ਪਏ ਲੋਕ ਬੇਲੀ।

-ਤੀਸ ਮਾਰ ਖਾਂ

## ਜਥੇ 'ਚੋਂ ਔਰਤ ਨੂੰ ਭਜਾ ਕੇ ਲਿਜਾਣ ਵਾਲੇ ਪਾਕਿਸਤਾਨੀ ਆਸ਼ਕ ਦੀ ਭਾਲ

**ਅਟਾਰੀ ਸਰਹੱਦ** : ਸ੍ਰੀ ਗੁਰੂ ਨਾਨਕ ਦੇਵ ਜੀ ਦੇ ਪ੍ਰਕਾਸ਼ ਗੁਰਪੁਰਬ ਮਨਾਉਣ ਲਈ ਭਾਰਤ ਤੋਂ ਪਾਕਿਸਤਾਨ ਗਏ ਸਿੱਖ ਸ਼ਰਧਾਲੂਆਂ ਦੇ ਜਥੇ ਵਿਚ ਸ਼ਾਮਿਲ ਹੋ ਕੇ ਗਈ ਚੜ੍ਹਦੇ ਪੰਜਾਬ ਦੀ ਇਕ ਮਹਿਲਾ, ਜੋ ਸਿੱਖ ਜਥੇ ਵਿਚੋਂ ਫਰਾਰ ਹੋ ਗਈ ਸੀ, ਉਸ ਦੀ ਗ੍ਰਿਫ਼ਤਾਰੀ ਲਈ ਲਹਿੰਦੇ ਪੰਜਾਬ ਪਾਕਿਸਤਾਨ ਦੀ ਪੁਲਸ ਵਲੋਂ ਗੰਭੀਰਤਾ ਨਾਲ ਜਾਂਚ ਕਰਦਿਆਂ ਉਸ ਨੂੰ ਭਜਾ ਕੇ ਲਿਜਾਣ ਵਾਲੇ ਵਿਅਕਤੀ ਦੇ ਘਰ ਤੱਕ ਪਹੁੰਚ ਕਰ ਲਈ ਗਈ ਹੈ। ਭਾਰਤੀ ਮਹਿਲਾ ਭੁਪਿੰਦਰ ਕੌਰ ਵਾਸੀ ਕਪੂਰਥਲਾ ਚਾਰ ਨਵੰਬਰ ਨੂੰ ਸਿੱਖ ਸ਼ਰਧਾਲੂਆਂ ਦੇ ਜਥੇ ਵਿਚ ਸ਼ਾਮਿਲ ਹੋ ਕੇ ਸ੍ਰੀ ਗੁਰੂ ਨਾਨਕ ਦੇਵ ਜੀ ਦਾ ਪ੍ਰਕਾਸ਼ ਗੁਰਪੁਰਬ ਮਨਾਉਣ ਲਈ ਨਨਕਾਣਾ ਸਾਹਿਬ ਵਿਖੇ ਪੁੱਜੀ ਸੀ। ਉਹ ਆਪਣੇ ਇਕ ਪਾਕਿਸਤਾਨੀ ਦੋਸਤ, ਜਿਸ ਨਾਲ ਉਸ ਨੇ ਪਿਛਲੇ ਦੋ ਸਾਲ ਤੋਂ ਫੇਸਬੁਕ ਰਾਹੀਂ ਰਾਬਤਾ ਬਣਾਇਆ ਸੀ, ਨਾਲ ਫਰਾਰ ਹੋ ਗਈ ਤੇ ਉਹ ਜਥੇ ਨਾਲ ਵਾਪਿਸ ਨਹੀਂ ਪਰਤੀ।

ਭਾਰਤੀ ਮਹਿਲਾ ਨੂੰ ਭਜਾ ਕੇ ਖੜਨ ਵਾਲੇ ਪਾਕਿਸਤਾਨੀ ਨਾਗਰਿਕ ਦੀ ਪਹਿਚਾਣ ਨਾਸਰ ਹੁਸੈਨ ਵਾਸੀ ਪਿੰਡ ਪਿੰਡੀ ਦਾਸ ਨਜ਼ਦੀਕ ਸ਼ੇਖੂਪੁਰਾ, ਜ਼ਿਲ੍ਹਾ ਨਨਕਾਣਾ ਸਾਹਿਬ ਵਜੋਂ ਹੋਈ ਹੈ। ਲਹਿੰਦੇ ਪੰਜਾਬ ਪਾਕਿਸਤਾਨ ਦੀ ਪੁਲਸ ਦੋਵਾਂ ਦੀ ਗ੍ਰਿਫਤਾਰੀ ਲਈ ਯਤਨਸ਼ੀਲ ਹੈ ਤੇ ਉਹ ਥਾਂ ਥਾਂ ਛਾਪੇਮਾਰੀ ਕਰ ਰਹੀ ਹੈ। ਪੁਲਸ ਨੇ ਨਾਸਰ ਹੁਸੈਨ ਦੇ ਲੜਕੇ ਅਤੇ ਭਰਾ ਨੂੰ ਫਿਲਹਾਲ ਖਬਰ ਲਿਖੇ ਜਾਣ ਤੱਕ ਗ੍ਰਿਫ਼ਤਾਰ ਕੀਤਾ ਹੈ। ਪਾਕਿਸਤਾਨ ਸਿੱਖ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਪ੍ਰਧਾਨ ਅਤੇ ਲਹਿੰਦੇ ਪੰਜਾਬ ਪਾਕਿਸਤਾਨ ਦੀ ਸਰਕਾਰ ਦੇ ਮੰਤਰੀ ਰਮੇਸ਼ ਸਿੰਘ ਅਰੋੜਾ ਨੇ ਕਿਹਾ ਕਿ ਉਹਨਾ ਵੱਲੋਂ ਪੰਜਾਬ ਪੁਲਸ ਨੂੰ ਸਖਤ

• ਬਾਕੀ ਸਫ਼ਾ 2 'ਤੇ


ਸ੍ਰੀ ਗੁਰੂ ਨਾਨਕ ਦੇਵ ਜੀ ਦੇ ਪ੍ਰਕਾਸ਼ ਪੁਰਬ ਨੂੰ ਸਮਰਪਤ ਕਸਬਾ ਕਾਲਾ ਸੰਘਿਆਂ (ਕਪੂਰਥਲਾ) ਦਾ ਵਿਸ਼ੇਸ਼ ਸਪਲੀਮੈਂਟ ਪ੍ਰਕਾਸ਼ਿਤ ਕਰਨ 'ਤੇ ਅਦਾਰਾ ਨਵਾਂ ਜ਼ਮਾਨਾ ਤੇ ਪੱਤਰਕਾਰ ਮਨਜੀਤ ਮਾਨ ਨੂੰ ਮੁਬਾਰਕਾਂ
ਗੁਰਦੁਆਰਾ ਸੰਤ ਬਾਬਾ ਕਾਹਨ ਦਾਸ ਜੀ ਪ੍ਰਬੰਧਕ ਕਮੇਟੀ ਅਤੇ ਸਮੂਹ ਮੈਂਬਰਾਨ, ਆਲਮਗੀਰ ਕਾਲਾ ਸੰਘਿਆਂ। ਮੈਨੇਜਰ ਜੋਗਿੰਦਰ ਸਿੰਘ ਫੋਨ : 78146-88353
ਬਾਬਾ ਕਾਹਨ ਦਾਸ ਹਸਪਤਾਲ
• ਆਧੁਨਿਕ ਪਾਰਕ • ਨਵੇਂ ਬਾਥਰੂਮ • 60 ਕਿਲੋਵਾਟ ਦਾ ਸੋਲਰ ਸਿਸਟਮ • ਰਾਮਸਰੇ ਵਾਲੇ ਪਾਸੇ ਹਸਪਤਾਲ ਲਈ ਖੂਬਸੂਰਤ ਰਸਤਾ • ਡਿਜ਼ੀਟਲ ਐਕਸਰੇ • ਸਕੈਨਿੰਗ ਮਸ਼ੀਨ
ਡਾ. ਤਰਸੇਮ ਲਾਲ ਸ਼ਾਮ 4 ਤੋਂ 6 ਵਜੇ ਸੇਵਾ ਨਿਭਾਉਂਦੇ ਹਨ। ਇੱਥੇ ਬਹੁਤ ਘੱਟ ਰੇਟਾਂ 'ਤੇ ਹਰ ਤਰ੍ਹਾਂ ਦੇ ਆਪਰੇਸ਼ਨ ਕੀਤੇ ਜਾਂਦੇ ਹਨ।
ਪ੍ਰਧਾਨ ਪਰਮਜੀਤ ਸਿੰਘ ਬੈਂਸ ਪ੍ਰਬੰਧਕ ਕਮੇਟੀ ਅਤੇ ਸਮੂਹ ਮੈਂਬਰਾਨ ਆਲਮਗੀਰ, ਕਾਲਾ ਸੰਘਿਆਂ

ਸ੍ਰੀ ਗੁਰੂ ਨਾਨਕ ਦੇਵ ਜੀ ਦੇ ਪ੍ਰਕਾਸ਼ ਪੁਰਬ ਦੀਆਂ ਦੇਸ਼ ਵਿਦੇਸ਼ ਦੀਆਂ ਸੰਗਤਾਂ ਨੂੰ ਲੱਖ-ਲੱਖ ਵਧਾਈ
ਸੰਤ ਹੀਰਾ ਦਾਸ ਐਜੂਕੇਸ਼ਨਲ ਸੁਸਾਇਟੀ ਕਾਲਾ ਸੰਘਿਆਂ (ਰਜਿ.) ਵੱਲੋਂ ਚੱਲ ਰਹੀਆਂ ਵਿੱਦਿਅਕ ਸੰਸਥਾਵਾਂ
ਸੰਤ ਹੀਰਾ ਦਾਸ ਕੰਨਿਆ ਮਹਾਂਵਿਦਿਆਲਾ — ਚੱਲ ਰਹੇ ਕੋਰਸ : ਆਰਟਸ, ਸਾਇੰਸ, ਕਾਮਰਸ
ਸੰਤ ਹੀਰਾ ਦਾਸ ਗਰਲਜ਼ ਕਾਲਜੀਏਟ ਸੀਨੀ. ਸੈਕੰਡਰੀ ਸਕੂਲ — ਚੱਲ ਰਹੇ ਕੋਰਸ : ਆਰਟਸ, ਸਾਇੰਸ, ਕਾਮਰਸ ਕਲਾਸਾਂ : 9ਵੀਂ ਤੋਂ 10+2
ਸੰਤ ਹੀਰਾ ਦਾਸ ਪਬਲਿਕ ਸੀਨੀਅਰ ਸੈਕੰਡਰੀ ਸਕੂਲ — ਚੱਲ ਰਹੇ ਕੋਰਸ : ਪ੍ਰੀ-ਨਰਸਰੀ ਤੋਂ 10+2 ਸਟ੍ਰੀਮ : ਆਰਟਸ, ਸਾਇੰਸ, ਕਾਮਰਸ।
ਸੀਤਲ ਸਿੰਘ ਸੰਘਾ ਪ੍ਰਧਾਨ — ਸੰਜੀਵ ਕੁਮਾਰ ਹੈਪੀ ਸੈਕਟਰੀ

ਸਰਕਾਰੀ ਸੀਨੀ. ਸੈਕੰ. ਸਕੂਲ ਉੱਗੀ, ਜਲੰਧਰ
ਸੁਵਿਧਾਵਾਂ : ਸਮਾਰਟ ਕਲਾਸਰੂਮ, ਉਚ ਸਿੱਖਿਅਤ ਤਜ਼ਰਬੇਕਾਰ ਅਤੇ ਮਿਹਨਤੀ ਸਟਾਫ, ਵਧੀਆ ਬੁਨਿਆਦੀ ਢਾਂਚਾ, ਵਿਸ਼ਾਲ ਖੇਡ ਦਾ ਮੈਦਾਨ, ਸਾਲਾਨਾ ਨਤੀਜੇ 100 ਫੀਸਦੀ, ਆਧੁਨਿਕ ਆਡੀਓ ਵਿਜ਼ੂਅਲ ਢੰਗ ਰਾਹੀਂ ਉਤਮ ਅਧਿਆਪਨ, ਲੋੜਵੰਦ ਵਿਦਿਆਰਥੀਆਂ ਦੀ ਪੂਰੀ ਫੀਸ ਮੁਆਫ਼ ਕੀਤੀ ਜਾਂਦੀ ਹੈ।
ਸਕੂਲ ਵਿੱਚ ਪਿੰਡ ਦੀਆਂ ਲੜਕੀਆਂ ਲਈ ਸਿਲਾਈ ਅਤੇ ਬਿਊਟੀ ਪਾਰਲਰ ਦਾ ਵਿਸ਼ੇਸ਼ ਪ੍ਰਬੰਧ।
ਹਰੀਸ਼ ਨਾਗਪਾਲ ਸਕੂਲ ਇੰਚਾ. ਉੱਗੀ

ਸ੍ਰੀ ਗੁਰੂ ਨਾਨਕ ਦੇਵ ਜੀ ਦੇ ਪ੍ਰਕਾਸ਼ ਪੁਰਬ ਨੂੰ ਸਮਰਪਤ ਕਸਬਾ ਕਾਲਾ ਸੰਘਿਆਂ (ਕਪੂਰਥਲਾ) ਦਾ ਵਿਸ਼ੇਸ਼ ਸਪਲੀਮੈਂਟ ਪ੍ਰਕਾਸ਼ਿਤ ਕਰਨ 'ਤੇ ਅਦਾਰਾ ਨਵਾਂ ਜ਼ਮਾਨਾ ਤੇ ਪੱਤਰਕਾਰ ਮਨਜੀਤ ਮਾਨ ਨੂੰ ਮੁਬਾਰਕਾਂ
ਤਰਲੋਚਨ ਸਿੰਘ ਸੰਘਾ ਬਲਾਕ ਪ੍ਰਧਾਨ ਸਹਿਕਾਰੀ ਸਭਾ ਉੱਗੀ — ਹਰਸਿਮਰਨ ਸਿੰਘ ਸੰਘਾ ਜ. ਸਕੱਤਰ ਯੂਥ ਕਾਂਗਰਸ ਨਕੋਦਰ

ਸਰਕਾਰੀ ਕੰਨਿਆ ਸੀਨੀ. ਸੈਕੰ. ਸਕੂਲ, ਸ਼ੰਕਰ
ਸ੍ਰੀ ਗੁਰੂ ਨਾਨਕ ਦੇਵ ਜੀ ਦੇ ਪ੍ਰਕਾਸ਼ ਪੁਰਬ ਨੂੰ ਸਮਰਪਤ ਕਸਬਾ ਕਾਲਾ ਸੰਘਿਆਂ (ਕਪੂਰਥਲਾ) ਦਾ ਵਿਸ਼ੇਸ਼ ਸਪਲੀਮੈਂਟ ਪ੍ਰਕਾਸ਼ਿਤ ਕਰਨ 'ਤੇ ਅਦਾਰਾ ਨਵਾਂ ਜ਼ਮਾਨਾ ਤੇ ਪੱਤਰਕਾਰ ਮਨਜੀਤ ਮਾਨ ਨੂੰ ਮੁਬਾਰਕਾਂ
ਦਮਨਜੀਤ ਕੌਰ ਪ੍ਰਿੰਸੀਪਲ-ਕਮ ਬਲਾਕ ਇੰਚਾਰਜ ਨਕੋਦਰ-2 — ਮਨਜਿੰਦਰ ਸਿੰਘ ਜਨਰਲ ਸਕੱਤਰ ਗੌਲਡਨ ਐਵੀਨਿਊ ਵੈਲਫੇਅਰ ਸੋਸਇਟੀ (ਰਜਿ.) ਨਕੋਦਰ-2

ਸ੍ਰੀ ਗੁਰੂ ਨਾਨਕ ਦੇਵ ਜੀ ਦੇ ਪ੍ਰਕਾਸ਼ ਪੁਰਬ ਨੂੰ ਸਮਰਪਤ ਕਸਬਾ ਕਾਲਾ ਸੰਘਿਆਂ (ਕਪੂਰਥਲਾ) ਦਾ ਵਿਸ਼ੇਸ਼ ਸਪਲੀਮੈਂਟ ਪ੍ਰਕਾਸ਼ਿਤ ਕਰਨ 'ਤੇ ਅਦਾਰਾ ਨਵਾਂ ਜ਼ਮਾਨਾ ਤੇ ਪੱਤਰਕਾਰ ਮਨਜੀਤ ਮਾਨ ਨੂੰ ਮੁਬਾਰਕਾਂ
ਡਾ. ਵੇਦ ਪ੍ਰਕਾਸ਼ ਵਾਸਤਵ ਜਨਰਲ ਸਕੱਤਰ ਬਲਾਕ ਕਾਂਗਰਸ ਕਪੂਰਥਲਾ ਦਿਹਾਤੀ

ਸ੍ਰੀ ਗੁਰੂ ਨਾਨਕ ਦੇਵ ਜੀ ਦੇ ਪ੍ਰਕਾਸ਼ ਪੁਰਬ ਨੂੰ ਸਮਰਪਤ ਕਸਬਾ ਕਾਲਾ ਸੰਘਿਆਂ (ਕਪੂਰਥਲਾ) ਦਾ ਵਿਸ਼ੇਸ਼ ਸਪਲੀਮੈਂਟ ਪ੍ਰਕਾਸ਼ਿਤ ਕਰਨ 'ਤੇ ਅਦਾਰਾ ਨਵਾਂ ਜ਼ਮਾਨਾ ਤੇ ਪੱਤਰਕਾਰ ਮਨਜੀਤ ਮਾਨ ਨੂੰ ਮੁਬਾਰਕਾਂ
ਮਾਨ ਡੇਅਰੀ
ਇੱਥੇ ਤਾਜਾ ਦੁੱਧ, ਦਹੀਂ, ਪਨੀਰ, ਦੇਸੀ ਘਿਓ ਬਾਜ਼ਾਰ ਨਾਲੋਂ ਸਸਤੇ ਰੇਟਾਂ 'ਤੇ ਮਿਲਦਾ ਹੈ।
ਹਰਨੇਕ ਸਿੰਘ ਮਾਨ
ਪੁਰਾਣਾ ਬੱਸ ਸਟੈਂਡ ਪਿੰਡ ਆਲਮਗੀਰ, ਕਾਲਾ ਸੰਘਿਆ (ਕਪੂਰਥਲਾ)

ਪ੍ਰੋਪ ਸੁਨੀਲ ਕੁਮਾਰ (ਸੋਨੂੰ) M: 98149-12204
ਨਿਰਗੁਣ ਸਕਰੈਪ ਸਟੋਰ
ਇੱਥੇ ਹਰ ਤਰ੍ਹਾਂ ਦਾ ਸਕਰੈਪ ਖਰੀਦੀਆ ਤੇ ਵੇਚਿਆ ਜਾਂਦਾ ਹੈ।
ਨੋਟ : ਇੱਥੇ ਹਰ ਤਰ੍ਹਾਂ ਦੇ ਗੇਟ ਵੀ ਮਿਲਦੇ ਹਨ।
ਨਕੋਦਰ-ਕਪੂਰਥਲਾ ਰੋਡ, ਨੇੜੇ ਰਹੀਮਪੁਰ ਗੇਟ, ਪਿੰਡ ਉੱਗੀ (ਜਲੰਧਰ)

ਸ੍ਰੀ ਗੁਰੂ ਨਾਨਕ ਦੇਵ ਜੀ ਦੇ ਪ੍ਰਕਾਸ਼ ਪੁਰਬ ਨੂੰ ਸਮਰਪਤ ਕਸਬਾ ਕਾਲਾ ਸੰਘਿਆਂ (ਕਪੂਰਥਲਾ) ਦਾ ਵਿਸ਼ੇਸ਼ ਸਪਲੀਮੈਂਟ ਪ੍ਰਕਾਸ਼ਿਤ ਕਰਨ 'ਤੇ ਅਦਾਰਾ ਨਵਾਂ ਜ਼ਮਾਨਾ ਤੇ ਪੱਤਰਕਾਰ ਮਨਜੀਤ ਮਾਨ ਨੂੰ ਮੁਬਾਰਕਾਂ
ਸਰਪੰਚ ਸੁਖਵਿੰਦਰ ਸਿੰਘ ਨੇਕੀ ਸਾਬਕਾ ਅੰਤਰਰਾਸ਼ਟਰੀ ਕਬੱਡੀ ਖਿਡਾਰੀ

A.P.S. COLLEGE OF NURSING
Managed By: PARUL EDUCATIONAL SOCIETY
"AFFILIATED & APPROVED BY UNIVERSITY, PNRC, INC & PUNJAB GOVT.
HOME BASED CARE ATTENDANT (CERTIFICATE COURSE)
OPERATION THEATER ATTENDENT (CERTIFICATE COURSE)
HOSPITAL BASED CARE ATTENDANT (CERTIFICATE COURSE)
EMERGENCY CUM AMBULANCE ATTENDANT (CERTIFICATE COURSE)
B.SC. NURSING (DEGREE COURSE)
G.N.M. (DIPLOMA COURSE)
B.SC. NURSING (POST BASIC DEGREE COURSE)
HOME BASED CARE HELPER (CERTIFICATE COURSE)
FOR ADMISSION OR ENQUIRY CONTACT : +91-70870-19698, 78889-95468, 92169-41699
ਸ਼ਾਹਕੋਟ ਰੋਡ ਮਲਸ਼ੀਆ

ਬਲਜੀਤ ਸਿੰਘ ਮੱਲ੍ਹੀ ਮੱਲ੍ਹੀ ਫਾਈਨਾਂਸ ਨਕੋਦਰ — ਦਲਬੀਰ ਸਿੰਘ ਰਾਣਾ ਸੁਨੇੜਵਾਲ ਸੀਨੀ. ਆਪ ਆਗੂ — ਜਗਦੀਸ਼ ਮਹੇੜੂ ਪੱਤਰਕਾਰ — ਰੂਪਕ ਬਖ਼ਸ਼ੀ ਕੈਪੀਟਲ ਬੈਂਕ ਮੈਨੇਜਰ ਉੱਗੀ — ਗੁਰਦਾਵਰ ਸਿੰਘ ਬਸਣ ਕਾਲਾ ਸੰਘਿਆਂ — ਇੰਦਰਜੀਤ ਸਿੰਘ ਬਸਣ ਕਾਲਾ ਸੰਘਿਆਂ, ਸਾਹਿਤਕਾਰ — ਭਾਈ ਸੁਰਜੀਤ ਸਿੰਘ ਸੋਹਲ ਹੈੱਡ ਗ੍ਰੰਥੀ ਗੁ. ਸੰਤ ਬਾਬਾ ਕਾਹਨ ਦਾਸ — ਬਾਬਾ ਅਵਤਾਰ ਸਿੰਘ — ਜੋਗਿੰਦਰ ਸਿੰਘ ਮੈਨੇਜਰ ਗੁ. ਸੰਤ ਬਾਬਾ ਕਾਹਨ ਦਾਸ

## ਸਿਹਤ ਸੰਸਥਾਵਾਂ ਦੇ ਨਿੱਜੀਕਰਨ ਦਾ ਡਟਵਾਂ ਵਿਰੋਧ ਕਰਾਂਗੇ : ਕੁਲਵੀਰ, ਜਸਵਿੰਦਰ



ਮਾਲੇਰਕੋਟਲਾ (ਅਸਗਰ ਪਰਿਹਾਰ)-ਮਲਟੀਪਰਪਜ ਹੈਲਥ ਇੰਪਲਾਈਜ਼ ਯੂਨੀਅਨ ਪੰਜਾਬ ਦੇ ਪ੍ਰਧਾਨ ਕੁਲਵੀਰ ਸਿੰਘ ਮੋਗਾ ਤੇ ਸੂਬਾ ਜਰਨਲ ਸਕੱਤਰ ਜਸਵਿੰਦਰ ਸਿੰਘ ਨੇ ਪ੍ਰੈਸ ਨੂੰ ਜਾਣਕਾਰੀ ਦਿੰਦਿਆਂ ਕਿਹਾ ਕਿ ਸੂਬਾ ਸਰਕਾਰ ਜੋ ਲੋਕਾਂ ਨੂੰ ਬਿਹਤਰ ਤੇ ਘਰਾਂ ਦੇ ਨੇੜੇ ਮੁਫਤ ਸਿਹਤ ਸੇਵਾਵਾਂ ਦੇਣ ਦੇ ਵਾਅਦੇ ਤੇ ਦਾਅਵੇ ਕਰ ਰਹੀ ਸੀ, ਉਨ੍ਹਾਂ ਵੱਲੋਂ ਪੰਜਾਬ ਦੇ ਪੰਜ ਵੱਡੇ ਹਸਪਤਾਲਾਂ ਨੂੰ ਇੱਕ ਪਾਇਲਟ ਪ੍ਰੋਜੈਕਟ ਦਾ ਨਾਂਅ ਦੇ ਕੇ ਨਿੱਜੀ ਕੰਪਨੀਆਂ ਦੇ ਹੱਥਾਂ ਦੇ ਵਿੱਚ ਦੇਣ ਦੀ ਤਿਆਰੀ ਕਰ ਲਈ ਹੈ ਤੇ ਇਸ ਨਿੱਜੀਕਰਨ ਦਾ ਮਲਟੀਪਰਪਜ ਹੈਲਥ ਇੰਪਲਾਈਜ਼ ਯੂਨੀਅਨ ਪੰਜਾਬ ਡਟਵਾਂ ਵਿਰੋਧ ਕਰੇਗੀ ਅਤੇ ਕਿਸੇ ਵੀ ਹਾਲਤ 'ਚ ਸਰਕਾਰੀ ਸਿਹਤ ਸੰਸਥਾਵਾਂ ਨੂੰ ਪ੍ਰਾਈਵੇਟ ਹੱਥਾਂ ਦੇ ਵਿੱਚ ਨਹੀਂ ਦੇਣ ਦਿੱਤਾ ਜਾਵੇਗਾ।ਸੂਬਾ ਪ੍ਰਧਾਨ ਕੁਲਵੀਰ ਸਿੰਘ ਮੋਗਾ ਨੇ ਦੱਸਿਆ ਕਿ ਸਰਕਾਰ ਵੱਲੋਂ ਚੁੱਪ ਚੁਪੀਤੇ ਜਿਨ੍ਹਾਂ ਹਸਪਤਾਲਾਂ ਨੂੰ ਨਿੱਜੀ ਕੰਪਨੀਆਂ ਦੇ ਹੱਥਾਂ ਦੇ ਵਿੱਚ ਦੇਣ ਦੀ ਤਿਆਰੀ ਕਰ ਲਈ ਹੈ, ਉਨ੍ਹਾਂ ਵਿੱਚ ਮੋਗਾ, ਫ਼ਿਰੋਜ਼ਪੁਰ, ਗੁਰਦਾਸਪੁਰ, ਮੂਨਕ ਤੇ ਰਾਜਪੁਰਾ ਦੇ ਹਸਪਤਾਲ ਹਨ, ਜਿਹੜੇ ਪੀ.ਪੀ.ਪੀ ਮੋਡ (ਪਬਲਿਕ ਪ੍ਰਾਈਵੇਟ ਪਾਰਟਨਰ) ਤਹਿਤ ਦਿੱਤੇ ਜਾ ਰਹੇ। ਉਨ੍ਹਾਂ ਕਿਹਾ ਕਿ ਇਨ੍ਹਾਂ ਹਸਪਤਾਲਾਂ 'ਚ ਜਿੱਥੇ ਲੋਕਾਂ ਨੂੰ ਮੁਫ਼ਤ ਸਿਹਤ ਸਹੂਲਤਾਂ ਮਿਲਦੀਆਂ ਹਨ, ਉੱਥੇ ਹੁਣ ਨਿੱਜੀਕਰਨ ਦੇ ਨਾਂਅ 'ਤੇ ਲੋਕਾਂ ਦੇ ਮਹਿੰਗੇ ਇਲਾਜ ਹੋਣਗੇ।ਉਨ੍ਹਾਂ ਦੱਸਿਆ ਕਿ ਇਸ ਦੇ ਤੋਂ ਪਹਿਲਾਂ ਵੀ ਸਰਕਾਰ ਵੱਲੋਂ ਸਰਕਾਰੀ ਹਸਪਤਾਲਾਂ 'ਚ ਚੱਲਦੀਆਂ ਲੈਬੋਟਰੀਆਂ ਨੂੰ ਆਧੁਨਿਕ ਤੇ ਅਪਗ੍ਰੇਡ ਕਰਨ ਦੀ ਥਾਂ ਕ੍ਰਿਸ਼ਨਾ ਨਾਂਅ ਦੀ ਇੱਕ ਕੰਪਨੀ ਨੂੰ ਠੇਕਾ ਦੇ ਕੇ ਸਰਕਾਰੀ ਹਸਪਤਾਲਾਂ ਦੇ ਵਿੱਚ ਕ੍ਰਿਸ਼ਨਾ ਲੈਬੋਰਟਰੀਆਂ ਖੋਲ੍ਹ ਦਿੱਤੀਆਂ ਗਈਆਂ, ਜਿਸ ਦੇ ਨਾਲ ਜਿਹੜੇ ਟੈਸਟ ਲੋਕਾਂ ਦੇ ਬਿਲਕੁਲ ਮੁਫਤ ਹੁੰਦੇ ਸਨ, ਉਹ ਮੁੱਲ ਦੇ ਹੋਣ ਲੱਗ ਪਏ ਤੇ ਇਸੇ ਤਰ੍ਹਾਂ ਸਰਕਾਰ ਹੁਣ ਚੁੱਪ ਚੁਪੀਤੇ ਪੰਜਾਬ ਦੇ ਜ਼ਿਲ੍ਹਾ ਹਸਪਤਾਲਾਂ ਦੇ ਵਿੱਚ ਪ੍ਰਾਈਵੇਟ ਕੰਪਨੀਆਂ ਨੂੰ ਦਾਖ਼ਲ ਕਰਕੇ ਆਰਥਿਕ ਪੱਖੋਂ ਕਮਜ਼ੋਰ ਲੋਕਾਂ ਨੂੰ ਮੁੱਲ ਦੀਆਂ ਸਿਹਤ ਸਹੂਲਤਾਂ ਦੇਣ ਵੱਲ ਤੁਰ ਰਹੀ ਹੈ।

## ਪੰਜਾਬ ਨੂੰ ਬਚਾਉਣ ਲਈ ਵੱਡੇ ਸੰਘਰਸ਼ ਵਿੱਢਣ ਦੀ ਲੋੜ : ਗੁਰੋਂ/ਰਾਜੇਵਾਲ/ਕਮਾਂਡੈਂਟ



ਸਮਰਾਲਾ (ਸੁਰਜੀਤ ਸਿੰਘ)-'ਜਾਗੋ ਪੰਜਾਬ ਫੋਰਮ' ਵੱਲੋਂ ਸੈਮੀਨਾਰ ਦਾ ਆਯੋਜਨ ਕਰਨਲ ਮਾਲਵਿੰਦਰ ਸਿੰਘ ਗੁਰੋਂ ਦੀ ਰਹਿਨੁਮਾਈ ਹੇਠ ਭ੍ਰਿਸ਼ਟਾਚਾਰ ਵਿਰੋਧੀ ਫਰੰਟ ਦੇ ਦਫ਼ਤਰ 'ਬਾਗੀ ਭਵਨ' ਵਿਖੇ ਕੀਤਾ ਗਿਆ। ਸੈਮੀਨਾਰ ਵਿੱਚ ਉਚੇਚੇ ਤੌਰ 'ਤੇ ਪੁੱਜੇ ਕਮਾਂਡੈਂਟ ਰਸ਼ਪਾਲ ਸਿੰਘ, ਬਲਬੀਰ ਸਿੰਘ ਰਾਜੇਵਾਲ, ਸਵਰਨ ਸਿੰਘ ਆਈ. ਏ. ਐਸ. ਅਧਿਕਾਰੀ, ਕਰਨਲ ਲਾਲੀ ਗਿੱਲ, ਕਰਨਲ ਅਵਤਾਰ ਸਿੰਘ ਹੀਰਾ, ਕਰਨਲ ਐਸ. ਐਸ. ਕਲੇਰ, ਅਮਰਜੀਤ ਸਿੰਘ ਬਾਲਿਓਂ ਪ੍ਰਧਾਨ, ਕਰਨਲ ਮੁਖਤਿਆਰ ਸਿੰਘ, ਕੈਪਟਨ ਹਰਜਿੰਦਰ ਸਿੰਘ ਟੱਪਰੀਆਂ ਨੇ ਵੱਖ ਵੱਖ ਮੁੱਦਿਆਂ 'ਤੇ ਵਿਚਾਰ ਰੱਖੇ। ਪ੍ਰਮੁੱਖ ਤੌਰ ਤੇ ਪੰਜਾਬ ਦੇ ਪਾਣੀਆਂ ਦਾ ਮੁੱਦਾ, ਬਿਜਲੀ ਸੋਧ ਬਿੱਲ 2025, ਬੀ. ਬੀ. ਐਮ. ਬੀ., ਪੰਜਾਬ ਯੂਨੀਵਰਸਿਟੀ, ਸਿਹਤ ਸਹੂਲਤਾਂ, ਸਿੱਖਿਆ ਵਿੱਚ ਆ ਰਹੀ ਗਿਰਾਵਟ, ਪੰਜਾਬ ਦੀ ਜ਼ਮੀਨ ਨੂੰ ਹੜੱਪਣ ਦੇ ਮਨਸੂਬੇ, ਸਰਕਾਰੀ ਅਦਾਰਿਆਂ ਦੀਆਂ ਜ਼ਮੀਨਾਂ ਵੇਚਣ, ਸਰਕਾਰੀ ਮਹਿਕਮਿਆਂ ਵਿੱਚ ਧੜੱਲੇ ਨਾਲ ਹੋ ਰਹੇ ਭ੍ਰਿਸ਼ਟਾਚਾਰ ਆਦਿ ਮੁੱਦੇ ਸ਼ਾਮਲ ਸਨ।ਪੂਰੇ ਪੰਜਾਬ ਵਿੱਚ ਜਾਗਰੂਕਤਾ ਪੈਦਾ ਕਰਨ ਲਈ ਮੀਟਿੰਗਾਂ ਕਰਨ ਦਾ ਪ੍ਰੋਗਰਾਮ ਬਣਾਇਆ ਗਿਆ ਤਾਂ ਜੁ ਆਮ ਲੋਕਾਂ ਨਾਲ ਮੀਟਿੰਗਾਂ ਕਰਕੇ ਇਨ੍ਹਾਂ ਮੁੱਦਿਆਂ ਸਬੰਧੀ ਜਾਗਰੂਕਤਾ ਪੈਦਾ ਕਰਕੇ ਇਨ੍ਹਾਂ ਦੇ ਹੱਲ ਕੱਢੇ ਜਾਣ। ਬੁਲਾਰਿਆਂ ਨੇ ਰਾਜਨੀਤਕ ਲੋਕਾਂ ਦੀ ਬਦਨੀਤੀ ਕਾਰਨ ਪੰਜਾਬ ਦੀ ਮੰਦਹਾਲੀ ਸਬੰਧੀ ਚਰਚਾ ਕੀਤੀ ਗਈ।ਮੀਟਿੰਗ ਵਿੱਚ ਫੋਰਮ ਦੇ ਹੋਰ ਅਹੁਦੇਦਾਰ, ਮੈਂਬਰ, ਪੁਲਸ ਦੇ ਸਾਬਕਾ ਅਧਿਕਾਰੀ, ਸਮਰਾਲਾ ਇਲਾਕੇ ਦੀਆਂ ਸਮਾਜਿਕ, ਸਮਾਜਸੇਵੀ ਜਥੇਬੰਦੀਆਂ ਦੇ ਨੁਮਾਇੰਦਿਆਂ ਨੇ ਵੱਡੀ ਗਿਣਤੀ 'ਚ ਸ਼ਿਰਕਤ ਕੀਤੀ ਤੇ ਬੁਲਾਰਿਆਂ ਦੇ ਭਾਸ਼ਣ ਸੁਣ ਭਵਿੱਖ 'ਚ ਅਜਿਹੇ ਸੈਮੀਨਾਰ ਲਾਉਣ ਦੀ ਸਲਾਹ ਦਿੱਤੀ ਗਈ।ਅਖੀਰ 'ਚ ਕਰਨਲ ਗੁਰੋਂ ਨੇ ਆਏ ਮੁੱਖ ਮਹਿਮਾਨਾਂ ਤੇ ਆਏ ਸੱਜਣਾਂ ਦਾ ਧੰਨਵਾਦ ਕੀਤਾ ਤੇ ਭਵਿੱਖ ਵਿੱਚ ਹੋਰ ਸੈਮੀਨਾਰ ਆਯੋਜਨ ਕਰਨ ਦਾ ਭਰੋਸਾ ਦਿਵਾਇਆ।

## 350ਵੇਂ ਸ਼ਹੀਦੀ ਦਿਹਾੜੇ ਨੂੰ ਸਮਰਪਤ ਦੀਨਾ ਕਾਂਗੜ 'ਚ ਹੋਵੇਗਾ ਵਿਸ਼ਾਲ ਇਕੱਠ



ਮਹਿਲ ਕਲਾਂ (ਪ੍ਰਦੀਪ ਸਿੰਘ ਲੋਹਗੜ੍ਹ)-ਸ਼੍ਰੋਮਣੀ ਅਕਾਲੀ ਦਲ ਅੰਮ੍ਰਿਤਸਰ ਵੱਲੋਂ ਦੀਨਾ ਕਾਂਗੜ ਦੀ ਪਵਿੱਤਰ ਧਰਤੀ ਤੇ ਸ਼੍ਰੀ ਗੁਰੂ ਤੇਗ ਬਹਾਦਰ ਸਾਹਿਬ ਜੀ ਦੇ 350 ਵੇਂ ਸ਼ਹੀਦੀ ਦਿਹਾੜੇ ਨੂੰ ਸਮਰਪਤ ਪਾਰਟੀ ਪ੍ਰਧਾਨ ਸਿਮਰਨਜੀਤ ਸਿੰਘ ਮਾਨ ਸਾਬਕਾ ਮੈਂਬਰ ਪਾਰਲੀਮੈਂਟ ਦੀ ਰਹਿਨੁਮਾਈ ਹੇਠ ਵਿਸ਼ਾਲ ਪੰਥਕ ਇਕੱਠ 23 ਨਵੰਬਰ ਨੂੰ ਕੀਤਾ ਜਾ ਰਿਹਾ ਹੈ, ਜਿਸ 'ਚ ਭਰਵੀਂ ਸ਼ਮੂਲੀਅਤ ਯਕੀਨੀ ਬਣਾਉਣ ਲਈ ਪਿੰਡਾਂ ਅੰਦਰ ਵਰਕਰ ਮੀਟਿੰਗਾਂ ਕੀਤੀਆਂ ਜਾ ਰਹੀਆਂ ਹਨ।ਇਸ ਲੜੀ ਤਹਿਤ ਸਰਕਲ ਮਹਿਲ ਕਲਾਂ ਦੇ ਪਾਰਟੀ ਆਗੂਆਂ ਦੀ ਮੀਟਿੰਗ ਨੂੰ ਸੰਬੋਧਨ ਕਰਦਿਆਂ ਸ਼੍ਰੋਮਣੀ ਅਕਾਲੀ ਦਲ ਅੰਮ੍ਰਿਤਸਰ ਦੇ ਸੂਬਾਈ ਸਕੱਤਰ ਭਾਈ ਗੁਰਜੰਟ ਸਿੰਘ ਕੱਟੂ ਹਲਕਾ ਇੰਚਾਰਜ ਮਹਿਲ ਕਲਾਂ ਨੇ ਦੱਸਿਆ ਕਿ ਇਲਾਕੇ 'ਚੋਂ ਵੱਡੇ ਕਾਫ਼ਲੇ ਸਮੇਤ ਸੰਗਤਾਂ ਦੀਨਾ ਕਾਂਗੜ ਇਕੱਠ 'ਚ ਸ਼ਾਮਲ ਹੋਣਗੀਆਂ।ਉਨ੍ਹਾਂ ਦੱਸਿਆ ਕਿ ਪਾਰਟੀ ਪ੍ਰਧਾਨ ਸਿਮਰਨਜੀਤ ਸਿੰਘ ਮਾਨ ਦੇ ਦਿਸ਼ਾ ਨਿਰਦੇਸ਼ਾਂ ਅਨੁਸਾਰ ਆਗੂਆਂ ਵੱਲੋਂ ਪਿੰਡ-ਪਿੰਡ 'ਚ ਮੀਟਿੰਗਾਂ ਕਰਾਉਣ ਉਪਰੰਤ ਵਰਕਰਾਂ ਨੂੰ ਦੀਨਾ ਕਾਂਗੜ ਸਮਾਗਮ ਲਈ ਲਾਮਬੰਦ ਕੀਤਾ ਜਾ ਰਿਹਾ ਹੈ।ਭਾਈ ਕੱਟੂ ਨੇ ਕਿਹਾ ਕਿ ਨੌਵੇਂ ਪਾਤਸ਼ਾਹ ਸ਼੍ਰੀ ਗੁਰੂ ਤੇਗ ਬਹਾਦਰ ਸਾਹਿਬ ਨੂੰ ਹਿੰਦ ਦੀ ਚਾਦਰ ਆਖ ਕੇ ਉਨ੍ਹਾਂ ਦੇ ਅਕੀਦੇ ਨੂੰ ਛੋਟਾ ਕੀਤਾ ਜਾ ਰਿਹਾ ਹੈ।ਗੁਰੂ ਸਾਹਿਬਾਨ ਤਾਂ ਸਮੁੱਚੀ ਮਨੁੱਖਤਾ, ਮਨੁੱਖੀ ਅਧਿਕਾਰਾਂ ਦੀ ਰਾਖੀ ਅਤੇ ਸਾਂਝੀਵਾਲਤਾ ਦੇ ਅਲੰਬਰਦਾਰ ਸਨ, ਉਨ੍ਹਾਂ ਦੀ ਸੋਚ ਨੂੰ ਕਿਸੇ ਖਾਸ ਇਲਾਕਿਆ ਤੱਕ ਸੀਮਤ ਨਹੀਂ ਕੀਤਾ ਜਾ ਸਕਦਾ।

## ਲਖਵੀਰ ਸਿੰਘ ਲੱਖਾ ਜ਼ਿਲ੍ਹਾ ਕਾਂਗਰਸ ਖੰਨਾ ਦੇ ਤੀਸਰੀ ਵਾਰ ਮੁੜ ਬਣੇ ਪ੍ਰਧਾਨ, ਵਰਕਰਾਂ 'ਚ ਖੁਸ਼ੀ ਦੀ ਲਹਿਰ



ਦੋਰਾਹਾ (ਹਰਮਿੰਦਰ ਸੇਠ)-ਸ੍ਰ. ਲਖਵੀਰ ਸਿੰਘ ਲੱਖਾ ਲਗਾਤਾਰ ਤੀਸਰੀ ਵਾਰ ਜ਼ਿਲ੍ਹਾ ਖੰਨਾ ਦੇ ਕਾਂਗਰਸ ਪਾਰਟੀ ਦੇ ਪ੍ਰਧਾਨ ਚੁਣੇ ਗਏ ਹਨ।ਸ੍ਰ. ਲਖਵੀਰ ਸਿੰਘ ਲੱਖਾ ਦੇ ਪ੍ਰਧਾਨ ਬਣਦਿਆਂ ਹੀ ਉਨ੍ਹਾਂ ਨੂੰ ਚਾਹੁਣ ਵਾਲਿਆਂ ਕਾਂਗਰਸੀ ਵਰਕਰਾਂ 'ਚ ਖੁਸ਼ੀ ਦੀ ਲਹਿਰ ਪਾਈ ਜਾ ਰਹੀ ਹੈ ਤੇ ਉਨ੍ਹਾਂ ਵੱਲੋਂ ਨੂੰ ਵਧਾਈਆਂ ਦਿੱਤੀਆਂ ਜਾ ਰਹੀਆਂ ਹਨ।ਸ. ਲਖਵੀਰ ਸਿੰਘ ਲੱਖਾ ਨੇ ਰਾਹੁਲ ਗਾਂਧੀ, ਪਾਰਟੀ ਪ੍ਰਧਾਨ ਮਲਿਕਾ ਅਰਜੁਨ ਖੜਗੇ, ਕੇ ਸੀ ਵੇਣੂਗੋਪਾਲ, ਪੰਜਾਬ ਮਾਮਲਿਆਂ ਦੇ ਇੰਚਾਰਜ ਭੁਪੇਸ਼ ਬਘੇਲ ਤੇ ਪੰਜਾਬ ਪ੍ਰਧਾਨ ਅਮਰਿੰਦਰ ਸਿੰਘ ਰਾਜਾ ਵੜਿੰਗ ਦਾ ਧੰਨਵਾਦ ਕਰਦਿਆਂ ਕਿਹਾ ਕਿ ਜੋ ਪਾਰਟੀ ਨੇ ਉਨ੍ਹਾਂ ਨੂੰ ਲਗਾਤਾਰ ਤੀਸਰੀ ਵਾਰ ਜ਼ਿਲ੍ਹਾ ਕਾਂਗਰਸ ਪ੍ਰਧਾਨ ਦੀ ਅਹਿਮ ਜ਼ਿੰਮੇਵਾਰੀ ਸੌਂਪੀ ਹੈ।ਤੀਸਰੀ ਵਾਰ ਜ਼ਿਲ੍ਹਾ ਖੰਨਾ ਕਾਂਗਰਸ ਦੇ ਪ੍ਰਧਾਨ ਬਣਨ 'ਤੇ ਸ੍ਰ. ਲਖਵੀਰ ਸਿੰਘ ਲੱਖਾ ਨੇ ਕਿਹਾ ਕਿ ਉਹ ਪਾਰਟੀ ਵੱਲੋਂ ਦਿੱਤੀ ਗਈ ਹਰ ਜ਼ਿੰਮੇਵਾਰੀ ਨੂੰ ਤਨ ਮਨ ਨਾਲ ਨਿਭਾਉਣਗੇ ਤੇ ਪਾਰਟੀ ਨੂੰ ਹੋਰ ਤਕੜਾ ਕਰਨਗੇ।ਇਸ ਮੌਕੇ ਦੋਰਾਹਾ ਸ਼ਹਿਰ ਦੇ ਸਮੁੱਚੇ ਕਾਂਗਰਸੀ ਵਰਕਰਾਂ 'ਚ ਖੁਸ਼ੀ ਦੀ ਲਹਿਰ ਪਾਈ ਜਾ ਰਹੀ ਹੈ।ਇਸ ਮੌਕੇ ਹੋਰਨਾਂ ਤੋਂ ਇਲਾਵਾ ਬੰਤ ਸਿੰਘ ਸਿੰਘ ਦੋਬੁਰਜੀ, ਟਕਸਾਲੀ ਕਾਂਗਰਸੀ ਆਗੂ ਡਾ. ਜੇ ਐੱਲ ਆਨੰਦ, ਮੰਡਲ ਕਾਂਗਰਸ ਪ੍ਰਧਾਨ ਮਨਦੀਪ ਮਾਂਗਟ, ਸ਼ਹਿਰੀ ਕਾਂਗਰਸ ਪ੍ਰਧਾਨ ਵਿਨੀਤ ਅਸਟ, ਰਜਿੰਦਰ ਗਹੀਰ ਕੌਂਸਲਰ, ਨਾਇਬ ਸਿੰਘ ਕੌਂਸਲਰ, ਸਿਕੰਦਰਪਾਲ ਕੌਂਸਲਰ, ਨਿਰਦੋਸ਼ ਨੋਸ਼ਾ, ਦੁਪਿੰਦਰ ਦੀਪੀ ਮਾਂਗਟ, ਮਹਿਲਾ ਕਾਂਗਰਸ ਪ੍ਰਧਾਨ ਡਾਕਟਰ ਅਦਿੱਤੀ ਬੈਕਟਰ, ਰਾਜਵੀਰ ਸਿੰਘ ਰੂਬਲ ਤੋਂ ਇਲਾਵਾ ਕਾਂਗਰਸ ਪਾਰਟੀ ਦੇ ਵਰਕਰ ਮੌਜੂਦ ਸਨ।

## ਐੱਨ ਐੱਸ ਕਿਊ ਐੱਫ ਦੇ ਵਿਦਿਆਰਥੀਆਂ ਲਈ ਵਿੱਦਿਅਕ ਟੂਰ



ਲਹਿਰਾ ਮੁਹੱਬਤ (ਭੀਮ ਸੈਨ ਹਦਵਾਰੀਆ)-ਸਿੱਖਿਆ ਵਿਭਾਗ ਦੀਆਂ ਹਦਾਇਤਾਂ ਅਨੁਸਾਰ ਪ੍ਰਿੰਸੀਪਲ ਜਸਵੀਰ ਸਿੰਘ ਬੇਗਾ ਦੀ ਅਗਵਾਈ ਹੇਠ ਪੀ. ਐੱਮ. ਸ਼੍ਰੀ ਸਰਕਾਰੀ ਸੀਨੀਅਰ ਸੈਕੰਡਰੀ ਸਕੂਲ ਗੋਬਿੰਦਪੁਰਾ ਵੱਲੋਂ ਨੌਵੀਂ ਤੋਂ ਬਾਰਵੀਂ ਸ਼੍ਰੇਣੀ ਤੱਕ ਦੇ ਐੱਨ. ਐੱਸ. ਕਿਊ. ਐੱਫ. (ਨੈਸ਼ਨਲ ਸਕਿਲ ਕੁਆਲੀਫਿਕੇਸ਼ਨ ਫਰੇਮਵਰਕ) ਦੇ ਦੋ ਮਹੱਤਵਪੂਰਨ ਵਿਸ਼ਿਆਂ 'ਬਿਊਟੀ ਐਂਡ ਵੈੱਲਨੈੱਸ' ਤੇ 'ਇਨਫੋਰਮੇਸ਼ਨ ਟੈਕਨੋਲੋਜੀ' ਦੇ ਵਿਦਿਆਰਥੀਆਂ ਲਈ ਸਿੱਖਿਆਤਮਕ ਫੀਲਡ ਵਿਜ਼ਿਟ ਕੀਤਾ ਗਿਆ। ਵਿਜ਼ਿਟ ਦਾ ਮੁੱਖ ਉਦੇਸ਼ ਵਿਦਿਆਰਥੀਆਂ ਨੂੰ ਸਿਧਾਂਤਕ ਸਿੱਖਿਆ ਦੇ ਨਾਲ-ਨਾਲ ਪ੍ਰਯੋਗਿਕ ਗਿਆਨ ਨਾਲ ਜੋੜਨਾ ਤੇ ਉਨ੍ਹਾਂ ਨੂੰ ਆਪਣੇ ਵਿਸ਼ਿਆਂ ਨਾਲ ਸੰਬੰਧਤ ਭਵਿੱਖੀ ਰੁਜ਼ਗਾਰ ਤੇ ਉੱਚ ਸਿੱਖਿਆ ਦੇ ਮੌਕਿਆਂ ਬਾਰੇ ਜਾਗਰੂਕ ਕਰਨਾ ਸੀ। 'ਬਿਊਟੀ ਐਂਡ ਵੈੱਲਨੈੱਸ' ਵਿਸ਼ੇ ਦੀ ਗਾਈਡ ਅਧਿਆਪਕਾ ਰਾਜਪ੍ਰੀਤ ਕੌਰ (ਵੋਕੇਸ਼ਨਲ ਟ੍ਰੇਨਰ) ਦੀ ਅਗਵਾਈ ਹੇਠ ਵਿਦਿਆਰਥਣਾਂ ਨੂੰ ਬਿਊਟੀ ਪੈਰਾਡਾਈਜ਼ ਬਠਿੰਡਾ ਵਿਖੇ ਲਿਜਾਇਆ ਗਿਆ। ਉਥੇ ਮਾਹਰਾਂ ਨੇ ਵਿਦਿਆਰਥਣਾਂ ਨੂੰ ਬਿਊਟੀ ਤੇ ਵੈੱਲਨੈੱਸ ਉਦਯੋਗ ਵਿੱਚ ਵਰਤੇ ਜਾਣ ਵਾਲੇ ਨਵੇਂ ਤਰੀਕੇ, ਸਕਿਨ ਤੇ ਹੇਅਰ ਕੇਅਰ ਨਾਲ ਸੰਬੰਧਤ ਤਕਨੀਕਾਂ ਅਤੇ ਇਸ ਖੇਤਰ ਵਿੱਚ ਉਪਲਬਧ ਵਿਭਿੰਨ ਕਰੀਅਰ ਮੌਕਿਆਂ ਬਾਰੇ ਵਿਸਥਾਰਪੂਰਵਕ ਜਾਣਕਾਰੀ ਦਿੱਤੀ। ਵਿਦਿਆਰਥੀਆਂ ਨੇ ਕਾਲਜ ਦੇ ਪ੍ਰੋਫੈਸ਼ਨਲ ਸਟਾਫ ਨਾਲ ਇੰਟਰਐਕਟਿਵ ਸੈਸ਼ਨ ਕਰਦਿਆਂ ਭਵਿੱਖ ਦੇ ਕੌਸ਼ਲ ਅਧਾਰਤ ਕੋਰਸਾਂ ਬਾਰੇ ਵੀ ਜਾਣਿਆ। ਪ੍ਰਿੰਸੀਪਲ ਜਸਵੀਰ ਸਿੰਘ ਬੇਗਾ ਨੇ ਕਿਹਾ ਕਿ ਇਹ ਫੀਲਡ ਵਿਜ਼ਿਟ ਵਿਦਿਆਰਥੀਆਂ ਨੂੰ ਸਿਰਫ਼ ਅਕਾਦਮਿਕ ਗਿਆਨ ਤੱਕ ਸੀਮਿਤ ਨਹੀਂ ਰੱਖਦੀ, ਬਲਕਿ ਉਨ੍ਹਾਂ ਵਿੱਚ ਪ੍ਰੋਫੈਸ਼ਨਲ ਜੀਵਨ ਲਈ ਵਿਸ਼ਵਾਸ ਤੇ ਪ੍ਰਯੋਗਿਕ ਸਮਝ ਵੀ ਪੈਦਾ ਕਰਦੀ ਹੈ। ਉਨ੍ਹਾਂ ਦੱਸਿਆ ਕਿ ਵਿਜ਼ਿਟ ਦੌਰਾਨ ਵਿਦਿਆਰਥੀਆਂ ਨੂੰ ਰੀਫਰੈਸ਼ਮੈਂਟ ਦੀ ਵੀ ਵਿਵਸਥਾ ਕੀਤੀ ਗਈ।

## 230 ਪਰਵਾਰਾਂ ਨੂੰ ਮਕਾਨ ਬਣਾਉਣ ਲਈ ਨਗਰ ਕੌਂਸਲ ਢਾਈ ਲੱਖ ਦੇਵੇਗੀ : ਪ੍ਰਧਾਨ ਕੁੰਦਰਾ



ਮਾਛੀਵਾੜਾ ਸਾਹਿਬ (ਸ਼ੈਂਕੀ ਸ਼ਰਮਾ, ਜਗਦੀਸ਼ ਰਾਏ)-ਪ੍ਰਧਾਨ ਮੰਤਰੀ ਅਵਾਸ ਯੋਜਨਾ ਸ਼ਹਿਰੀ ਤਹਿਤ ਮਾਛੀਵਾੜਾ ਦੇ ਕੁਝ ਗਰੀਬ ਪਰਵਾਰਾਂ ਵੱਲੋਂ ਮਕਾਨ ਬਣਾਉਣ ਲਈ 2.50 ਲੱਖ ਰੁਪਏ ਦੀ ਰਾਸ਼ੀ ਲਈ ਨਗਰ ਕੌਂਸਲ ਕੋਲ ਬੇਨਤੀ ਪੱਤਰ ਦਿੱਤੇ ਸਨ, ਜਿਨ੍ਹਾਂ 'ਚੋਂ 230 ਗਰੀਬ ਪਰਵਾਰਾਂ ਨੂੰ ਪ੍ਰਵਾਨਗੀ ਮਿਲ ਗਈ ਹੈ। ਇਸ ਸਬੰਧੀ ਪੱਤਰਕਾਰਾਂ ਨਾਲ ਗੱਲਬਾਤ ਕਰਦਿਆਂ ਨਗਰ ਕੌਂਸਲ ਪ੍ਰਧਾਨ ਮੋਹਿਤ ਕੁੰਦਰਾ ਨੇ ਕਿਹਾ ਕਿ ਪਹਿਲੀ ਸੂਚੀ ਵਿੱਚ 150 ਪਰਵਾਰਾਂ ਨੂੰ ਸ਼ਾਮਲ ਕੀਤਾ ਗਿਆ ਹੈ. ਜਿਨ੍ਹਾਂ ਨੂੰ ਇਹ 2.50 ਲੱਖ ਰੁਪਏ ਦੀ ਰਾਸ਼ੀ ਕੱਚਾ ਮਕਾਨ ਪੱਕਾ ਕਰਨ ਲਈ ਦਿੱਤੀ ਜਾਵੇਗੀ ਤੇ 80 ਪਰਵਾਰ ਦੀ ਦੂਜੀ ਸੂਚੀ ਜਲਦ ਹੀ ਜਾਰੀ ਹੋਵੇਗੀ। ਉਨ੍ਹਾਂ ਕਿਹਾ ਕਿ ਯੋਜਨਾ ਤਹਿਤ ਪੰਜਾਬ ਤੇ ਕੇਂਦਰ ਸਰਕਾਰ ਵੱਲੋਂ ਗਰੀਬ ਪਰਵਾਰਾਂ ਨੂੰ ਇਹ ਰਾਸ਼ੀ ਦਿੱਤੀ ਜਾ ਰਹੀ ਹੈ। ਪ੍ਰਧਾਨ ਕੁੰਦਰਾ ਨੇ ਕਿਹਾ ਕਿ ਹਲਕਾ ਸਮਰਾਲਾ ਦੇ ਵਿਧਾਇਕ ਜਗਤਾਰ ਸਿੰਘ ਦਿਆਲਪੁਰਾ ਜਲਦ ਹੀ ਇਹ ਸਹਾਇਤਾ ਰਾਸ਼ੀ ਦੇ ਚੈੱਕ ਸੌਂਪਣਗੇ ਤਾਂ ਜੋ ਗਰੀਬ ਪਰਵਾਰ ਆਪਣੇ ਘਰਾਂ ਦਾ ਨਿਰਮਾਣ ਸ਼ੁਰੂ ਕਰਵਾ ਸਕਣ। ਉਨ੍ਹਾਂ ਕਿਹਾ ਕਿ ਇਹ ਰਾਸ਼ੀ ਚਾਰ ਪੜਾਵਾਂ ਤਹਿਤ ਦਿੱਤੀ ਜਾਵੇਗੀ, ਜਿਸ ਵਿੱਚ ਨੀਂਹ ਮੁਕੰਮਲ ਹੋਣ ਤੱਕ 50 ਹਜ਼ਾਰ ਰੁਪਏ, ਛੱਤ ਦੇ ਪੱਧਰ ਤੱਕ 1.50 ਲੱਖ ਰੁਪਏ ਤੇ ਮੁਕੰਮਲ ਹੋਣ 'ਤੇ 50 ਹਜ਼ਾਰ ਰੁਪਏ ਹੋਰ ਦਿੱਤਾ ਜਾਵੇਗਾ। ਉਨ੍ਹਾਂ ਦੱਸਿਆ ਕਿ ਮਾਛੀਵਾੜਾ ਨਗਰ ਕੌਂਸਲ ਵਿੱਚ ਸਭ ਤੋਂ ਵੱਧ ਪਰਵਾਰਾਂ ਨੂੰ ਇਹ ਰਾਸ਼ੀ ਜਾਰੀ ਕੀਤੀ ਗਈ ਹੈ। ਪ੍ਰਧਾਨ ਕੁੰਦਰਾ ਨੇ ਲੋਕਾਂ ਨੂੰ ਅਪੀਲ ਕੀਤੀ ਕਿ ਜੇਕਰ ਕਿਸੇ ਵੀ ਵਿਅਕਤੀ ਤੋਂ ਨਗਰ ਕੌਂਸਲ ਕਰਮਚਾਰੀ ਇਹ ਕੱਚੇ ਤੋਂ ਪੱਕੇ ਮਕਾਨ ਬਣਾਉਣ ਲਈ ਰਾਸ਼ੀ ਬਦਲੇ ਰਿਸ਼ਵਤ ਮੰਗਦਾ ਹੈ ਤਾਂ ਉਸ ਦੀ ਸੂਚਨਾ ਤੁਰੰਤ ਮੈਨੂੰ ਦੇਣ ਤੇ ਅਜਿਹੇ ਭ੍ਰਿਸ਼ਟਾਚਾਰ ਵਿਅਕਤੀ ਨੂੰ ਬਖਸ਼ਿਆ ਨਹੀਂ ਜਾਵੇਗਾ।

## ਸਹਾਇਕ ਸਿਵਲ ਸਰਜਨ ਦੇ ਅੜੀਅਲ ਰਵੱਈਏ ਖ਼ਿਲਾਫ਼ 18 ਨੂੰ ਮੁਕੰਮਲ ਕੰਮ ਠੱਪ ਕਰਨ ਦਾ ਐਲਾਨ

ਮਾਨਸਾ (ਆਤਮਾ ਸਿੰਘ ਪਮਾਰ)-ਦਫਤਰ ਸਿਵਲ ਸਰਜਨ ਦਫਤਰ ਮਾਨਸਾ ਵਿਖੇ ਤਾਇਨਾਤ ਡਾ. ਰਵਿੰਦਰ ਸਿੰਗਲਾ ਸਹਾਇਕ ਸਿਵਲ ਸਰਜਨ ਮਾਨਸਾ ਖ਼ਿਲਾਫ਼ ਲੰਘੀ 13 ਸਤੰਬਰ ਨੂੰ ਦਫਤਰ ਸਿਵਲ ਸਰਜਨ ਮਾਨਸਾ ਦੇ ਸਮੂਹ ਸਟਾਫ ਵੱਲੋਂ ਸ਼ਿਕਾਇਤ ਕੀਤੀ ਗਈ ਸੀ ਕਿ ਡਾ. ਸਿੰਗਲਾ ਸਹਾਇਕ ਸਿਵਲ ਸਰਜਨ ਮਾਨਸਾ ਕਾਫੀ ਲੰਬੇ ਸਮੇਂ ਤੋਂ ਦਫ਼ਤਰੀ ਸਟਾਫ ਨਾਲ ਦੁਰਵਿਹਾਰ ਕਰਨ ਤੇ ਦਫ਼ਤਰੀ ਕੰਮਾਂ 'ਚ ਬੇਲੋੜੇ ਇਤਰਾਜ਼ ਲਗਾਉਣ, ਜਿਵੇਂ ਕਿ ਆਮ ਪਬਲਿਕ ਦੇ ਕੰਮ, ਕਰੋਨਿਕ ਡਜੀਜ਼ ਸਰਟੀਫਕੇਟ, ਅਪੰਗਤਾ ਸਰਟੀਫਿਕੇਟ ਤੇ ਦਫਤਰੀ ਕੰਮਾਂ ਦਾ ਨਿਪਟਾਰਾ ਵੀ ਸਮੇਂ ਸਿਰ ਨਾ ਕਰਨ ਕਰਕੇ ਆਮ ਲੋਕਾਂ ਲਈ ਸਰਕਾਰ ਵੱਲੋਂ ਚਲਾਈਆਂ ਜਾ ਰਹੀਆਂ ਸਿਹਤ ਸਹੂਲਤਾਂ ਦਾ ਲਾਭ ਪ੍ਰਾਪਤ ਨਾ ਕਰ ਸਕਣ ਕਰਕੇ ਇਸ ਅਧਿਕਾਰੀ ਦੇ ਮਾੜੇ ਰਵੱਈਏ ਤੇ ਕੰਮ ਨਾ ਕਰਨ ਕਰਕੇ ਵੱਖ ਵੱਖ ਵਿਭਾਗਾਂ ਦੇ ਸੇਵਾ ਮੁਕਤ ਅਤੇ ਮੌਜੂਦਾ ਅਧਿਕਾਰੀਆਂ, ਕਰਮਚਾਰੀਆਂ ਵੱਲੋਂ ਇਤਰਾਜ਼ ਪ੍ਰਗਟ ਕਰਨ ਤੇ ਧਰਨਾ ਪ੍ਰਦਰਸ਼ਨ ਕਰਨ ਉਪਰੰਤ ਵੀ ਅਧਿਕਾਰੀ ਖਿਲਾਫ ਕੋਈ ਕਾਰਵਾਈ ਨਹੀਂ ਹੋਈ, ਜਿਸ ਕਾਰਨ ਸਿਹਤ ਵਿਭਾਗ ਦੀਆਂ ਸਮੂਹ ਜਥੇਬੰਦੀਆਂ, ਪੈਨਸ਼ਨਰਾਂ ਤੇ ਸਮੂਹ ਮੁਲਾਜ਼ਮਾਂ ਵਿੱਚ ਰੋਸ ਪਾਇਆ ਜਾ ਰਿਹਾ ਹੈ।ਇਸ ਮੌਕੇ ਸਮੂਹ ਸਟਾਫ, ਦਫਤਰ ਸਿਵਲ ਸਰਜਨ ਮਾਨਸਾ ਦੀ ਹਾਜ਼ਰੀ 'ਚ ਪ੍ਰਤਾਪ ਸਿੰਘ ਜ਼ਿਲ੍ਹਾ ਪ੍ਰਧਾਨ ਪੀ.ਐੱਸ.ਐੱਮ.ਐੱਸ.ਯੂ. ਮਾਨਸਾ, ਅਵਤਾਰ ਸਿੰਘ ਡੀ.ਪੀ.ਐੱਮ., ਸੰਦੀਪ ਸਿੰਘ ਪ੍ਰਧਾਨ ਸਿਹਤ ਵਿਭਾਗ, ਰਵਿੰਦਰ ਕੁਮਾਰ ਪ੍ਰਧਾਨ ਐੱਨ.ਐੱਚ.ਐੱਮ. ਯੂਨੀਅਨ, ਸੰਤੋਸ਼ ਭਾਰਤੀ ਜ਼ਿਲ੍ਹਾ ਐਪੀਡੀਮਾਲੋਜਿਸਟ, ਲਵਲੀ ਗੋਇਲ ਅਕਾਊਂਟ ਅਫਸਰ, ਦਰਸ਼ਨ ਸਿੰਘ ਡਿਪਟੀ ਮਾਸ ਮੀਡੀਆ ਅਫਸਰ ਮਾਨਸਾ ਨੇ ਇੱਕ ਸੁਰ ਹੁੰਦਿਆਂ ਕਿਹਾ ਕਿ ਜੇਕਰ ਅਧਿਕਾਰੀ ਖਿਲਾਫ਼ ਬਣਦੀ ਕਾਰਵਾਈ ਨਹੀਂ ਹੁੰਦੀ ਤਾਂ 18 ਨਵੰਬਰ ਤੋਂ ਜ਼ਿਲ੍ਹੇ 'ਚ ਸਿਹਤ ਵਿਭਾਗ ਦਾ ਸਾਰੇ ਦਫਤਰੀ ਤੇ ਫੀਲਡ ਸਟਾਫ ਵੱਲੋਂ ਮੁਕੰਮਲ ਕੰਮ ਕਾਜ (ਸਿਵਾਏ ਐਮਰਜੈਂਸੀ ਸੇਵਾਵਾਂ) ਠੱਪ ਕੀਤਾ ਜਾਵੇਗਾ, ਜਿਸ ਦੀ ਜ਼ਿੰਮੇਵਾਰੀ ਪ੍ਰਸ਼ਾਸਨਕ ਤੇ ਸਿਹਤ ਵਿਭਾਗ ਦੇ ਉੱਚ ਅਧਿਕਾਰੀਆ ਦੀ ਹੋਵੇਗੀ।

## ਪੰਜਾਬ ਯੂਨੀਵਰਸਿਟੀ ਸਾਡੀ ਮਹਾਨ ਵਿਰਾਸਤ ਨੂੰ ਦਰਸਾਉਂਦੀ : ਬਲਖੰਡੀ



ਕੋਟ ਈਸੇ ਖਾਂ (ਅਰੋੜਾ)-ਪੰਜਾਬ ਯੂਨੀਵਰਸਿਟੀਆਂ ਸਾਡੇ ਪੁਰਖਿਆਂ ਦੀ ਮਹਾਨ ਵਿਰਾਸਤ ਨੂੰ ਦਰਸਾਉਂਦੀਆਂ ਹਨ ਤੇ ਸਾਡੇ ਲਈ ਅਨਮੋਲ ਵਿਦਿਅਕ ਸੋਮੇ ਹਨ ਅਤੇ ਇਸ 'ਤੇ ਸਿਰਫ ਪੰਜਾਬ ਦਾ ਹੱਕ ਹੈ।ਇਨ੍ਹਾਂ ਸ਼ਬਦਾਂ ਦਾ ਪ੍ਰਗਟਾਵਾ ਹਲਕਾ ਧਰਮਕੋਟ ਤੋਂ ਆਮ ਆਦਮੀ ਪਾਰਟੀ ਦੇ ਬਲਾਕ ਪ੍ਰਧਾਨ ਬਲਦੇਵ ਸਿੰਘ ਸਰਪੰਚ ਬਲਖੰਡੀ ਨੇ ਪ੍ਰੈੱਸ ਨਾਲ ਗੱਲਬਾਤ ਕਰਦਿਆਂ ਕਿਹਾ ਕਿ ਕੇਂਦਰ ਦੀ ਸਰਕਾਰ ਨੇ ਪੰਜਾਬ ਯੂਨੀਵਰਸਿਟੀ ਚੰਡੀਗੜ੍ਹ ਦੇ ਵਿਦਿਆਰਥੀਆਂ ਦੇ ਨੈਤਿਕ ਤੇ ਸੰਵਿਧਾਨਕ ਅਧਿਕਾਰਾਂ 'ਤੇ ਸਿੱਧਾ ਹੱਦੋਂ ਵੱਧ ਦਖ਼ਲਅੰਦਾਜ਼ੀ ਕਰਦੇ ਹੋਏ ਡਾਕਾ ਮਾਰਨ ਦੀ ਕੋਸ਼ਿਸ਼ ਕੀਤੀ ਹੈ।ਉਨ੍ਹਾ ਕਿਹਾ ਕਿ ਪੰਜਾਬ ਯੂਨੀਵਰਸਿਟੀ, ਜੋ ਇੱਕ ਖ਼ਾਸ ਸੰਵਿਧਾਨਕ ਦਰਜਾ ਰੱਖਦੀ ਹੈ, ਪਰ ਜੋ ਕੇਂਦਰ ਸਰਕਾਰ ਵੱਲੋਂ ਪ੍ਰਬੰਧਕੀ ਫੈਸਲਿਆਂ ਨੂੰ ਲੈ ਕੇ ਦਖਲ ਅੰਦਾਜ਼ੀ ਕਰ ਰਹੀ ਹੈ, ਜਿਸ ਨਾਲ ਵਿਦਿਆਰਥੀ ਵਰਗ ਰੋਸ ਵਿੱਚ ਹੈ ਅਤੇ ਪਿਛਲੇ ਕਈ ਦਿਨਾਂ ਤੋਂ ਸੰਘਰਸ਼ ਕਰ ਰਹੇ ਹਨ, ਜਿਨ੍ਹਾਂ ਦੀ ਹਮਾਇਤ ਵਿੱਚ ਵੱਖ-ਵੱਖ ਜਥੇਬੰਦੀਆਂ ਦੇ ਆਗੂ ਤੇ ਸਮਾਜਸੇਵੀ ਸਾਥ ਦੇ ਰਹੇ ਹਨ।ਉਨ੍ਹਾ ਕਿਹਾ ਕਿ ਸਾਨੂੰ ਸਿੱਖਿਆ ਬਚਾਉਣ ਲਈ ਹਰ ਉਪਰਾਲਾ ਕਰਨਾ ਚਾਹੀਦਾ ਹੈ ਤੇ ਵਿਦਿਆਰਥੀਆਂ ਵੱਲੋਂ ਕੀਤੇ ਜਾ ਰਹੇ ਸ਼ਾਂਤਮਈ ਸੰਘਰਸ਼ ਨੂੰ ਦਬਾਉਣਾ ਸਰਕਾਰ ਲਈ ਸ਼ਰਮਨਾਕ ਹੈ।

## ਅਕਾਲੀ ਦਲ ਸੁਤੰਤਰ ਵੱਲੋਂ ਪ੍ਰਾਈਵੇਟ ਸਕੂਲਾਂ 'ਚ ਚੱਲ ਰਹੇ ਵਾਹਨਾਂ ਦੀ ਚੈਕਿੰਗ ਸੰਬੰਧੀ ਐੱਸ ਡੀ ਐੱਮ ਨੂੰ ਮੰਗ ਪੱਤਰ



ਨਾਭਾ (ਵਰਿੰਦਰ ਵਰਮਾ)-ਅਕਾਲੀ ਦਲ ਸੁਤੰਤਰ ਦੇ ਕੌਮੀ ਪ੍ਰਧਾਨ ਪਰਮਜੀਤ ਸਿੰਘ ਸਹੌਲੀ ਦੀ ਅਗਵਾਈ ਵਿੱਚ ਐੱਸਡੀਐੱਮ ਇਸਮਤ ਵਿਜੇ ਸਿੰਘ ਨਾਭਾ ਨੂੰ ਇੱਕ ਮੰਗ ਪੱਤਰ ਦਿੱਤਾ ਗਿਆ।ਮੰਗ ਪੱਤਰ ਦੇਣ ਉਪਰੰਤ ਅਕਾਲੀ ਦਲ ਸਤੰਤਰ ਦੇ ਕੌਮੀ ਪ੍ਰਧਾਨ ਪਰਮਜੀਤ ਸਿੰਘ ਸਹੌਲੀ ਨੇ ਪੱਤਰਕਾਰਾਂ ਨਾਲ ਗੱਲਬਾਤ ਕਰਦਿਆਂ ਦੱਸਿਆ ਕਿ ਸਰਦੀਆਂ ਦਾ ਮੌਸਮ ਸ਼ੁਰੂ ਹੁੰਦਿਆਂ ਧੰਦਾਂ ਦਾ ਦੌਰ ਚਾਲੂ ਹੋਵੇਗਾ, ਸਕੂਲਾਂ ਦੇ ਵਿੱਚ ਚੱਲ ਰਹੇ ਪ੍ਰਾਈਵੇਟ ਵਾਹਨਾਂ ਦੀ ਸੁਰੱਖਿਆ ਸਕੂਲ ਵਾਹਨ ਦੀ ਪਾਲਸੀ ਦੇ ਤਹਿਤ ਨਾਭਾ ਪ੍ਰਸ਼ਾਸਨ ਜਾਂਚ ਕਰੇ ਤੇ ਸਬੰਧਤ ਹੈੱਡਮਾਸਟਰ, ਪ੍ਰਿੰਸੀਪਲ ਸਾਹਿਬ ਨੂੰ ਸਖਤ ਹਦਾਇਤ ਕਰੇ, ਜਿਸ ਸਕੂਲ ਦਾ ਕੋਈ ਵੀ ਵਾਹਨ ਸੇਫ ਸਕੂਲ ਵਾਹਨ ਪਾਲਸੀ ਦੀਆਂ ਸ਼ਰਤਾਂ ਪੂਰੀਆਂ ਨਹੀਂ ਕਰਦਾ, ਉਸ ਨੂੰ ਫੌਰੀ ਤੌਰ 'ਤੇ ਬਦਲਿਆ ਜਾਵੇ।ਉਨ੍ਹਾਂ ਕਿਹਾ ਕਿ ਅਸੀਂ ਅਕਾਲੀ ਦਲ ਸੁਤੰਤਰ ਵੱਲੋਂ ਤੁਹਾਡੇ ਧਿਆਨ ਵਿੱਚ ਲਿਆਉਣਾ ਚਾਹੁੰਦੇ ਹਾਂ ਕਿ ਹਫਤੇ ਦੇ ਅੰਦਰ ਅੰਦਰ ਆਪਣੀ ਤਹਿਸੀਲ ਦੇ ਸਾਰੇ ਸਕੂਲ ਵਾਹਨਾਂ ਦੀ ਜਾਂਚ ਕਰਵਾਈ ਜਾਵੇ, ਅਣਗਹਿਲੀ ਵਰਤਣ ਵਾਲੇ ਵਾਹਨ ਮਾਲਕ ਜਾਂ ਸਕੂਲ ਉੱਪਰ ਤੁਰੰਤ ਕਾਰਵਾਈ ਕੀਤੀ ਜਾਵੇ ਤਾਂ ਕਿ ਕਿਸੇ ਵੀ ਜਾਨੀ ਮਾਲੀ ਨੁਕਸਾਨ ਤੋਂ ਲੋਕਾਂ ਨੂੰ ਬਚਾਇਆ ਜਾ ਸਕੇ। ਇਸ ਮੌਕੇ ਸੁਰਜੀਤ ਸਿੰਘ ਬਾਬਰਪੁਰ, ਹਰਬੰਸ ਸਿੰਘ ਖੱਟੜਾ, ਬਿੰਦਾ ਵਿਰਕ ਤੇ ਵੱਡੀ ਗਿਣਤੀ ਵਿੱਚ ਪਾਰਟੀ ਵਰਕਰ ਹਾਜ਼ਰ ਸਨ।

## ਨੈਸ਼ਨਲ ਕਾਲਜ 'ਚ ਗੁਰੂ ਨਾਨਕ ਦੇਵ ਜੀ ਦਾ ਪ੍ਰਕਾਸ਼ ਪੁਰਬ ਮਨਾਇਆ



ਦੋਰਾਹਾ (ਹਰਮਿੰਦਰ ਸੇਠ)-ਸਥਾਨਕ ਗੁਰੂ ਨਾਨਕ ਨੈਸ਼ਨਲ ਕਾਲਜ ਦੋਰਾਹਾ ਵਿਖੇ ਸ੍ਰੀ ਗੁਰੂ ਨਾਨਕ ਦੇਵ ਜੀ ਦਾ ਪ੍ਰਕਾਸ਼ ਪੁਰਬ ਬੜੇ ਹੀ ਉਤਸ਼ਾਹ ਨਾਲ਼ ਮਨਾਇਆ ਗਿਆ।ਇਹ ਜਾਣਕਾਰੀ ਦਿੰਦਿਆਂ ਕਾਲਜ ਪ੍ਰਿੰਸੀਪਲ ਡਾ. ਸਰਵਜੀਤ ਕੌਰ ਬਰਾੜ ਨੇ ਦੱਸਿਆ ਕਿ ਕਾਲਜ ਪ੍ਰਬੰਧਕੀ ਕਮੇਟੀ ਦੇ ਪ੍ਰਧਾਨ ਸ. ਹਰਪ੍ਰਤਾਪ ਸਿੰਘ ਬਰਾੜ ਦੀ ਸਰਪ੍ਰਸਤੀ ਹੇਠ ਹਰ ਸਾਲ ਦੀ ਤਰ੍ਹਾਂ ਇਸ ਵਾਰ ਵੀ ਕਾਲਜ ਦੇ ਸਮੂਹ ਵਿਦਿਆਰਥੀਆਂ ਤੇ ਸਟਾਫ਼ ਵੱਲੋਂ ਗੁਰੂ ਨਾਨਕ ਦੇਵ ਜੀ ਦਾ ਪ੍ਰਕਾਸ਼ ਪੁਰਬ ਬੜੀ ਹੀ ਸ਼ਰਧਾ-ਭਾਵਨਾ ਨਾਲ਼ ਮਨਾਇਆ ਗਿਆ।ਸਮਾਗਮ ਦੇ ਕਨਵੀਨਰ ਪ੍ਰੋ. ਰਣਜੀਤ ਕੌਰ ਤੇ ਸਹਿ-ਕਨਵੀਨਰ ਪ੍ਰੋ. ਗੁਰਜਿੰਦਰ ਕੌਰ ਦੀ ਅਗਵਾਈ ਹੇਠ ਹੋਏ ਇਸ ਸਮਾਗਮ ਵਿੱਚ ਪੰਜਾਬ ਖੇਤੀਬਾੜੀ ਯੂਨੀਵਰਸਿਟੀ, ਲੁਧਿਆਣਾ ਤੋਂ ਸੇਵਾਮੁਕਤ ਪ੍ਰੋਫ਼ੈਸਰ ਡਾ. ਸਰਬਜੀਤ ਸਿੰਘ ਨੇ ਮੁੱਖ ਬੁਲਾਰੇ ਵਜੋਂ ਸ਼ਿਰਕਤ ਕੀਤੀ।ਇਸ ਮੌਕੇ ਕਾਲਜ ਦੇ ਡਾ. ਈਸ਼ਵਰ ਸਿੰਘ ਯਾਦਗਾਰੀ ਹਾਲ ਵਿੱਚ ਸ੍ਰੀ ਸੁਖਮਨੀ ਸਾਹਿਬ ਜੀ ਦੇ ਪਾਠ ਦੀ ਸਮਾਪਤੀ ਉਪਰੰਤ ਕਾਲਜ ਦੇ ਸੰਗੀਤ ਵਿਭਾਗ ਦੇ ਵਿਦਿਆਰਥੀਆਂ ਨੇ ਪ੍ਰੋ. ਰਾਮਪਾਲ ਬੰਗਾ ਦੀ ਅਗਵਾਈ ਹੇਠ ਰਸਭਿੰਨਾ ਸ਼ਬਦ ਗਾਇਨ ਕਰ ਕੇ ਸਰੋਤਿਆਂ ਨੂੰ ਮੰਤਰ-ਮੁਗਧ ਕੀਤਾ।ਕਾਲਜ ਪ੍ਰਿੰਸੀਪਲ ਡਾ. ਸਰਵਜੀਤ ਕੌਰ ਬਰਾੜ ਨੇ ਸਾਰਿਆਂ ਨੂੰ ਸ੍ਰੀ ਗੁਰੂ ਨਾਨਕ ਦੇਵ ਜੀ ਦੇ ਪ੍ਰਕਾਸ਼-ਪੁਰਬ ਦੀ ਵਧਾਈ ਦਿੰਦਿਆਂ ਮੁੱਖ ਵਕਤਾ ਦਾ ਰਸਮੀਂ ਸਵਾਗਤ ਕੀਤਾ।ਇਸ ਮੌਕੇ ਮੁੱਖ ਵਕਤਾ ਡਾ. ਸਰਬਜੀਤ ਸਿੰਘ ਨੇ ਸ੍ਰੀ ਗੁਰੂ ਨਾਨਕ ਦੇਵ ਜੀ ਦੀ ਵਿਚਾਰਧਾਰਾ ਤੇ ਗੁਰਮਤਿ ਦਰਸ਼ਨ ਸੰਬੰਧੀ ਆਪਣੇ ਵਡਮੁੱਲੇ ਵਿਚਾਰ ਵਿਦਿਆਰਥੀਆਂ ਨਾਲ਼ ਸਾਂਝੇ ਕੀਤੇ।ਉਨ੍ਹਾਂ ਸਰੋਤਿਆਂ ਨੂੰ ਸੰਬੋਧਨ ਕਰਦਿਆਂ ਗੁਰੂ ਨਾਨਕ ਦੇਵ ਜੀ ਦੁਆਰਾ ਦੱਸੇ ਗਏ ਸੱਚ ਦੇ ਮਾਰਗ ਉੱਤੇ ਦ੍ਰਿੜ੍ਹ ਸੰਕਲਪ ਕਰਕੇ ਚੱਲਣ ਲਈ ਪ੍ਰੇਰਿਤ ਕੀਤਾ।ਇਸ ਮੌਕੇ ਵਿਦਿਆਰਥੀਆਂ ਅੰਦਰ ਗੁਰਬਾਣੀ ਅਤੇ ਗੁਰਸਿੱਖੀ ਸਰੂਪ ਪ੍ਰਤੀ ਲਗਨ ਪੈਦਾ ਕਰਨ ਹਿੱਤ ਕਰਵਾਏ ਗਏ ਸੁੰਦਰ ਦਸਤਾਰ ਸਜਾਉਣ ਦੇ ਮੁਕਾਬਲਿਆਂ ਦੇ ਜੇਤੂ ਵਿਦਿਆਰਥੀਆਂ ਨੂੰ ਦਸਤਾਰਾਂ ਦੇ ਕੇ ਸਨਮਾਨਤ ਕੀਤਾ ਗਿਆ।ਕਾਲਜ ਵੱਲੋਂ ਮੁੱਖ ਵਕਤਾ ਡਾ. ਸਰਬਜੀਤ ਸਿੰਘ ਨੂੰ ਸਿਰੋਪਾ ਤੇ ਯਾਦਗਾਰੀ ਚਿੰਨ੍ਹ ਦੇ ਕੇ ਸਨਮਾਨਤ ਕੀਤਾ ਗਿਆ।ਉਪਰੰਤ ਵਿਦਿਆਰਥੀਆਂ ਵਲੋਂ ਹੀ ਤਿਆਰ ਕੀਤਾ ਗਿਆ 'ਸਾਂਝਾ ਲੰਗਰ' ਵਰਤਾਇਆ ਗਿਆ।

ਅੰਤ ਵਿੱਚ ਕਾਲਜ ਪ੍ਰਬੰਧਕੀ ਕਮੇਟੀ ਦੇ ਜਨਰਲ ਸਕੱਤਰ ਡਾ. ਪਵਿੱਤਰਪਾਲ ਸਿੰਘ ਪਾਂਗਲੀ ਨੇ ਗੁਰੂ ਪੁਰਬ ਦੀਆਂ ਸ਼ੁੱਭ-ਕਾਮਨਾਵਾਂ ਦਿੰਦਿਆਂ ਸਭ ਦਾ ਧੰਨਵਾਦ ਕੀਤਾ।ਮੰਚ-ਸੰਚਾਲਨ ਦੀ ਭੂਮਿਕਾ ਡਾ. ਨਿਰਲੇਪ ਕੌਰ, ਪ੍ਰੋ. ਜਗਰੂਪ ਸਿੰਘ ਤੇ ਡਾ. ਗੁਰਪ੍ਰੀਤ ਸਿੰਘ ਨੇ ਬਾਖ਼ੂਬੀ ਨਿਭਾਈ।

## ਡਾ: ਮਨਿੰਦਰ ਧਾਲੀਵਾਲ ਨਾਲ ਹਮਦਰਦੀ ਪ੍ਰਗਟਾਈ



ਧੂਰੀ (ਮਨੋਹਰ ਸਿੰਘ ਸੱਗੂ)-ਭਾਰਤੀ ਕਮਿਊਨਿਸਟ ਪਾਰਟੀ (ਸੀ ਪੀ ਆਈ) ਦੇ ਜ਼ਿਲ੍ਹਾ ਸਕੱਤਰ ਕਾਮਰੇਡ ਸੁਖਦੇਵ ਸ਼ਰਮਾ, ਕੇਂਦਰੀ ਪੰਜਾਬੀ ਲੇਖਕ ਸਭਾ (ਸੇਖੋਂ) ਦੇ ਪ੍ਰਧਾਨ ਪਵਨ ਹਰਚੰਦਪੁਰੀ, ਫੈਡਰੇਸ਼ਨ ਆਫ਼ ਆੜ੍ਹਤੀਆ ਐਸੋਸੀਏਸ਼ਨ ਦੇ ਜ਼ਿਲ੍ਹਾ ਪ੍ਰਧਾਨ ਸਾਥੀ ਜਗਤਾਰ ਸਿੰਘ ਸਮਰਾ, ਆੜ੍ਹਤੀਆ ਐਸੋਸੀਏਸ਼ਨ ਧੂਰੀ ਦੇ ਪ੍ਰਧਾਨ ਜਤਿੰਦਰ ਸਿੰਘ ਸੋਨੀ ਮੰਡੇਰ, ਨਗਰ ਕੌਂਸਲ ਧੂਰੀ ਦੇ ਸਾਬਕਾ ਪ੍ਰਧਾਨ ਸੰਦੀਪ ਤਾਇਲ, ਸੀਨੀਅਰ ਸਿਟੀਜਨ ਵੈੱਲਫੇਅਰ ਐਸੋਸੀਏਸ਼ਨ ਧੂਰੀ ਦੇ ਜਨਰਲ ਸਕੱਤਰ ਸਾਥੀ ਸਰਬਜੀਤ ਸਿੰਘ ਰਾਜੋਮਾਜਰਾ, ਤਰਕਸ਼ੀਲ ਸੁਸਾਇਟੀ ਦੇ ਸੁਖਦੇਵ ਧੂਰੀ, ਸਾਥੀ ਸੁਰਿੰਦਰ ਸ਼ਰਮਾ ਹਰਚੰਦਪੁਰੀ, ਕਾਮਰੇਡ ਬਲਵਿੰਦਰ ਬੱਗਾ, ਨਵਨੀਤ ਵੜੈਚ ਤੇ ਸਮਾਜ ਸੇਵੀ ਸੁਰੇਸ਼ ਬਾਂਸਲ ਨੇ ਸੀ ਪੀ ਆਈ ਦੇ ਤਹਿਸੀਲ ਸਕੱਤਰ ਡਾ: ਮਨਿੰਦਰ ਸਿੰਘ ਧਾਲੀਵਾਲ ਦੇ ਮਾਤਾ ਸਰਦਾਰਨੀ ਨਰਿੰਦਰ ਕੌਰ (87) ਸਾਬਕਾ ਕੌਂਸਲਰ ਦੀ ਅਚਾਨਕ ਤੇ ਬੇਵਕਤੀ ਮੌਤ 'ਤੇ ਡੂੰਘਾ ਦੁੱਖ ਪ੍ਰਗਟ ਕਰਦਿਆਂ ਧਾਲੀਵਾਲ ਪਰਵਾਰ ਨਾਲ ਦਿਲੀ ਹਮਦਰਦੀ ਦਾ ਪ੍ਰਗਟਾਵਾ ਕੀਤਾ।

## ਭਗਵਾਨ ਪਰਸੂਰਾਮ ਬ੍ਰਾਹਮਣ ਸਭਾ ਨਿਹਾਲ ਸਿੰਘ ਵਾਲਾ ਦੀ ਮੀਟਿੰਗ



ਬੱਧਨੀ ਕਲਾਂ (ਲਵਲੀ ਮਾਛੀਕੇ)-ਭਗਵਾਨ ਪਰਸੂਰਾਮ ਬ੍ਰਾਹਮਣ ਸਭਾ ਨਿਹਾਲ ਸਿੰਘ ਵਾਲਾ ਦੀ ਮਹੀਨਾਵਾਰ ਮੀਟਿੰਗ ਸ੍ਰੀ ਖਣਮੁਖ ਭਾਰਤੀ ਚੇਅਰਮੈਨ ਭਗਵਾਨ ਪਰਸੂਰਾਮ ਬ੍ਰਾਹਮਣ ਸਭਾ ਪੰਜਾਬ ਦੀ ਰਹਿਨੁਮਾਈ ਹੇਠ ਦੁਰਗਾ ਮੰਦਰ ਪਤੋ ਹੀਰਾ ਵਿੱਚ ਹੋਈ।ਮੀਟਿੰਗ ਵਿੱਚ ਹਾਜ਼ਰੀਨ ਦੀਆਂ ਦਰਪੇਸ਼ ਸਮੱਸਿਆਵਾਂ ਬਾਰੇ ਵਿਚਾਰ ਵਟਾਂਦਰਾ ਕੀਤਾ ਗਿਆ ਤੇ ਖਾਸ ਤੌਰ 'ਤੇ ਹਿੰਦ ਦੀ ਚਾਦਰ ਨੌਵੇਂ ਗੁਰੂ ਸ਼ਹੀਦਾਂ ਦੇ ਸਿਰਤਾਜ ਸ੍ਰੀ ਗੁਰੂ ਤੇਗ ਬਹਾਦਰ ਜੀ ਤੇ ਸਮਾਜ ਦੇ ਅਮਰ ਸ਼ਹੀਦ ਭਾਈ ਮਤੀ ਦਾਸ, ਭਾਈ ਸਤੀ ਦਾਸ ਤੇ ਭਾਈ ਦਿਆਲ ਦਾਸ ਦੀਆਂ ਅਮੋਲ ਸ਼ਹਾਦਤਾਂ ਨੂੰ ਨਤਮਸਤਕ ਹੋ ਕੇ ਯਾਦ ਕੀਤਾ ਗਿਆ ਤੇ ਉਨ੍ਹਾਂ ਦੀ ਯਾਦ ਨੂੰ ਸਮਰਪਤ 17 ਨਵੰਬਰ ਨੂੰ ਗੁਰੂ ਘਰ ਬੀੜ ਰਾਊਕੇ ਵਿੱਚ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਸਧਾਰਨ ਪਾਠ ਆਰੰਭ ਕੀਤੇ ਜਾਣਗੇ ਤੇ ਭੋਗ 25 ਨਵੰਬਰ ਨੂੰ ਪਾਏ ਜਾਣਗੇ।ਮੀਟਿੰਗ ਵਿੱਚ ਸ੍ਰੀ ਖਣਮੁੱਖ ਭਾਰਤੀ, ਜਸਪਤ ਰਾਏ ਸ਼ਰਮਾ, ਸ਼੍ਰੀ ਅਵਤਾਰ ਚੰਦ, ਰਾਮਲਾਲ ਕਾਂਗੜ, ਸੇਵਕ ਸ਼ਰਮਾ, ਬਾਲਮੁਕੰਦ, ਪਰਮਜੀਤ, ਜਗਦੀਸ਼ ਨੰਗਲ, ਪ੍ਰਵੀਨ ਕੁਮਾਰ, ਰਮਨਦੀਪ, ਤੁਸ਼ਾਰ ਭਾਰਤੀ, ਮਨਦੀਪ, ਚਿੰਟੂ ਕੁਮਾਰ, ਬੰਟੀ ਸ਼ਰਮਾ, ਦੇਵਰਾਜ ਤਖਾਣਬੱਧ, ਰਾਜਵਿੰਦਰ, ਮਿੰਕੂ ਪੱਤੋ, ਮਨੋਹਰ ਲਾਲ, ਕੇਵਲ ਕ੍ਰਿਸ਼ਨ, ਮੱਖਣ ਪੱਤੋ, ਮਹਿੰਦਰ ਪਾਲ, ਅੰਗਦ ਰਾਮ ਆਦਿ ਨੇ ਭਾਗ ਲਿਆ।

## ਮ੍ਰਿਤਕ ਬਾਬੂ ਰਾਮ ਦੇ ਪਰਵਾਰਕ ਮੈਂਬਰਾਂ ਨੇ ਥਾਣਾ ਸਿਟੀ ਘੇਰਿਆ

### ਡੀ ਐੱਸ ਪੀ ਵੱਲੋਂ 48 ਘੰਟਿਆਂ 'ਚ ਮੁਲਜ਼ਮ ਕਾਬੂ ਕਰਨ ਦਾ ਦਾਅਵਾ



ਸ੍ਰੀ ਮੁਕਤਸਰ ਸਾਹਿਬ (ਸ਼ਮਿੰਦਰ ਪਾਲ, ਪ੍ਰਜਾ)-ਮ੍ਰਿਤਕ ਬਾਬੂ ਰਾਮ ਦੀ ਮੌਤ ਦਾ ਮਾਮਲਾ ਦਿਨੋਂ ਦਿਨ ਭਖਦਾ ਜਾ ਰਿਹਾ ਹੈ।ਮ੍ਰਿਤਕ ਦੇ ਪਰਿਵਾਰਕ ਮੈਂਬਰਾਂ ਨੇ ਸ਼ੁੱਕਰਵਾਰ ਥਾਣਾ ਸਿਟੀ ਦਾ ਘਿਰਾਓ ਕੀਤਾ ਅਤੇ ਜ਼ੋਰਦਾਰ ਨਾਅਰੇਬਾਜ਼ੀ ਕੀਤੀ।ਮ੍ਰਿਤਕ ਦੇ ਬੱਚਿਆਂ ਦਾ ਦੋਸ਼ ਹੈ ਕਿ ਉਨ੍ਹਾਂ ਦੇ ਪਿਤਾ ਨੂੰ ਕੋਈ ਜ਼ਹਿਰੀਲੀ ਵਸਤੂ ਖਵਾ ਕੇ ਮਾਰਿਆ ਗਿਆ, ਪਰ ਪੁਲਸ ਮੁਲਜ਼ਮਾਂ ਖਿਲਾਫ ਨਾ ਤਾਂ ਸਹੀ ਧਰਾਵਾਂ ਤਹਿਤ ਮਾਮਲਾ ਦਰਜ ਕਰ ਰਹੀ ਹੈ ਤੇ ਨਾ ਹੀ ਮੁਲਜ਼ਮਾਂ ਨੂੰ ਗ੍ਰਿਫਤਾਰ ਕਰ ਰਹੀ।ਹਾਲਾਂਕਿ ਉਨ੍ਹਾਂ ਨੂੰ ਬੀਤੇ ਦਿਨੀਂ ਦਿੱਤੇ ਗਏ ਧਰਨੇ ਦੌਰਾਨ ਇਹ ਭਰੋਸਾ ਦਿੱਤਾ ਗਿਆ ਸੀ ਕਿ 14 ਨਵੰਬਰ ਤੱਕ ਮੁਲਜ਼ਮਾਂ ਨੂੰ ਗ੍ਰਿਫਤਾਰ ਕਰ ਲਿਆ ਜਾਵੇਗਾ, ਪਰ ਪੁਲਸ ਅਜੇ ਤੱਕ ਮੁਲਜ਼ਮਾਂ ਨੂੰ ਗ੍ਰਿਫਤਾਰ ਨਹੀਂ ਕਰ ਸਕੀ।ਮਜਬੂਰੀ ਵੱਸ ਉਨ੍ਹਾਂ ਨੂੰ ਅੱਜ ਥਾਣਾ ਸਿਟੀ ਅੱਗੇ ਧਰਨਾ ਦੇਣਾ ਪਿਆ।ਉਨ੍ਹਾਂ ਚੇਤਾਵਨੀ ਦਿੰਦਿਆਂ ਕਿਹਾ ਕਿ ਸਹੀ ਧਾਰਾ ਲਗਾਉਣ ਤੇ ਮੁਲਜ਼ਮਾਂ ਦੀ ਗ੍ਰਿਫਤਾਰੀ ਹੋਣ ਤੱਕ ਉਹ ਥਾਣਾ ਸਿਟੀ ਅੱਗੇ ਦਿੱਤੇ ਗਏ ਧਰਨੇ ਨੂੰ ਲਗਾਤਾਰ ਜਾਰੀ ਰੱਖਣਗੇ।ਉਧਰ, ਧਰਨਾ ਪ੍ਰਦਰਸ਼ਨ ਦੌਰਾਨ ਥਾਣਾ ਸਿਟੀ ਵਿਖੇ ਪਹੁੰਚੇ ਡੀ ਐੱਸ ਪੀ ਨਵੀਨ ਕੁਮਾਰ ਦਾ ਕਹਿਣਾ ਹੈ ਕਿ ਪੁਲਸ ਵੱਲੋਂ ਕਾਨੂੰਨ ਅਨੁਸਾਰ ਬਣਦੀ ਕਾਰਵਾਈ ਕੀਤੀ ਜਾ ਰਹੀ ਹੈ।ਮੁਲਜ਼ਮਾਂ ਨੂੰ ਫੜਨ ਵਾਸਤੇ ਵੀ ਲਗਾਤਾਰ ਛਾਪੇਮਾਰੀ ਕੀਤੀ ਜਾ ਰਹੀ ਹੈ।ਫਿਲਹਾਲ ਉਨ੍ਹਾਂ ਨੇ 48 ਘੰਟਿਆਂ ਵਿੱਚ ਇਸ ਮਾਮਲੇ ਦੇ ਮੁਲਜ਼ਮਾਂ ਨੂੰ ਗ੍ਰਿਫਤਾਰ ਕੀਤੇ ਜਾਣ ਦਾ ਦਾਅਵਾ ਕੀਤਾ ਹੈ।

## ਬੀ ਬੀ ਐੱਸ ਬੀ ਪਬਲਿਕ ਸਕੂਲ 'ਚ ਬਾਲ ਦਿਵਸ ਮਨਾਇਆ



ਸਮਾਣਾ (ਇਕਬਾਲ ਸਿੰਘ ਬੱਲ, ਗੁਰਪਿਆਰ ਸਿੰਘ ਬੱਲ)-ਬਾਬਾ ਬੰਦਾ ਸਿੰਘ ਬਹਾਦਰ ਪਬਲਿਕ ਸੀਨੀਅਰ ਸੈਕੰਡਰੀ ਸਕੂਲ ਵਿਖੇ ਬਾਲ ਤੇ ਸਕੂਲ ਦੇ ਪ੍ਰਧਾਨ ਸ. ਪਰਦਮਨ ਸਿੰਘ ਦਾ ਜਨਮ ਦਿਨ ਸਕੂਲ ਵਿਦਿਆਰਥੀਆਂ ਤੇ ਸਮੂਹ ਸਟਾਫ ਵੱਲੋਂ ਮਨਾਇਆ ਗਿਆ।ਇਸ ਮੌਕੇ ਸਕੂਲ ਪ੍ਰਬੰਧਕ ਕਮੇਟੀ, ਪ੍ਰਿੰਸੀਪਲ ਤੇ ਸਮੂਹ ਸਟਾਫ ਵੱਲੋਂ ਵਿਦਿਆਰਥੀਆਂ ਨੂੰ ਬਾਲ ਦਿਵਸ ਦੀਆਂ ਵਧਾਈਆਂ ਦਿੱਤੀਆਂ ਗਈਆਂ।ਉਸ ਤੋਂ ਬਾਅਦ ਵਿਦਿਆਰਥੀਆਂ ਵੱਲੋਂ ਕੇਕ ਕੱਟਿਆ ਗਿਆ ਤੇ ਨਾਲ ਹੀ ਪ੍ਰਿੰਸੀਪਲ ਸਾਹਿਬ ਵੱਲੋਂ ਵਿਦਿਆਰਥੀਆਂ ਨੂੰ ਬਾਲ ਦਿਵਸ ਬਾਰੇ ਜਾਣਕਾਰੀ ਦਿੰਦਿਆਂ ਕਿਹਾ ਕਿ ਪੰਡਿਤ ਜਵਾਹਰ ਲਾਲ ਨਹਿਰੂ ਨੇ ਆਪਣੇ ਜਨਮ ਦਿਨ ਨੂੰ ਬਾਲ ਦਿਵਸ ਵਜੋਂ ਮਨਾਉਣ ਦਾ ਫੈਸਲਾ ਕੀਤਾ ਸੀ।ਇਸ ਦਾ ਉਦੇਸ਼ ਦੇਸ਼ ਵਿੱਚ ਬੱਚਿਆਂ ਦੀ ਤੰਦਰੁਸਤੀ, ਸਿੱਖਿਆ, ਮਾਨਸਿਕ ਤੇ ਸਰੀਰਕ ਵਿਕਾਸ ਬਾਰੇ ਜਾਗਰੂਕਤਾ ਪੈਦਾ ਕਰਨਾ ਹੈ। ਬੱਚਿਆਂ ਵਿੱਚ ਬਾਲ ਦਿਵਸ ਨੂੰ ਲੈ ਕੇ ਬਹੁਤ ਉਤਸ਼ਾਹ ਦੇਖਣ ਨੂੰ ਮਿਲਿਆ।ਇਸ ਮੌਕੇ ਬੱਚਿਆਂ ਵੱਲੋਂ ਵੱਖ-ਵੱਖ ਤਰ੍ਹਾਂ ਦੀਆ ਪੇਸ਼ਕਾਰੀਆਂ ਕੀਤੀਆਂ ਗਈਆਂ।

## ਜਗਦੇਵ ਸਿੰਘ ਗਾਗਾ ਜ਼ਿਲ੍ਹਾ ਕਾਂਗਰਸ ਸੰਗਰੂਰ ਦੇ ਪ੍ਰਧਾਨ ਬਣੇ



ਦਿੜ੍ਹਬਾ (ਜਸਵੀਰ ਲਾਡੀ)-ਪੰਜਾਬ ਪ੍ਰਦੇਸ਼ ਕਾਂਗਰਸ ਕਮੇਟੀ ਦੇ ਜਗਦੇਵ ਸਿੰਘ ਗਾਗਾ ਜ਼ਿਲ੍ਹਾ ਸੰਗਰੂਰ ਦੇ ਪ੍ਰਧਾਨ ਬਣੇ।ਵਿਧਾਨ ਸਭਾ ਹਲਕਾ ਦਿੜ੍ਹਬਾ ਦੇ ਪਿੰਡ ਗਾਗਾ ਦੇ ਜੰਮਪਲ ਜਗਦੇਵ ਸਿੰਘ ਗਾਗਾ ਨੇ ਆਪਣਾ ਰਾਜਨੀਤਕ ਜੀਵਨ ਆਪਣੇ ਪਿੰਡ ਦੀ ਸਰਪੰਚੀ ਤੋਂ ਸ਼ੁਰੂ ਕੀਤੀ, ਜਦੋਂ ਉਨ੍ਹਾਂ ਨੇ ਆਪਣੀ ਮਾਤਾ ਸ੍ਰੀਮਤੀ ਮੂਰਤੀ ਦੇਵੀ ਨੂੰ ਸਰਪੰਚ ਬਣਾਇਆ।ਇੱਕ ਦਲਿਤ ਪਰਿਵਾਰ ਵਿੱਚ ਪੈਦਾ ਹੋਏ ਜਗਦੇਵ ਗਾਗਾ ਨੂੰ ਆਲ ਇੰਡੀਆ ਕਾਂਗਰਸ ਦੇ ਪ੍ਰਧਾਨ ਸ੍ਰੀ ਮਲਿਕ ਅਰਜਨ ਖੜਗੇ, ਜਨਰਲ ਸਕੱਤਰ ਸ੍ਰੀ ਕੇ. ਸੀ. ਵੇਣੂਗੋਪਾਲ, ਸ੍ਰੀ ਰਾਹੁਲ ਗਾਂਧੀ, ਪੰਜਾਬ ਪ੍ਰਧਾਨ ਅਮਰਿੰਦਰ ਸਿੰਘ ਰਾਜਾ ਵੜਿੰਗ, ਪ੍ਰਤਾਪ ਸਿੰਘ ਬਾਜਵਾ ਨੇਤਾ ਵਿਰੋਧੀ ਧਿਰ ਪੰਜਾਬ, ਸ. ਚਰਨਜੀਤ ਸਿੰਘ ਚੰਨੀ ਸਾਬਕਾ ਮੁੱਖ ਮੰਤਰੀ, ਵਿਜੇਇੰਦਰ ਸਿੰਗਲਾ ਸਾਬਕਾ ਮੰਤਰੀ ਦੀ ਰਹਿਨੁਮਾਈ ਸਦਕਾ ਇਹ ਵੱਡੀ ਜ਼ਿੰਮੇਵਾਰੀ ਸੌਂਪੀ ਗਈ ਹੈ।ਉਨ੍ਹਾਂ ਕਾਂਗਰਸ ਵਿੱਚ ਹੁੰਦਿਆਂ ਜਗਦੇਵ ਗਾਗਾ ਨੂੰ ਵੱਖ-ਵੱਖ ਸਟੇਟਾਂ ਦੀ ਜ਼ਿੰਮੇਵਾਰੀ ਸੌਂਪੀ ਗਈ ਸੀ, ਜੋ ਉਨ੍ਹਾਂ ਪੂਰੀ ਸ਼ਿੱਦਤ ਨਾਲ ਨਿਭਾਈ।ਉਹ ਵਿਕਾਸ ਪੁਰਸ਼ ਦੇ ਨਾਂਅ ਨਾਲ ਜਾਣੇ ਜਾਂਦੇ ਸਨ।ਉਹ ਵਿਜੇਇੰਦਰ ਸਿੰਗਲਾ ਦੇ ਨਜ਼ਦੀਕੀ ਤੇ ਵਿਸ਼ਵਾਸ ਪਾਤਰ ਹਨ।ਉਨ੍ਹਾਂ ਨੂੰ ਸੰਗਰੂਰ ਘਰਾਟ ਦੇ ਪਹਿਲੇ ਦਲਿਤ ਚੇਅਰਮੈਨ ਹੋਣ ਦਾ ਵੀ ਮਾਣ ਹਾਸਲ ਹੈ, ਜਿੱਥੇ ਉਨ੍ਹਾਂ ਦੇ ਪ੍ਰਧਾਨ ਬਣਨ 'ਤੇ ਦਲਿਤ ਸਮਾਜ ਵਿੱਚ ਖੁਸ਼ੀ ਦੀ ਲਹਿਰ ਹੈ, ਉੱਥੇ ਹੀ ਦਿੜ੍ਹਬਾ ਹਲਕੇ ਦੀ ਸਿਆਸਤ ਵਿੱਚ ਵੀ ਹਲਚਲ ਸ਼ੁਰੂ ਹੋ ਗਈ ਹੈ।ਗਾਗਾ ਦੇ ਪ੍ਰਧਾਨ ਬਣਨ ਤੇ ਹਲਕੇ ਦੇ ਲੋਕਾਂ ਵਿੱਚ ਭਾਰੀ ਉਤਸ਼ਾਹ ਪਾਇਆ ਜਾ ਰਿਹਾ ਹੈ।ਜਗਦੇਵ ਸਿੰਘ ਗਾਗਾ ਨੇ ਇਸ ਪੱਤਰਕਾਰ ਨਾਲ ਗੱਲਬਾਤ ਕਰਦਿਆਂ ਕਿਹਾ ਕਿ ਮੈ ਮੇਰੇ ਵੀਰ ਸਤਨਾਮ ਸਿੰਘ ਸੱਤਾ ਜੀ ਜਰਨਲ ਸੱਕਤਰ ਸਾਹਿਬ ਦਾ ਦਿਲੋਂ ਧੰਨਵਾਦੀ ਹਾਂ ਜੋ 2012 ਤੋਂ ਲੈ ਕੇ ਅੱਜ ਤੱਕ ਮੇਰੇ ਹਰ ਦੁੱਖ-ਸੁੱਖ ਤੇ ਰਾਜਨੀਤਕ ਖੇਤਰ ਵਿੱਚ ਮੇਰੇ ਨਾਲ ਰਹੇ ਹਨ।ਰਹੀ ਗੱਲ ਜ਼ਿੰਮੇਵਾਰੀ ਦੀ ਉਹ ਪਾਰਟੀ ਨੇ ਜੋ ਲਾਈ ਹੈ, ਉਸ ਨੂੰ ਬਿਨਾਂ ਕਿਸੇ ਪੱਖਪਾਤ ਤੇ ਪਾਰਟੀਬਾਜ਼ੀ ਤੋਂ ਪਾਸੇ ਹੱਟ ਕੇ ਲੋਕ ਸੇਵਾ ਕਰਾਂਗਾ।

## ਬਿਹਾਰ 'ਚ ਐਨ ਡੀ ਏ ਦੀ ਜਿੱਤ ਭਾਜਪਾ 'ਚ ਲੋਕਾਂ ਦੇ ਮਜ਼ਬੂਤ ਵਿਸ਼ਵਾਸ ਦਾ ਨਤੀਜਾ : ਡਾ. ਸੀਮਾਂਤ



ਮੋਗਾ (ਇਕਬਾਲ ਸਿੰਘ ਖਹਿਰਾ)-ਬਿਹਾਰ ਵਿਧਾਨ ਸਭਾ ਚੋਣਾਂ ਵਿੱਚ ਐਨਡੀਏ ਦੀ ਭਾਰੀ ਜਿੱਤ ਅਤੇ ਭਾਜਪਾ ਦੇ ਸਭ ਤੋਂ ਵੱਡੀ ਰਾਜਨੀਤਕ ਪਾਰਟੀ ਵਜੋਂ ਉਭਰਨ ਨੇ ਇਹ ਸਪੱਸ਼ਟ ਕਰ ਦਿੱਤਾ ਹੈ ਕਿ ਭਾਜਪਾ ਦੀ ਪ੍ਰਸਿੱਧੀ ਦਿਨੋ-ਦਿਨ ਵਧ ਰਹੀ ਹੈ ਅਤੇ ਲੋਕਾਂ ਦਾ ਭਾਜਪਾ ਵਿੱਚ ਵਿਸ਼ਵਾਸ ਮਜ਼ਬੂਤ ਹੁੰਦਾ ਜਾ ਰਿਹਾ ਹੈ।ਭਾਜਪਾ ਦੇ ਸਾਬਕਾ ਜ਼ਿਲ੍ਹਾ ਪ੍ਰਧਾਨ ਡਾ: ਸੀਮਾਂਤ ਗਰਗ ਨੇ ਬਿਹਾਰ ਵਿਧਾਨ ਸਭਾ ਚੋਣਾਂ ਵਿੱਚ ਐਨਡੀਏ ਦੀ 200 ਤੋਂ ਵੱਧ ਸੀਟਾਂ ਦੀ ਭਾਰੀ ਜਿੱਤ ਤੇ ਭਾਜਪਾ ਦੀ ਇਕੱਲੇ 90 ਤੋਂ ਵੱਧ ਸੀਟਾਂ ਦੀ ਜਿੱਤ ਦਾ ਜਸ਼ਨ ਮਨਾਉਣ ਲਈ ਪੁਰਾਣੀ ਦਾਨਾ ਮੰਡੀ ਸਥਿਤ ਭਾਜਪਾ ਦਫਤਰ ਵਿੱਚ ਮਠਿਆਈਆਂ ਵੰਡਦੇ ਹੋਏ ਇਹ ਵਿਚਾਰ ਪ੍ਰਗਟ ਕੀਤੇ।ਇਸ ਮੌਕੇ ਸੀਨੀਅਰ ਭਾਜਪਾ ਆਗੂ ਨਿਧੜਕ ਸਿੰਘ ਬਰਾੜ, ਸਰਬਜੀਤ ਕੌਰ ਬਰਾੜ, ਭਜਨ ਲਾਲ ਸਿਤਾਰਾ, ਸੁਮਨ ਮਲਹੋਤਰਾ, ਗੀਤਾ ਆਰੀਆ, ਸੁੱਖੀ ਭੇਖਾ, ਜਨਰਲ ਸਕੱਤਰ ਵਿੱਕੀ ਸਿਤਾਰਾ, ਰਾਹੁਲ ਗਰਗ, ਮੰਡਲ ਪ੍ਰਧਾਨ ਭੁਪਿੰਦਰ ਹੈਪੀ, ਸੀਨੀਅਰ ਮਹਿਲਾ ਮੋਰਚਾ ਆਗੂ ਨੀਤੂ ਗੁਪਤਾ, ਰਜਿੰਦਰ ਗਾਬਾ, ਸ਼ਸ਼ੀਕਾਂਤ ਪਾਂਡੇ, ਮੰਡਲ ਪ੍ਰਧਾਨ ਬਾਘਾਪੁਰਾਣਾ ਦੀਪਕ ਤਲਵਾੜ, ਜਤਿਨ ਬਠਲਾ, ਸੁੱਖਾ ਸਿੰਘ, ਜਤਿੰਦਰ ਚੱਢਾ, ਹੇਮੰਤ ਸੂਦ, ਸੁਕੇਸ਼ ਸੂਦ, ਸੰਜੀਵ ਅਗਰਵਾਲ, ਆਸ਼ੀਸ਼ ਸਿੰਗਲਾ, ਕਮਲ ਕੁਮਾਰ, ਆਈਟੀ ਸੈੱਲ ਦੇ ਮੁਕੇਸ਼ ਸ਼ਰਮਾ, ਗੋਲਡੀ ਕੋਰ, ਸੁਧੀਰ ਮਿੱਤਲ, ਹੈਪੀ ਸੇਠੀ, ਸੰਜੀਵ ਆਹੂਜਾ ਆਦਿ ਮੌਜੂਦ ਸਨ। ਡਾ: ਸੀਮਾਂਤ ਗਰਗ ਨੇ ਕਿਹਾ ਕਿ ਭਾਜਪਾ ਨੇ ਤੀਜੀ ਵਾਰ ਲੋਕ ਸਭਾ ਵਿੱਚ ਐਨਡੀਏ ਦੀ ਸਰਕਾਰ ਬਣਾਈ ਹੈ, ਪਰ ਦੇਸ਼ ਦੇ 75 ਪ੍ਰਤੀਸ਼ਤ ਰਾਜਾਂ ਵਿੱਚ ਭਾਜਪਾ ਦਾ ਰਾਜ ਹੈ।ਇਸੇ ਤਰ੍ਹਾਂ ਬਿਹਾਰ ਵਿੱਚ ਵੀ ਦੂਜੇ ਰਾਜਾਂ ਵਾਂਗ ਲੋਕਾਂ ਨੇ ਆਪਣਾ ਸਮਰਥਨ ਦਿੱਤਾ ਹੈ ਤੇ ਐਨਡੀਏ ਛੇਵੀਂ ਵਾਰ ਭਾਰੀ ਬਹੁਮਤ ਨਾਲ ਸਰਕਾਰ ਬਣਾਉਣ ਜਾ ਰਹੀ ਹੈ।ਉਨ੍ਹਾਂ ਕਿਹਾ ਕਿ ਇਸ ਵਾਰ ਭਾਜਪਾ ਬਿਹਾਰ ਵਿੱਚ ਸਭ ਤੋਂ ਵੱਡੀ ਰਾਜਨੀਤਿਕ ਪਾਰਟੀ ਵਜੋਂ ਉੱਭਰੀ ਹੈ। ਉਨ੍ਹਾਂ ਕਿਹਾ ਕਿ ਬਿਹਾਰ ਵਿੱਚ ਐਨਡੀਏ ਦੀ ਇਤਿਹਾਸਕ ਜਿੱਤ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਦੇ ਜਾਦੂ ਕਾਰਨ ਹੈ, ਜਿਨ੍ਹਾਂ ਨੇ ਆਪਣੇ ਵਾਅਦੇ ਨੂੰ ਨਿਭਾਇਆ ਹੈ ਅਤੇ ਪੂਰਾ ਕੀਤਾ ਹੈ।ਉਨ੍ਹਾਂ ਕਿਹਾ ਕਿ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਦੀ ਪ੍ਰਸਿੱਧੀ ਹੁਣ ਭਾਰਤ ਵਿੱਚ ਇੱਕ ਸ਼ਾਨਦਾਰ ਇਤਿਹਾਸ ਲਿਖ ਰਹੀ ਹੈ, ਜੋ ਪਿਛਲੀਆਂ ਸਾਰੀਆਂ ਕੇਂਦਰੀ ਸਰਕਾਰਾਂ ਨੂੰ ਪਛਾੜ ਰਹੀ ਹੈ।ਉਨ੍ਹਾਂ ਕਿਹਾ ਕਿ 2014 ਵਿੱਚ ਸੱਤਾ ਸੰਭਾਲਣ ਤੋਂ ਬਾਅਦ, ਪ੍ਰਧਾਨ ਮੰਤਰੀ ਨਰਿੰਦਰ ਮੋਦੀ ਨੇ ਗਰੀਬਾਂ, ਪਛੜੇ ਵਰਗਾਂ, ਔਰਤਾਂ, ਨੌਜਵਾਨਾਂ ਅਤੇ ਕਾਰੋਬਾਰੀਆਂ ਲਈ ਨਵੀਆਂ ਯੋਜਨਾਵਾਂ ਬਣਾਈਆਂ ਅਤੇ ਲਾਗੂ ਕੀਤੀਆਂ ਹਨ, ਜਿਸ ਨਾਲ ਦੇਸ਼ ਭਰ ਵਿੱਚ ਇੱਕ ਕ੍ਰਿਸ਼ਮਾ ਪੈਦਾ ਹੋਇਆ ਹੈ।

## ਗੁਰਜੀਤ ਤੁੰਗਵਾਲੀ ਨੂੰ ਸਦਮਾ, ਮਾਤਾ ਦਾ ਦੇਹਾਂਤ



ਲਹਿਰਾ ਮੁਹੱਬਤ (ਭੀਮ ਸੈਨ ਹਦਵਾਰੀਆ)-ਬਲਾਕ ਭੁੱਚੋ ਮੰਡੀ ਦੇ ਪਿੰਡ ਤੁੰਗਵਾਲੀ ਨਿਵਾਸੀ ਭਾਜਪਾ ਆਗੂ ਗੁਰਜੀਤ ਮਾਨ ਤੁੰਗਵਾਲੀ ਨੂੰ ਉਸ ਸਮੇਂ ਗਹਿਰਾ ਸਦਮਾ ਲੱਗਾ, ਜਦ ਬੀਤੇ ਦਿਨੀਂ ਉਨ੍ਹਾਂ ਦੀ ਪੂਜਨੀਕ ਮਾਤਾ ਜਸਵਿੰਦਰ ਕੌਰ ਇੰਸਾਂ (80) ਪਤਨੀ ਸੱਚਖੰਡ ਵਾਸੀ ਜਗਰਾਜ ਸਿੰਘ ਇੰਸਾਂ (ਨੇਤਰਦਾਨੀ ਤੇ ਸਰੀਰਦਾਨੀ) ਦਾ ਦੇਹਾਂਤ ਹੋ ਗਿਆ। ਇਸ ਦੁੱਖ ਦੀ ਘੜੀ ਵਿੱਚ ਭਾਜਪਾ ਆਗੂ ਦਿਆਲ ਦਾਸ ਸੋਢੀ ਜਨਰਲ ਸਕੱਤਰ, ਜਗਦੀਪ ਸਿੰਘ ਨਕਈ ਵਾਈਸ ਪ੍ਰਧਾਨ ਪੰਜਾਬ, ਗੁਰਪ੍ਰੀਤ ਸਿੰਘ ਮਲੂਕਾ ਜ਼ਿਲ੍ਹਾ ਪ੍ਰਧਾਨ ਦਿਹਾਤੀ, ਸਰੂਪ ਚੰਦ ਸਿੰਗਲਾ ਸ਼ਹਿਰੀ ਪ੍ਰਧਾਨ, ਜੋਗਿੰਦਰ ਸਿੰਘ ਬਰਾੜ ਸਰਪੰਚ, ਪ੍ਰੋ. ਮਦਨ ਲਾਲ ਕਬੱਡੀ ਕੋਚ, ਹਰਪ੍ਰੀਤ ਸਿੰਘ ਬਾਬਾ ਕਬੱਡੀ ਕੋਚ, ਅੰਮ੍ਰਿਤ ਪਾਲ ਵਲਾਣ ਜ਼ਿਲ੍ਹਾ ਇੰਚਾਰਜ ਅਜੀਤ, ਗੋਰਾ ਸਿੰਘ ਮਾਹਲ ਤੁੰਗਵਾਲੀ ਪ੍ਰਧਾਨ ਟਰੱਕ ਯੂਨੀਅਨ ਭੁੱਚੋ ਮੰਡੀ, ਗੱਗੂ ਸਮਾਘ ਤੁੰਗਵਾਲੀ ਵਾਈਸ ਪ੍ਰਧਾਨ ਟਰੱਕ ਯੂਨੀਅਨ, ਸਰਬਜੀਤ ਸਿੰਘ ਮਾਹਲ, ਰਿੰਕੂ ਸ਼ਰਮਾ, ਬਲਜਿੰਦਰ ਕੌਰ ਮਾਹਲ, ਰਘਵੀਰ ਸਿੰਘ ਮਾਨ, ਜਗਜੀਤ ਸਿੰਘ ਮਾਨ, ਗੁਰਮੀਤ ਸਿੰਘ ਮਾਨ, ਕਿਰਨ ਖਾਨ ਬੇਗਮ ਯੋਗਾ ਅਧਿਆਪਕ, ਭੁਪਿੰਦਰ ਸਿੰਘ ਬਰਾੜ ਇੰਸਪੈਕਟਰ ਪੰਜਾਬ ਪੁਲਸ, ਡੇਰਾ ਸੱਚਾ ਸੌਦਾ ਸੇਵਾਦਾਰਾਂ ਦੀ ਸਮੁੱਚੀ ਟੀਮ ਤੇ ਪ੍ਰੈੱਸ ਕਲੱਬ ਭੁੱਚੋ ਤੋਂ ਇਲਾਵਾ ਵੱਖ ਵੱਖ ਧਾਰਮਿਕ ਤੇ ਸਮਾਜਸੇਵੀ ਜਥੇਬੰਦੀਆਂ ਵੱਲੋਂ ਦੁੱਖ ਦਾ ਪ੍ਰਗਟਾਵਾ ਕਰਦਿਆਂ ਸ਼ੋਕਗ੍ਰਸਤ ਪਰਵਾਰ ਨਾਲ ਡੂੰਘੀ ਹਮਦਰਦੀ ਦਾ ਇਜ਼ਹਾਰ ਕੀਤਾ ਗਿਆ।

## ...ਸਫ਼ਾ 1 ਦੇ ਬਾਕੀ

### ਸਿਹਤ ਸੇਵਾਵਾਂ ਦੇ ਨਿੱਜੀਕਰਨ...

ਘੱਟ ਆਮਦਨ ਵਾਲੇ ਲੋਕਾਂ ਦੀ ਸਿਹਤ 'ਤੇ ਮਾੜਾ ਪ੍ਰਭਾਵ ਪਏਗਾ ਤੇ ਉਹ ਗੁਣਵਰਧਕ ਕਿਸੇ ਵੀ ਸੇਵਾਵਾਂ ਤੋਂ ਵਾਂਝੇ ਰਹਿ ਜਾਣਗੇ। ਦੇਸ਼ ਦੇ ਕੁਝ ਇਲਾਕਿਆਂ ਵਿੱਚ ਖਾਸ ਤੌਰ 'ਤੇ ਬਿਹਾਰ ਵਿੱਚ ਪੀ ਪੀ ਪੀ ਮੋਡ ਦੇ ਥੱਲੇ ਜੋ ਸਿਹਤ ਸੇਵਾਵਾਂ ਖੋਲ੍ਹੀਆਂ ਗਈਆਂ ਹਨ, ਉਹ ਆਖਰ ਅਸਫਲ ਹੋ ਗਈਆਂ ਤੇ ਬੰਦ ਕਰਨੀਆਂ ਪਈਆਂ। ਦੁਨੀਆਂ ਭਰ ਵਿੱਚ ਦੇਖਿਆ ਗਿਆ ਹੈ ਕਿ ਸਿਹਤ ਸੂਚਕ ਅੰਕ ਉਨ੍ਹਾਂ ਇਲਾਕਿਆਂ ਦੇ ਚੰਗੇ ਹਨ, ਜਿੱਥੇ ਕਿ ਸਰਕਾਰ ਖੁਦ ਸਿਹਤ ਸੇਵਾਵਾਂ ਪ੍ਰਦਾਨ ਕਰਦੀ ਹੈ।ਪਾਰਟੀ ਦੇ ਲੁਧਿਆਣਾ ਸ਼ਹਿਰੀ ਸਕੱਤਰ ਐੱਮ ਐੱਸ ਭਾਟੀਆ ਨੇ ਕਿਹਾ ਕਿ ਪੰਜਾਬ ਵਿੱਚ ਸਿਹਤ ਸੇਵਾਵਾਂ 'ਤੇ ਕੁਲ ਬਜਟ ਦਾ ਕੇਵਲ ਸਰਕਾਰੀ ਖੇਤਰ ਵਿੱਚ ਦੋ ਪ੍ਰਤੀਸ਼ਤ ਤੋਂ ਵੀ ਘੱਟ ਖਰਚਾ ਕੀਤਾ ਜਾਂਦਾ ਹੈ। ਸਿਹਤ ਸੇਵਾਵਾਂ 'ਤੇ ਸਰਕਾਰੀ ਬਜਟ ਨੂੰ ਵਧਾਇਆ ਜਾਏ ਤੇ ਕੁੱਲ ਬਜਟ ਦਾ ਛੇ ਪ੍ਰਤੀਸ਼ਤ ਕੀਤਾ ਜਾਏ। ਸਰਕਾਰੀ ਸਿਹਤ ਸੇਵਾਵਾਂ ਦੇ ਨਿੱਜੀਕਰਨ ਦੀ ਪ੍ਰਕਿਰਿਆ ਨੂੰ ਫੌਰੀ ਤੌਰ 'ਤੇ ਰੋਕ ਲਗਾਈ ਜਾਏ।ਮੰਗ ਪੱਤਰ ਦੇਣ ਵਾਲੇ ਪ੍ਰਤੀਨਿਧ ਮੰਡਲ ਵਿੱਚ ਚਮਕੌਰ ਸਿੰਘ, ਡਾ ਰਜਿੰਦਰ ਪਾਲ ਸਿੰਘ ਔਲਖ, ਵਿਜੇ ਕੁਮਾਰ, ਕੇਵਲ ਸਿੰਘ ਬਣਵੈਤ, ਨਰੇਸ਼ ਗੌੜ, ਐਡਵੋਕੇਟ ਨਵਲ ਛਿੱਬੜ, ਐਡਵੋਕੇਟ ਰਾਮ ਸਰੂਪ, ਪਰਵੀਨ ਕੁਮਾਰ, ਵਿਨੋਦ ਕੁਮਾਰ, ਮਲਕੀਤ ਮਾਲੜਾ ਅਤੇ ਰਣਧੀਰ ਸਿੰਘ ਧੀਰਾ ਸ਼ਾਮਲ ਸਨ।

### ਜਥੇ 'ਚੋਂ ਔਰਤ ਨੂੰ...

ਹਦਾਇਤ ਕੀਤੀ ਗਈ ਹੈ ਕਿ ਸਿੱਖ ਸ਼ਰਧਾਲੂਆਂ ਦੇ ਜਥੇ 'ਚ ਪਾਕਿਸਤਾਨ ਆ ਕੇ ਲਾਪਤਾ ਹੋਈ ਭਾਰਤੀ ਮਹਿਲਾ ਨੂੰ ਜਲਦੀ ਤੋਂ ਜਲਦੀ ਗ੍ਰਿਫਤਾਰ ਕਰਕੇ ਭਾਰਤ ਭੇਜਿਆ ਜਾਵੇ। ਉਹਨਾ ਕਿਹਾ ਕਿ ਸਿੱਖ ਸ਼ਰਧਾਲੂਆਂ ਦੇ ਜਥੇ ਵਿਚ ਇਹੋ ਜਿਹੀ ਘਟਨਾ ਵਾਪਰਨੀ ਪਾਕਿਸਤਾਨੀ ਸਿੱਖਾਂ ਲਈ ਵੀ ਵੱਡੀ ਮੁਸੀਬਤ ਹੈ।

## ਅਜਾਇਬ ਸਿੰਘ ਬਹੋਨਾ ਮ੍ਰਿਤਕ ਦੇਹ 'ਤੇ ਪਾਰਟੀ ਝੰਡਾ ਪਾ ਕੇ ਦਿੱਤੀ ਅੰਤਮ ਵਿਦਾਇਗੀ



ਮੋਗਾ (ਇਕਬਾਲ ਸਿੰਘ ਖਹਿਰਾ)-ਅਗਾਂਹਵਧੂ ਹਲਕਿਆਂ ਵਿੱਚ ਇਹ ਖ਼ਬਰ ਦੁੱਖ ਨਾਲ ਪੜ੍ਹੀ ਜਾਵੇਗੀ ਕਿ ਭਾਰਤੀ ਕਮਿਊਨਿਸਟ ਪਾਰਟੀ ਜ਼ਿਲ੍ਹਾ ਮੋਗਾ ਦੇ ਜੁਝਾਰੂ ਸਿਪਾਹੀ ਕਾਮਰੇਡ ਅਜਾਇਬ ਸਿੰਘ ਬਹੋਨਾ (64) ਦਾ ਸੰਖੇਪ ਬਿਮਾਰੀ ਪਿੱਛੋਂ ਏਮਜ਼ ਹਸਪਤਾਲ ਬਠਿੰਡਾ ਵਿਖੇ ਦਿਹਾਂਤ ਹੋ ਗਿਆ ਹੈ।ਪਿਛਲੇ 40 ਸਾਲਾਂ ਤੋਂ ਉਹ ਭਾਰਤੀ ਕਮਿਊਨਿਸਟ ਪਾਰਟੀ ਦੇ ਨਾਲ ਜੁੜੇ ਸਨ ।ਜ਼ਿਲ੍ਹਾ ਮੋਗਾ ਦੇ ਆਗੂ ਕਾਮਰੇਡ ਇੰਦਰਵੀਰ ਗਿੱਲ ਦੇ ਬੇਹੱਦ ਕਰੀਬੀ ਸਾਥੀ ਅਜਾਇਬ ਸਿੰਘ ਇਸ ਸਮੇਂ ਆਪਣੇ ਪਿੰਡ ਬਹੋਨਾ ਦੇ ਪੰਚਾਇਤ ਮੈਂਬਰ ਸਨ।ਇਸ ਤੋਂ ਪਹਿਲਾਂ ਉਹਨਾਂ 15 ਸਾਲ ਆਪਣੇ ਪਿੰਡ ਬਹੋਨਾ ਦੀ ਸਹਿਕਾਰੀ ਸਭਾ ਦੇ ਮੈਂਬਰ ਵਜੋਂ ਵੀ ਸੇਵਾ ਨਿਭਾਈ।ਪਾਰਟੀ ਦੇ ਹਰ ਪ੍ਰੋਗਰਾਮ ਤੇ ਮੁਹਿੰਮ ਵਿੱਚ ਕਾਮਰੇਡ ਅਜਾਇਬ ਸਿੰਘ ਵਧ-ਚੜ੍ਹ ਕੇ ਹਿੱਸਾ ਲੈਂਦੇ ਰਹੇ। ਉਹ ਸਿਰੜੀ, ਇਮਾਨਦਾਰ, ਮਿਠਬੋਲੜੇ ਅਤੇ ਹਸਮੁੱਖ ਸੁਭਾਅ ਦੇ ਮਾਲਕ ਸਨ।ਰਾਜ ਮਿਸਤਰੀ ਦਾ ਕੰਮ ਕਰਦਿਆਂ ਉਨ੍ਹਾਂ ਸਖਤ ਮਿਹਨਤ ਨਾਲ ਆਪਣੇ ਸਾਰੇ ਬੱਚਿਆਂ ਨੂੰ ਬਹੁਤ ਹੀ ਵਧੀਆ ਤਾਲੀਮ ਦਿਵਾਈ।ਉਨ੍ਹਾਂ ਦੀ ਮ੍ਰਿਤਕ ਦੇਹ 'ਤੇ ਝੰਡਾ ਪਾਉਣ ਦੀ ਰਸਮ ਪਾਰਟੀ ਦੇ ਸੂਬਾ ਕੌਂਸਲ ਮੈਂਬਰ ਸ਼ੇਰ ਸਿੰਘ ਦੌਲਤਪੁਰਾ, ਜ਼ਿਲ੍ਹਾ ਕਾਰਜਕਾਰੀ ਮੈਂਬਰ ਜਗਸੀਰ ਖੋਸਾ, ਬਲਾਕ ਸਕੱਤਰ ਸਵਰਾਜ ਸਿੰਘ ਢੁੱਡੀਕੇ, ਜ਼ਿਲ੍ਹਾ ਕੌਂਸਲ ਮੈਂਬਰ ਡਾਕਟਰ ਇੰਦਰਵੀਰ ਗਿੱਲ, ਬਲਵਿੰਦਰ ਸਿੰਘ ਬਹੋਨਾ, ਬਿੰਦਰ ਸਿੰਘ ਝੰਡੇਆਣਾ ਤੇ ਬਰਾਂਚ ਸਕੱਤਰ ਜਸਪਾਲ ਸਿੰਘ ਪਾਲੀ ਨੇ ਨਿਭਾਈ।

## ਨਰੇਸ਼ ਦੁੱਗਲ ਮੁੜ ਬਣੇ ਜ਼ਿਲ੍ਹਾ ਕਾਂਗਰਸ ਕਮੇਟੀ ਸ਼ਹਿਰੀ ਦੇ ਪ੍ਰਧਾਨ



ਪਟਿਆਲਾ (ਰਾਜਿੰਦਰ ਥਿੰਦ)-ਕਾਂਗਰਸ ਵੱਲੋਂ ਸ਼ੁਰੂ ਕੀਤੀ ਗਈ ਸੰਗਠਨ ਸਿਰਜਨ ਮੁਹਿੰਮ ਦੇ ਤਹਿਤ ਕਾਂਗਰਸ ਹਾਈਕਮਾਂਡ ਨੇ ਇੱਕ ਵਾਰ ਫਿਰ ਤੋਂ ਜ਼ਿਲ੍ਹਾ ਪਟਿਆਲਾ ਸ਼ਹਿਰੀ ਕਾਂਗਰਸ ਦੇ ਮੌਜੂਦਾ ਪ੍ਰਧਾਨ ਨਰੇਸ਼ ਦੁੱਗਲ 'ਤੇ ਵਿਸ਼ਵਾਸ ਜਤਾਉਂਦੇ ਹੋਏ ਉਨ੍ਹਾਂ ਨੂੰ ਫਿਰ ਤੋਂ ਜ਼ਿਲ੍ਹਾ ਕਾਂਗਰਸ ਦਾ ਪ੍ਰਧਾਨ ਨਿਯੁਕਤ ਕਰ ਦਿੱਤਾ ਹੈ।ਉਨ੍ਹਾਂ ਦੀ ਨਿਯੁਕਤੀ ਤੋਂ ਬਾਅਦ ਪਟਿਆਲਾ ਦੇ ਕਾਂਗਰਸੀਆਂ ਵਿੱਚ ਖੁਸ਼ੀ ਦੀ ਲਹਿਰ ਹੈ।ਪ੍ਰਧਾਨ ਬਣਨ ਤੋਂ ਬਾਅਦ ਨਰੇਸ਼ ਦੁੱਗਲ ਨੇ ਪੰਜਾਬ ਦੇ ਸਾਬਕਾ ਕੈਬਨਿਟ ਮੰਤਰੀ ਤੇ ਆਲ ਇੰਡੀਆ ਕਾਂਗਰਸ ਕਮੇਟੀ ਦੇ ਮੈਂਬਰ ਬ੍ਰਹਮ ਮਹਿੰਦਰਾ ਨੂੰ ਗੁਲਦਸਤਾ ਦੇ ਕੇ ਉਨ੍ਹਾਂ ਦਾ ਧੰਨਵਾਦ ਕੀਤਾ। ਇਸ ਮੌਕੇ ਉਨ੍ਹਾਂ ਨਾਲ ਪੰਜਾਬ ਕਾਂਗਰਸ ਦੇ ਸਪੋਕਸਮੈਨ ਤੇ ਹਲਕਾ ਸਨੌਰ ਦੇ ਕੁਆਰਡੀਨੇਟਰ ਹਰਵਿੰਦਰ ਸਿੰਘ ਨਿੱਪੀ ਵਿਸ਼ੇਸ਼ ਤੌਰ 'ਤੇ ਹਾਜ਼ਰ ਸਨ।ਨਰੇਸ਼ ਦੁੱਗਲ ਨੇ ਕਿਹਾ ਕਿ ਪਾਰਟੀ ਹਾਈਕਮਾਂਡ, ਪੰਜਾਬ ਪ੍ਰਦੇਸ਼ ਕਾਂਗਰਸ ਕਮੇਟੀ ਤੇ ਸਾਬਕਾ ਕੈਬਨਿਟ ਮੰਤਰੀ ਬ੍ਰਹਮ ਮਹਿੰਦਰਾ ਨੇ ਉਨ੍ਹਾਂ 'ਤੇ ਜੋ ਵਿਸ਼ਵਾਸ ਕੀਤਾ ਹੈ, ਉਹ ਉਸ 'ਤੇ ਖਤਰਾ ਉਤਰਨਗੇ ਤੇ 2027 ਵਿੱਚ ਪਟਿਆਲਾ ਸ਼ਹਿਰੀ ਤੇ ਪਟਿਆਲਾ ਦਿਹਾਤੀ ਸੀਟਾਂ ਕਾਂਗਰਸ ਪਾਰਟੀ ਦੀ ਝੋਲੀ ਵਿੱਚ ਪਾਉਣ ਲਈ ਸਮੁੱਚੇ ਕਾਂਗਰਸੀ ਵਰਕਰਾਂ ਨੂੰ ਨਾਲ ਲੈ ਕੇ ਦਿਨ-ਰਾਤ ਮਿਹਨਤ ਕਰਨਗੇ।ਇਸ ਮੌਕੇ ਹਰਵਿੰਦਰ ਸਿੰਘ ਨਿੱਪੀ ਨੇ ਕਿਹਾ ਕਿ ਕਾਂਗਰਸ ਪਾਰਟੀ ਨੇ ਨਰੇਸ਼ ਦੁੱਗਲ ਨੂੰ ਫਿਰ ਤੋਂ ਪ੍ਰਧਾਨ ਬਣਾ ਕੇ ਕਾਂਗਰਸੀਆਂ ਦੀਆਂ ਭਾਵਨਾਵਾਂ ਦੀ ਕਦਰ ਕੀਤੀ ਹੈ।2024 ਦੀਆਂ ਲੋਕ ਸਭਾ ਚੋਣਾਂ ਵਿੱਚ ਪਟਿਆਲਾ ਸ਼ਹਿਰ ਤੇ ਪਟਿਆਲਾ ਦਿਹਾਤੀ ਹਲਕਿਆਂ ਵਿੱਚ ਕਾਂਗਰਸ ਪਾਰਟੀ ਦਾ ਸ਼ਾਨਦਾਰ ਪ੍ਰਦਰਸ਼ਨ ਰਿਹਾ, ਜਿਸ ਕਰਕੇ ਡਾ. ਧਰਮਵੀਰ ਗਾਂਧੀ ਪਟਿਆਲਾ ਦੇ ਐੱਮ. ਪੀ. ਬਣੇ ਤੇ ਉਨ੍ਹਾਂ ਮੋਤੀ ਮਹਿਲ ਨੂੰ ਕਰਾਰੀ ਹਾਰ ਦਿੱਤੀ।ਉਨ੍ਹਾਂ ਕਿਹਾ ਕਿ ਸਾਬਕਾ ਕੈਬਨਿਟ ਮੰਤਰੀ ਬ੍ਰਹਮ ਮਹਿੰਦਰਾ ਨੇ ਜ਼ਿਲ੍ਹਾ ਕਾਂਗਰਸ ਕਮੇਟੀ ਨੂੰ ਹਮੇਸ਼ਾ ਹੀ ਪੂਰਨ ਸਹਿਯੋਗ ਦਿੱਤਾ।ਉਨ੍ਹਾਂ ਕਿਹਾ ਕਿ ਪਟਿਆਲਾ ਦੇ ਸਮੁੱਚੇ ਕਾਂਗਰਸੀ ਵਰਕਰ, ਕਾਂਗਰਸ ਹਾਈਕਮਾਂਡ ਤੇ ਖਾਸ ਤੌਰ 'ਤੇ ਸਾਬਕਾ ਕੈਬਨਿਟ ਮੰਤਰੀ ਬ੍ਰਹਮ ਮਹਿੰਦਰਾ ਦੇ ਧੰਨਵਾਦੀ ਹਨ, ਜਿਨ੍ਹਾਂ ਨੇ ਕਾਂਗਰਸੀ ਵਰਕਰਾਂ ਦੀਆਂ ਭਾਵਨਾਵਾਂ ਦੀ ਕਦਰ ਕਰਦੇ ਹੋਏ ਫਿਰ ਤੋਂ ਨਰੇਸ਼ ਦੁੱਗਲ ਨੂੰ ਪਾਰਟੀ ਦਾ ਪ੍ਰਧਾਨ ਬਣਾਇਆ।

ਨਵਾਂ ਜ਼ਮਾਨਾ ਪੋਸਟ ਬਾਕਸ ਨੰ. 134

Printed and Published by Printer, Publisher and Editor : Chand Singh @ Chand Fatehpuri for Arjan Singh Gargaj Foundation, Jalandhar printed at Nawan Zamana Printers, Nehru Garden Road, Jalandhar and published at Nawan Zamana office, Nehru Garden Road, Jalandhar.

ਪ੍ਰਕਾਸ਼ਕ, ਛਾਪਕ ਤੇ ਸੰਪਾਦਕ : ਚੰਦ ਸਿੰਘ ਉਰਫ ਚੰਦ ਫਤਿਹਪੁਰੀ ਨੇ ਨਵਾਂ ਜ਼ਮਾਨਾ ਪ੍ਰਿੰਟਰਜ਼, ਨਹਿਰੂ ਗਾਰਡਨ ਰੋਡ, ਜਲੰਧਰ ਤੋਂ ਛਪਵਾ ਕੇ ਅਰਜਨ ਸਿੰਘ ਗੜਗੱਜ ਫਾਊਂਡੇਸ਼ਨ, ਨਹਿਰੂ ਗਾਰਡਨ ਰੋਡ, ਜਲੰਧਰ ਲਈ ਪ੍ਰਕਾਸ਼ਤ ਕੀਤਾ। * ਪੀ ਆਰ ਬੀ ਐਕਟ ਤਹਿਤ ਖਬਰਾਂ ਦੀ ਚੋਣ ਲਈ ਜ਼ਿੰਮੇਵਾਰ।

ਫੋਨ ਨੰਬਰ ਪ੍ਰਬੰਧਕੀ ਵਿਭਾਗ : 0181-5097300, ਸਮਾਚਾਰ ਵਿਭਾਗ : 0181-5097310, ਈ-ਮੇਲ : nawanzamana@gmail.com * Web : www.nawanzamana.in

# 'ਸੁਨੱਖੀ ਪੰਜਾਬਣ ਮੁਟਿਆਰ ਮੁਕਾਬਲੇ' ਨੂੰ ਲੈ ਕੇ ਲੋਕ ਸੱਭਿਆਚਾਰਕ ਪਿੜ ਵੱਲੋਂ ਪਲੇਠੀ ਮੀਟਿੰਗ




**ਧਾਰੀਵਾਲ, (ਮਨਦੀਪ ਸਿੰਘ ਵਿੱਕੀ)**- ਸੱਭਿਆਚਾਰ ਦੀ ਸਮਾਜ ਵਿੱਚ ਚੰਗੀ ਭੂਮਿਕਾ ਨਿਭਾਉਣ ਵਾਲੀ ਸੰਸਥਾ ਲੋਕ ਸੱਭਿਆਚਾਰਕ (ਰਜਿ:) ਗੁਰਦਾਸਪੁਰ ਵੱਲੋਂ ਪੰਜਾਬਣ ਧੀਆਂ ਨੂੰ ਪੰਜਾਬ ਦੇ ਸੱਭਿਆਚਾਰਕ ਵਿਰਸੇ ਦੀਆਂ ਅਨਮੋਲ ਨਿਸ਼ਾਨੀਆਂ ਨਾਲ ਜੋੜਨ ਵਾਲਾ ਮੁਕਾਬਲਾ ਸੁਨੱਖੀ ਪੰਜਾਬਣ ਮੁਟਿਆਰ ਦੀ ਮੀਟਿੰਗ ਸਕਰਗੜ੍ਹ ਡੀ. ਏ. ਵੀ. ਸੀਨੀਅਰ ਸੈਕੰਡਰੀ ਸਕੂਲ ਗੁਰਦਾਸਪੁਰ ਵਿੱਚ ਪਿੜ ਦੇ ਪ੍ਰਧਾਨ ਜੈਕਬ ਮਸੀਹ ਤੇਜਾ ਦੀ ਅਗਵਾਈ ਵਿੱਚ ਪਲੇਠੀ ਮੀਟਿੰਗ ਕੀਤੀ ਗਈ ਜਿਸ ਵਿੱਚ ਫੈਸਲਾ ਕੀਤਾ ਗਿਆ ਕਿ ਧੀਆਂ ਦਾ ਵਿਰਾਸਤ ਦੀ ਲੋਕ-ਕਲਾਵਾਂ ਮੁਕਾਬਲਾ ਸੁਨੱਖੀ ਪੰਜਾਬਣ ਮੁਟਿਆਰ ਫਰਵਰੀ 2026 ਵਿੱਚ ਕਰਵਾਇਆ ਜਾਵੇਗਾ। ਇਕੱਤਰਤਾ ਵਿੱਚ ਪਿੜ ਦੇ ਬਾਨੀ ਅਜੈਬ ਸਿੰਘ ਚਾਹਲ, ਸਰਪ੍ਰਸਤ ਬੀਬੀ ਅਮਰੀਕ ਕੌਰ ਤੋਂ ਇਲਾਵਾ ਡਾ. ਐੱਸ. ਯੂਸਫ, ਡਾ. ਅਮਰਜੀਤ ਕੌਰ ਕਾਲਕਟ, ਪ੍ਰੋ. ਕੁਲਵਿੰਦਰ ਕੌਰ, ਡਾ. ਗੁਰਬੀਰ ਸਿੰਘ, ਮਾਸਟਰ ਸਰਬਜੀਤ ਸਿੰਘ, ਐਡਵੋਕੇਟ ਸੁਖਪ੍ਰੀਤ ਸਿੰਘ, ਮਾਸਟਰ ਰਾਜ ਕੁਮਾਰ, ਹਰਪ੍ਰੀਤ ਸਿੰਘ ਸੋਹਲ, ਡਾ. ਹੈਪੀ ਵਿਨਸੈਂਟ, ਹਰਪ੍ਰੀਤ ਕੌਰ, ਰਜਿੰਦਰ ਸਿੰਘ ਛੀਨਾ, ਸਨੋਵਰ, ਕਾਨਵ ਅਨੰਦ, ਸਿਮਰਨਜੀਤ ਸਿੰਘ, ਜਸਨੂਰ ਸਿੰਘ ਆਦਿ ਹਾਜ਼ਰ ਹੋਏ। ਇਸ ਮੌਕੇ ਅਲੋਪ ਹੋ ਰਹੇ ਪੰਜਾਬੀ ਸੱਭਿਆਚਾਰ 'ਤੇ ਵਿਚਾਰ ਵਟਾਂਦਰੇ ਕੀਤੇ ਗਏ। ਪੰਜਾਬ ਦੀ ਵਿਰਾਸਤ ਨਾਲ ਨਵੀਂ ਪੀੜ੍ਹੀ ਨੂੰ ਜੋੜਨ ਲਈ ਕੁਝ ਖਾਸ ਪ੍ਰੋਗਰਾਮ ਬਣਾਏ ਗਏ। ਪਿਛਲੇ ਹੋਏ ਸੁਨੱਖੀ ਪੰਜਾਬਣ ਮੁਟਿਆਰ ਮੁਕਾਬਲੇ ਦੀਆਂ ਗਤੀਵਿਧੀਆਂ 'ਤੇ ਚਾਨਣਾ ਪਾਇਆ ਗਿਆ। ਇਸ ਸਾਲ ਵਿੱਚ ਹੋਣ ਵਾਲੇ ਮੁਕਾਬਲੇ ਦੇ ਬਾਰੇ ਵੀ ਵਿਚਾਰ-ਵਟਾਂਦਰੇ ਕੀਤੇ ਅਤੇ ਰੂਪ- ਰੇਖਾ ਉਲੀਕੀ ਗਈ। ਪਿੜ ਦੇ ਬਾਨੀ ਸ. ਅਜੈਬ ਸਿੰਘ ਚਾਹਲ ਨੇ ਦੱਸਿਆ ਕਿ ਪੰਜਾਬੀ ਸੱਭਿਆਚਾਰ ਦੀ ਹੋਂਦ ਨੂੰ ਬਰਕਰਾਰ ਰੱਖਣ ਲਈ ਕੀਤੀ ਜਾ ਰਹੀ ਜੱਦੋ ਜਹਿਦ ਨੂੰ ਹਮੇਸ਼ਾ ਹੀ ਨੌਜਵਾਨ ਪੀੜ੍ਹੀ ਪੰਜਾਬੀ ਸੱਭਿਆਚਾਰ ਰੀਤੀ ਰਿਵਾਜਾਂ, ਖਾਣ-ਪੀਣ, ਰਿਸ਼ਤਿਆਂ ਨਾਤਿਆਂ ਦੀ ਅਹਿਮ ਸੰਸਕਾਰਾਂ ਨਾਲ ਜੋੜ ਕੇ ਰੱਖਣਾ ਹੀ ਮੁੱਖ ਉਪਰਾਲਾ ਕਰ ਰਿਹਾ ਹੈ। ਲੋਕ ਸੱਭਿਆਚਾਰਕ ਪਿੜ ਰਜਿ. ਗੁਰਦਾਸਪੁਰ ਦਾ ਕੁਨਬਾ ਹਰ ਸਾਲ ਧੀਆਂ-ਧਿਆਣੀਆਂ ਦਾ ਵਿਰਾਸਤੀ ਮੇਲਾ ਕਰਵਾ ਕੇ ਨਿਰੋਲ ਪੰਜਾਬੀ ਸੱਭਿਆਚਾਰ ਤੇ ਪੰਜਾਬੀਅਤ ਨੂੰ ਇੱਕ ਚੰਗਾ ਸੰਦੇਸ ਦੇਣ ਦੀ ਕੋਸ਼ਿਸ਼ ਕਰਦੇ ਹਨ। ਮੀਟਿੰਗ ਦੇ ਅਖੀਰ ਵਿੱਚ ਪ੍ਰਧਾਨ ਤੇ ਭੰਗੜਾ ਕੋਚ ਜੈਕਬ ਮਸੀਹ ਤੇਜਾ ਨੇ ਆਏ ਹੋਏ ਸਾਰੇ ਪਿੜ ਦੇ ਅਹੁਦੇਦਾਰਾਂ ਮੈਂਬਰਾਂ ਦਾ ਤਹਿ ਦਿਲੋਂ ਧੰਨਵਾਦ ਕੀਤਾ।

# ਹਾਵਰਡ ਲੇਨ ਸੀਨੀਅਰ ਸੈਕੰਡਰੀ ਸਕੂਲ ਦੇ ਬੱਚਿਆਂ ਨੇ ਖੇਡਾਂ 'ਚ ਦਿਖਾਇਆ ਦਮਖਮ



**ਝਬਾਲ (ਹਰਜਿੰਦਰ ਸਿੰਘ ਸੋਨੀ)**- ਹਾਵਰਡ ਲੇਨ ਸੀਨੀਅਰ ਸੈਕੰਡਰੀ ਸਕੂਲ ਝਬਾਲ ਦੇ ਖੇਡ ਮੈਦਾਨ ਵਿੱਚ ਨਰਸਰੀ ਤੋਂ ਯੂਕੇਜੀ ਕਲਾਸਾਂ ਲਈ ਖੇਡਾਂ ਦਾ ਆਯੋਜਨ ਬੜੇ ਹੀ ਉਤਸ਼ਾਹ ਅਤੇ ਖੁਸ਼ੀ ਨਾਲ ਕੀਤਾ ਗਿਆ।ਨੰਨ੍ਹੇ-ਮੁੰਨੇ ਬੱਚਿਆਂ ਨੇ ਵੱਖ-ਵੱਖ ਦਿਲਚਸਪ ਅਤੇ ਮਨੋਰੰਜਕ ਖੇਡਾਂ ਵਿੱਚ ਭਰਪੂਰ ਜੋਸ਼ ਨਾਲ ਭਾਗ ਲਿਆ।ਇਸ ਮੌਕੇ ਹੋਈਆਂ ਖੇਡਾਂ ਵਿੱਚ ਬਾਸਕਿਟ ਰੇਸ, ਸਮਾਲ ਕੋਨ ਜੰਪ ਰੇਸ, ਜਿਗਜੈਗ, ਰਨ ਵਿਦ ਬਾਲ, ਕਲੈਕਟ ਦਾ ਬਾਲ, ਹਰਡਲ ਰੇਸ, ਰਨ ਐਂਡ ਅਸੈਂਬਲ ਦਾ ਗਲਾਸ ਅਤੇ ਰਨ ਐਂਡ ਅਰੇਂਜ ਦਾ ਕੋਨ ਵਰਗੀਆਂ ਖੇਡਾਂ ਸ਼ਾਮਲ ਸਨ।ਬੱਚਿਆਂ ਨੇ ਆਪਣੀ ਚੁਸਤੀ, ਸੰਤੁਲਨ ਅਤੇ ਉਤਸ਼ਾਹ ਨਾਲ ਮੈਦਾਨ ਦਾ ਮਾਹੌਲ ਖੁਸ਼ਗਵਾਰ ਬਣਾ ਦਿੱਤਾ। ਅਧਿਆਪਕਾਂ ਨੇ ਬੱਚਿਆਂ ਦਾ ਮਨੋਬਲ ਵਧਾਇਆ ਅਤੇ ਉਨ੍ਹਾਂ ਨੂੰ ਪ੍ਰੋਤਸਾਹਿਤ ਕੀਤਾ।ਸਭ ਬੱਚਿਆਂ ਨੇ ਬਹੁਤ ਹੀ ਉਤਸ਼ਾਹ ਨਾਲ ਹਿੱਸਾ ਲਿਆ ਅਤੇ ਖੇਡਾਂ ਦਾ ਪੂਰਾ ਆਨੰਦ ਮਾਣਿਆ।ਇਸ ਖੇਡ ਸਮਾਰੋਹ ਦੇ ਅੰਤ 'ਤੇ ਪ੍ਰਿੰ. ਬਲਰਾਜ ਸਿੰਘ ਬਾਠ ਤੇ ਸਕੂਲ ਦੀ ਮੈਨੇਜਮੈਂਟ ਵੱਲੋਂ ਜੇਤੂ ਬੱਚਿਆਂ ਨੂੰ ਸਰਟੀਫਿਕੇਟ ਅਤੇ ਮੈਡਲ ਦੇ ਕੇ ਸਨਮਾਨਿਤ ਕੀਤਾ ਗਿਆ ਅਤੇ ਸਾਰੇ ਭਾਗੀਦਾਰਾਂ ਦੀ ਹੌਸਲਾ ਅਫਜ਼ਾਈ ਕੀਤੀ ਗਈ।

# ਸਪੀਡ ਬਰੇਕਰ ਅਤੇ ਸਾਈਨ ਬੋਰਡ ਨਾ ਹੋਣ ਕਾਰਨ ਹਾਦਸੇ ਵਾਪਰਨ ਦਾ ਖਦਸ਼ਾ

**ਗੁਰਦਾਸਪੁਰ (ਜਨਕ ਮਹਾਜਨ)**- ਦੋਰਾਂਗਲਾ-ਗਾਹਲੜੀ ਸੜਕ ਸਥਿਤ ਬਣੇ ਨਬੀਪੁਰ ਬਾਈਪਾਸ 'ਤੇ ਕੋਈ ਵੀ ਸਾਈਨ ਬੋਰਡ ਅਤੇ ਸਪੀਡ ਬਰੇਕਰ ਆਦਿ ਨਾ ਹੋਣ ਕਰਕੇ ਇਥੇ ਕਿਸੇ ਵੇਲੇ ਹਾਦਸੇ ਵਾਪਰਨ ਦਾ ਡਰ ਬਣਿਆ ਰਹਿੰਦਾ ਹੈ। ਜਾਣਕਾਰੀ ਦਿੰਦੇ ਹੋਏ ਇਲਾਕਾ ਵਾਸੀਆਂ ਨੇ



ਦੱਸਿਆ ਕਿ ਦੋਰਾਂਗਲਾ ਸੜਕ ਵਲੋਂ ਨਬੀਪੁਰ ਬਾਈਪਾਸ ਹਰਦੋਛੰਨੀ ਅਤੇ ਕਲਾਨੌਰ ਚੌਕਾਂ ਰੋਡ ਤੋਂ ਚੌਕਾਂ ਨੂੰ ਪਾਰ ਕਰਦਾ ਹੋਇਆ ਬਬਰੀ ਬਾਈਪਾਸ ਨਾਲ ਜਾ ਮਿਲਦਾ ਹੈ ਜੋ ਅੰਮ੍ਰਿਤਸਰ-ਪਠਾਨਕੋਟ ਨੈਸ਼ਨਲ ਹਾਈਵੇ ਨਾਲ ਜੁੜਿਆ ਹੋਇਆ ਹੈ। ਲੋਕਾਂ ਨੇ ਦੱਸਿਆ ਕਿ ਬਟਾਲਾ-ਅੰਮ੍ਰਿਤਸਰ ਤੋਂ ਦੋਰਾਂਗਲਾ, ਗਾਹਲੜੀ, ਬਹਿਰਾਮਪੁਰ ਆਦਿ ਕਸਬੇ ਨੂੰ ਜਾਣ ਵਾਲੇ ਵਹੀਕਲ ਜ਼ਿਆਦਾਤਰ ਬਬਰੀ ਬਾਈਪਾਸ ਤੋਂ ਨਬੀਪੁਰ ਬਾਈਪਾਸ ਵੱਲ ਮੁੜ ਜਾਂਦੇ ਹਨ। ਹੈਰਾਨੀ ਦੀ ਗੱਲ ਹੈ ਕਿ ਇਸ ਬਾਈਪਾਸ 'ਤੇ ਨਬੀਪੁਰ ਚੌਕ, ਹਰਦੋਛੰਨੀ ਚੌਕ ਅਤੇ ਦੋਰਾਂਗਲਾ ਵਾਲੇ ਟੀ. ਪੁਆਇੰਟ ਵਾਲੀ ਸੜਕ 'ਤੇ ਕੋਈ ਵੀ ਸਿਗਨਲ ਲਾਈਟ ਅਤੇ ਸਪੀਡ ਬ੍ਰੇਕਰ ਨਾ ਹੋਣ ਕਾਰਨ ਤੇਜ਼ ਰਫ਼ਤਾਰ ਵਾਹਨ ਆਪਸ ਵਿਚ ਟਕਰਾ ਜਾਂਦੇ ਹਨ। ਇਨ੍ਹਾਂ ਚੌਕਾਂ 'ਤੇ ਕਈ ਵਾਰ ਹਾਦਸੇ ਵਾਪਰ ਚੁੱਕੇ ਹਨ। ਇਸ ਬਾਈਪਾਸ ਸੜਕ 'ਤੇ ਵਹੀਕਲਾਂ ਦੀ ਆਵਾਜਾਈ ਦਿਨ-ਰਾਤ ਨਿਰੰਤਰ ਜਾਰੀ ਰਹਿੰਦੀ ਹੈ। ਇਲਾਕਾ ਵਾਸੀਆਂ ਨੇ ਮੰਗ ਕੀਤੀ ਕਿ ਨਬੀਪੁਰ ਬਾਈਪਾਸ ਵਿਚਕਾਰ ਆਉਂਦੇ ਵੱਖ-ਵੱਖ ਚੌਕਾਂ 'ਤੇ ਸਿਗਨਲ ਬੋਰਡ, ਸਾਈਨ ਬੋਰਡ ਅਤੇ ਸਪੀਡ ਬਰੇਕਰ ਲਗਾਏ ਜਾਣ ਤਾਂ ਜੋ ਇਥੋਂ ਚੌਕ ਕਰਾਸ ਕਰਦੇ ਸਮੇਂ ਵਾਹਨ ਚਾਲਕ ਹੌਲੀ ਰਫ਼ਤਾਰ ਨਾਲ ਲੰਘ ਸਕੇ ਅਤੇ ਹਾਦਸੇ ਵਾਪਰਨ ਤੋਂ ਬਚਾਅ ਹੋ ਸਕੇ।

# ਪ੍ਰਧਾਨ ਬਣਨ 'ਤੇ ਰਾਜਬੀਰ ਸਿੰਘ ਭੁੱਲਰ ਵੱਲੋਂ ਵਾਹਿਗੁਰੂ ਦਾ ਕੋਟਿ-ਕੋਟਿ ਸ਼ੁਕਰਾਨਾ



**ਝਬਾਲ, (ਹਰਜਿੰਦਰ ਸਿੰਘ ਸੋਨੀ)**- ਕਾਗਰਸ ਪਾਰਟੀ ਦੇ ਨਵੇਂ ਬਣੇ ਜ਼ਿਲਾ ਪ੍ਰਧਾਨ ਰਾਜਬੀਰ ਸਿੰਘ ਭੁੱਲਰ ਵਾਹਿਗੁਰੂ ਦਾ ਸ਼ੁਕਰਾਨਾ ਕਰਨ ਲਈ ਸਾਬਕਾ ਵਿਧਾਇਕ ਕੁਲਬੀਰ ਸਿੰਘ ਜ਼ੀਰਾ ਅਤੇ ਕਰਨਬੀਰ ਸਿੰਘ ਬੁਰਜ ਅਤੇ ਕਾਂਗਰਸੀ ਵਰਕਰਾਂ ਸਮੇਤ ਮਾਝੇ ਦੇ ਇਤਿਹਾਸਕ ਪਵਿੱਤਰ ਅਸਥਾਨ ਗੁਰਦੁਆਰਾ ਬੀੜ ਬਾਬਾ ਬੁੱਢਾ ਸਾਹਿਬ ਵਿਖੇ ਨਤਮਸਤਕ ਹੋ ਕੇ ਵਾਹਿਗੁਰੂ ਦਾ ਸ਼ੁਕਰਾਨਾ ਕੀਤਾ।ਇਸ ਸਮੇਂ ਉਨ੍ਹਾਂ ਗੁਰਦੁਆਰਾ ਸਾਹਿਬ ਵਿਖੇ ਬੈਠ ਕੇ ਗੁਰਬਾਣੀ ਦਾ ਕੀਰਤਨ ਸਰਵਣ ਕੀਤਾ।ਇਸ ਸਮੇਂ ਗੱਲਬਾਤ ਕਰਦਿਆਂ ਨਵੇਂ ਬਣੇ ਪ੍ਰਧਾਨ ਰਾਜਬੀਰ ਸਿੰਘ ਭੁੱਲਰ ਨੇ ਕਿਹਾ ਕਿ ਵਾਹਿਗੁਰੂ ਦੀ ਕਿਰਪਾ ਸਦਕਾ ਉਨ੍ਹਾਂ ਨੂੰ ਜੋ ਪਾਰਟੀ ਹਾਈਕਮਾਂਡ ਨੇ ਜ਼ਿੰਮੇਵਾਰੀ ਦਿੱਤੀ ਹੈ ਉਸ ਨੂੰ ਪੂਰੀ ਤਨਦੇਹੀ ਤੇ ਜ਼ਿੰਮੇਵਾਰੀ ਨਾਲ ਨਿਭਾਏਗਾ।ਇਸ ਸਮੇਂ ਚੇਅਰਮੈਨ ਰਮਨ ਕੁਮਾਰ ਝਬਾਲ, ਜ਼ਿਲ੍ਹਾ ਪ੍ਰੀਸ਼ਦ ਮੈਂਬਰ ਬਿਕਰਮਜੀਤ ਸਿੰਘ ਕਸੇਲ, ਸਾਬਕਾ ਬਲਾਕ ਪ੍ਰਧਾਨ ਗੁਰਪਾਲ ਸਿੰਘ ਜਗਤਪੁਰਾ, ਹੀਰਾ ਸਿੰਘ ਮੱਲ੍ਹੀ, ਨੌਨਿਹਾਲ ਸਿੰਘ ਕਸੇਲ, ਸ਼ੇਰ ਸਿੰਘ ਮੰਨਣ, ਹਰਜੋਤ ਸਿੰਘ ਛਾਪਾ, ਨਿੱਪੀ ਸੂਦ, ਕੁਲਬੀਰ ਸਿੰਘ, ਅੰਮ੍ਰਿਤਬੀਰ ਸਿੰਘ ਭੁੱਚਰ, ਸਰਪੰਚ ਪ੍ਰਗਟ ਸਿੰਘ, ਬੌਬੀ ਤਖਤੂ ਚੱਕ, ਮਨਜੀਤ ਸਿੰਘ ਕੇਵਲ ਵਾਲਾ, ਅਸ਼ੋਕ ਕੁਮਾਰ ਝਬਾਲ, ਡਾ. ਚਰਨਜੀਤ ਸਿੰਘ, ਸਾਬਕਾ ਸਰਪੰਚ ਅਮਰਜੀਤ ਸਿੰਘ ਬਘੇਲ ਸਿੰਘ ਵਾਲਾ, ਸੁਖਵਿੰਦਰ ਸਿੰਘ ਬਿੱਟੂ ਝਬਾਲ, ਹਰਪਿੰਦਰ ਸਿੰਘ ਸਾਬਕਾ ਮੈਂਬਰ ਝਬਾਲ ਆਦਿ ਹਾਜ਼ਰ ਸਨ।

# ਖ਼ਾਲਸਾ ਕਾਲਜ ਇੰਟਰਨੈਸ਼ਨਲ ਪਬਲਿਕ ਸਕੂਲ ਦੇ ਵਿਦਿਆਰਥੀਆਂ ਵੱਲੋਂ ਵੱਖ-ਵੱਖ ਮੁਕਾਬਲਿਆਂ 'ਚ ਸ਼ਾਨਦਾਰ ਮੁਜ਼ਾਹਰਾ

**ਅੰਮ੍ਰਿਤਸਰ, (ਜਸਬੀਰ ਸਿੰਘ ਪੱਟੀ, ਕੰਵਲਜੀਤ ਸਿੰਘ)**- ਖਾਲਸਾ ਕਾਲਜ ਇੰਟਰਨੈਸ਼ਨਲ ਪਬਲਿਕ ਸਕੂਲ ਰਣਜੀਤ ਐਵੀਨਿਊ ਦੇ ਵਿਦਿਆਰਥੀਆਂ ਨੇ ਵੱਖ-ਵੱਖ ਮੁਕਾਬਲਿਆਂ 'ਚ ਆਪਣੀ ਕਾਬਲੀਅਤ ਦਾ ਸ਼ਾਨਦਾਰ ਮੁਜ਼ਾਹਰਾ ਕਰਕੇ ਸਕੂਲ ਅਤੇ ਮਾਪਿਆਂ ਦਾ ਨਾਮ ਰੌਸ਼ਨ ਕੀਤਾ ਹੈ। ਪ੍ਰੋਗਰਾਮ 'ਚ ਫਿਲਮ ਮੇਕਿੰਗ ਅਤੇ ਫੈਸ਼ਨ ਡਿਜ਼ਾਈਨਿੰਗ ਮੁਕਾਬਲੇ 'ਚ ਖੂਬਸੂਰਤ ਪ੍ਰਦਰਸ਼ਨ ਨਾਲ ਪਹਿਲਾ ਰਨਰ-ਅਪ ਸਥਾਨ ਪ੍ਰਾਪਤ ਕੀਤਾ ਗਿਆ। ਇਸ ਸਬੰਧੀ ਸਕੂਲ ਪ੍ਰਿੰਸੀਪਲ ਨਿਰਮਲਜੀਤ ਕੌਰ ਗਿੱਲ ਨੇ ਜਾਣਕਾਰੀ ਦਿੰਦਿਆਂ ਦੱਸਿਆ ਕਿ ਫ਼ਿਲਮ ਮੇਕਿੰਗ ਟੀਮ ਦੇ ਵਿਦਿਆਰਥੀਆਂ ਦੀ ਆਈ. ਆਈ. ਏ. ਡੀ. ਦੇ ਡਾਇਰੈਕਟਰ ਅਮਿਤ ਦੇਬ ਨੇ ਪ੍ਰਤਿਭਾ ਨੂੰ ਪਹਿਚਾਣਦਿਆਂ ਉਕਤ ਪ੍ਰੋਜੈਕਟ ਪੇਸ਼ ਕੀਤੇ। ਉਨ੍ਹਾਂ ਕਿਹਾ ਕਿ ਮੌਜੂਦਾ ਸਮੇਂ 'ਚ ਹੋਣਹਾਰ ਵਿਦਿਆਰਥੀਆਂ ਕੋਲ ਭਵਿੱਖ ਨੂੰ ਸੰਵਾਰਨ ਦੇ ਬੇਸ਼ੁਮਾਰ ਮੌਕੇ ਹਨ ਅਤੇ ਭੌਤਿਕ ਤੇ ਡਿਜੀਟਲ ਦੁਨੀਆ 'ਚ ਡਿਜ਼ਾਈਨ ਦਾ ਖੇਤਰ ਇਕ ਨਵੇਂ ਰੂਪ 'ਚ ਸਾਹਮਣੇ ਆਇਆ ਹੈ। ਉਨ੍ਹਾਂ ਕਿਹਾ ਕਿ ਜੋ ਨਵਾਂ, ਵੱਖਰਾ ਸੋਚਣ ਤੇ ਕਰਨ ਦੇ ਚਾਹਵਾਨ ਹਨ,



ਇਹ ਉਨ੍ਹਾਂ ਨੌਜਵਾਨਾਂ ਲਈ ਬਹੁਤ ਮਹੱਤਵਪੂਰਨ ਹੈ। ਇਸ ਮੌਕੇ ਪ੍ਰਿੰ: ਸ੍ਰੀਮਤੀ ਗਿੱਲ ਨੇ ਕਿਹਾ ਕਿ ਸਕੂਲ 'ਚ ਵਿਦਿਆਰਥੀਆਂ ਦੇ ਸਰਵਪੱਖੀ ਵਿਕਾਸ ਦੇ ਲਈ ਵਿੱਦਿਅਕ ਗਤੀਵਿਧੀਆਂ ਦੇ ਨਾਲ ਨਾਲ ਕਿਰਿਆਤਮਕ ਕਾਰਜ, ਸੰਗੀਤਕ ਗਤੀਵਿਧੀਆਂ, ਖੇਡ ਕਿਰਿਆਵਾਂ ਆਦਿ ਵੱਲ ਵੀ ਉਚੇਚਾ ਧਿਆਨ ਦਿੱਤਾ ਜਾਂਦਾ ਹੈ। ਉਨ੍ਹਾਂ ਕਿਹਾ ਕਿ ਵਿਦਿਆਰਥੀਆਂ ਨੇ ਫਿਲਮ ਮੇਕਿੰਗ ਅਤੇ ਫੈਸ਼ਨ ਡਿਜ਼ਾਈਨਿੰਗ ਦੇ ਮੁਕਾਬਲੇ 'ਚ ਪਹਿਲਾ ਰਨਰਅਪ ਸਥਾਨ ਪ੍ਰਾਪਤ ਕਰਕੇ ਸਕੂਲ ਦਾ ਮਾਣ ਵਧਾਇਆ ਹੈ। ਇਸ ਮੌਕੇ ਪ੍ਰਿੰ: ਗਿੱਲ ਨੇ ਜੇਤੂ ਵਿਦਿਆਰਥੀਆਂ ਨੂੰ ਵਧਾਈ ਦਿੰਦਿਆਂ ਸੁਨਿਹਰੇ ਭਵਿੱਖ ਦੀ ਕਾਮਨ ਕੀਤੀ ਅਤੇ ਜੀਵਨ 'ਚ ਬੁਲੰਦੀਆਂ ਨੂੰ ਛੂਹਣ ਲਈ ਉਤਸ਼ਾਹਿਤ ਕੀਤਾ। ਇਸ ਮੌਕੇ ਅਧਿਆਪਕ ਅਤੇ ਵਿਦਿਆਰਥੀ ਹਾਜ਼ਰ ਸਨ।

# ਚਾਰ ਦਿਨਾ ਪੰਜਾਬ ਸਟੇਟ ਬੈਡਮਿੰਟਨ ਚੈਂਪੀਅਨਸ਼ਿਪ ਸਮਾਪਤ

## ਪਟਿਆਲਾ ਦਾ ਸ਼ਿਖਰ ਰੱਲ੍ਹਣ ਤੇ ਲੁਧਿਆਣਾ ਦੀ ਗੁਰਸਿਮਰਤ ਬਣੇ ਪੰਜਾਬ ਚੈਂਪੀਅਨ

**ਜਲੰਧਰ** : ਰਾਇਜ਼ਾਦਾ ਹੰਸਰਾਜ ਸਟੇਡੀਅਮ, ਜਲੰਧਰ 'ਚ ਹੋਈ ਜੂਨੀਅਰ ਤੇ ਸੀਨੀਅਰ ਪੰਜਾਬ ਸਟੇਟ ਬੈਡਮਿੰਟਨ ਚੈਂਪੀਅਨਸ਼ਿਪ ਵੀਰਵਾਰ ਨੂੰ ਉਤਸ਼ਾਹਪੂਰਵਕ ਸਮਾਪਤ ਹੋਈ।ਪੁਰਸ਼ ਇਕੱਲਾ ਕੈਟਾਗਰੀ 'ਚ ਪਟਿਆਲਾ ਦੇ ਸ਼ਿਖਰ ਰੱਲ੍ਹਣ ਨੇ ਅੰਮ੍ਰਿਤਸਰ ਦੇ ਅਧਿਯਨ ਕੱਕੜ ਨੂੰ ਫਾਈਨਲ 'ਚ ਹਰਾ ਕੇ ਖਿਤਾਬ ਜਿੱਤਿਆ।ਮਹਿਲਾ ਇਕੱਲਾ ਕੈਟਾਗਰੀ 'ਚ ਲੁਧਿਆਣਾ ਦੀ ਗੁਰਸਿਮਰਤ ਕੌਰ ਚਹਿਲ ਨੇ ਜਲੰਧਰ ਦੀ ਇਨਾਇਤ ਗੁਲਾਟੀ ਨੂੰ ਰੋਮਾਂਚਕ ਮੁਕਾਬਲੇ 'ਚ ਹਰਾ ਕੇ ਖਿਤਾਬ ਆਪਣੇ ਨਾਮ ਕੀਤਾ।ਲੁਧਿਆਣਾ ਦੀ ਸਾਨਵੀ ਨੌਟਿਆਲ ਨੇ ਸ਼ਾਨਦਾਰ ਪ੍ਰਦਰਸ਼ਨ ਕਰਦਿਆਂ ਟ੍ਰਿਪਲ ਕ੍ਰਾਊਨ ਜਿੱਤਿਆ।ਉਸਨੇ ਗਰਲਜ਼ ਡਬਲਜ਼, ਮਿਕਸਡ ਡਬਲਜ਼ ਤੇ ਮਹਿਲਾ ਡਬਲਜ਼ ਤਿੰਨੋ ਖਿਤਾਬ ਆਪਣੇ ਨਾਮ ਕੀਤੇ।ਗੁਰਸਿਮਰਨ, ਮਾਨਿਆ ਤੇ ਮ੍ਰਿਦੁਲ ਝਾ ਨੇ ਵੀ ਆਪਣੇ-ਆਪਣੇ ਵਰਗਾਂ 'ਚ ਡਬਲ ਕ੍ਰਾਊਨ ਹਾਸਲ ਕੀਤਾ। ਜਗਸ਼ੇਰ ਖੰਗੂਰਾ ਨੇ ਜਲੰਧਰ ਦੇ ਵਿਰਨ ਸੇਠ ਨੂੰ ਹਰਾ ਕੇ ਬੌਇਜ਼ ਸਿੰਗਲਜ਼ ਦਾ ਖਿਤਾਬ ਜਿੱਤਿਆ।ਟੂਰਨਾਮੈਂਟ ਦੀ ਸਭ ਤੋਂ ਛੋਟੀ ਖਿਡਾਰਨ



ਜਲੰਧਰ ਦੀ ਇਨਾਇਤ ਗੁਲਾਟੀ ਨੇ ਸਭ ਨੂੰ ਹੈਰਾਨ ਕਰਦਿਆਂ ਗਰਲਜ਼ ਤੇ ਮਹਿਲਾ ਇਕੱਲਾ ਦੋਵੇਂ ਵਰਗਾਂ 'ਚ ਰਜਤ ਤਮਗੇ ਜਿੱਤੇ।ਪੰਜਾਬ ਬੈਡਮਿੰਟਨ ਐਸੋਸੀਏਸ਼ਨ ਦੇ ਸਚਿਵ ਰਿਤਿਨ ਖੰਨਾ ਨੇ ਦੱਸਿਆ ਕਿ ਇਸ ਚਾਰ ਦਿਨਾਂ ਦੇ ਟੂਰਨਾਮੈਂਟ 'ਚ ਅੰਡਰ-19 ਤੇ ਸੀਨੀਅਰ ਕੈਟਾਗਰੀਆਂ ਵਿਚ 10 ਇਵੈਂਟਾਂ 'ਚ ਕੁੱਲ 350 ਮੁਕਾਬਲੇ ਖੇਡੇ ਗਏ।ਐੱਸਡੀਐੱਮ ਆਦਮਪੁਰ ਵਿਵੇਕ ਮੋਦੀ (ਆਈਏਐੱਸ) ਮੁੱਖ ਮਹਿਮਾਨ ਵਜੋਂ ਸ਼ਾਮਲ ਹੋਏ ਤੇ ਜੇਤੂਆਂ ਨੂੰ ਇਨਾਮ ਵੰਡੇ।ਜੇਤੂ ਖਿਡਾਰੀ ਹੁਣ ਰਾਸ਼ਟਰੀ ਚੈਂਪੀਅਨਸ਼ਿਪ ਜੋ ਈਟਾਨਗਰ ਤੇ ਵਿਜੈਵਾੜਾ 'ਚ ਹੋਵੇਗੀ, 'ਚ ਪੰਜਾਬ ਦਾ ਪ੍ਰਤੀਨਿਧੀਤਵ ਕਰਨਗੇ। ਜੇਤੂਆਂ ਨੂੰ ਐਸੋਸੀਏਸ਼ਨ ਵੱਲੋਂ ਨਕਦ ਇਨਾਮ ਤੇ ਹੋਰ ਆਕਰਸ਼ਕ ਤੋਹਫ਼ੇ ਦਿੱਤੇ ਗਏ।ਜ਼ਿਲ੍ਹਾ ਬੈਡਮਿੰਟਨ ਐਸੋਸੀਏਸ਼ਨ ਨੇ ਜੂਨੀਅਰ ਏਸ਼ੀਅਨ ਚੈਂਪੀਅਨਸ਼ਿਪ ਦੇ ਕਾਂਸੀ ਤਮਗਾ ਜੇਤੂ ਜਗਸ਼ੇਰ ਖੰਗੂਰਾ ਨੂੰ 21,000 ਦਾ ਨਕਦ ਇਨਾਮ ਦੇ ਕੇ ਸਨਮਾਨਿਤ ਕੀਤਾ।ਇਸੇ ਤਰ੍ਹਾਂ ਥਾਈਲੈਂਡ ਓਪਨ ਬਰੌਂਜ਼ ਮੈਡਲਿਸਟ ਅਭਿਨਵ ਠਾਕੁਰ ਨੂੰ ਵੀ ਉਸਦੇ ਸ਼ਾਨਦਾਰ ਪ੍ਰਦਰਸ਼ਨ ਲਈ ਸਨਮਾਨਿਆ ਗਿਆ।ਇਸ ਮੌਕੇ ਪੰਜਾਬ ਬੈਡਮਿੰਟਨ ਐਸੋਸੀਏਸ਼ਨ ਦੇ ਸੀਨੀਅਰ ਅਹੁਦੇਦਾਰ ਰਾਕੇਸ਼ ਖੰਨਾ, ਅਨੁਪਮ ਕੁਮਾਰੀਆ, ਨਰੇਸ਼ ਬੁਧੀਆ, ਧੀਰਜ ਸ਼ਰਮਾ, ਪਰਮਿੰਦਰ ਸ਼ਰਮਾ ਤੇ ਵਿਸ਼ਾਲ ਰੱਲ੍ਹਣ ਵੀ ਹਾਜ਼ਰ ਸਨ।

# ਬਾਲ ਦਿਵਸ ਤੇ ਬਾਲ ਮਜ਼ਦੂਰੀ ਵਿਸ਼ਿਆਂ 'ਤੇ ਚਾਰਟ ਮੇਕਿੰਗ ਮੁਕਾਬਲੇ ਕਰਵਾਏ



**ਖਡੂਰ ਸਾਹਿਬ (ਸਰਬਜੋਤ ਸਿੰਘ ਸੰਧਾ)** ਸ੍ਰੀ ਗੁਰੂ ਅਮਰਦਾਸ ਪਬਲਿਕ ਸਕੂਲ ਫਤਿਹਾਬਾਦ ਵਿਖੇ ਬੱਚਿਆਂ ਦੇ ਬਾਲ ਦਿਵਸ ਅਤੇ ਬਾਲ ਮਜ਼ਦੂਰੀ ਚਾਰਟ ਮੁਕਾਬਲੇ ਕਰਵਾਏ ਗਏ।ਇਸ ਵਿੱਚ ਪੰਜਵੀਂ ਕਲਾਸ ਤੋਂ ਲੈ ਕੇ ਅੱਠਵੀਂ ਕਲਾਸ ਦੇ ਬੱਚਿਆਂ ਨੇ ਵੱਧ ਚੜ੍ਹ ਕੇ ਹਿੱਸਾ ਲਿਆ।ਉਨ੍ਹਾਂ ਨੇ ਬਾਲ ਦਿਵਸ ਤੇ ਚਾਚਾ ਨਹਿਰੂ ਨੂੰ ਯਾਦ ਕਰਦਿਆਂ ਅਤੇ ਬਾਲ ਮਜ਼ਦੂਰੀ ਦੇ ਵਿਰੁੱਧ ਵੱਖਰੇ ਵੱਖਰੇ ਬਹੁਤ ਸੁੰਦਰ ਚਾਰਟ ਬਣਾਏ।ਇਨ੍ਹਾਂ ਵਿੱਚ ਗੁਰਨੂਰ ਸਿੰਘ, ਮਹਿਕਪ੍ਰੀਤ ਕੌਰ, ਮਨਸੀਰਤ ਕੌਰ, ਹਰਮਨਦੀਪ ਕੌਰ, ਨਵਦੀਪ ਕੌਰ, ਲਵਨੀਤ ਕੌਰ, ਬਲਜਿੰਦਰ ਕੌਰ, ਰੁਥਪਾਲ ਕੌਰ, ਅੰਜਲੀ, ਜਸ਼ਨਦੀਪ ਕੌਰ, ਐਸ਼ਪ੍ਰੀਤ ਕੌਰ ਤੇ ਨਵਰੂਪ ਕੌਰ ਨੇ ਵੱਖਰੇ ਵੱਖਰੇ ਚਾਰਟ ਬਣਾ ਕੇ ਬਾਲ ਦਿਵਸ ਨੂੰ ਮਨਾਇਆ। ਇਸ ਮੌਕੇ ਤੇ ਸਾਰੇ ਵਿਦਿਆਰਥੀ ਬਹੁਤ ਖੁਸ਼ ਸਨ ।ਅਖੀਰ ਵਿੱਚ ਸਕੂਲ ਦੇ ਐਮ. ਡੀ. ਸਰਦਾਰ ਸੁਰਜੀਤ ਸਿੰਘ ਭਰੋਵਾਲ ਨੇ ਬੱਚਿਆਂ ਨੂੰ ਬਾਲ ਦਿਵਸ ਦੀਆਂ ਮੁਬਾਰਕਾਂ ਦਿੱਤੀਆਂ ਤੇ ਬਾਲ ਦਿਵਸ ਕਿਉਂ ਮਨਾਇਆ ਜਾਂਦਾ ਹੈ ਇਸ ਬਾਰੇ ਜਾਣਕਾਰੀ ਦਿੱਤੀ ਤੇ ਨਾਲ ਹੀ ਉਨ੍ਹਾਂ ਨੇ ਕਿਹਾ ਕਿ ਬਾਲ ਮਜ਼ਦੂਰੀ ਕਰਨੀ ਇੱਕ ਅਪਰਾਧ ਹੈ। ਇਸ ਕਰਕੇ ਬਾਲ ਮਜ਼ਦੂਰੀ ਨਹੀਂ ਕਰਾਉਣੀ ਚਾਹੀਦੀ।ਬੱਚਿਆਂ ਨੂੰ ਪੜ੍ਹਾ-ਲਿਖਾ ਕੇ ਇੱਕ ਚੰਗੇ ਇਨਸਾਨ ਬਣਾਉਣਾ ਚਾਹੀਦਾ ਹੈ।

# ਸ਼ਹੀਦ ਕਰਤਾਰ ਸਿੰਘ ਸਰਾਭਾ ਦੇ ਸ਼ਹੀਦੀ ਦਿਹਾੜੇ ਮੌਕੇ 'ਤੂੰ ਅਗਲਾ ਵਰਕਾ ਫੋਲ' ਨਾਟਕ ਖੇਡਿਆ

**ਗੁਰਦਾਸਪੁਰ (ਜਨਕ ਮਹਾਜਨ)**- ਨਟਾਲੀ ਰੰਗ ਮੰਚ ਗੁਰਦਾਸੁਰ ਵੱਲੋਂ ਹਰ ਸਾਲ ਦੀ ਤਰਾਂ ਸ਼ਹੀਦ ਕਰਤਾਰ ਸਿੰਘ ਸਰਾਭਾ ਜੀ ਦੇ 110ਵੇਂ ਸ਼ਹੀਦੀ ਦਿਹਾੜੇ ਨੂੰ ਸਮਰਪਿਤ ਨਵਾਂ ਨਾਟਕ 'ਤੂੰ ਅਗਲਾ ਵਰਕਾ ਫੋਲ' ਦੀ ਪੇਸ਼ਕਾਰੀ ਲੇਖਕ, ਅਦਾਕਾਰ ਤੇ ਨਿਰਦੇਸ਼ਕ ਡਾ. ਸਾਹਿਬ ਸਿੰਘ ਦੁਆਰਾ ਅਦਾਕਾਰ ਮੰਚ ਮੁਹਾਲੀ ਵਲੋਂ ਸਫਲ ਪੇਸ਼ਕਾਰੀ ਕੀਤੀ ਗਈ ਜਿਸ ਨੇ ਦਰਸ਼ਕਾਂ ਨੂੰ ਕੀਲ ਕੇ ਬੇਹੱਦ ਜਜ਼ਬਾਤੀ ਕੀਤਾ ਤੇ ਦਰਸ਼ਕਾਂ ਨੂੰ ਸੋਚਣ ਤੇ ਸਮਾਜ ਦੇ ਅਗਲੇ ਵਰਕਿਆਂ ਫੋਲਣ ਲਈ ਮਜਬੂਰ ਕਰ ਦਿੱਤਾ। ਇਹ ਨਾਟਕ ਚਾਰ ਕਹਾਣੀਆਂ ਤੇ ਆਧਾਰਿਤ ਵੰਡ ਤੋਂ ਪਹਿਲਾਂ ਸ਼ਹੀਦ ਭਗਤ ਸਿੰਘ ਦੀ ਸ਼ਹੀਦੀ ਤੋਂ ਸਾਲ ਬਾਅਦ ਸ਼ੁਰੂ ਹੁੰਦਾ ਹੈ। ਨਾਟਕ ਦੇ ਵਿਚ ਸੰਨ 1947 ਦੀ ਵੰਡ ਦੇ ਸਮੇਂ ਹੋਈਆਂ ਤਰਾਸਦੀਆਂ, ਇੱਕ ਔਰਤ ਦਾ ਦਰਦ, ਫਿਰ 1984 ਦਾ ਕਤਲੇਆਮ ਤੇ ਫਿਰ ਮੁੰਬਈ ਵਿੱਚ ਹੋਇਆ ਤਾਜ ਦੇ ਉਬਰਾਏ ਹੋਟਲ 'ਤੇ ਅਟੈਕ (2008) ਬੜੀ ਸੂਖਮਤਾ ਨਾਲ ਦਰਸਾਇਆ ਗਿਆ। ਇੱਕ ਹੀ ਸਟੇਜ ਉਤੇ ਹੈਵਾਨੀਅਤ ਦਾ ਨੰਗਾ ਨਾਚ ਦਿਖਾਇਆ ਗਿਆ ਜੋ ਧਰਮ ਦੀ ਆੜ ਵਿੱਚ ਖੇਡਿਆ



ਜਾ ਰਿਹਾ ਸੀ। ਕਿਸ ਤਰ੍ਹਾਂ ਮਨੁੱਖ ਆਪਣੀ ਜਾਤੀ ਅਤੇ ਧਰਮ ਦੇ ਹੰਕਾਰ ਵਿੱਚ ਬੰਦੇ ਨੂੰ ਬੰਦਾ ਨਹੀਂ ਸਮਝਦਾ। ਇਸ ਨਾਟਕ ਨੂੰ ਵੇਖਦਿਆਂ ਹੋਇਆਂ ਹਰ ਅੱਖ ਵਿੱਚ ਹੰਝੂ ਸਨ ਤੇ ਹਰ ਵਿਅਕਤੀ ਆਪਣੇ ਅੰਦਰ ਇਹ ਪ੍ਰਸ਼ਨ ਕਰ ਰਿਹਾ ਸੀ ਕਿ ਅਸੀਂ ਡੰਗਰਾਂ ਤੋਂ ਬੰਦੇ ਕਦੋਂ ਬਣਾਂਗੇ। ਜੋ ਹੈਵਾਨੀਅਤ ਤੇ ਦਰਿੰਦਗੀ ਇਹਨਾਂ ਮਾੜੇ ਪਲਾਂ ਦੇ ਵਿੱਚ ਬੰਦੇ ਦੁਆਰਾ ਬੰਦੇ ਉੱਤੇ ਕੀਤੀ ਗਈ ਹੈ, ਜੋ ਜਬਰ ਤੇ ਜ਼ੁਲਮ ਇੱਕ ਬੰਦੇ ਨੇ ਦੂਜੇ ਬੰਦੇ ਉੱਤੇ ਢਾਇਆ ਹੈ। ਨਾਟਕ ਵਿਚ ਭਾਰਤ ਦੀ ਪਛੜੀ ਹੋਈ ਸਮਾਜਿਕ, ਧਾਰਮਿਕ ਅਤੇ ਰਾਜਨੀਤਿਕ ਵਿਵਸਥਾ ਨੂੰ ਇਸ ਤਰੀਕੇ ਨਾਲ ਦਰਸ਼ਾਇਆ ਕਿ ਵੇਖਣ ਵਾਲਿਆਂ ਦੀਆਂ ਰੂਹਾਂ ਕੰਬ ਗਈਆਂ। ਇਕ ਸਵਾਲ ਹਮੇਸ਼ਾ ਮਨ ਵਿਚ ਰਹੇਗਾ ਕਿ ਇਹ ਕਿਹੜਾ ਸੰਘਰਸ਼ ਹੈ ਜੋ ਮੁੱਕਦਾ ਹੀ ਨਹੀਂ ਪਿਆ ? ਵੱਖ ਵੱਖ ਜਾਤਾਂ ਤੇ ਧਰਮਾਂ ਦੇ ਲੋਕ ਆਪਸ ਵਿੱਚ ਸੰਘਰਸ਼ ਕਰ ਰਹੇ ਨੇ। ਇਹ ਇਕੱਲੀ ਭਾਰਤ ਦੀ ਸਥਿਤੀ ਨਹੀਂ, ਸਗੋਂ ਦੁਨੀਆਂ ਦੇ ਵੱਖ-ਵੱਖ ਦੇਸ਼ ਵੀ ਇਸੇ ਸਥਿਤੀ ਵਿੱਚੋਂ ਗੁਜ਼ਰ ਰਹੇ ਹਨ। ਅਜਿਹੀ ਸਮਾਜਿਕ, ਰਾਜਸੀ ਅਤੇ ਧਾਰਮਿਕ ਸਥਿਤੀ ਕਰਕੇ ਅੱਜ ਅਸੀਂ ਉਹਨਾਂ ਵਿਕਸਿਤ ਦੇਸ਼ਾਂ ਨਾਲੋਂ ਕਿਤੇ ਪਿੱਛੇ ਰਹਿ ਚੁੱਕੇ ਹਾਂ। ਇਹ ਪ੍ਰਭਾਵਸ਼ਾਲੀ ਸਮਾਗਮ ਨਟਾਲੀ ਰੰਗਮੰਚ ਦੇ ਪ੍ਰਧਾਨ ਗੁਰਮੀਤ ਸਿੰਘ ਪਾਹੜਾ ਤੇ ਕਾਲਜ ਦੇ ਪ੍ਰਿੰਸੀਪਲ ਅਸ਼ਵਨੀ ਕੁਮਾਰ ਭੱਲਾ ਦੀ ਯੋਗ ਅਗਵਾਈ ਹੇਠ ਹੋਇਆ, ਇਸ ਵਿੱਚ ਮੁੱਖ ਮਹਿਮਾਨ ਪ੍ਰਿੰਸੀਪਲ ਅਵਤਾਰ ਸਿੰਘ ਸਿੱਧੂ (ਸੇਵਾਮੁਕਤ) ਅਤੇ ਵਿਸ਼ੇਸ਼ ਮਹਿਮਾਨ ਪ੍ਰੋ. ਸੁਖਵੰਤ ਸਿੰਘ ਗਿੱਲ (ਪ੍ਰਧਾਨ ਸਿਟੀਜ਼ਨ ਸੋਸ਼ਲ ਵੈਲਫੇਅਰ ਫੋਰਮ, ਬਟਾਲਾ) ਤੇ ਡਾ. ਕਿਰਤਪ੍ਰੀਤ ਕੌਰ ਕਾਹਲੋਂ (ਗੋਲਡ ਮੈਡਲਿਸਟ) ਜ਼ਿਲ੍ਹਾ ਸਮਾਜਿਕ ਸੁਰੱਖਿਆ ਅਫ਼ਸਰ ਗੁਰਦਾਸਪੁਰ ਹਾਜ਼ਰ ਹੋਏ। ਪ੍ਰੋ. ਸੰਦੀਪ ਕੌਰ ਤੇ ਗੁਰਮੀਤ ਸਿੰਘ ਬਾਜਵਾ ਸਟੇਟ ਅਵਾਰਡੀ ਨੇ ਸਟੇਜ ਦਾ ਸੰਚਾਲਨ ਬੜੇ ਸ਼ਾਨਦਾਰ ਤਰੀਕੇ ਨਾਲ ਕੀਤਾ। ਇਸ ਮੌਕੇ 'ਤੇ ਸਟੇਟ ਅਵਾਰਡੀ ਜੋਧ ਸਿੰਘ, ਰਜਿੰਦਰ ਸਿੰਘ ਦਿਓਲ, ਬੂਟਾ ਰਾਮ ਆਜਾਦ, ਮੰਗਤ ਚੰਚਲ, ਆਪ ਆਗੂ ਕਸ਼ਮੀਰ ਸਿੰਘ ਵਾਹਲਾ, ਅਮਰਜੀਤ ਸ਼ਾਸਤਰੀ, ਜੋਗਿੰਦਰ ਪਾਲ, ਅਮਰ ਕ੍ਰਾਂਤੀ, ਬਲਬੀਰ ਸਿੰਘ ਰੰਧਾਵਾ, ਹਰਭਜਨ ਸਿੰਘ ਮਾਂਗਟ, ਡਾ. ਅਵਤਾਰ ਸਿੰਘ ਰੰਧਾਵਾ ਕਨਕ ਵਿਗਿਆਨੀ, ਮਨਜੀਤ ਸਿੰਘ ਬਹਿਲ, ਵਿਜੇ ਅਗਨੀਹੋਤਰੀ, ਬਹਾਦਰ ਸਿੰਘ, ਅਮਰੀਕ ਸਿੰਘ ਸੰਧੂ ਤੋਂ ਇਲਾਵਾ ਕਾਲਜ ਦਾ ਸਮੁੱਚਾ ਅਮਲਾ ਤੇ ਵਿਦਿਆਰਥੀ ਹਾਜ਼ਰ ਸਨ।

# ਸਵ. ਕੁਲਦੀਪ ਸਿੰਘ ਨੂੰ ਵੱਖ-ਵੱਖ ਆਗੂਆਂ ਵੱਲੋਂ ਭਾਵਭਿੰਨੀ ਸ਼ਰਧਾਂਜਲੀ ਭੇਟ



**ਗੁਰਦਾਸਪੁਰ, (ਜਨਕ ਮਹਾਜਨ)**- ਟਰੈਫ਼ਿਕ ਇੰਚਾਰਜ ਗੁਰਦਾਸਪੁਰ ਸਤਨਾਮ ਸਿੰਘ ਦੇ ਪਿਤਾ ਸਵ. ਕੁਲਦੀਪ ਸਿੰਘ ਸਾਬਕਾ ਸਰਪੰਚ ਪਿੰਡ ਜੀਵਨ ਚੱਕ ਜੋ ਬੀਤੀ 4 ਨਵੰਬਰ ਨੂੰ ਆਪਣੀ ਸਵਾਸਾਂ ਦੀ ਪੂੰਜੀ ਪੂਰੀ ਕਰਦੇ ਹੋਏ ਗੁਰੂ ਚਰਨਾਂ ਵਿਚ ਜਾ ਬਿਰਾਜੇ ਸਨ, ਨਮਿਤ ਰੱਖੇ ਸ੍ਰੀ ਅਖੰਡ ਪਾਠ ਸਾਹਿਬ ਦੇ ਭੋਗ ਅਤੇ ਸ਼ਰਧਾਂਜਲੀ ਸਮਾਗਮ ਉਨ੍ਹਾਂ ਦੇ ਪਿੰਡ ਜੀਵਨ ਚੱਕ ਵਿਖੇ ਕਰਵਾਇਆ ਗਿਆ। ਇਸ ਮੌਕੇ ਭਾਈ ਦਵਿੰਦਰ ਸਿੰਘ ਰਾਗੀ ਜਥਾ ਅਤੇ ਕਥਾਵਾਚਕ ਭਾਈ ਜਸਵਿੰਦਰ ਸਿੰਘ ਗੁਰਦੁਆਰਾ ਮੰਜੀ ਸਾਹਿਬ ਅੰਮ੍ਰਿਤਸਰ ਨੇ ਸੰਗਤਾਂ ਨੂੰ ਕਥਾ ਕੀਰਤਨ ਨਾਲ ਨਿਹਾਲ ਕੀਤਾ। ਇਸ ਮੌਕੇ ਪਹੁੰਚੀਆਂ ਸ਼ਖ਼ਸੀਅਤਾਂ ਨੇ ਸਵ. ਕੁਲਦੀਪ ਸਿੰਘ ਨੂੰ ਸ਼ਰਧਾ ਦੇ ਫੁੱਲ ਭੇਟ ਕੀਤੇ। ਸ਼ਰਧਾਂਜਲੀ ਭੇਟ ਕਰਨ ਵਾਲਿਆਂ 'ਚ ਹਲਕਾ ਇੰਚਾਰਜ ਆਮ ਆਦਮੀ ਪਾਰਟੀ ਗੁਰਦਾਸਪੁਰ ਰਮਨ ਬਹਿਲ, ਕਾਂਗਰਸੀ ਆਗੂ ਅਸ਼ੋਕ ਚੌਧਰੀ, ਹਰਬੰਸ ਸਿੰਘ ਡਾਲਾ, ਅਜੇ ਵਰਮਾ, ਨੀਰਜ ਸਲਹੋਤਰਾ, ਗੁਰਮੀਤ ਸਿੰਘ ਪਾਹੜਾ ਸੀਨੀਅਰ ਕਾਂਗਰਸੀ ਆਗੂ, ਬਚਨ ਸਿੰਘ ਸਰਪੰਚ, ਪ੍ਰੀਤਮ ਸਿੰਘ, ਅਮਰਜੀਤ ਸਿੰਘ ਸੈਣੀ ਪੈਨਸ਼ਨਰ ਆਗੂ, ਰੌਬਿਨ, ਰਘਬੀਰ ਸਿੰਘ ਖ਼ਾਲਸਾ ਆਗੂ ਵਪਾਰ ਮੰਡਲ ਗੁਰਦਾਸਪੁਰ, ਹਿਤੇਸ਼ ਮਹਾਜਨ ਟਰੱਸਟੀ ਇਂਪਰੂਵਮੈਂਟ ਟਰੱਸਟ ਗੁਰਦਾਸਪੁਰ, ਅਸ਼ੋਕ ਕੁਮਾਰ ਸਰਪੰਚ ਸਾਧੂਚੱਕ ਤੋਂ ਇਲਾਵਾ ਵੱਡੀ ਗਿਣਤੀ ਵਿਚ ਇਲਾਕੇ ਦੇ ਪੰਚ, ਸਰਪੰਚ ਤੇ ਹੋਰ ਮੋਹਤਬਰ ਸੱਜਣ ਹਾਜ਼ਰ ਸਨ। ਇਸ ਮੌਕੇ ਗੁਰੂ ਕੇ ਲੰਗਰ ਅਤੁੱਟ ਵਰਤਾਏ ਗਏ।

# ਅੰਮ੍ਰਿਤਸਰ ਕਾਲਜ ਆਫ ਨਰਸਿੰਗ ਖੈਰਦੀ 'ਚ ਲੱਗੀਆਂ ਬਾਲ ਦਿਵਸ ਦੀਆਂ ਰੌਣਕਾਂ

## ਬੱਚਿਆਂ 'ਚ ਰਚਨਾਤਮਕਤਾ, ਆਤਮਵਿਸ਼ਵਾਸ ਅਤੇ ਮੁੱਲ-ਅਧਾਰਿਤ ਸਿੱਖਿਆ 'ਤੇ ਦਿੱਤਾ ਜ਼ੋਰ

**ਝਬਾਲ (ਹਰਜਿੰਦਰ ਸਿੰਘ ਸੋਨੀ)**- ਅੰਮ੍ਰਿਤਸਰ ਇੰਸਟੀਟਿਊਟ ਆਫ ਪੈਰਾਮੈਡੀਕਲ ਸਾਇੰਸਜ਼ ਅਤੇ ਅੰਮ੍ਰਿਤਸਰ ਕਾਲਜ ਆਫ ਨਰਸਿੰਗ ਖੈਰਦੀ ਵੱਲੋਂ ਬਾਲ ਦਿਵਸ ਬੜੇ ਉਤਸ਼ਾਹ ਅਤੇ ਰੌਣਕ ਨਾਲ ਮਨਾਇਆ ਗਿਆ।ਦੋਵਾਂ ਸੰਸਥਾਵਾਂ ਨੇ ਪੰਡਿਤ ਜਵਾਹਰ ਲਾਲ ਨਹਿਰੂ ਦੀ ਜਨਮ



ਜਯੰਤੀ ਨੂੰ ਸਮਰਪਿਤ ਕਰਦੇ ਹੋਏ ਬੱਚਿਆਂ ਦੀ ਪਾਲਣਾ ਅਤੇ ਭਵਿੱਖ ਨਿਰਮਾਣ ਵਿੱਚ ਉਨ੍ਹਾਂ ਦੀ ਮਹੱਤਤਾ ਨੂੰ ਉਜਾਗਰ ਕੀਤਾ।ਸਮਾਗਮ ਦਾ ਮਕਸਦ ਵਿਦਿਆਰਥੀਆਂ ਵਿੱਚ ਰਚਨਾਤਮਕਤਾ, ਆਤਮਵਿਸ਼ਵਾਸ ਅਤੇ ਮੁੱਲ-ਅਧਾਰਿਤ ਸਿੱਖਿਆ ਨੂੰ ਉਭਾਰਨਾ ਸੀ।ਇਸ ਮੌਕੇ ਮੈਨੇਜਿੰਗ ਡਾਇਰੈਕਟਰ ਡਾ. ਨਿਪੁੰਨ ਪਾਸੀ ਅੰਮ੍ਰਿਤਸਰ ਇੰਸਟੀਚਿਊਟਸ ਤਰਨਤਾਰਨ ਮੁੱਖ ਮਹਿਮਾਨ ਵਜੋਂ ਸ਼ਾਮਲ ਹੋਏ ਅਤੇ ਉਨ੍ਹਾਂ ਨੇ ਵਿਦਿਆਰਥੀਆਂ ਦੇ ਚੰਗੇ ਭਵਿੱਖ ਦੀ ਕਾਮਨਾ ਕੀਤੀ।ਉਸ ਤੋਂ ਤੁਰੰਤ ਬਾਅਦ ਪ੍ਰਿੰਸੀਪਲ ਡਾ. ਸੰਦੀਪ ਸਿੰਘ ਨੇ ਆਪਣਾ ਸੰਦੇਸ਼ ਸਾਂਝਾ ਕੀਤਾ, ਜਿਸ ਵਿੱਚ ਉਨ੍ਹਾਂ ਨੇ ਕਿਹਾ ਕਿ ਬਾਲ ਦਿਵਸ ਸਿੱਖਿਆਕਾਰਾਂ ਨੂੰ ਆਪਣੀ ਜ਼ਿੰਮੇਵਾਰੀ ਦੀ ਯਾਦ ਦਿਵਾਉਂਦਾ ਹੈ ਕਿ ਉਹ ਪਿਆਰ ਦ੍ਰਿਸ਼ਟੀ ਅਤੇ ਮੁੱਲਾਂ ਨਾਲ ਭਵਿੱਖ ਦੀ ਪੀੜ੍ਹੀ ਨੂੰ ਦਿਸ਼ਾ ਦੇਣ, ਉਨ੍ਹਾਂ ਨੇ ਵਿਦਿਆਰਥੀਆਂ ਦੀ ਰਫਤਾਰ ਨਾਲ ਭਾਗੀਦਾਰੀ ਅਤੇ ਫੈਕਲਟੀ ਦੀ ਮਹਾਨਤਾ ਦੀ ਵੀ ਪ੍ਰਸ਼ੰਸਾ ਕੀਤੀ।ਇਸ ਤੋਂ ਬਾਅਦ ਦਿਲੀਪ ਕੁਮਾਰ ਅੰਮ੍ਰਿਤਸਰ ਕਾਲਜ ਆਫ ਨਰਸਿੰਗ, ਜੋ ਗੈਸਟ ਆਫ ਆਨਰ ਵਜੋਂ ਹਾਜ਼ਰ ਸਨ, ਨੇ ਸੰਸਥਾਵਾਂ ਵੱਲੋਂ ਵਿਦਿਆਰਥੀਆਂ ਲਈ ਸਿੱਖਣ-ਅਨੁਕੂਲ ਵਾਤਾਵਰਣ ਪੈਦਾ ਕਰਨ ਦੇ ਯਤਨਾਂ ਦੀ ਪ੍ਰਸ਼ੰਸਾ ਕੀਤੀ।ਸਮਾਗਮ ਦੀ ਸ਼ੁਰੂਆਤ ਪੰਡਿਤ ਨਹਿਰੂ ਨੂੰ ਸ਼ਰਧਾਂਜਲੀ ਦੇ ਨਾਲ ਹੋਈ ਅਤੇ ਫਿਰ ਗੀਤ, ਨਾਚ ਅਤੇ ਥੀਮ-ਅਧਾਰਿਤ ਸਕਿੱਟਾਂ ਰਾਹੀਂ ਸੱਭਿਆਚਾਰਕ ਪੇਸ਼ਕਾਰੀਆਂ ਹੋਈਆਂ।ਅੱਜ ਦੇ ਬੱਚੇ ਭਲਕ ਦਾ ਭਾਰਤ ਵਿਸ਼ੇ ਉਤੇ ਪੋਸਟਰ ਬਣਾਉਣਾ, ਸਲੋਗਨ ਲਿਖਣਾ ਅਤੇ ਕਵਿਤਾ ਮੁਕਾਬਲਿਆਂ ਵਿੱਚ ਵਿਦਿਆਰਥੀਆਂ ਨੇ ਚੜ੍ਹ ਕੇ ਹਿੱਸਾ ਲਿਆ।ਨਰਸਿੰਗ ਫੈਕਲਟੀ ਨੇ ਬੱਚਿਆਂ ਦੀ ਸਿਹਤ, ਸਫਾਈ ਅਤੇ ਪੋਸ਼ਣ ਬਾਰੇ ਜਾਗਰੂਕਤਾ ਸੈਸ਼ਨ ਵੀ ਕਰਵਾਇਆ।ਖੇਡਾਂ ਅਤੇ ਰਚਨਾਤਮਕ ਸਰਗਰਮੀਆਂ ਨੇ ਕੈਂਪਸ ਨੂੰ ਖੁਸ਼ੀ ਅਤੇ ਉਤਸ਼ਾਹ ਨਾਲ ਭਰ ਦਿੱਤਾ। ਸਮਾਰੋਹ ਦਾ ਸਮਾਪਨ ਸਰਟੀਫਿਕੇਟ ਵੰਡਣ ਅਤੇ ਸਾਰੇ ਮਹਿਮਾਨਾਂ, ਸੇਵਾਦਾਰਾਂ ਅਤੇ ਪ੍ਰਬੰਧਕਾਂ ਦੇ ਧੰਨਵਾਦ ਨਾਲ ਹੋਇਆ।

# ਬੜੇ ਉਤਸ਼ਾਹ ਨਾਲ ਮਨਾਇਆ ਆਰ ਡੀ ਖੋਸਲਾ ਸਕੂਲ 'ਚ ਬੱਚਿਆਂ ਨੂੰ ਵੱਖ-ਵੱਖ ਸੁਨੇਹੇ ਵੰਡਦਾ ਬਾਲ ਦਿਵਸ

**ਬਟਾਲਾ (ਤਰਲੋਕ ਬੱਗਾ, ਡਾ. ਮਲਵਿੰਦਰ ਸਿੰਘ)**- ਆਰ. ਡੀ. ਖੋਸਲਾ ਡੀ. ਏ. ਵੀ. ਮਾਡਲ ਸੀਨੀਅਰ ਸੈਕੰਡਰੀ ਸਕੂਲ, ਬਟਾਲਾ ਨੇ ਸਵੇਰ ਦੀ ਸਭਾ ਦੌਰਾਨ ਬਾਲ ਦਿਵਸ ਬਹੁਤ ਉਤਸ਼ਾਹ ਨਾਲ ਮਨਾਇਆ।ਇਹ ਦਿਨ ਭਾਰਤ ਦੇ ਪਹਿਲੇ ਪ੍ਰਧਾਨ ਮੰਤਰੀ ਪੰਡਿਤ ਜਵਾਹਰ ਲਾਲ ਨਹਿਰੂ ਦੇ ਜਨਮ ਦਿਨ ਦੇ ਤੌਰ 'ਤੇ ਮਨਾਇਆ ਜਾਂਦਾ ਹੈ।ਪ੍ਰੋਗਰਾਮ ਦੀ ਸ਼ੁਰੂਆਤ ਸਵੇਰ ਦੀ ਸਭਾ ਨਾਲ ਹੋਈ ਜਿਸ ਦਾ ਸੰਚਾਲਨ ਅਧਿਆਪਕਾ ਆਰਤੀ ਨੇ ਕੀਤਾ। ਸਕੂਲ ਦੇ ਅਧਿਆਪਕਾਂ ਨੇ ਪ੍ਰਾਰਥਨਾ ਕੀਤੀ, ਚੌਥੀ ਜਮਾਤ ਦੇ ਵਿਦਿਆਰਥੀ ਨਵਰਾਜ ਸਿੰਘ ਅਤੇ ਏਂਜਲ ਨੇ ਬਾਲ ਦਿਵਸ ਤੇ ਭਾਸ਼ਣ ਦਿੱਤੇ ਅਤੇ ਤੀਜੀ ਜਮਾਤ ਦੇ ਵਿਦਿਆਰਥੀ ਗ੍ਰਿਤਿਕ ਨੇ ਵੀ ਇਸ ਮੌਕੇ 'ਤੇ ਆਪਣੇ ਵਿਚਾਰ ਪੇਸ਼ ਕੀਤੇ।ਅਧਿਆਪਕਾ ਸੋਨਿਕਾ ਨੇ ਬੱਚਿਆਂ ਨੂੰ ਆਪਣੇ ਸਮੇਂ ਦੀ ਸਮਝਦਾਰੀ ਨਾਲ ਵਰਤੋਂ ਕਰਨ ਅਤੇ ਅਨੁਸ਼ਾਸਨ ਬਣਾਈ ਰੱਖਣ ਲਈ ਉਤਸ਼ਾਹਿਤ ਕੀਤਾ।ਇਸ ਮੌਕੇ ਛੋਟੇ ਬੱਚਿਆਂ ਦੁਆਰਾ ਪ੍ਰਾਚੀਨ ਖੇਡਾਂ 'ਤੇ ਇੱਕ ਵਿਸ਼ੇਸ਼ ਪੇਸ਼ਕਾਰੀ



ਦਿੱਤੀ ਗਈ, ਜਿਸਦਾ ਸੰਚਾਲਨ ਅਧਿਆਪਕਾ ਸ਼੍ਰੀਮਤੀ ਅੰਜੂ ਮਹਿਤਾ ਨੇ ਕੀਤਾ।ਇਨ੍ਹਾਂ ਖੇਡਾਂ ਰਾਹੀਂ ਵਿਦਿਆਰਥੀਆਂ ਨੂੰ ਪ੍ਰਾਚੀਨ ਭਾਰਤੀ ਖੇਡਾਂ ਜਿਵੇਂ ਕਿ ਕੋਟਲਾ ਛਪਾਕੀ, ਪੋਸ਼ਣ ਪਾ, ਛਟਾਪੂ, ਰੱਸੀ ਟੱਪਣ ਅਤੇ ਛਾਲ ਮਾਰਨ ਨਾਲ ਜਾਣੂ ਕਰਵਾਇਆ ਗਿਆ।ਅਧਿਆਪਕਾ ਰੇਖਾ ਸ਼ਰਮਾ ਨੇ ਸਾਰੇ ਵਿਦਿਆਰਥੀਆਂ ਨੂੰ ਆਪਣੇ ਮੋਬਾਈਲ ਫੋਨ ਤੇ ਖੇਡਣਾ ਬੰਦ ਕਰਕੇ ਇਨ੍ਹਾਂ ਖੇਡਾਂ ਨੂੰ ਅਪਣਾਉਣ ਲਈ ਉਤਸ਼ਾਹਿਤ ਕੀਤਾ, ਜਿਸ ਨਾਲ ਉਨ੍ਹਾਂ ਦਾ ਸਰੀਰਕ ਅਤੇ ਮਾਨਸਿਕ ਵਿਕਾਸ ਹੋਵੇਗਾ।ਇਸ ਮੌਕੇ ਵਿਦਿਆਰਥੀਆਂ ਦਾ ਉਤਸ਼ਾਹ ਦੇਖਣਯੋਗ ਸੀ।ਸਕੂਲ ਦੇ ਤੀਜੀ ਅਤੇ ਚੌਥੀ ਜਮਾਤ ਦੇ ਅਧਿਆਪਕਾਂ ਅਤੇ ਸੰਗੀਤ ਅਧਿਆਪਕਾਂ ਨੇ ਬੱਚਿਆਂ ਲਈ ਵਿਸ਼ੇਸ਼ ਮਨੋਰੰਜਨ ਗਤੀਵਿਧੀਆਂ ਦਾ ਵੀ ਆਯੋਜਨ ਕੀਤਾ, ਜਿਸ ਵਿੱਚ ਅਧਿਆਪਕਾਂ ਦੁਆਰਾ ਇੱਕ ਸਮੂਹਿਕ ਗੀਤ ਪੇਸ਼ ਕੀਤਾ ਗਿਆ।ਸਕੂਲ ਪ੍ਰਿੰਸੀਪਲ ਡਾ. ਬਿੰਦੂ ਭੱਲਾ ਨੇ ਬਾਲ ਦਿਵਸ 'ਤੇ ਬੱਚਿਆਂ ਨੂੰ ਆਪਣੀਆਂ ਦਿਲੋਂ ਸ਼ੁਭਕਾਮਨਾਵਾਂ ਦਿੰਦੇ ਹੋਏ ਕਿਹਾ ਕਿ ਬੱਚੇ ਸਾਡੇ ਭਵਿੱਖ ਦੇ ਨਿਰਮਾਤਾ ਹਨ।ਬੱਚੇ ਦੇ ਕੋਮਲ ਦਿਲ 'ਤੇ ਛੱਡੀ ਗਈ ਛਾਪ ਜੀਵਨ ਭਰ ਲਈ ਅਭੁੱਲ ਹੁੰਦੀ ਹੈ।ਇਸ ਲਈ ਮਾਪਿਆਂ ਨੂੰ ਆਪਣੇ ਬੱਚਿਆਂ ਦੇ ਬਚਪਨ ਵੱਲ ਵਿਸ਼ੇਸ਼ ਧਿਆਨ ਦੇਣਾ ਚਾਹੀਦਾ ਹੈ।ਸਕੂਲ ਚੇਅਰਮੈਨ ਅਰਵਿੰਦ ਖੋਸਲਾ, ਪ੍ਰੈਜ਼ੀਡੈਂਟ ਅਜੇ ਖੋਸਲਾ ਅਤੇ ਪ੍ਰਿੰਸੀਪਲ ਡਾ. ਬਿੰਦੂ ਭੱਲਾ ਨੇ ਵਿਦਿਆਰਥੀਆਂ ਨੂੰ ਬਾਲ ਦਿਵਸ ਦੀਆਂ ਸ਼ੁਭਕਾਮਨਾਵਾਂ ਭੇਟ ਕੀਤੀਆਂ ਅਤੇ ਕਿਹਾ ਕਿ ਬੱਚਿਆਂ ਨੂੰ ਆਪਣੇ ਜੀਵਨ ਵਿੱਚ ਅੱਗੇ ਵਧਣ ਲਈ ਚੰਗਿਆਈ ਅਤੇ ਨੇਕੀ ਦਾ ਰਸਤਾ ਅਪਣਾਉਣਾ ਚਾਹੀਦਾ ਹੈ ਅਤੇ ਮਾਤਾ ਪਿਤਾ ਦੇ ਦੱਸੇ ਮਾਰਗ ਤੇ ਚਲਦੇ ਹੋਏ ਸਫਲਤਾ ਦੀਆਂ ਉਚਾਈਆਂ ਨੂੰ ਛੂਹਣਾ ਚਾਹੀਦਾ ਹੈ ।ਉਨ੍ਹਾਂ ਬੱਚਿਆਂ ਦੇ ਸਰਬਪੱਖੀ ਵਿਕਾਸ ਤੇ ਜ਼ੋਰ ਦਿੰਦੇ ਹੋਏ ਕਿਹਾ ਕਿ ਬੱਚੇ ਦੇਸ਼ ਦਾ ਭਵਿੱਖ ਹਨ ਉਨ੍ਹਾਂ ਨੂੰ ਪਿਆਰ, ਸੁਰੱਖਿਆ ਅਤੇ ਚੰਗੇ ਮੌਕੇ ਪ੍ਰਦਾਨ ਕਰਨਾ ਸਾਡੀ ਸਮੂਹਿਕ ਜ਼ਿੰਮੇਵਾਰੀ ਹੈ।

# ਅਣਪਛਾਤੇ ਵਾਹਨ ਦੀ ਟੱਕਰ ਵੱਜਣ ਨਾਲ ਵਿਅਕਤੀ ਦੀ ਮੌਤ, ਮਾਮਲਾ ਦਰਜ

**ਗੁਰਦਾਸਪੁਰ, (ਜਨਕ ਮਹਾਜਨ)**- ਥਾਣਾ ਸਿਟੀ ਗੁਰਦਾਸਪੁਰ ਪੁਲਿਸ ਨੇ ਮੋਟਰਸਾਈਕਲ ਨੂੰ ਟੱਕਰ ਮਾਰਨ ਵਾਲੇ ਨਾ-ਮਾਲੂਮ ਵਿਅਕਤੀ ਖ਼ਿਲਾਫ਼ ਮਾਮਲਾ ਦਰਜ ਕੀਤਾ ਹੈ। ਪੁਲਸ ਨੂੰ ਦਿੱਤੇ ਬਿਆਨਾਂ ਵਿਚ ਗੁਰਪ੍ਰੀਤ ਸਿੰਘ ਪੁੱਤਰ ਜਸਬੀਰ ਸਿੰਘ ਵਾਸੀ ਪਨਿਆੜ ਹਾਲ ਸੇਰਪੁਰ ਜ਼ਿਲ੍ਹਾ ਗੁਰਦਾਸਪੁਰ ਨੇ ਦੱਸਿਆ ਕਿ ਉਸ ਦਾ ਪਿਤਾ ਪੰਜਾਬ ਪੁਲਿਸ ਵਿੱਚ ਤਾਮੀਲੀ ਸਟਾਫ ਪਠਾਨਕੋਟ ਵਿਖੇ ਨੌਕਰੀ ਕਰਦਾ ਸੀ ਜੋ ਮਿਤੀ 29 ਜੂਨ ਨੂੰ ਆਪਣੀ ਡਿਊਟੀ ਤੋਂ ਆਪਣੇ ਮੋਟਰਸਾਇਕਲ 'ਤੇ ਸਵਾਰ ਹੋ ਕੇ ਆਪਣੇ ਘਰ ਨੂੰ ਆ ਰਿਹਾ ਸੀ ਕਿ ਜਦ ਉਹ ਜੇਲ੍ਹ ਰੋਡ ਨੇੜੇ ਚਰਚ ਪੁੱਜਾ ਤਾਂ ਕਿਸੇ ਨਾ-ਮਾਲੂਮ ਵਿਅਕਤੀ ਦੇ ਡਰਾਈਵਰ ਨੇ ਉਸ ਦੇ ਮੋਟਰਸਾਈਕਲ ਨੂੰ ਟੱਕਰ ਮਾਰ ਦਿੱਤੀ ਜਿਸ ਨਾਲ ਉਹ ਗੰਭੀਰ ਜਖਮੀ ਹੋ ਗਿਆ। ਇਲਾਜ ਲਈ ਗੁਰਪ੍ਰੀਤ ਸਿੰਘ ਅਬਰੋਲ ਹਸਪਤਾਲ ਗੁਰਦਾਸਪੁਰ ਵਿਖੇ ਦਾਖਲ ਰਿਹਾ ਜੋ ਬਾਅਦ ਵਿਚ ਕੋਮਾ ਵਿੱਚ ਚਲਾ ਗਿਆ ਸੀ। ਗੁਰਪ੍ਰੀਤ ਸਿੰਘ ਦੀ 12 ਨਵੰਬਰ ਨੂੰ ਮੌਤ ਹੋ ਗਈ ਹੈ। ਥਾਣਾ ਸਿਟੀ ਗੁਰਦਾਸਪੁਰ ਪੁਲਸ ਨੇ ਗੁਰਪ੍ਰੀਤ ਸਿੰਘ ਖ਼ਿਲਾਫ਼ ਮਾਮਲਾ ਦਰਜ ਕਰਕੇ ਅਗਲੇਰੀ ਕਾਰਵਾਈ ਅਰੰਭ ਕਰ ਦਿੱਤੀ ਹੈ।

# ਵਿਰਾਸਤੀ ਮੰਚ ਬਟਾਲਾ ਵੱਲੋਂ ਸ਼ੇਰ-ਏ-ਪੰਜਾਬ ਮਹਾਰਾਜਾ ਰਣਜੀਤ ਸਿੰਘ ਦੇ ਜਨਮ ਦਿਹਾੜੇ ਨੂੰ ਸਮਰਪਿਤ ਵਿਸ਼ੇਸ਼ ਸਮਾਗਮ ਆਯੋਜਿਤ

**ਬਟਾਲਾ (ਤਰਲੋਕ ਬੱਗਾ)**- ਵਿਰਾਸਤੀ ਮੰਚ ਬਟਾਲਾ ਵੱਲੋਂ ਸ਼ੇਰ-ਏ-ਪੰਜਾਬ ਮਹਾਰਾਜਾ ਰਣਜੀਤ ਸਿੰਘ ਦੇ 245ਵੇਂ ਜਨਮ ਦਿਹਾੜੇ ਨੂੰ ਸਮਰਪਿਤ ਵਿਸ਼ੇਸ਼ ਧਾਰਮਿਕ ਸਮਾਗਮ ਬੀਤੀ ਸ਼ਾਮ ਗੁਰਦੁਆਰਾ ਸ੍ਰੀ ਅਰਬਨ ਅਸਟੇਟ ਬਟਾਲਾ ਵਿਖੇ ਕਰਵਾਇਆ ਗਿਆ। ਇਸ ਸਮਾਗਮ ਵਿੱਚ ਸ੍ਰੀ ਅਕਾਲ ਤਖ਼ਤ ਸਾਹਿਬ ਦੇ ਜਥੇਦਾਰ ਸਿੰਘ ਸਾਹਿਬ ਗਿਆਨੀ ਕੁਲਦੀਪ ਸਿੰਘ ਗੜਗੱਜ ਵਿਸ਼ੇਸ਼ ਤੌਰ 'ਤੇ ਪਹੁੰਚੇ।ਸਮਾਗਮ ਦੌਰਾਨ ਸਭ ਤੋਂ ਪਹਿਲਾਂ ਭਾਈ ਗਗਨਦੀਪ ਸਿੰਘ ਦੇ ਰਾਗੀ ਜਥੇ ਵੱਲੋਂ ਇਲਾਹੀ ਬਾਣੀ ਦਾ ਗਾਇਨ ਕੀਤਾ ਗਿਆ ਅਤੇ ਉਪਰੰਤ ਸ੍ਰੀ ਅਕਾਲ ਤਖਤ ਸਾਹਿਬ ਦੇ ਢਾਡੀ ਜਥੇ ਭਾਈ ਸੁਖਰਾਜ ਸਿੰਘ ਰਾਜਾ ਦੇ ਢਾਡੀ ਜਥੇ ਵੱਲੋਂ ਮਹਾਰਾਜਾ ਰਣਜੀਤ ਸਿੰਘ ਦੇ ਜੀਵਨ ਅਤੇ ਪ੍ਰਾਪਤੀਆਂ ਬਾਰੇ ਪ੍ਰਸੰਗ ਪੇਸ਼ ਕੀਤੇ ਗਏ।ਇਸ ਮੌਕੇ ਵੱਡੀ ਗਿਣਤੀ ਵਿੱਚ ਹਾਜ਼ਰ ਸੰਗਤਾਂ ਨੂੰ ਸ਼ੇਰ-ਏ-ਪੰਜਾਬ ਮਹਾਰਾਜਾ ਰਣਜੀਤ ਸਿੰਘ ਦੇ ਜਨਮ ਦਿਹਾੜੇ ਦੀ ਵਧਾਈ ਦਿੰਦਿਆਂ ਸ੍ਰੀ ਅਕਾਲ ਤਖ਼ਤ ਸਾਹਿਬ ਦੇ ਜਥੇਦਾਰ ਸਿੰਘ ਸਾਹਿਬ ਗਿਆਨੀ ਕੁਲਦੀਪ ਸਿੰਘ ਗੜਗੱਜ ਨੇ ਕਿਹਾ ਕਿ ਦੇਸ਼ ਦੇ ਇਤਿਹਾਸ ਵਿੱਚ ਸ਼ੇਰ-ਏ-ਪੰਜਾਬ ਮਹਾਰਾਜਾ ਰਣਜੀਤ ਸਿੰਘ ਦੀ ਬਹੁਤ ਵੱਡੀ ਦੇਣ ਹੈ ਅਤੇ ਮਹਾਰਾਜਾ ਰਣਜੀਤ ਸਿੰਘ ਨੇ ਆਪਣੀ ਬਹਾਦਰੀ ਨਾਲ ਆਪਣੇ ਰਾਜ ਵਿੱਚ ਦਰ੍ਹਾ ਖ਼ੈਬਰ ਨੂੰ ਅਜਿਹਾ ਬੰਦ ਕੀਤਾ, ਜੋ ਅੱਜ ਵੀ ਬੰਦ ਹੈ।ਉਨ੍ਹਾਂ ਕਿਹਾ ਕਿ ਮਹਾਰਾਜਾ ਰਣਜੀਤ ਸਿੰਘ



ਪੰਜਾਬੀਆਂ ਦੇ ਸਾਂਝੇ ਮਹਾਰਾਜੇ ਸਨ ਅਤੇ ਉਨ੍ਹਾਂ ਨੇ ਸਾਰੇ ਧਰਮਾਂ ਨੂੰ ਇੱਕ ਅੱਖ ਨਾਲ ਦੇਖਿਆ। ਉਨ੍ਹਾਂ ਕਿਹਾ ਕਿ ਮਹਾਰਾਜਾ ਰਣਜੀਤ ਸਿੰਘ ਦੇ ਹਲੀਮੀ ਰਾਜ ਦੀ ਕੋਈ ਹੋਰ ਮਿਸਾਲ ਨਹੀਂ ਮਿਲਦੀ ਅਤੇ ਇਹੀ ਕਾਰਨ ਹੈ ਕਿ ਅੱਜ ਵੀ ਦੁਨੀਆ ਭਰ ਵਿੱਚ ਸਭ ਤੋਂ ਵਧੀਆ ਸ਼ਾਸਕ ਮਹਾਰਾਜਾ ਰਣਜੀਤ ਸਿੰਘ ਨੂੰ ਮੰਨਿਆ ਜਾਂਦਾ ਹੈ।ਉਨ੍ਹਾਂ ਕਿਹਾ ਕਿ ਮਹਾਰਾਜਾ ਰਣਜੀਤ ਸਿੰਘ ਨੂੰ ਪੰਜਾਬ ਦੇ ਲੋਕ ਅੱਜ ਤੱਕ ਵੀ ਬਹੁਤ ਪਿਆਰ ਕਰਦੇ ਹਨ ਅਤੇ ਉਹ ਹਮੇਸ਼ਾਂ ਪੰਜਾਬੀਆਂ ਦੇ ਦਿਲਾਂ ਉਪਰ ਰਾਜ ਕਰਦੇ ਰਹਿਣਗੇ।ਇਸ ਮੌਕੇ ਜਥੇਦਾਰ ਸ੍ਰੀ ਅਕਾਲ ਤਖ਼ਤ ਸਾਹਿਬ ਨੇ ਸਮੂਹ ਸੰਗਤ ਨੂੰ ਕਿਹਾ ਕਿ ਉਹ ਆਪਣੇ ਘਰਾਂ ਵਿੱਚ ਮਹਾਰਾਜਾ ਰਣਜੀਤ ਸਿੰਘ ਸਮੇਤ ਹੋਰ ਸਿੱਖ ਯੋਧਿਆਂ ਦੀਆਂ ਤਸਵੀਰਾਂ ਲਗਾਉਣ ਤਾਂ ਜੋ ਸਾਡੀ ਨੌਜਵਾਨ ਪੀੜ੍ਹੀ ਇਨ੍ਹਾਂ ਤੋਂ ਪ੍ਰੇਰਨਾ ਲੈ ਸਕੇ।ਵਿਰਾਸਤੀ ਮੰਚ ਬਟਾਲਾ ਵੱਲੋਂ ਵਿਰਾਸਤਾਂ ਨੂੰ ਸੰਭਾਲਣ ਲਈ ਕੀਤੇ ਜਾ ਰਹੇ ਉਪਰਾਲਿਆਂ ਦੀ ਸ਼ਲਾਘਾ ਕਰਦਿਆਂ ਜਥੇਦਾਰ ਕੁਲਦੀਪ ਸਿੰਘ ਗੜਗੱਜ ਨੇ ਕਿਹਾ ਕਿ ਆਪਣੀਆਂ ਵਿਰਾਸਤਾਂ ਦੀ ਸੇਵਾ-ਸੰਭਾਲ ਲਈ ਹਰ ਸਿੱਖ ਨੂੰ ਅੱਗੇ ਆਉਣਾ ਚਾਹੀਦਾ ਹੈ। ਉਨ੍ਹਾਂ ਕਿਹਾ ਕਿ ਸਿੱਖਾਂ ਨੂੰ ਆਪਣੀਆਂ ਵਿਰਾਸਤਾਂ ਪ੍ਰਤੀ ਹੋਰ ਵੀ ਸੁਚੇਤ ਹੋਣ ਦੀ ਲੋੜ ਹੈ। ਉਨ੍ਹਾਂ ਕਿਹਾ ਕਿ ਬਟਾਲਾ ਅਤੇ ਇਸ ਦੇ ਆਸ-ਪਾਸ ਦੇ ਇਲਾਕੇ ਵਿੱਚ ਖੰਡਰ ਹੋ ਰਹੀਆਂ ਵਿਰਾਸਤਾਂ ਦੀ ਸੰਭਾਲ ਲਈ ਯਤਨ ਤੇਜ਼ ਕੀਤੇ ਜਾਣਗੇ।ਇਸ ਮੌਕੇ ਵਿਰਾਸਤੀ ਮੰਚ ਬਟਾਲਾ ਵੱਲੋਂ ਸਿੰਘ ਸਾਹਿਬ ਗਿਆਨੀ ਕੁਲਦੀਪ ਸਿੰਘ ਗੜਗੱਜ ਦਾ ਵਿਸ਼ੇਸ਼ ਤੌਰ ਤੇ ਸਨਮਾਨ ਵੀ ਕੀਤਾ ਗਿਆ। ਇਸ ਤੋਂ ਪਹਿਲਾਂ ਡੀ. ਪੀ. ਆਰ. ਓ. ਇੰਦਰਜੀਤ ਸਿੰਘ ਬਾਜਵਾ ਵੱਲੋਂ ਸ਼ੇਰ-ਏ-ਪੰਜਾਬ ਮਹਾਰਾਜਾ ਰਣਜੀਤ ਸਿੰਘ ਦੇ ਜੀਵਨ ਬਾਰੇ ਰੌਸ਼ਨੀ ਪਾਈ ਗਈ।ਇਸ ਮੌਕੇ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਮੈਂਬਰ ਜਥੇਦਾਰ ਗੁਰਨਾਮ ਸਿੰਘ ਜੱਸਲ, ਵਿਰਾਸਤੀ ਮੰਚ ਬਟਾਲਾ ਦੇ ਪ੍ਰਧਾਨ ਬਲਦੇਵ ਸਿੰਘ ਰੰਧਾਵਾ, ਚੇਅਰਮੈਨ ਐਡਵੋਕੇਟ ਐੱਚ ਐੱਸ ਮਾਂਗਟ, ਗੁਰਦੁਆਰਾ ਅਰਬਨ ਅਸਟੇਟ ਕਮੇਟੀ ਦੇ ਪ੍ਰਧਾਨ ਮਨਬੀਰ ਸਿੰਘ ਰੰਧਾਵਾ, ਸ਼ਮਸ਼ੇਰ ਸਿੰਘ ਮੱਲ੍ਹੀ, ਠੇਕੇਦਾਰ ਕੁਲਵਿੰਦਰ ਸਿੰਘ ਲਾਡੀ ਜੱਸਲ, ਸੁਖਦੇਵ ਸਿੰਘ ਫੈਜਪੁਰ, ਪ੍ਰਿੰਸਪਾਲ ਸਿੰਘ ਚੱਠਾ, ਸ਼ੇਰੇ ਪੰਜਾਬ ਸਿੰਘ ਕਾਹਲੋਂ, ਗਿਆਨੀ ਹਰਬੰਸ ਸਿੰਘ, ਹਰਬਖ਼ਸ਼ ਸਿੰਘ, ਹਰਪ੍ਰੀਤ ਸਿੰਘ, ਵਿੱਕੀ ਭਾਟੀਆ, ਗੁਰਦਰਸ਼ਨ ਸਿੰਘ, ਹਰਜੀਤ ਸਿੰਘ, ਪੰਜਾਬ ਮੰਡੀ ਬੋਰਡ ਦੇ ਐਸਸੀ ਬਲਦੇਵ ਸਿੰਘ ਬਾਜਵਾ, ਮਾਸਟਰ ਜੋਗਿੰਦਰ ਸਿੰਘ ਅਚਲੀ ਗੇਟ, ਪਲਵਿੰਦਰ ਸਿੰਘ ਲੰਬੜਦਾਰ, ਕੌਂਸਲਰ ਜਰਮਨਜੀਤ ਸਿੰਘ, ਡਾ. ਲਖਬੀਰ ਸਿੰਘ ਭਾਗੋਵਾਲੀਆ ਸਮੇਤ ਵੱਡੀ ਗਿਣਤੀ ਵਿੱਚ ਸੰਗਤ ਹਾਜ਼ਰ ਸੀ।ਇਸ ਮੌਕੇ ਗੁਰੂ ਕਾ ਲੰਗਰ ਵੀ ਅਤੁੱਟ ਵਰਤਾਇਆ ਗਿਆ।

# ਸ਼ਹੀਦੀ ਸ਼ਤਾਬਦੀ ਨੂੰ ਸਮਰਪਿਤ ਹਰਚੋਵਾਲ ਤੋਂ ਅਨੰਦਪੁਰ ਸਾਹਿਬ ਤੱਕ ਅਲੌਕਿਕ ਨਗਰ ਕੀਰਤਨ ਸਜਾਇਆ

**ਧਾਰੀਵਾਲ/ਹਰਚੋਵਾਲ (ਮਨਦੀਪ ਸਿੰਘ ਵਿੱਕੀ)**- ਧੰਨ ਧੰਨ ਸ੍ਰੀ ਗੁਰ ਤੇਗ ਬਹਾਦਰ ਜੀ ਦੇ 350ਵੇਂ ਸਾਲਾਨਾ ਸ਼ਹੀਦੀ ਸ਼ਤਾਬਦੀ ਅਤੇ ਭਾਈ ਦਿਆਲਾ ਜੀ, ਭਾਈ ਮਤੀ ਦਾਸ ਜੀ



ਅਤੇ ਭਾਈ ਸਤੀ ਦਾਸ ਜੀ ਦੀ ਸ਼ਹੀਦੀ ਸ਼ਤਾਬਦੀ ਨੂੰ ਸਮਰਪਿਤ ਗੁਰਦੁਆਰਾ ਰਾਜਾ ਰਾਮ ਹਰਚੋਵਾਲ ਤੋਂ ਅਨੰਦਪੁਰ ਤੱਕ ਨਗਰ ਕੀਰਤਨ ਸਜਾਇਆ ਗਿਆ।ਇਹ ਨਗਰ ਕੀਰਤਨ ਸਵੇਰੇ ਪੰਜ ਪਿਆਰਿਆਂ ਸਮੇਤ ਅਰਦਾਸ ਕਰਨ ਉਪਰੰਤ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਅਗਵਾਈ ਹੇਠ ਫੁੱਲਾਂ ਨਾਲ ਸਜਾਈ ਪਾਲਕੀ ਸਾਹਿਬ, ਵਿੱਚ ਰਵਾਨਾ ਹੋਇਆ।ਇਸ ਮੌਕੇ ਹਜ਼ਾਰਾਂ ਦੀ ਤਾਦਾਦ ਵਿੱਚ ਸੰਗਤਾਂ ਦੇ ਲੰਮੇ ਕਾਫ਼ਲੇ ਨੂੰ ਰਵਾਨਾ ਕੀਤਾ ਗਿਆ।ਇਸ ਮੌਕੇ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਐਗਜ਼ੀਕਿਊਟਿਵ ਮੈਂਬਰ ਸੁਰਜੀਤ ਸਿੰਘ ਤੁਗਲਵਾਲਾ, ਬਾਬਾ ਬਲਵਿੰਦਰ ਸਿੰਘ, ਹਲਕਾ ਵਿਧਾਇਕ ਐਡਵੋਕੇਟ ਅਮਰਪਾਲ ਸਿੰਘ ਸ੍ਰੀ ਹਰਿਗੋਬਿੰਦਪੁਰ ਸਾਹਿਬ, ਡਾ ਕਮਲਜੀਤ ਸਿੰਘ ਕੇਜੇ ਸਾਬਕਾ ਅਬਜਰਵਰ ਅਤੇ ਸੀਨੀਅਰ ਆਗੂ ਆਮ ਆਦਮੀ ਪਾਰਟੀ ਸ੍ਰੀ ਹਰਗੋਬਿੰਦਪੁਰ ਸਾਹਿਬ, ਸ਼੍ਰੋਮਣੀ ਅਕਾਲੀ ਦਲ ਦੇ ਹਲਕਾ ਇੰਚਾਰਜ ਰਾਜਨਬੀਰ ਸਿੰਘ ਘੁਮਾਣ ਸਮੇਤ ਰਾਜਨੀਤਿਕ ਪਾਰਟੀਆਂ ਦੇ ਆਗੂਆਂ ਨੇ ਪੰਜ ਪਿਆਰਿਆਂ ਨੂੰ ਸਿਰੋਪਾ ਦੇ ਕੇ ਸਨਮਾਨਿਤ ਕੀਤਾ।ਇਸ ਮੌਕੇ ਹੋਰਨਾਂ ਤੋਂ ਇਲਾਵਾ ਸਰਪੰਚ ਧਰਮਿੰਦਰ ਸਿੰਘ, ਕੁਲਵੰਤ ਸਿੰਘ ਕੰਤੂ, ਦਿਲਬਾਗ ਸਿੰਘ ਬਸਰਾਏ, ਜਰਮਨ ਸਿੰਘ, ਗੁਰਮੁੱਖ ਸਿੰਘ, ਤਰਲੋਕ ਸਿੰਘ ਬਾਠ, ਸੁਖਬੀਰ ਸਿੰਘ ਹਰਚੋਵਾਲ, ਜਥੇਦਾਰ ਬਚਨ, ਸੁੱਚਾ ਸਿੰਘ, ਆਲ ਇੰਡੀਆ ਸਿੱਖ ਸਟੂਡੈਂਟਸ ਫੈਡਰੇਸ਼ਨ ਦੇ ਜਨਰਲ ਸਕੱਤਰ ਤੇ ਸਮਾਜ ਸੇਵੀ ਆਗੂ ਭਾਈ ਗਗਨਦੀਪ ਸਿੰਘ ਰਿਆੜ, ਲੱਖਾਂ ਸਿੰਘ, ਸਰਵਨ ਸਿੰਘ, ਦਿਲਬਾਗ ਸਿੰਘ ਬੱਗੋ, ਤਰਲੋਕ ਸਿੰਘ ਆਦਿ ਸੇਵਾਦਾਰ ਹਾਜ਼ਰ ਸਨ।ਇਸ ਮੌਕੇ ਹਰਚੋਵਾਲ ਦੇ ਸਮੂਹ ਸੇਵਾਦਾਰ ਨੌਜਵਾਨ ਸਭਾ ਵੱਲੋਂ ਵਿਸ਼ੇਸ਼ ਤੌਰ 'ਤੇ ਸੇਵਾ ਕੀਤੀ ਗਈ। ਜਗਾਂ ਜਗ੍ਹਾ ਤੇ ਨਗਰ ਕੀਰਤਨ ਦਾ ਸਵਾਗਤ ਕੀਤਾ ਗਿਆ।ਇਸ ਮੌਕੇ ਅਤੁੱਟ ਲੰਗਰ ਵਰਤਾਇਆ ਗਿਆ।

15-Nov-PAGE-4.qxd 11/14/2025 10:52 PM Page 1

ਨਵਾਂ ਜ਼ਮਾਨਾ
ਸ਼ਨੀਵਾਰ, 15 ਨਵੰਬਰ 2025

# ਵਿਦਿਆਰਥੀ ਖ਼ੁਦਕੁਸ਼ੀਆਂ

*ਕੈਂਪਸਾਂ 'ਚ ਵਿਦਿਆਰਥੀਆਂ ਵੱਲੋਂ ਖ਼ੁਦਕੁਸ਼ੀ ਦੇ ਵਧ ਰਹੇ ਮਾਮਲਿਆਂ ਨੂੰ ਠੱਲ੍ਹ ਪਾਉਣ ਲਈ ਸੁਪਰੀਮ ਕੋਰਟ ਵੱਲੋਂ ਕਾਇਮ ਕੀਤੀ ਗਈ ਨੈਸ਼ਨਲ ਟਾਸਕ ਫੋਰਸ ਵੱਲੋਂ ਕੀਤੇ ਜਾ ਰਹੇ ਸਰਵੇਖਣ ਦਾ ਬਹੁਤੇ ਉੱਚ ਵਿੱਦਿਅਕ ਅਦਾਰਿਆਂ ਵੱਲੋਂ ਹੁੰਗਾਰਾ ਨਹੀਂ ਭਰਿਆ ਗਿਆ। ਦੇਸ਼ ਦੀਆਂ ਕਰੀਬ 58 ਹਜ਼ਾਰ ਯੂਨੀਵਰਸਿਟੀਆਂ ਤੇ ਕਾਲਜਾਂ ਵਿੱਚੋਂ 57 ਹਜ਼ਾਰ ਨੇ ਅਜੇ ਤੱਕ ਨਹੀਂ ਦੱਸਿਆ ਕਿ ਖ਼ੁਦਕੁਸ਼ੀਆਂ ਨੂੰ ਰੋਕਣ ਲਈ ਉਹ ਕੀ ਇਹਤਿਆਤੀ ਕਦਮ ਚੁੱਕ ਰਹੇ ਹਨ ਤੇ ਵਿਦਿਆਰਥੀਆਂ ਦੀ ਕਿਵੇਂ ਮਦਦ ਕਰ ਰਹੇ ਹਨ। ਏਨੇ ਗੰਭੀਰ ਮਸਲੇ 'ਤੇ ਉੱਚ ਵਿੱਦਿਅਕ ਅਦਾਰਿਆਂ ਦੀ ਬੇਪਰਵਾਹੀ ਪ੍ਰਤੀ ਸੁਪਰੀਮ ਕੋਰਟ ਨੇ ਨਾਰਾਜ਼ਗੀ ਜ਼ਾਹਰ ਕਰਦਿਆਂ ਕਿਹਾ ਹੈ ਕਿ ਜੇ ਉਨ੍ਹਾਂ ਸਰਵੇਖਣ ਵਿੱਚ ਸਾਥ ਨਾ ਦਿੱਤਾ ਤਾਂ ਉਹ ਉਨ੍ਹਾਂ ਖਿਲਾਫ ਅਜਿਹੇ ਹੁਕਮ ਜਾਰੀ ਕਰ ਸਕਦੀ ਹੈ, ਜਿਹੜੇ ਉਨ੍ਹਾਂ ਨੂੰ ਪਸੰਦ ਨਾ ਆਉਣ ਤੇ ਉਨ੍ਹਾਂ ਦੀ ਬਦਨਾਮੀ ਦਾ ਕਾਰਨ ਵੀ ਬਣ ਜਾਣ। ਸੁਪਰੀਮ ਕੋਰਟ ਦੇ ਹੁਕਮ 'ਤੇ ਯੂਨੀਵਰਸਿਟੀ ਗਰਾਂਟਸ ਕਮਿਸ਼ਨ (ਯੂ ਜੀ ਸੀ) ਨੇ ਉੱਚ ਵਿੱਦਿਅਕ ਅਦਾਰਿਆਂ ਨੂੰ ਫਿਰ ਲਿਖਿਆ ਹੈ ਕਿ ਉਹ ਟਾਸਕ ਫੋਰਸ ਨਾਲ ਸਹਿਯੋਗ ਕਰਨ। ਸੁਪਰੀਮ ਕੋਰਟ ਦੇ ਸਾਬਕਾ ਜੱਜ ਰਵਿੰਦਰ ਭੱਟ ਦੀ ਅਗਵਾਈ ਵਾਲੀ ਟਾਸਕ ਫੋਰਸ ਨੂੰ ਵਿਦਿਆਰਥੀ ਖ਼ੁਦਕੁਸ਼ੀਆਂ ਰੋਕਣ ਲਈ ਨੀਤੀ ਘੜਨ ਦਾ ਕੰਮ ਸੌਂਪਿਆ ਗਿਆ ਹੈ। ਟਾਸਕ ਫੋਰਸ ਵਿੱਦਿਅਕ ਅਦਾਰਿਆਂ ਵਿੱਚ ਵਿਦਿਆਰਥੀਆਂ ਤੇ ਅਧਿਆਪਕਾਂ ਵਿਚਾਲੇ ਰਿਸ਼ਤਿਆਂ, ਰੈਗਿੰਗ, ਦਬਾਅ ਦੇ ਕਾਰਨਾਂ, ਵਿਤਕਰੇਬਾਜ਼ੀ ਤੇ ਵਿਦਿਆਰਥੀਆਂ ਦੀਆਂ ਮੁਸ਼ਕਲਾਂ ਹੱਲ ਕਰਨ ਬਾਰੇ ਕੰਮ ਕਰ ਰਹੀ ਹੈ।*

*ਕੌਮੀ ਅਪਰਾਧ ਰਿਕਾਰਡ ਬਿਊਰੋ ਦੀ 2022 ਦੀ ਰਿਪੋਰਟ ਮੁਤਾਬਕ 13044 ਵਿਦਿਆਰਥੀਆਂ ਨੇ ਖ਼ੁਦਕੁਸ਼ੀਆਂ ਕੀਤੀਆਂ, ਜਿਹੜੀਆਂ ਕੁਲ ਖ਼ੁਦਕੁਸ਼ੀਆਂ ਦਾ 7.6 ਫੀਸਦੀ ਬਣਦੀਆਂ ਹਨ। ਇਹ ਖ਼ੁਦਕੁਸ਼ੀਆਂ ਇਸ ਗੱਲੋਂ ਹੋਰ ਵੀ ਦੁਖਦਾਈ ਹੋ ਜਾਂਦੀਆਂ ਹਨ, ਕਿਉਂਕਿ ਘਰਦਿਆਂ ਨੇ ਬੱਚਿਆਂ ਦਾ ਭਵਿੱਖ ਸੁਆਰਨ ਲਈ ਬਹੁਤ ਪੈਸੇ ਖਰਚੇ ਹੁੰਦੇ ਹਨ। ਇਨ੍ਹਾਂ ਹਾਲਤਾਂ ਵਿੱਚ ਉੱਚ ਵਿਦਿਅਕ ਅਦਾਰਿਆਂ ਵੱਲੋਂ ਦਿਖਾਈ ਜਾ ਰਹੀ ਬੇਰੁਖੀ ਚਿੰਤਾਜਨਕ ਹੈ। ਉੱਚ ਵਿੱਦਿਅਕ ਅਦਾਰਿਆਂ ਵੱਲੋਂ ਫੀਸਾਂ ਵੀ ਕਾਫੀ ਵਸੂਲੀਆਂ ਜਾਂਦੀਆਂ ਹਨ। ਇਸ ਲਈ ਉਨ੍ਹਾਂ ਦੀ ਜ਼ਿੰਮੇਵਾਰੀ ਬਣਦੀ ਹੈ ਕਿ ਉਹ ਵਿਦਿਆਰਥੀ ਖ਼ੁਦਕੁਸ਼ੀਆਂ ਰੋਕਣ ਲਈ ਟਾਸਕ ਫੋਰਸ ਦਾ ਸਾਥ ਦੇਣ। ਸੁਪਰੀਮ ਕੋਰਟ ਵੱਲੋਂ ਵੀ ਇਸ ਮਾਮਲੇ 'ਤੇ ਸਖਤ ਰੁਖ ਅਪਨਾਉਣ ਦੀ ਲੋੜ ਹੈ, ਕਿਉਂਕਿ ਕਿਸੇ ਨੌਜਵਾਨ ਦਾ ਖ਼ੁਦਕੁਸ਼ੀ ਕਰਨਾ ਨਾ ਸਿਰਫ ਪਰਵਾਰ ਲਈ, ਸਗੋਂ ਦੇਸ਼ ਲਈ ਵੀ ਵੱਡਾ ਘਾਟਾ ਹੁੰਦਾ ਹੈ।*

# ਨਿਊਕਲੀਅਰ ਵਿਗਿਆਨੀ ਪਿਆਰਾ ਸਿੰਘ ਗਿੱਲ

**ਸੰਦੀਪ ਨਈਅਰ**

ਮਾਹਿਲਪੁਰ ਇਲਾਕਾ ਵੈਸੇ ਆਪਣੀ ਪਛਾਣ ਫੁੱਟਬਾਲ ਕਰਕੇ ਰੱਖਦਾ ਹੈ, ਪਰ ਬਹੁਤ ਘੱਟ ਲੋਕ ਨੂੰ ਪਤਾ ਹੋਵੇਗਾ ਇਕ ਨਿਊਕਲੀਅਰ ਸਾਇੰਟਿਸਟ ਪਿਆਰਾ ਸਿੰਘ ਗਿੱਲ ਦੀ ਜਨਮ ਭੂਮੀ ਹੈ । ਪਿਆਰਾ ਸਿੰਘ ਗਿੱਲ ਨੇ ਅਮਰੀਕਾ ਦੀ ਮੈਨਹਟਨ ਪਰਿਯੋਜਨਾ ਵਿੱਚ ਕੰਮ ਕੀਤਾ ਸੀ ।ਉਹਨਾ ਦਾ ਬਹੁਤ ਕੰਮ ਕੋਸਮਿਕ ਕਿਰਨਾਂ 'ਤੇ ਸੀ । ਉਨ੍ਹਾਂ ਦਾ ਜਨਮ 28 ਅਕਤੂਬਰ 1911 ਨੂੰ ਹੁਸ਼ਿਆਰਪੁਰ ਜ਼ਿਲ੍ਹੇ ਦੇ ਇੱਕ ਪਿੰਡ ਦੇ ਜੱਟ ਪਰਵਾਰ ਵਿੱਚ ਹੋਇਆ । ਉਨ੍ਹਾਂ ਮਾਹਿਲਪੁਰ (ਖ਼ਾਲਸਾ ਹਾਈ ਸਕੂਲ) ਵਿੱਚ ਮੁੱਢਲੀ ਪੜ੍ਹਾਈ ਕੀਤੀ । 1929 ਵਿੱਚ ਉਹ ਅਮਰੀਕਾ ਚਲੇ ਗਏ । ਫਿਰ ਉਹਨਾ ਦੱਖਣੀ ਕੈਲੀਫੋਰਨੀਆ ਯੂਨੀਵਰਸਿਟੀ ਤੋਂ ਗ੍ਰੈਜੂਏਸ਼ਨ ਅਤੇ ਮਾਸਟਰ ਡਿਗਰੀ ਕੀਤੀ ।ਉਨ੍ਹਾਂ ਨੋਬਲ ਪੁਰਸਕਾਰ ਜਿੱਤਣ ਵਾਲੇ ਵਿਗਿਆਨੀ ਆਰਥਰ ਕੌਮਪਟਨ ਦੀ ਅਗਵਾਈ ਦੇ ਤਹਿਤ ਸ਼ਿਕਾਗੋ ਯੂਨੀਵਰਸਿਟੀ ਵਿੱਚ ਫਿਜ਼ਿਕਸ ਵਿਸ਼ੇ ਵਿੱਚ ਪੀ ਐੱਚ.ਡੀ.ਕੀਤੀ ।ਯੂਨੀਵਰਸਿਟੀ ਆਫ ਸ਼ਿਕਾਗੋ ਵਿੱਚ 1940 ਵਿੱਚ ਖੋਜਾਰਥੀ ਸਨ । ਉਹ ਟਾਟਾ ਇੰਸਟੀਚਿਊਟ ਆਫ਼ ਫੰਡਾਮੈਂਟਲ ਰਿਸਰਚ (ਟੀ ਆਈ ਐਫ ਆਰ) (1947) ਵਿੱਚ ਪ੍ਰੋਫੈਸਰਸ਼ਿਪ ਫੈਲੋ ਸਨ। ਨਵੀਂ ਦਿੱਲੀ ਵਿੱਚ ਪ੍ਰਮਾਣੂ ਊਰਜਾ ਕਮਿਸ਼ਨ ਵਿੱਚ ਆਫਿਸਰ-ਆਨ-ਸਪੈਸ਼ਲ ਡਿਊਟੀ (ਓ ਐਸ ਡੀ) ਸਨ । ਅਲੀਗੜ੍ਹ ਯੂਨੀਵਰਸਿਟੀ (1949) ਵਿੱਚ ਭੌਤਿਕ ਵਿਗਿਆਨ ਵਿਭਾਗ ਦੇ ਮੁਖੀ, ਸੈਂਟਰਲ ਸਾਇੰਟਿਫਿਕ ਇੰਸਟਰੂਮੈਂਟਸ ਸੰਗਠਨ (ਸੀ ਆਈ ਓ ਓ) (1959) ਅਤੇ ਪ੍ਰੋਫੈਸਰ ਐਰਮਿਟਸ ਪੰਜਾਬ ਐਗਰੀਕਲਚਰਲ ਯੂਨੀਵਰਸਿਟੀ (1971) ਦੇ ਡਾਇਰੈਕਟਰ ਸਨ।

ਰਾਬਰਟ ਓਪਨਹੈਮਰ ਉਹਨਾ ਦਾ ਨਜ਼ਦੀਕੀ ਦੋਸਤ ਸੀ, ਜਿਸ ਨੇ ਮੈਨਹਟਨ ਪ੍ਰੋਜੈਕਟ 'ਤੇ ਕੰਮ ਕੀਤਾ ਸੀ । ਓਪਨਹੈਮਰ ਨੇ ਹੀ ਗਿੱਲ ਨੂੰ ਕੈਲੀਫੋਰਨੀਆ ਇੰਸਟੀਚਿਊਟ ਆਫ ਟੈਕਨੋਲੋਜੀ ਵਿਖੇ ਪ੍ਰੋਫੈਸਰ ਰੌਬਰਟ ਮਿਲ ਕੇਨ, ਜੋ 1928 ਦੇ ਫਿਜ਼ਿਕਸ ਨੋਬਲ ਪੁਰਸਕਾਰ ਜੇਤੂ ਸਨ, ਦੇ 80ਵੇਂ ਜਨਮ ਦਿਹਾੜੇ ਨੂੰ ਮਨਾਉਣ ਲਈ ਕੀਤੀ ਗਈ ਇੱਕ ਕਾਨਫਰੰਸ ਵਿੱਚ ਇੱਕ ਪੇਪਰ ਪੜ੍ਹਨ ਲਈ ਕਿਹਾ ਸੀ।

ਅਸੀਂ ਆਪਣੇ ਗਾਇਕਾਂ ਤੇ ਕਲਾਕਾਰਾਂ ਨੂੰ ਪੂਰਾ ਮਾਣ ਦਿੰਦੇ ਹਾਂ, ਪਰ ਇਸ ਇਲਾਕੇ ਵਿਚ ਹੋਏ ਦਾਨਿਸ਼ਵਰਾਂ ਬਾਰੇ ਘੱਟ ਜਾਣਕਾਰੀ ਰੱਖਦੇ ਹਾਂ । ਸਾਡਾ ਅਸਲ ਵਿਰਸਾ ਇਹ ਲੋਕ ਹਨ, ਜਿਹਨਾਂ 'ਤੇ ਬਹੁਤ ਘਟ ਚਰਚਾ ਹੁੰਦੀ ਹੈ।

**#ਸੰਪਰਕ : 98783-15755**

# ਬਿਮਾਰੀਆਂ, ਦੁਸ਼ਵਾਰੀਆਂ ਅਤੇ ਕਰਾਮਾਤਾਂ ਦਾ ਕਾਰੋਬਾਰ



ਗੁਰਚਰਨ ਸਿੰਘ ਨੂਰਪੁਰ

ਅੰਧਵਿਸ਼ਵਾਸ਼ ਅਜਿਹੀ ਹਨੇਰੀ ਰਾਤ ਹੈ, ਜਿਸ ਦੇ ਹਨੇਰੇ ਵਿੱਚ ਮਨੁੱਖ ਦੀ ਸੋਚਣ, ਵਿਚਾਰਨ ਦੀ ਸ਼ਕਤੀ ਗਵਾਚ ਜਾਂਦੀ ਹੈ ਅਤੇ ਉਸ ਦਾ ਜੀਵਨ ਲੀਹੋਂ ਲੱਥ ਜਾਂਦਾ ਹੈ।

ਆਦਿ-ਜੁਗਾਦ ਤੋਂ ਮਾਨਵ ਜਾਤ ਬਿਮਾਰੀਆਂ,ਦੁਸ਼ਵਾਰੀਆਂ ਅਤੇ ਮਹਾਂਮਾਰੀਆਂ ਨਾਲ ਦੋ-ਚਾਰ ਹੁੰਦੀ ਆਈ ਹੈ। ਬਹੁਤ ਸਾਰੀਆਂ ਸਰੀਰਕ ਤੇ ਮਾਨਸਿਕ ਬਿਮਾਰੀਆਂ ਦੀ ਜਦੋਂ ਮਨੁੱਖ ਨੂੰ ਸਮਝ ਨਹੀਂ ਸੀ ਤਾਂ ਬਿਮਾਰੀ ਨੂੰ ਕਿਸੇ ਗੈਬੀ ਤਾਕਤ ਦੀ ਕਰੋਪੀ ਮੰਨਿਆ ਜਾਂਦਾ ਸੀ। ਮਾਨਸਿਕ ਰੋਗੀ ਹੋ ਗਏ ਮਰੀਜ਼ ਬਾਰੇ ਸਮਝਿਆ ਜਾਂਦਾ ਸੀ ਕਿ ਇਸ ਨੂੰ ਭੂਤ-ਪ੍ਰੇਤ, ਚੁੜੇਲ, ਕਚੀਲ ਜਾਂ ਕਿਸੇ ਬੁਰੀ ਆਤਮਾ ਦਾ ਸਾਇਆ ਚਿੰਬੜ ਗਿਆ ਹੈ। ਇਸ ਲਈ ਬੁਰੀਆਂ ਆਤਮਾਵਾਂ ਤੋਂ ਰੋਗੀਆਂ ਨੂੰ ਨਿਜਾਤ ਦਿਵਾਉਣ ਲਈ ਜੰਤਰ-ਮੰਤਰ, ਝਾੜ-ਫੂਕ ਤੇ ਜਾਨਵਰਾਂ, ਪਸ਼ੂਆਂ ਦੀਆਂ ਬਲੀਆਂ ਦਿੱਤੀਆਂ ਜਾਂਦੀਆਂ ਸਨ।

ਜਿਵੇਂ-ਜਿਵੇਂ ਮਨੁੱਖ ਦੀ ਸਮਝ ਵਧੀ, ਮਨੋਵਿਗਿਆਨ ਦੇ ਖੇਤਰ ਵਿੱਚ ਕੁਝ ਨਵੀਆਂ ਖੋਜਾਂ ਹੋਈਆਂ ਤਾਂ ਮਨੁੱਖ ਦੀਆਂ ਮਾਨਸਿਕ ਬਿਮਾਰੀਆਂ, ਜਿਵੇਂ ਹਿਸਟੇਰੀਆ, ਐਂਗਜਾਇਟੀ, ਬਾਈਪੋਲਰ ਡਿਸਆਰਡਰ, ਡਿਪਰੈਸ਼ਨ, ਡਿਮੈਨਸ਼ੀਆਂ, ਸਕੀਜ਼ੋਫਰੇਨੀਆਂ ਆਦਿ ਬਿਮਾਰੀਆਂ ਦੇ ਰੂਪ ਵਿੱਚ ਮਾਨਸਿਕ ਰੋਗੀਆਂ ਦੇ ਲੱਛਣ ਨੂੰ ਸਮਝਿਆ ਗਿਆ। ਇਹਨਾਂ ਦਾ ਇਲਾਜ ਸੰਭਵ ਹੋ ਸਕਿਆ। ਇਹਨਾਂ ਬਿਮਾਰੀਆਂ ਵਿੱਚ ਮਾਨਸਿਕ ਰੋਗੀ ਘੋਰ-ਨਿਰਾਸ਼ਾਵਾਦੀ ਬਿਰਤੀ ਧਾਰਨ ਕਰ ਲੈਂਦੇ ਹਨ, ਗੁੱਸੇ ਵਿੱਚ ਆ ਕੇ ਉੱਚੀ-ਉੱਚੀ ਆਵਾਜ਼ ਵਿੱਚ ਅਵਾਤਵਾ ਬੋਲਣ ਲਗਦੇ ਹਨ। ਕੁਝ ਸਿਰ ਮਾਰ-ਮਾਰ ਕੇ ਖੇਡਦੇ ਹਨ, ਚੀਕਾਂ, ਕੂਕਾਂ ਮਾਰਦੇ ਹਨ ਜਾਂ ਇਹਨਾਂ ਦਾ ਵਿਹਾਰ ਕੁਝ ਸਮੇਂ ਲਈ ਬਦਲ ਜਾਂਦਾ ਹੈ। ਅਜਿਹੀਆਂ ਅਨੇਕਾਂ ਮਾਨਸਿਕ ਬਿਮਾਰੀਆਂ ਹਨ। ਅੱਜ ਦੀ ਤੇਜ਼ ਰਫਤਾਰ ਜ਼ਿੰਦਗੀ ਜਿੱਥੇ ਅਸੀਂ ਜੀਵਨ ਦਾ ਸਹਿਜ, ਸਬਰ ਹਰ ਦਿਨ ਗਵਾ ਰਹੇ ਹਾਂ ਦੁਨੀਆਂ ਭਰ ਵਿੱਚ ਮਾਨਸਿਕ ਰੋਗੀ ਹਰ ਦਿਨ ਵਧ ਰਹੇ ਹਨ।

ਮਨੁੱਖ ਸੱਭਿਅਤਾ ਦੇ ਇਤਿਹਾਸ ਨੂੰ ਪੜ੍ਹ ਕੇ ਅਸੀਂ ਸਮਝ ਸਕਦੇ ਹਾਂ ਕਿ ਮਨੁੱਖ ਦੀ ਸੋਚਣ, ਵਿਚਾਰਨ ਦੀ ਤਾਕਤ ਨੇ ਇਸ ਨੂੰ ਦੂਜੇ ਜਾਨਵਰਾਂ ਤੋਂ ਵੱਖਰਾ ਕੀਤਾ ਤੇ ਇਹ ਆਪਣੀ ਸੱਭਿਅਤਾ ਦੇ ਰਾਹ ਪੈ ਗਿਆ। ਦੁਨੀਆ ਭਰ ਵਿੱਚ ਜਿੱਥੇ-ਜਿੱਥੇ ਮਨੁੱਖ ਨੂੰ ਸੋਚਣ-ਵਿਚਾਰਨ ਦੀ ਖੁੱਲ੍ਹ ਮਿਲੀ, ਉੱਥੇ-ਉੱਥੇ ਇਸ ਨੇ ਨਵੇਂ ਤੋਂ ਨਵੇਂ ਕੀਰਤੀਮਾਨ ਸਥਾਪਤ ਕੀਤੇ ਅਤੇ ਜੀਵਨ ਵਿੱਚ ਸੁਹੱਪਣ ਭਰਿਆ। ਧਰਤੀ ਦੇ ਜਿਹੜੇ ਖਿੱਤਿਆਂ ਵਿੱਚ ਲੋਕਾਂ ਨੂੰ ਸੋਚਣ, ਵਿਚਾਰਨ ਅਤੇ ਆਪਣੇ ਵਿਚਾਰਾਂ ਨੂੰ ਬੋਲਣ, ਲਿਖਣ ਦੀ ਖੁੱਲ੍ਹ ਸੀ, ਉੱਥੇ ਵੱਡੀਆਂ ਖੋਜਾਂ ਹੋਈਆਂ, ਵੱਡੇ ਵਿਗਿਆਨੀ ਅਤੇ ਸਾਇੰਸਦਾਨ ਇਹਨਾਂ ਖਿੱਤਿਆ ਵਿੱਚ ਪੈਦਾ ਹੋਏ। ਦਾਨਿਸ਼ਵਰ, ਫਿਲਾਸਫਰ, ਲੇਖਕ ਅਤੇ ਵਿਦਵਾਨ ਪੈਦਾ ਹੋਏ, ਜਿਹਨਾਂ ਨੇ ਹਰ ਖੇਤਰ ਵਿੱਚ ਨਵੀਆਂ ਖੋਜਾਂ ਅਤੇ ਸੋਚਾਂ ਨਾਲ ਇਸ ਦੁਨੀਆ ਨੂੰ ਨਿਵਾਜਿਆ, ਜਿਸ ਨਾਲ ਪੂਰੀ ਦੁਨੀਆਂ ਦੇ ਲੋਕ ਮਾਨਵ ਸਰੀਰ, ਆਪਣੇ ਜੀਵਨ ਅਤੇ ਆਲੇ-ਦੁਆਲੇ ਨੂੰ ਸਮਝਣ-ਪਰਖਣ ਦੇ ਸਮਰੱਥ ਹੋਏ।

ਅਫਸੋਸ ਦੀ ਗੱਲ ਇਹ ਹੈ ਕਿ ਆਧੁਨਿਕ ਦੌਰ ਵਿੱਚ ਵੀ ਗਿਆਨ-ਵਿਗਿਆਨ ਤੋਂ ਦੂਰ ਭੇਖਾਧਾਰੀ, ਪਾਖੰਡੀ ਲੋਕ ਧਰਮ-ਕਰਮ, ਰੂਹਾਂ-ਬਦਰੂਹਾਂ, ਆਤਮਾਵਾਂ ਅਗਲੇ-ਪਿਛਲੇ ਜਨਮਾਂ ਕਰਮਾਂ ਦਾ ਫਲ, ਬੁਰੀਆਂ ਆਤਮਾਵਾਂ ਤੋਂ ਛੁਟਕਾਰੇ ਦਿਵਾਉਣ, ਸ਼ੈਤਾਨੀ ਤਾਕਤਾਂ ਅਤੇ ਅਜਿਹੇ ਹੋਰ ਕਈ ਤਰ੍ਹਾਂ ਦੇ ਅੰਧਵਿਸ਼ਵਾਸ਼ ਫੈਲਾਅ ਕੇ ਦੁਨੀਆ ਨੂੰ ਗੁੰਮਰਾਹ ਕਰ ਰਹੇ ਹਨ। ਅੰਧਵਿਸ਼ਵਾਸ ਦਾ ਪ੍ਰਚਾਰ ਕਰਨ ਲਈ ਗਲੀਆਂ, ਬਜ਼ਾਰਾਂ, ਚੌਕਾਂ 'ਤੇ ਲੱਗੇ ਵੱਡੇ-ਵੱਡੇ ਅੰਧਵਿਸ਼ਵਾਸਾਂ ਨੂੰ ਬਲ ਦੇਣ ਵਾਲੇ ਹੋਰਡਿੰਗ ਬੋਰਡ, ਟੀ ਵੀ ਚੈਨਲਾਂ ਅਤੇ ਸੋਸ਼ਲ ਮੀਡੀਆ ਵਿੱਚ ਇਹਨਾਂ ਦੇ ਪ੍ਰਚਾਰ ਅਸੀਂ ਆਮ ਵੇਖ ਰਹੇ ਹਾਂ। ਇਹਨਾਂ ਵਰਤਾਰਿਆਂ ਨੂੰ ਵੇਖ ਕੇ ਦੁੱਖਾਂ, ਤਖਲੀਫਾਂ, ਨਸ਼ਿਆਂ, ਘਰਾਂ ਦੇ ਕਲੇਸ਼, ਬਿਮਾਰੀਆਂ ਅਤੇ ਘਰਾਂ ਦੀਆਂ ਗਰੀਬੀਆਂ, ਮੰਦਹਾਲੀਆਂ ਝੰਬੇ ਲੋਕ ਅਕਸਰ ਇਹਨਾਂ ਦੇ ਜਾਲ ਵਿੱਚ ਫਸ ਜਾਂਦੇ ਹਨ। ਆਪਣੇ ਜੀਵਨ ਦੀਆਂ ਮੁਸ਼ਕਲਾਂ ਦੇ ਕਾਰਨਾਂ ਨੂੰ ਸਮਝਣ ਅਤੇ ਇਹਨਾਂ ਨੂੰ ਦੂਰ ਕਰਨ ਦੀ ਬਜਾਏ ਲੋਕ ਇਹਨਾਂ ਦੇ ਪ੍ਰਵਚਨ ਸੁਣਨ, ਇਹਨਾਂ ਤੋਂ ਆਪਣੇ ਪਰਵਾਰ ਅਤੇ ਘਰਾਂ ਲਈ ਬੰਦਗੀਆਂ ਕਰਾਉਣ, ਬੁਰੀਆਂ ਆਤਮਾਵਾਂ ਤੋਂ ਛੁਟਕਾਰੇ ਦਿਵਾਉਣ ਲਈ ਇਹਨਾਂ ਦੇ ਦਰਾਂ 'ਤੇ ਮੱਥੇ ਰਗੜਦੇ ਹਨ। ਇਹਨਾਂ ਨੂੰ ਚੜ੍ਹਾਵੇ ਚੜ੍ਹਾਉਂਦੇ ਹਨ। ਇਹਨਾਂ ਦੇ ਡੇਰਿਆਂ 'ਤੇ ਸੁੱਖਣਾ ਸੁੱਖਦੇ ਹਨ। ਜੀਵਨ ਦੇ ਮਨੋਰਥ ਅਤੇ ਅਤੇ ਸੋਚ-ਵਿਚਾਰ ਕਰਕੇ ਆਪਣੇ ਜੀਵਨ ਦੀਆਂ ਸਮੱਸਿਆਵਾਂ ਨੂੰ ਹੱਲ ਕਰਨ ਦੇ ਰਾਹ ਤੋਂ ਭਟਕੇ ਲੋਕ ਹਰ ਹਫਤੇ ਜਾਂ ਕੁਝ ਖਾਸ ਦਿਨਾਂ 'ਤੇ ਇਹਨਾਂ ਦੀਆਂ ਚੌਕੀਆਂ ਭਰਦੇ ਹਨ। ਧਰਮ ਅਸਥਾਨਾਂ 'ਤੇ ਕੁਝ ਖਾਸ ਦਿਨਾਂ, ਵਾਰਾਂ 'ਤੇ ਜਾ ਕੇ ਮੱਥੇ ਰਗੜਨੇ। ਇੱਕ ਜਗ੍ਹਾ ਬੈਠ ਕੇ ਲਗਾਤਾਰ ਪਾਠ ਕਰਨੇ, ਇਹ ਵਰਤਾਰੇ ਸਾਡੇ ਸਮਾਜ ਵਿੱਚ ਆਮ ਹੋ ਗਏ ਹਨ। ਧਰਮ ਅਸਥਾਨਾਂ, ਡੇਰਿਆਂ ਮਜ਼ਾਰਾਂ ਤੇ ਹਾਜ਼ਰੀਆਂ ਭਰਨ ਵਾਲੇ ਦੁੱਖਾਂ ਦੇ ਮਾਰੇ ਲੋਕਾਂ ਦਾ ਪੈਸਾ ਅਤੇ ਧਨ ਦੀ ਬਰਬਾਦੀ ਕਰਾ ਕੇ ਵੀ ਇਹਨਾਂ ਦੇ ਹੱਥ ਨਿਰਾਸ਼ਾ ਤੋਂ ਬਿਨਾਂ ਕੁਝ ਨਹੀਂ ਲੱਗਦਾ। ਦੂਜੇ ਪਾਸੇ ਇਹਨਾਂ ਨੂੰ ਦੁੱਖਾਂ-ਮੁਸੀਬਤਾਂ ਤੋਂ ਨਿਜਾਤ ਦਿਵਾਉਣ ਵਾਲੇ ਅਖੌਤੀ ਸਾਧ-ਸੰਤ ਅਤੇ ਬੰਦਗੀਆਂ ਕਰਨ ਵਾਲੇ ਮਾਲਾਮਾਲ ਹੁੰਦੇ ਹਨ। ਇਹ ਆਪਣੇ ਕੋਲ ਦੂਜਿਆਂ 'ਤੇ ਰੋਹਬ ਜਮਾਉਣ ਲਈ ਆਪਣੇ ਨਿੱਜੀ ਬਾਡੀਗਾਰਡ, ਮਹਿੰਗੀਆਂ ਗੱਡੀਆਂ ਰੱਖਦੇ ਹਨ ਅਤੇ ਦਿਨਾਂ ਵਿੱਚ ਹੀ ਅੰਧਵਿਸ਼ਵਾਸ ਦਾ ਸੌਦਾ ਵੇਚ ਕੇ ਮਾਲਾਮਾਲ ਹੁੰਦੇ ਹਨ।

ਦੁੱਖਾਂ, ਸੰਕਟਾਂ, ਪਰਿਵਾਰਕ ਕਲੇਸ਼ਾਂ, ਗਰੀਬੀ, ਮੰਦਹਾਲੀ ਦੇ ਸਤਾਏ ਲੋਕ, ਜੋ ਇਹਨਾਂ ਡੇਰਿਆਂ ਦੇ ਸ਼ਰਧਾਲੂ ਬਣਦੇ ਹਨ, ਇਹਨਾਂ ਦੀ ਘਰਾਂ ਦੀ ਗਰੀਬੀ, ਮੰਦਹਾਲੀ ਇੱਥੇ ਜਾ ਕੇ ਮੁਕਦੀ ਨਹੀਂ, ਬਲਕਿ ਇਹ ਹੋਰ ਕਈ ਤਰ੍ਹਾਂ ਦੇ ਸੰਕਟਾਂ ਦੇ ਸ਼ਿਕਾਰ ਬਣਦੇ ਹਨ। ਇੱਕ ਗਰੀਬ ਔਰਤ ਜਿਸ ਦੇ ਪਿੱਤੇ ਵਿੱਚ ਪੱਥਰੀਆਂ ਸਨ ਅਤੇ ਡਾਕਟਰਾਂ ਨੇ ਇਸ ਨੂੰ ਜਲਦੀ ਅਪਰੇਸ਼ਨ ਕਰਾਉਣ ਦੀ ਸਲਾਹ ਦਿੱਤੀ ਹੋਈ ਸੀ। ਅਪਰੇਸ਼ਨ ਕਰਾਉਣ ਅਤੇ ਇਸ ਦੇ ਖਰਚ ਤੋਂ ਡਰ ਕੇ ਇੱਕ ਗੈਬੀ ਸ਼ਕਤੀ ਨਾਲ ਇਲਾਜ ਕਰਨ ਵਾਲੇ ਢਾਹੇ ਚੜ੍ਹ ਗਈ। ਉਹ ਹਰ ਹਫਤੇ ਸੰਗਤ ਕਰਦਾ ਸੀ। ਕੁਝ ਜਾਪ ਕਰਨ ਮਗਰੋਂ ਉਹ ਉੱਚੀ ਆਵਾਜ਼ ਵਿੱਚ ਆਖਦਾ-ਜਿਹਨਾਂ ਨੂੰ ਗੁਰਦੇ ਦੀ ਪੱਥਰੀ ਦੀ ਦਰਦ ਹੁੰਦੀ ਹੈ, ਉੱਥੇ ਹੱਥ ਰੱਖੋ ਗੁਰਦੇ ਦੀ ਪੱਥਰੀ ਵਾਲੇ ਲੋਕ ਸਰੀਰ 'ਤੇ ਦਰਦ ਵਾਲੀ ਥਾਂ ਤੇ ਹੱਥ ਰੱਖਦੇ ਤੇ ਉਹ ਉਹਨਾਂ ਲਈ ਦੁਆ ਕਰਦਾ। ਫਿਰ ਉਹ ਬੋਲਦਾ ਕਿ ਜਿਹਨਾਂ ਨੂੰ ਡਾਕਟਰਾਂ ਨੇ ਹਾਰਟ ਅਟੈਕ ਦੀ ਸ਼ਿਕਾਇਤ ਦੱਸੀ ਹੈ, ਆਪਣੇ ਹਾਰਟ 'ਤੇ ਹੱਥ ਰੱਖੋ, ਜਿਹਨਾਂ ਨੂੰ ਪਿੱਤੇ ਦੀ ਪੱਥਰੀ ਦੀ ਦਰਦ ਹੈ ਦਰਦ ਵਾਲੀ ਥਾਂ 'ਤੇ ਹੱਥ ਰੱਖੋ। ਲੋਕ ਹੱਥ ਰੱਖਦੇ ਤੇ ਉਹ ਮੰਤਰ ਉਚਾਰਦਾ ਤੇ ਬੜੇ ਵਿਸ਼ਵਾਸ ਨਾਲ ਆਖਦਾ ਕਿ ਜਾਓ ਕਿਸੇ ਡਾਕਟਰ ਕੋਲ ਜਾਣ ਦੀ ਲੋੜ ਨਹੀਂ ਕਰ ਦਿੱਤਾ ਹੱਲ। ਉਹ ਔਰਤ, ਜਿਸ ਦਾ ਪਿੱਤਾ ਪਥਰੀਆਂ ਨਾਲ ਖਰਾਬ ਹੋ ਗਿਆ ਸੀ, ਇਸ ਤੋਂ ਇਸੇ ਤਰ੍ਹਾਂ ਗੈਬੀ ਸ਼ਕਤੀ ਨਾਲ ਬੜੇ ਵਿਸ਼ਵਾਸ ਨਾਲ ਇਲਾਜ ਕਰਾਉਂਦੀ ਰਹੀ। ਉਹਨਾਂ ਲੋਕਾਂ ਨੂੰ ਵੀ ਸੁਣਦੀ ਰਹੀ, ਜਿਹਨਾਂ ਦੇ ਪੱਥਰੀਆਂ ਸਨ ਹਾਰਟ ਅਟੈਕ, ਕੈਂਸਰ ਤੇ ਹੋਰ ਬਿਮਾਰੀਆਂ ਸਨ ਤੇ ਉਹਨਾਂ ਦੀਆਂ ਠੀਕ ਹੋ ਗਈਆਂ ਸਨ। ਇਸੇ ਤਰ੍ਹਾਂ ਇਸ ਔਰਤ ਤੋਂ ਵੀ ਭਰੀ ਸਭਾ ਵਿੱਚ ਕਈ ਵਾਰ ਬੁਲਵਾਇਆ ਗਿਆ ਕਿ ਮੇਰੇ ਪਿੱਤੇ ਦੀ ਪੱਥਰੀ ਸੀ, ਹੁਣ ਮੈਂ ਦੁਆ ਕਰਨ ਨਾਲ ਠੀਕ ਹੋ ਗਈ ਹਾਂ ਅਪਰੇਸ਼ਨ ਦੀ ਲੋੜ ਨਹੀਂ ਰਹੀ। ਇਸੇ ਤਰ੍ਹਾਂ ਇੱਕ ਦਿਨ ਉਸ ਨੂੰ ਤੜਕਸਾਰ ਉਲਟੀਆਂ ਲੱਗੀਆਂ ਤੇ ਪਿੱਤਾ ਅੰਦਰ ਫਟ ਗਿਆ ਤੇ ਉਸ ਦੀ ਮੌਤ ਹੋ ਗਈ। ਉਸ ਵਿਚਾਰੀ ਦੀ ਮਰਨ ਦੀ ਉਮਰ ਨਹੀਂ ਸੀ, ਪਰ ਅੰਧਵਿਸ਼ਵਾਸ ਨੇ ਉਸ ਦੀ ਜਾਨ ਲੈ ਲਈ। ਉਸ ਦੇ ਬੱਚੇ, ਧੀਆਂ-ਪੁੱਤਰ ਮਾਂ ਦੀ ਛਤਰ ਛਾਇਆ ਤੋਂ ਵਾਂਝੇ ਹੋ ਗਏ। ਇਸ ਤਰ੍ਹਾਂ ਦੀਆਂ ਹੋਰ ਬਹੁਤ ਸਾਰੀਆਂ ਕਹਾਣੀਆਂ ਹਨ, ਜਿਹਨਾਂ ਦੀ ਖੋਜ ਕੀਤੀ ਜਾਵੇ ਤਾਂ ਹਜ਼ਾਰਾਂ ਲੋਕ ਅਜਿਹੇ ਮਿਲ ਜਾਣਗੇ, ਜਿਹਨਾਂ ਦੇ ਪਰਿਵਾਰ ਦੇ ਜੀਆਂ ਦਾ ਸਮੇਂ ਸਿਰ ਸਹੀ ਇਲਾਜ ਨਹੀਂ ਹੋ ਸਕਿਆ ਤੇ ਉਹ ਇਸ ਅੰਧਵਿਸ਼ਵਾਸ ਦੀ ਬਦੌਲਤ ਜਹਾਨ ਤੋਂ ਤੁਰ ਗਏ, ਹਾਲਾਂਕਿ ਸਮੇਂ ਸਿਰ ਠੀਕ ਇਲਾਜ ਕਰਵਾ ਕੇ ਇਹਨਾਂ ਨੂੰ ਠੀਕ ਕੀਤਾ ਜਾ ਸਕਦਾ ਸੀ। ਭੋਲੇ-ਭਾਲੇ ਗਰੀਬੀਆਂ, ਮੰਦਹਾਲੀਆਂ ਦੇ ਸਤਾਏ ਲੋਕ ਲਗਾਤਾਰ ਇਹਨਾਂ ਦਾ ਸ਼ਿਕਾਰ ਬਣ ਰਹੇ ਹਨ, ਪਰ ਕਿਸੇ ਅਦਾਰੇ, ਕਿਸੇ ਪ੍ਰਸ਼ਾਸਨ ਦਾ ਇਸ ਪਾਸੇ ਧਿਆਨ ਨਹੀਂ।

ਅੰਧਵਿਸ਼ਵਾਸ ਦੀ ਦਲਦਲ ਵਿੱਚ ਫਸੇ ਰਹਿਣਾ ਅਤੇ ਸੋਚ-ਵਿਚਾਰ ਕਰਨ ਦੀ ਸ਼ਕਤੀ ਨੂੰ ਵਿਸਾਰ ਛੱਡਣਾ ਇਸ ਦਾ ਨੁਕਸਾਨ ਕੇਵਲ ਸਾਨੂੰ ਅਤੇ ਸਾਡੇ ਪਰਵਾਰ ਜਾਂ ਸਾਡੇ ਕਾਰੋਬਾਰ ਨੂੰ ਹੀ ਪ੍ਰਭਾਵਤ ਨਹੀਂ ਕਰਦਾ, ਬਲਕਿ ਇਸ ਦਾ ਅਸਰ ਸਾਡੀਆਂ ਆਉਣ ਵਾਲੀਆਂ ਨਸਲਾਂ ਤੱਕ ਵੀ ਹੁੰਦਾ ਹੈ। ਅਸੀਂ ਅਜਿਹੇ ਸਮਾਜ ਦੀ ਸਿਰਜਣਾ ਕਰ ਰਹੇ ਹੁੰਦੇ ਹਾਂ, ਜਿਸ ਵਿੱਚ ਸੋਚ-ਵਿਚਾਰ ਤੋਂ ਹੀਣੀਆਂ ਸਾਡੀਆਂ ਔਲਾਦਾਂ ਪੈਦਾ ਹੋਣਗੀਆਂ, ਉਹਨਾਂ ਕੋਲ ਵਿਵੇਕ ਨਹੀਂ ਹੋਵੇਗਾ, ਜੀਵਨ ਦੀ ਸਮਝ ਨਹੀਂ ਹੋਵੇਗੀ। ਵਿਕਾਸ ਅਤੇ ਤਰੱਕੀ ਕਰਨ ਦੀ ਜੁਗਤ ਨਹੀਂ ਹੋਵੇਗੀ। ਅਜਿਹੇ ਸਮਾਜ ਵਿੱਚ ਚੰਗੇ ਡਾਕਟਰ, ਵਿਗਿਆਨੀ, ਵਿਦਵਾਨ ਅਤੇ ਫਿਲਾਸਫਰ ਜ਼ਹੀਨ, ਪ੍ਰਸ਼ਾਸਨਿਕ ਅਧਿਕਾਰੀ ਪੈਦਾ ਨਹੀਂ ਹੋਣਗੇ। ਅੰਧਵਿਸ਼ਵਾਸ਼ ਦੀ ਬਦੌਲਤ ਟੈਂਪੂਆਂ, ਟਰਾਲੀਆਂ 'ਤੇ ਝੰਡੇ ਲਾ ਕੇ ਨਾਮ ਦੇ ਜਹਾਜ਼ ਦੇ ਜੈਕਾਰੇ ਛੱਡਦੇ ਲੋਕ ਹੋਣਗੇ, ਜੋ ਇੱਕ ਡੇਰੇ ਤੋਂ ਦੂਜੇ ਤੇ ਦੂਜੇ ਤੋਂ ਕਿਸੇ ਹੋਰ ਧਰਮ ਅਸਥਾਨ ਲਈ ਯਾਤਰਾ ਲਈ ਤੁਰੇ ਰਹਿਣਗੇ।

ਮਨੁੱਖ ਨੇ ਆਪਣੀ ਅਕਲ ਨਾਲ ਹਨੇਰੀਆਂ ਰਾਤਾਂ ਨੂੰ ਬਿਜਲੀ ਦੀ ਰੌਸ਼ਨੀ ਵਿੱਚ ਤਬਦੀਲ ਕੀਤਾ। ਇਲਾਜ ਦੇ ਖੇਤਰ ਵਿੱਚ ਵੱਡੇ ਕੀਰਤੀਮਾਨ ਸਥਾਪਤ ਕੀਤੇ। ਸਦੀਆਂ ਤੋਂ ਚੱਲੀਆਂ ਆ ਰਹੀਆਂ ਬਿਮਾਰੀਆਂ, ਮਹਾਂਮਾਰੀਆਂ ਨੂੰ ਰੋਕਣ ਦਾ ਹੀਲਾ ਕੀਤਾ। ਪੋਲੀਓ ਵਰਗੀਆਂ ਭਿਆਨਕ ਬਿਮਾਰੀਆਂ ਦੇ ਇਲਾਜ ਲੱਭੇ, ਇਹ ਕਿਸੇ ਭੇਖਾਧਾਰੀ ਨੇ ਕਿਸੇ ਗ੍ਰੰਥ ਸ਼ਾਸਤਰ ਦੀਆਂ ਕਿਤਾਬਾਂ ਨੂੰ ਫਰੋਲ ਕੇ ਨਹੀਂ ਲੱਭੇ, ਬਲਕਿ ਉਹਨਾਂ ਲੋਕਾਂ ਨੇ ਇਸ ਦੀ ਖੋਜ ਕੀਤੀ, ਜਿਹਨਾਂ ਨੇ ਅੰਧਵਿਸ਼ਵਾਸ ਨੂੰ ਤਿਆਗ ਤੇ ਸੋਚ-ਵਿਚਾਰ ਅਤੇ ਖੋਜ ਕਰਨ ਨੂੰ ਤਰਜੀਹ ਦਿੱਤੀ। ਇਸ ਲਈ ਸਾਨੂੰ ਚਾਹੀਦਾ ਹੈ ਅਸੀਂ ਆਪਣੇ ਬੱਚਿਆਂ ਨੂੰ ਸਵਾਲ ਕਰਨ ਦੀ ਆਦਤ ਪਾਈਏ। ਉਹਨਾਂ ਨੂੰ ਪੁਜਾਰੀਆਂ ਦੇ ਪੂਜਕ ਤੇ ਸ਼ਰਧਾਲੂ ਨਾ ਬਣਾਈਏ, ਸਗੋ ਸੋਚ-ਵਿਚਾਰ ਕਰਨ ਵਾਲੇ ਤਰਕਸ਼ੀਲ ਅਤੇ ਵਿਵੇਕਸ਼ੀਲ ਇਨਸਾਨ ਬਣਾਈਏ। ਇਸ ਲਈ ਅੰਧਵਿਸ਼ਵਾਸਾਂ ਦੀ ਦਲਦਲ ਵਿੱਚੋਂ ਨਿਕਲ ਕੇ ਚੰਗੀਆਂ ਕਿਤਾਬਾਂ ਪੜ੍ਹੀਏ, ਉਸਾਰੂ ਸਾਹਿਤ ਪੜ੍ਹੀਏ ਅਤੇ ਆਪਣੇ ਮਨ-ਮਸਤਕ ਵਿੱਚ ਗਿਆਨ-ਵਿਗਿਆਨ ਦੇ ਦੀਵੇ ਬਾਲ ਕੇ ਇਹਨਾਂ ਦੀ ਰੌਸ਼ਨੀ ਵਿੱਚ ਆਪਣੇ ਦੌਰ ਦੀਆਂ ਮੁਸ਼ਕਲਾਂ, ਸਮੱਸਿਅਵਾਂ ਹੱਲ ਕਰੀਏ ਅਤੇ ਸਮਾਜਿਕ ਵਰਤਾਰਿਆਂ ਨੂੰ ਸਮਝਣ ਦੀ ਕੋਸ਼ਿਸ਼ ਕਰੀਏ।

**# ਸੰਪਰਕ : 98550-51099**

# ਪੰਜਾਬ 'ਵਰਸਿਟੀ ਪੰਜਾਬ ਦੀ ਰੂਹ ਦੀ ਪ੍ਰਤੀਕ

**ਵਿਜੈ ਗਰਗ**

ਪੰਜਾਬ ਯੂਨੀਵਰਸਿਟੀ ਚੰਡੀਗੜ੍ਹ ਸਿਰਫ਼ ਇੱਕ ਸਿੱਖਿਆ ਸੰਸਥਾ ਨਹੀਂ, ਸਗੋਂ ਪੰਜਾਬ ਦੀ ਅਸਲ ਰੂਹ ਦੀ ਪ੍ਰਤੀਕ ਹੈ। ਇਹ ਯੂਨੀਵਰਸਿਟੀ ਆਪਣੇ ਇਤਿਹਾਸ, ਸੱਭਿਆਚਾਰ ਤੇ ਵਿਦਿਆ ਦੇ ਉੱਚ ਮਾਪਦੰਡਾਂ ਕਰਕੇ ਸਾਰੇ ਦੇਸ਼ ਵਿੱਚ ਵੱਖਰਾ ਮਕਾਮ ਰੱਖਦੀ ਹੈ।

ਪੰਜਾਬ ਯੂਨੀਵਰਸਿਟੀ ਦੀਆਂ ਜੜ੍ਹਾਂ ਲਾਹੌਰ ਤੱਕ ਜਾਂਦੀਆਂ ਹਨ, ਜਿੱਥੇ 1882 ਵਿੱਚ ਇਸ ਦੀ ਸਥਾਪਨਾ ਹੋਈ ਸੀ। ਵੰਡ ਤੋਂ ਬਾਅਦ ਇਸ ਯੂਨੀਵਰਸਿਟੀ ਨੂੰ ਚੰਡੀਗੜ੍ਹ ਵਿੱਚ ਨਵੇਂ ਰੂਪ ਵਿੱਚ ਦੁਬਾਰਾ ਸਥਾਪਤ ਕੀਤਾ ਗਿਆ। ਇਹ ਸਿਰਫ਼ ਇਮਾਰਤਾਂ ਦਾ ਤਬਾਦਲਾ ਨਹੀਂ ਸੀ, ਸਗੋਂ ਪੰਜਾਬੀ ਮਨੁੱਖੀ ਸੰਘਰਸ਼ ਅਤੇ ਉਤਸ਼ਾਹ ਦੀ ਨਵੀਂ ਕਹਾਣੀ ਸੀ।ਅੱਜ ਪੰਜਾਬ ਯੂਨੀਵਰਸਿਟੀ ਵਿਗਿਆਨ, ਕਲਾ, ਭਾਸ਼ਾ, ਇੰਜੀਨੀਅਰਿੰਗ ਅਤੇ ਪ੍ਰਬੰਧਨ ਦੇ ਖੇਤਰਾਂ ਵਿੱਚ ਵਿਸ਼ਵ ਪੱਧਰੀ ਖੋਜ ਅਤੇ ਪੜ੍ਹਾਈ ਦਾ ਕੇਂਦਰ ਹੈ। ਇਹ ਪੰਜਾਬ ਦੀ ਮਿੱਟੀ ਨਾਲ ਜੁੜੀ ਹੋਈ ਸੰਸਥਾ ਹੈ, ਜਿੱਥੇ ਵਿਦਿਆ ਨਾਲ ਨਾਲ ਸੱਭਿਆਚਾਰ, ਮੁਲਾਂਕਣ ਅਤੇ ਲੋਕ ਧਾਰਾਵਾਂ ਦਾ ਸਤਿਕਾਰ ਕੀਤਾ ਜਾਂਦਾ ਹੈ।

ਯੂਨੀਵਰਸਿਟੀ ਦੇ ਕੈਂਪਸ ਦਾ ਹਰ ਕੋਨਾ ਪੰਜਾਬੀ ਜੀਵਨ ਦੀ ਰੌਣਕ ਨਾਲ ਭਰਿਆ ਹੋਇਆ ਹੈ । ਇਥੇ ਦੇ ਵਿਦਿਆਰਥੀ ਨਾ ਕੇਵਲ ਅਕਾਦਮਿਕ ਤੌਰ 'ਤੇ ਮਜ਼ਬੂਤ ਬਣਦੇ ਹਨ, ਸਗੋਂ ਸਮਾਜਿਕ ਜ਼ਿੰਮੇਵਾਰੀਆਂ ਨੂੰ ਵੀ ਸਮਝਦੇ ਹਨ। ਪੰਜਾਬੀ ਸਾਹਿਤ, ਲੋਕ ਕਲਾ ਤੇ ਸੰਗੀਤ ਇਥੋਂ ਦੇ ਵਿਦਿਆਰਥੀ ਜੀਵਨ ਦਾ ਅਟੁੱਟ ਹਿੱਸਾ ਹਨ।

ਪੰਜਾਬ ਯੂਨੀਵਰਸਿਟੀ ਚੰਡੀਗੜ, ਮਹਿਜ਼ ਇੱਟਾਂ ਅਤੇ ਸੀਮੈਂਟ ਨਾਲ ਬਣੀ ਇੱਕ ਇਮਾਰਤ ਨਹੀਂ, ਸਗੋਂ ਇਹ ਪੰਜਾਬ ਦੀ ਸੱਭਿਆਚਾਰਕ, ਬੌਧਿਕ ਅਤੇ ਇਤਿਹਾਸਕ ਪਛਾਣ ਦਾ ਇੱਕ ਜੀਵੰਤ ਪ੍ਰਤੀਕ ਹੈ । ਇਸ ਦੀ ਨੀਂਹ ਭਾਵੇਂ 1882 ਵਿੱਚ ਲਾਹੌਰ ਵਿੱਚ ਰੱਖੀ ਗਈ ਸੀ, ਪਰ 1947 ਦੀ ਵੰਡ ਤੋਂ ਬਾਅਦ ਇਸ ਨੇ 1956 ਵਿੱਚ ਚੰਡੀਗੜ੍ਹ ਵਿੱਚ ਆਪਣਾ ਮੌਜੂਦਾ ਕੈਂਪਸ ਸਥਾਪਤ ਕੀਤਾ ਅਤੇ ਨਵੇਂ ਪੰਜਾਬ ਦੀ ਆਤਮਾ ਨੂੰ ਸੁਰਜੀਤ ਕਰਨ ਵਿੱਚ ਅਹਿਮ ਭੂਮਿਕਾ ਨਿਭਾਈ।

**ਇਤਿਹਾਸਕ ਵਿਰਾਸਤ ਅਤੇ ਬੌਧਿਕ ਕੇਂਦਰ:** ਯੂਨੀਵਰਸਿਟੀ ਦਾ ਇਤਿਹਾਸ ਪੰਜਾਬ ਦੇ ਇਤਿਹਾਸ ਨਾਲ ਗੂੜ੍ਹਾ ਜੁੜਿਆ ਹੋਇਆ ਹੈ। ਇਹ ਉਹ ਕੇਂਦਰ ਰਿਹਾ ਹੈ, ਜਿੱਥੇ ਸਿੱਖਿਆ, ਕਲਾ, ਵਿਗਿਆਨ ਅਤੇ ਰਾਜਨੀਤੀ ਦੇ ਖੇਤਰ ਵਿੱਚ ਅਨੇਕਾਂ ਮਹਾਨ ਸ਼ਖਸੀਅਤਾਂ ਨੇ ਜਨਮ ਲਿਆ। ਇਸ ਨੇ ਦਹਾਕਿਆਂ ਤੋਂ ਪੰਜਾਬ ਅਤੇ ਪੂਰੇ ਦੇਸ਼ ਦੇ ਕੋਨੇ-ਕੋਨੇ ਤੋਂ ਆਏ ਵਿਦਿਆਰਥੀਆਂ ਨੂੰ ਗਿਆਨ ਅਤੇ ਰੋਸ਼ਨੀ ਦਿੱਤੀ ਹੈ। ਯੂਨੀਵਰਸਿਟੀ ਨੇ ਵੱਡੇ ਅਫ਼ਸਰ, ਵਿਦਵਾਨ, ਕਲਾਕਾਰ ਅਤੇ ਰਾਸ਼ਟਰੀ ਪੱਧਰ 'ਤੇ ਪੰਜਾਬ ਦੀ ਆਵਾਜ਼ ਬਣਨ ਵਾਲੇ ਨੇਤਾ ਪੈਦਾ ਕੀਤੇ ਹਨ।

*__1882 ਵਿੱਚ ਸਥਾਪਨਾ:__ ਲਾਹੌਰ (ਹੁਣ ਪਾਕਿਸਤਾਨ) ਵਿੱਚ ਪੰਜਾਬ ਯੂਨੀਵਰਸਿਟੀ ਕਾਇਮ ਕੀਤੀ ਗਈ।

*__1956 ਵਿੱਚ ਚੰਡੀਗੜ੍ਹ ਕੈਂਪਸ:__ ਵੰਡ ਤੋਂ ਬਾਅਦ ਯੂਨੀਵਰਸਿਟੀ ਦਾ ਮੌਜੂਦਾ ਕੈਂਪਸ ਚੰਡੀਗੜ੍ਹ ਦੇ ਸੈਕਟਰ 14 ਅਤੇ 25 ਵਿੱਚ ਸਥਾਪਤ ਹੋਇਆ ।

**ਸੱਭਿਆਚਾਰਕ ਅਤੇ ਸਮਾਜਕ ਰੂਹ:** ਪੰਜਾਬ ਯੂਨੀਵਰਸਿਟੀ ਦੀ ਅਸਲ ਖੂਬਸੂਰਤੀ ਇਸ ਦੇ ਵਿਦਿਆਰਥੀ ਕੇਂਦਰ ਵਿੱਚ ਝਲਕਦੀ ਹੈ, ਜੋ ਕਿ ਸਿਰਫ਼ ਇੱਕ ਇਮਾਰਤ ਨਹੀਂ, ਸਗੋਂ ਕੈਂਪਸ ਦੀ ਸੱਭਿਆਚਾਰਕ ਨਬਜ਼ ਹੈ। ਇਹ ਉਹ ਥਾਂ ਹੈ, ਜਿੱਥੇ ਵੱਖ-ਵੱਖ ਵਿਚਾਰਾਂ, ਪਹਿਰਾਵਿਆਂ ਅਤੇ ਖੇਤਰਾਂ ਦੇ ਵਿਦਿਆਰਥੀ ਮਿਲਦੇ ਹਨ, ਵਿਚਾਰ-ਵਟਾਂਦਰਾ ਕਰਦੇ ਹਨ ਅਤੇ ਇੱਕ ਸੰਜੀਦਾ ਬਹਿਸ ਦਾ ਮਾਹੌਲ ਬਣਾਉਂਦੇ ਹਨ । ਪੰਜਾਬੀ ਸਾਹਿਤ, ਕਲਾ, ਸੰਗੀਤ ਅਤੇ ਖੇਡਾਂ ਨੂੰ ਉਤਸ਼ਾਹਤ ਕਰਨ ਵਾਲੇ ਵਿਭਾਗਾਂ ਨੇ ਇਸ ਨੂੰ ਸੱਚਮੁੱਚ ਪੰਜਾਬ ਦੀ ਅਮੀਰ ਵਿਰਾਸਤ ਦਾ ਗੜ੍ਹ ਬਣਾਇਆ ਹੈ।ਇਹ ਪੰਜਾਬ, ਹਰਿਆਣਾ, ਹਿਮਾਚਲ ਅਤੇ ਹੋਰ ਰਾਜਾਂ ਦੇ ਵਿਦਿਆਰਥੀਆਂ ਦਾ ਇੱਕ ਸੰਗਮ ਹੈ, ਜੋ ਇੱਥੇ ਆ ਕੇ ਇੱਕ ਸਾਂਝੀ ਸੱਭਿਆਚਾਰਕ ਪਛਾਣ ਸਿਰਜਦੇ ਹਨ।

ਯੂਨੀਵਰਸਿਟੀ ਵਿਗਿਆਨ, ਤਕਨਾਲੋਜੀ ਅਤੇ ਕਲਾ ਦੇ ਖੇਤਰਾਂ ਵਿੱਚ ਉੱਚ-ਪੱਧਰੀ ਕੋਰਸ ਅਤੇ ਖੋਜ ਡਿਗਰੀਆਂ ਪ੍ਰਦਾਨ ਕਰਦੀ ਹੈ, ਜਿਸ ਨਾਲ ਪੰਜਾਬ ਦੀ ਨਵੀਂ ਪੀੜ੍ਹੀ ਵਿਸ਼ਵ ਪੱਧਰ 'ਤੇ ਮੁਕਾਬਲਾ ਕਰਨ ਦੇ ਸਮਰੱਥ ਹੁੰਦੀ ਹੈ।

**ਪੰਜਾਬ ਦੇ ਹੱਕਾਂ ਦੀ ਰਾਖੀ:** ਮੌਜੂਦਾ ਸਮੇਂ ਵਿੱਚ ਪੰਜਾਬ ਯੂਨੀਵਰਸਿਟੀ ਦੀ ਸਥਿਤੀ ਅੰਤਰ-ਰਾਜੀ ਬਾਡੀ ਕਾਰਪੋਰੇਟ ਵਜੋਂ ਕੇਂਦਰ ਸਰਕਾਰ ਦੇ ਅਧੀਨ ਹੈ, ਜਿਸ ਵਿੱਚ ਪੰਜਾਬ ਸਰਕਾਰ ਦਾ ਵੀ ਯੋਗਦਾਨ ਹੈ । ਸਮੇਂ-ਸਮੇਂ 'ਤੇ ਇਸ ਦੀ ਸਥਿਤੀ ਨੂੰ ਲੈ ਕੇ ਵਿਵਾਦ ਖੜ੍ਹੇ ਹੁੰਦੇ ਰਹੇ ਹਨ, ਜਿੱਥੇ ਪੰਜਾਬ ਨਾਲ ਜੁੜੇ ਸੰਗਠਨ ਇਸ ਨੂੰ ਪੰਜਾਬ ਦੇ ਹੱਕਾਂ ਦਾ ਪ੍ਰਤੀਕ ਮੰਨਦੇ ਹੋਏ ਇਸ ਦੇ ਪੰਜਾਬ ਦੇ ਅਧਿਕਾਰ ਖੇਤਰ ਵਿੱਚ ਰਹਿਣ ਦੀ ਵਕਾਲਤ ਕਰਦੇ ਹਨ। ਉਨ੍ਹਾਂ ਦਾ ਮੰਨਣਾ ਹੈ ਕਿ ਇਹ ਸੰਸਥਾ ਸਿਰਫ਼ ਪੜ੍ਹਾਉਂਦੀ ਨਹੀਂ, ਸਗੋਂ ਪੰਜਾਬ ਦੀ ਆਵਾਜ਼ ਅਤੇ ਮੂਲ ਭਾਵਨਾ ਨੂੰ ਵੀ ਜਿਉਂਦਾ ਰੱਖਦੀ ਹੈ।

ਸਿੱਟੇ ਵਜੋਂ, ਪੰਜਾਬ ਯੂਨੀਵਰਸਿਟੀ ਚੰਡੀਗੜ੍ਹ ਸਿਰਫ਼ ਇੱਕ ਅਕਾਦਮਿਕ ਸੰਸਥਾ ਨਹੀਂ, ਸਗੋਂ ਇੱਕ ਚਲਦਾ-ਫਿਰਦਾ ਇਤਿਹਾਸ ਹੈ। ਇਹ ਪੰਜਾਬ ਦੀ ਮਿੱਟੀ, ਮਿਹਨਤ ਅਤੇ ਮਾਣ ਨੂੰ ਦਰਸਾਉਂਦੀ ਹੈ। ਇਸ ਦੀ ਹੋਂਦ ਪੰਜਾਬ ਦੇ ਲੋਕਾਂ ਲਈ ਮਾਣ, ਸਿੱਖਿਆ ਅਤੇ ਸੱਭਿਆਚਾਰ ਦਾ ਸਰੋਤ ਹੈ, ਜੋ ਇਸ ਨੂੰ ਅਸਲ ਵਿੱਚ ਪੰਜਾਬ ਦੀ ਰੂਹ ਦਾ ਪ੍ਰਤੀਕ ਬਣਾਉਂਦਾ ਹੈ।

ਪੰਜਾਬ ਯੂਨੀਵਰਸਿਟੀ ਦਾ ਮਾਣ ਇਸ ਗੱਲ ਵਿੱਚ ਹੈ ਕਿ ਇਹ ਹਰ ਪੰਜਾਬੀ ਦਾ ਗੌਰਵ ਹੈ। ਇਸ ਦੀ ਹਰ ਇਮਾਰਤ, ਹਰ ਦਰੱਖ਼ਤ ਤੇ ਹਰ ਵਿਦਿਆਰਥੀ ਵਿੱਚ ਪੰਜਾਬ ਦੀ ਰੂਹ ਵੱਸਦੀ ਹੈ। ਇਸ ਲਈ ਕਹਿਣਾ ਠੀਕ ਹੈ। ਪੰਜਾਬ ਯੂਨੀਵਰਸਿਟੀ ਸਿਰਫ਼ ਚੰਡੀਗੜ੍ਹ ਦੀ ਨਹੀਂ, ਇਹ ਪੂਰੇ ਪੰਜਾਬ ਦੀ ਹੈ।

# ਚੋਣ ਨਤੀਜੇ ਨੇ ਸਿਆਸੀ ਪਾਰਟੀਆਂ ਦੀਆਂ ਲਗਾਮਾਂ ਨੂੰ ਤੁਣਕੇ ਮਾਰੇ

**ਬਲਵਿੰਦਰ ਸਿੰਘ ਭੁੱਲਰ**

ਪੰਜਾਬ ਦੇ ਹਲਕਾ ਤਰਨ ਤਾਰਨ ਦੀ ਜ਼ਿਮਨੀ ਚੋਣ ਦੇ ਨਤੀਜੇ ਨੇ ਸੂਬੇ ਦੀਆਂ ਸਾਰੀਆਂ ਪਾਰਟੀਆਂ ਦੇ ਆਗੂਆਂ ਦੀਆਂ ਲਗਾਮਾਂ ਨੂੰ ਤੁਣਕੇ ਮਾਰੇ ਹਨ। ਸਾਰੀਆਂ ਪਾਰਟੀਆਂ ਇਸ ਨਤੀਜੇ ਤੋਂ ਸੋਚਣ ਲਈ ਮਜਬੂਰ ਹੋ ਜਾਣਗੀਆਂ। ਗੱਲ ਕੇਵਲ ਜਿੱਤ-ਹਾਰ ਦੀ ਨਹੀਂ ਹੈ, ਮਸਲਾ ਅਗਲੀਆਂ ਵਿਧਾਨ ਸਭਾ ਚੋਣਾਂ ਲਈ ਰਸਤਾ ਤਹਿ ਕਰਨ ਦਾ ਹੈ। ਚੋਣ ਪ੍ਰਚਾਰ ਦੌਰਾਨ ਵੀ ਇਹ ਗੱਲ ਪੂਰੇ ਜ਼ੋਰ ਨਾਲ ਉੱਭਰੀ ਸੀ ਕਿ ਤਰਨ ਤਾਰਨ ਵਿਧਾਨ ਸਭਾ ਹਲਕੇ ਦੀ ਇਹ ਚੋਣ 2027 ਦੀਆਂ ਵਿਧਾਨ ਸਭਾ ਦੀਆਂ ਚੋਣਾਂ ਦਾ ਰਸਤਾ ਵਿਖਾਵੇਗੀ। ਨਤੀਜੇ ਨੇ ਸਪੱਸ਼ਟ ਕਰ ਦਿੱਤਾ ਹੈ ਕਿ ਅਗਲੀਆਂ ਵਿਧਾਨ ਸਭਾ ਚੋਣਾਂ ਦੇ ਸੰਦਰਭ ਵਿੱਚ ਸਾਰੀਆਂ ਪਾਰਟੀਆਂ ਨੂੰ ਆਪਣੀ ਆਪਣੀ ਹੈਸੀਅਤ, ਕੀਤੇ ਗਲਤ ਫੈਸਲੇ, ਪੰਜਾਬ ਦੇ ਨਸ਼ਿਆਂ ਤੇ ਬੇਰੁਜਗਾਰੀ ਵਰਗੇ ਅਸਲ ਮੁੱਦਿਆਂ, ਕੀਤੇ ਜਾਣ ਵਾਲੇ ਗੱਠਜੋੜਾਂ ਬਾਰੇ ਡੂੰਘਾਈ ਨਾਲ ਵਿਚਾਰ ਕਰਕੇ ਹੀ ਰਾਹ ਅਖ਼ਤਿਆਰ ਕਰਨਾ ਪਵੇਗਾ।

ਭਾਵੇਂ ਇਹ ਚੋਣ ਆਮ ਆਦਮੀ ਪਾਰਟੀ ਦੇ ਉਮੀਦਵਾਰ ਹਰਮੀਤ ਸਿੰਘ ਸੰਧੂ ਨੇ 42,649 ਵੋਟਾਂ ਹਾਸਲ ਕਰਕੇ ਜਿੱਤ ਲਈ ਹੈ, ਪਰ ਇਹ ਆਮ ਧਾਰਨਾ ਹੀ ਹੈ ਕਿ ਜ਼ਿਮਨੀ ਚੋਣ ਸੱਤਾਧਾਰੀ ਪਾਰਟੀ ਹੀ ਜਿੱਤ ਜਾਂਦੀ ਹੁੰਦੀ ਹੈ। ਇਹ ਉਮੀਦਵਾਰ ਸਾਬਕਾ ਅਕਾਲੀ ਵਿਧਾਇਕ ਹੈ, ਉਹ ਪਹਿਲਾਂ ਵੀ ਤਿੰਨ ਵਾਰ ਐੱਮ ਐੱਲ ਏ ਬਣ ਚੁੱਕਾ ਸੀ, ਉਸ ਨੇ ਆਪਣੇ ਏਨੇ ਲੰਮੇ ਸਿਆਸੀ ਜੀਵਨ ਵਿੱਚ ਹਲਕੇ ਦੇ ਲੋਕਾਂ ਦੇ ਨਿੱਜੀ ਕੰਮ ਕਰਕੇ ਵੀ ਚੰਗੇ ਸੰਬੰਧ ਬਣਾਏ ਹੋਏ ਸਨ। ਦੂਜੇ ਪਾਸੇ ਉਸ ਨੂੰ ਸਰਕਾਰ ਵੱਲੋਂ ਹਰ ਤਰ੍ਹਾਂ ਦਾ ਸਹਿਯੋਗ ਮਿਲਿਆ। ਪਾਰਟੀ ਦੀ ਸਮੁੱਚੀ ਹਾਈ ਕਮਾਂਡ ਤੇ ਸੂਬਾ ਸਰਕਾਰ ਨੇ ਦਿਨ-ਰਾਤ ਇੱਕ ਕਰਕੇ ਪ੍ਰਚਾਰ ਕੀਤਾ।

ਦੂਜੇ ਨੰਬਰ 'ਤੇ ਸ਼੍ਰੋਮਣੀ ਅਕਾਲੀ ਦਲ ਦੀ ਉਮੀਦਵਾਰ ਸੁਖਵਿੰਦਰ ਕੌਰ ਰੰਧਾਵਾ 30,558 ਵੋਟਾਂ ਲੈ ਕੇ ਦੂਜੇ ਰਹੀ ਹੈ। ਸ਼੍ਰੋਮਣੀ ਅਕਾਲੀ ਦਲ ਦੀ ਬੇਅਦਬੀ ਮਾਮਲਿਆਂ ਸਦਕਾ ਦਸ ਸਾਲਾਂ ਤੋਂ ਹਾਲਤ ਬਹੁਤ ਮੰਦੀ ਰਹੀ ਹੈ। ਪਾਰਟੀ ਪ੍ਰਧਾਨ ਸੁਖਬੀਰ ਸਿੰਘ ਬਾਦਲ ਵੱਲੋਂ ਸ੍ਰੀ ਅਕਾਲ ਤਖ਼ਤ ਸਾਹਿਬ ਦੇ ਸਨਮੁੱਖ ਹੋ ਕੇ ਗਲਤੀਆਂ ਸਵੀਕਾਰ ਕਰਨ ਅਤੇ ਬਾਅਦ ਵਿੱਚ ਹੁਕਮਨਾਮੇ ਦੀ ਉਲੰਘਣਾ ਕੀਤੇ ਜਾਣ ਸਦਕਾ ਲੋਕਾਂ ਵਿੱਚ ਬਹੁਤ ਗੁੱਸਾ ਤੇ ਰੋਸ ਵੀ ਰਿਹਾ ਹੈ। ਵੱਡੇ ਵੱਡੇ ਦਿੱਗਜ਼ ਆਗੂ ਪਾਰਟੀ ਛੱਡ ਕੇ ਬਾਹਰ ਵੀ ਚਲੇ ਗਏ ਸਨ ਅਤੇ ਸ੍ਰੀ ਅਕਾਲ ਤਖ਼ਤ ਸਾਹਿਬ ਦੇ ਹੁਕਮਾਂ ਅਨੁਸਾਰ ਨਵਾਂ ਅਕਾਲੀ ਦਲ ਬਣਾ ਲਿਆ। ਬਾਦਲ ਨੂੰ ਪਾਰਟੀ ਦੇ ਮੁੜ ਪੈਰਾਂ 'ਤੇ ਖੜੀ ਕਰਨ ਦੀ ਬਹੁਤ ਚਿੰਤਾ ਸੀ। ਅਕਾਲੀ ਦਲ ਦੇ ਵੱਡੇ ਆਗੂ ਬਿਕਰਮ ਸਿੰਘ ਮਜੀਠੀਆ ਜੇਲ੍ਹ ਵਿੱਚ ਹਨ, ਬਾਦਲ ਪਰਵਾਰ ਦੇ ਜਵਾਈ ਆਦੇਸ਼ ਪ੍ਰਤਾਪ ਸਿੰਘ ਕੈਰੋਂ ਪਾਰਟੀ ਤੋਂ ਕਿਨਾਰਾ ਕਰ ਗਏ ਸਨ, ਵਿਰਸਾ ਸਿੰਘ ਵਲਟੋਹਾ ਸ੍ਰੀ ਅਕਾਲ ਤਖ਼ਤ ਸਾਹਿਬ ਦੇ ਹੁਕਮਾਂ ਸਦਕਾ ਚੋਣ ਪ੍ਰਚਾਰ ਤੋਂ ਪਾਸੇ ਰਹੇ। ਪਰ ਸੁਖਬੀਰ ਨੇ ਇਹ ਚੋਣ ਜਿੱਤਣ ਲਈ ਬਹੁਤ ਮਿਹਨਤ ਕੀਤੀ। ਅਕਾਲੀ ਦਲ ਦੀ ਉਮੀਦਵਾਰ ਚੰਗੀਆਂ ਵੋਟਾਂ ਹਾਸਲ ਕਰਕੇ ਦੂਜੇ ਨੰਬਰ 'ਤੇ ਰਹੀ। ਪਾਰਟੀ ਦੀ ਇਸ ਚੰਗੀ ਕਾਰਗੁਜ਼ਾਰੀ ਸਦਕਾ ਲੋਕਾਂ ਨੇ ਇੱਕ ਤਰ੍ਹਾਂ ਨਾਲ ਮੁੜ ਸੁਖਬੀਰ ਸਿੰਘ ਬਾਦਲ ਦੇ ਅਕਾਲੀ ਦਲ ਨੂੰ ਪ੍ਰਵਾਨਗੀ ਦੇ ਦਿੱਤੀ। ਅਕਾਲੀ ਦਲ ਦੀ ਕਾਰਗੁਜ਼ਾਰੀ ਲਈ ਕੁਝ ਲੋਕ ਮਾਝੇ ਦੇ ਦੋਵਾਂ ਆਗੂਆਂ ਮਜੀਠੀਆ ਤੇ ਵਲਟੋਹਾ ਦੇ ਚੋਣ ਮੁਹਿੰਮ ਤੋਂ ਪਾਸੇ ਹੋਣਾ ਵੀ ਕਹਿ ਰਹੇ ਹਨ। ਉਹਨਾਂ ਦਾ ਕਹਿਣਾ ਹੈ ਕਿ ਜੇ ਉਹ ਚੋਣਾਂ ਲਈ ਪ੍ਰਚਾਰ ਕਰਨ ਸਮੇਂ ਲੋਕਾਂ ਵਿੱਚ ਵਿਚਰਦੇ ਤਾਂ ਸ਼ਾਇਦ ਵੋਟਰਾਂ ਦਾ ਅਕਾਲੀ ਦਲ ਪ੍ਰਤੀ ਗੁੱਸਾ ਹੋਰ ਵਧ ਜਾਂਦਾ, ਉਹ ਲੋਕ ਇਹਨਾਂ ਆਗੂਆਂ ਦੇ ਪਾਸੇ ਰਹਿਣ ਨੂੰ ਸ਼ੁਭ ਹੀ ਮੰਨ ਰਹੇ ਹਨ।



ਤੀਜੇ ਨੰਬਰ 'ਤੇ 19620 ਵੋਟਾਂ ਪ੍ਰਾਪਤ ਕਰਕੇ ਮਨਦੀਪ ਸਿੰਘ ਰਹੇ ਹਨ। ਉਹ ਭਾਵੇਂ ਵਾਰਸ ਪੰਜਾਬ ਦੇ ਪਾਰਟੀ ਦੇ ਉਮੀਦਵਾਰ ਮੰਨੇ ਜਾ ਰਹੇ ਸਨ, ਪਰ ਨਿਯਮਾਂ ਅਨੁਸਾਰ ਉਹ ਆਜ਼ਾਦ ਉਮੀਦਵਾਰ ਸਨ। ਉਹਨਾ ਨੂੰ ਪੁਨਰ ਸੁਰਜੀਤ ਅਕਾਲੀ ਦਲ, ਅਕਾਲੀ ਦਲ ਅੰਮ੍ਰਿਤਸਰ ਅਤੇ ਹੋਰ ਸਿੱਖ ਸੰਸਥਾਵਾਂ ਦੀ ਹਮਾਇਤ ਵੀ ਪ੍ਰਾਪਤ ਸੀ। ਚੋਣਾਂ ਸਮੇਂ ਤਾਂ ਉਸ ਨੂੰ ਸਭ ਤੋਂ ਅੱਗੇ ਰਹਿਣ ਵਾਲਾ ਉਮੀਦਵਾਰ ਮੰਨਿਆ ਜਾ ਰਿਹਾ ਸੀ। ਮੀਡੀਆ ਵਿੱਚ ਵੀ ਉਸ ਨੂੰ ਜੇਤੂ ਹੀ ਵਿਖਾਇਆ ਜਾ ਰਿਹਾ ਸੀ, ਪਰ ਉਹ ਉਮੀਦਾਂ ਤੋਂ ਬਹੁਤ ਪਿੱਛੇ ਰਹਿ ਗਿਆ। ਉਸ ਦੀ ਹਾਰ ਨੇ ਇਹ ਵੀ ਸਪੱਸ਼ਟ ਕਰ ਦਿੱਤਾ ਕਿ ਪੰਜਾਬ ਦੇ ਲੋਕ ਗਰਮ ਖਿਆਲਾਂ ਤੇ ਗਰਮ ਨਾਅਰਿਆਂ ਅਤੇ ਕੱਟੜਤਾ ਨੂੰ ਚੰਗਾ ਨਹੀਂ ਸਮਝਦੇ, ਬਲਕਿ ਪੰਜਾਬ ਵਿੱਚ ਸ਼ਾਂਤੀ ਚਾਹੁੰਦੇ ਹਨ। ਅਕਾਲੀ ਦਲ ਅੰਮ੍ਰਿਤਸਰ ਦਾ ਪ੍ਰਧਾਨ ਸਿਮਰਨਜੀਤ ਸਿੰਘ ਮਾਨ ਭਾਵੇਂ ਇਸ ਹਲਕੇ ਤੋਂ ਇੱਕ ਵਾਰ ਜੇਲ੍ਹ ਵਿੱਚ ਬੈਠਾ ਹੀ ਰਿਕਾਰਡ-ਤੋੜ ਵੋਟਾਂ ਨਾਲ ਲੋਕ ਸਭਾ ਚੋਣ ਜਿੱਤ ਗਿਆ ਸੀ, ਪਰ ਹੁਣ ਇਸ ਪਾਰਟੀ ਦਾ ਇੱਥੇ ਕੋਈ ਅਸਰ ਵਿਖਾਈ ਨਹੀਂ ਦਿੱਤਾ। ਅਕਾਲੀ ਦਲ ਪੁਨਰ ਸੁਰਜੀਤੀ ਦਾ ਭਾਵੇਂ ਹਲਕੇ ਵਿੱਚ ਕਾਫ਼ੀ ਪ੍ਰਭਾਵ ਵਿਖਾਈ ਦਿੱਤਾ, ਪਰ ਹਲਕੇ ਦੇ ਲੋਕਾਂ ਨੇ ਉਸ ਦੀ ਸਹਿਯੋਗ ਕਰਨ ਵਾਲੀ ਨੀਤੀ ਨੂੰ ਪ੍ਰਵਾਨਗੀ ਨਾ ਦਿੱਤੀ।

ਜਿੱਥੋਂ ਤੱਕ ਕਾਂਗਰਸ ਪਾਰਟੀ ਦਾ ਸੁਆਲ ਹੈ, ਉਸ ਦਾ ਉਮੀਦਵਾਰ ਕਰਨਵੀਰ ਸਿੰਘ 15,078 ਵੋਟਾਂ ਹਾਸਲ ਕਰਕੇ ਚੌਥੇ ਸਥਾਨ 'ਤੇ ਰਿਹਾ ਹੈ। ਇਸ ਵਿੱਚ ਵੀ ਕੋਈ ਸ਼ੱਕ ਨਹੀਂ ਕਿ ਕਾਂਗਰਸ ਦੀ ਪੁਜ਼ੀਸ਼ਨ ਚੰਗੀ ਵਿਖਾਈ ਦਿੰਦੀ ਸੀ, ਮੌਜੂਦਾ ਸਰਕਾਰ ਅਤੇ ਸ਼੍ਰੋਮਣੀ ਅਕਾਲੀ ਦਾ ਵਿਰੋਧ ਹੋਣ ਸਦਕਾ ਕਾਂਗਰਸ ਨੂੰ ਹੁੰਗਾਰਾ ਮਿਲ ਰਿਹਾ ਸੀ, ਪਰ ਕਾਂਗਰਸ ਦੇ ਆਗੂਆਂ ਦੀ ਮੁੱਖ ਮੰਤਰੀ ਬਣਨ ਦੀ ਲਾਲਸਾ ਨੇ ਪਹਿਲਾਂ ਵੀ ਕਈ ਚੋਣਾਂ ਹਰਾਈਆਂ ਹਨ ਅਤੇ ਇਸ ਵਾਰ ਵੀ ਉਹੋ ਹੀ ਹੋਇਆ। ਉਹ ਇੱਕ-ਦੂਜੇ ਨੂੰ ਨੀਵਾਂ ਵਿਖਾਉਣ ਲਈ ਲੱਤਾਂ ਖਿੱਚਦੇ ਰਹੇ। ਪਾਰਟੀ ਦੇ ਇੱਕ ਆਗੂ ਵੱਲੋਂ ਦਿੱਤੇ ਬਿਆਨਾਂ ਸਦਕਾ ਦਲਿਤ ਵੋਟਾਂ ਨੂੰ ਖੋਰਾ ਲੱਗਿਆ ਅਤੇ ਕਾਂਗਰਸ ਦੇ ਵਿਰੋਧ ਨੇ ਜ਼ੋਰ ਫੜਿਆ, ਵਿਰੋਧੀਆਂ ਨੂੰ ਮੁੱਦਾ ਮਿਲ ਗਿਆ। ਅਗਲੀਆਂ ਚੋਣਾਂ ਨਾਲ ਪੰਜਾਬ ਦੀ ਵਾਗਡੋਰ ਸੰਭਾਲਣ ਦੀਆਂ ਉਮੀਦਾਂ ਲਾਈ ਬੈਠੀ ਕਾਂਗਰਸ ਪਾਰਟੀ ਦੇ ਨੇਤਾਵਾਂ ਨੂੰ ਇਸ ਚੋਣ ਤੋਂ ਸਬਕ ਲੈਣਾ ਚਾਹੀਦਾ ਹੈ ਕਿ ਸਰਕਾਰ ਤਾਂ ਹੀ ਬਣੇਗੀ, ਜੇ ਇੱਕਮੁੱਠ ਹੋ ਕੇ ਪਾਰਟੀ ਲਈ ਕੰਮ ਕੀਤਾ ਜਾਵੇ, ਮੁੱਖ ਮੰਤਰੀ ਬਣਨਾ ਤਾਂ ਬਾਅਦ ਦੀ ਗੱਲ ਹੈ।

ਪੰਜਵੇਂ ਨੰਬਰ 'ਤੇ ਭਾਜਪਾ ਦਾ ਉਮੀਦਵਾਰ ਹਰਜੀਤ ਸਿੰਘ ਸੰਧੂ ਰਿਹਾ, ਜਿਸ ਨੂੰ ਕੇਵਲ 6,239 ਵੋਟਾਂ ਹੀ ਮਿਲੀਆਂ ਅਤੇ ਉਸ ਦੀ ਜ਼ਮਾਨਤ ਵੀ ਜ਼ਬਤ ਹੋ ਗਈ। ਇਸ ਹਲਕੇ ਦੇ ਚੋਣ ਨਤੀਜੇ ਨੇ ਇਹ ਵੀ ਸਪੱਸ਼ਟ ਕਰ ਦਿੱਤਾ ਹੈ ਕਿ ਅਜੇ ਭਾਜਪਾ ਪੰਜਾਬ ਦੇ ਲੋਕਾਂ ਦੇ ਦਿਲਾਂ ਵਿੱਚ ਸਥਾਨ ਨਹੀਂ ਬਣਾ ਸਕੀ। ਕੇਂਦਰ 'ਚ ਰਾਜ ਕਰਦੀ ਇਸ ਪਾਰਟੀ ਨੇ ਸੂਬੇ ਦੇ ਦੂਜੀਆਂ ਪਾਰਟੀਆਂ ਦੇ ਵੱਡੇ-ਵੱਡੇ ਆਗੂ ਵੀ ਭਾਜਪਾ ਵਿੱਚ ਸ਼ਾਮਲ ਕਰਵਾਏ। ਕਾਂਗਰਸ ਦੇ ਸਿਰਕੱਢ ਆਗੂ ਕੈਪਟਨ ਅਮਰਿੰਦਰ ਸਿੰਘ ਜਾਂ ਸੁਨੀਲ ਜਾਖ਼ੜ ਵਰਗੇ ਵੀ ਭਾਜਪਾ ਵਿੱਚ ਸ਼ਾਮਲ ਹੋਏ, ਅਕਾਲੀ ਦਲ ਦੇ ਸਰੂਪ ਸਿੰਗਲਾ ਵਰਗੇ ਆਗੂ ਤੇ ਅਹੁਦੇਦਾਰ ਵੀ ਵੱਡੀ ਉਮੀਦ ਨਾਲ ਜਾ ਰਲੇ। ਭਾਜਪਾ ਤਾਂ ਪੰਜਾਬ ਵਿੱਚ ਸਰਕਾਰ ਬਣਾਉਣ ਦੇ ਦਾਅਵੇ ਕਰ ਰਹੀ ਹੈ ਅਤੇ ਮੁੱਖ ਮੰਤਰੀ ਦੀ ਸਹੁੰ ਚੁਕਾਉਣ ਲਈ ਆਗੂ ਦੀ ਪਹਿਚਾਣ ਕੀਤੀ ਜਾ ਰਹੀ ਹੈ, ਪਰ ਤਰਨ ਤਾਰਨ ਦੀ ਚੋਣ ਨੇ ਸ਼ੀਸ਼ਾ ਵਿਖਾ ਦਿੱਤਾ ਹੈ ਕਿ ਪੰਜਾਬ 'ਚ ਭਾਜਪਾ ਦੀ ਪੁਜ਼ੀਸ਼ਨ ਕੀ ਹੈ।

ਹਲਕਾ ਤਰਨ ਤਾਰਨ ਦੀ ਚੋਣ ਭਾਵੇਂ ਇੱਕ ਵਿਧਾਨ ਸਭਾ ਹਲਕੇ ਦੀ ਜ਼ਿਮਨੀ ਚੋਣ ਸੀ, ਪਰ ਸਮੁੱਚੇ ਪੰਜਾਬ ਦੀ ਨਿਗਾਹ ਇਸ 'ਤੇ ਲੱਗੀ ਹੋਈ ਸੀ, ਕਿਉਂਕਿ ਇਸ ਨੇ ਅਗਲੀਆਂ ਵਿਧਾਨ ਸਭਾ ਚੋਣਾਂ ਲਈ ਰਾਹ ਵਿਖਾਉਣਾ ਸੀ। ਹੁਣ ਸਿਆਸੀ ਪਾਰਟੀਆਂ ਨੂੰ ਆਪਣੀ-ਆਪਣੀ ਪੁਜ਼ੀਸਨ ਅਤੇ ਕੀਤੀਆਂ ਗਲਤੀਆਂ ਦਾ ਵੀ ਪਤਾ ਲੱਗ ਗਿਆ ਹੈ। ਇਸ ਲਈ ਉਹ ਪਾਰਟੀ ਹੀ ਅਗਲੀਆਂ ਚੋਣਾਂ ਵਿੱਚ ਲਾਹਾ ਲੈ ਸਕੇਗੀ, ਜੋ ਡੂੰਘਾਈ ਨਾਲ ਵਿਚਾਰਾਂ ਕਰਕੇ ਪੰਜਾਬ ਦੇ ਵਿਕਾਸ ਲਈ ਨੀਤੀਆਂ ਸਪੱਸ਼ਟ ਕਰੇਗੀ ਅਤੇ ਸੂਬੇ 'ਚੋਂ ਬੁਰੀਆਂ ਅਲਾਮਤਾਂ ਨਸ਼ੇ, ਮਹਿੰਗਾਈ, ਬੇਰੁਜ਼ਗਾਰੀ, ਅਪਰਾਧਾਂ ਨੂੰ ਰੋਕਣ ਲਈ ਠੋਸ ਵਿਚਾਰ ਪੇਸ਼ ਕਰੇਗੀ। ਸਾਰੀਆਂ ਪਾਰਟੀਆਂ ਨੂੰ ਇਸ ਚੋਣ ਨਤੀਜੇ ਤੋਂ ਸਬਕ ਲੈਣਾ ਚਾਹੀਦਾ ਹੈ।

**# ਸੰਪਰਕ : 098882-75913**

# ਆਂਗਣਵਾੜੀ ਮੁਲਾਜ਼ਮਾਂ ਵੱਲੋਂ ਦੇਸ਼-ਵਿਆਪੀ ਸੱਦੇ 'ਤੇ ਰੋਹ ਭਰਪੂਰ ਕੀਤਾ ਪ੍ਰਦਰਸ਼ਨ ਤੇ ਨਾਅਰੇਬਾਜ਼ੀ



**ਬੁਢਲਾਡਾ (ਅਸ਼ੋਕ ਲਾਕੜਾ)**-ਦੇਸ਼ ਵਿਆਪੀ ਸੱਦੇ 'ਤੇ ਆਂਗਣਵਾੜੀ ਮੁਲਾਜ਼ਮ ਯੂਨੀਅਨ ਪੰਜਾਬ (ਸੀਟੂ) ਵੱਲੋਂ ਬਲਾਕ ਬੁਢਲਾਡਾ ਦੇ ਬਾਲ ਵਿਕਾਸ ਪ੍ਰੋਜੈਕਟ ਦਫ਼ਤਰ ਅੱਗੇ ਸੈਂਕੜਿਆਂ ਦੀ ਤਾਦਾਦ ਵਿੱਚ ਆਂਗਣਵਾੜੀ ਵਰਕਰਾਂ ਤੇ ਹੈਲਪਰਾਂ ਨੇ ਇਕੱਠੇ ਹੋ ਕੇ ਆਪਣੀਆਂ ਹੱਕੀ ਮੰਗਾਂ ਲਈ ਸੀ.ਡੀ.ਪੀ.ਓ. ਦਫ਼ਤਰ ਰਾਹੀਂ ਵਿਭਾਗ ਦੀ ਕੇਂਦਰੀ ਮੰਤਰੀ ਨੂੰ ਮੰਗ ਪੱਤਰ ਭੇਜਿਆ ਗਿਆ। ਪ੍ਰਦਰਸ਼ਨਕਾਰੀ ਆਂਗਣਵਾੜੀ ਮੁਲਾਜ਼ਮਾਂ ਨੇ ਸਰਕਾਰ ਦੀ ਤਾਨਾਸ਼ਾਹੀ ਖ਼ਿਲਾਫ਼ ਝੰਡੇ ਤੇ ਬੈਨਰ ਲੈ ਕੇ ਆਕਾਸ਼ ਗੂੰਜਾਊ ਨਾਅਰਿਆਂ ਨਾਲ ਆਪਣਾ ਦਰਦ ਬਿਆਨ ਕੀਤਾ।

ਆਂਗਣਵਾੜੀ ਮੁਲਾਜ਼ਮ ਯੂਨੀਅਨ (ਸੀਟੂ) ਦੇ ਬਲਾਕ ਆਗੂਆਂ ਸ਼ਿੰਦਰ ਕੌਰ ਬਰੇਟਾ, ਪਰਵਿੰਦਰ ਕੌਰ, ਤੇਜਿੰਦਰ ਕੌਰ ਵਾਲੀਆ ਤੇ ਮਨਜੀਤ ਕੌਰ ਬੋੜੇਕੇ ਨੇ ਕਿਹਾ ਕਿ ਬਾਲ ਦਿਵਸ ਮੌਕੇ ਦੇਸ਼ ਦੀਆਂ 26 ਲੱਖ ਤੋਂ ਵੱਧ ਆਂਗਣਵਾੜੀ ਮੁਲਾਜ਼ਮ ਭੈਣਾਂ, ਜੋ ਦੇਸ਼ ਵਿੱਚ 6 ਸਾਲ ਤੋਂ ਘੱਟ ਉਮਰ ਦੇ ਲਗਭਗ 8 ਕਰੋੜ ਬੱਚਿਆਂ ਦੀ ਦੇਖਭਾਲ ਕਰਦੀਆਂ ਹੋਈਆਂ ਆਪਣਾ ਗੁੱਸਾ ਤੇ ਨਿਰਾਸ਼ਾ ਪ੍ਰਗਟ ਕਰਦੀਆਂ ਹਨ ਕਿ ਮਹਿਲਾ ਤੇ ਬਾਲ ਵਿਕਾਸ ਵਿਭਾਗ ਨੇ ਉਨ੍ਹਾਂ ਨੂੰ ਆਈ.ਸੀ.ਡੀ.ਐਸ. ਯੋਜਨਾ ਦੇ 50 ਸਾਲ ਪੂਰੇ ਹੋਣ 'ਤੇ ਸਾਨੂੰ ਪੂਰੀ ਤਰ੍ਹਾਂ ਨਕਾਰਿਆ ਹੋਇਆ ਹੈ।ਉਨ੍ਹਾਂ ਕਿਹਾ ਕਿ ਇਸ ਇਤਿਹਾਸਕ ਯੋਜਨਾ ਦੀ ਸ਼ੁਰੂਆਤ ਜਿਸ ਨੇ 2 ਅਕਤੂਬਰ 1975 ਤੋਂ ਲੈ ਕੇ ਹੁਣ ਤੱਕ ਦੇਸ਼ ਦੇ ਲੱਖਾਂ ਬੱਚਿਆਂ ਤੇ ਔਰਤਾਂ ਦੇ ਪੋਸ਼ਣ ਸਿਹਤ ਅਤੇ ਸਿੱਖਿਆ ਵਿੱਚ ਬਹੁਤ ਯੋਗਦਾਨ ਪਾਇਆ ਹੈ ਪਰ ਸਰਕਾਰ ਨੇ ਸਿਰਫ਼ ਆਈ.ਸੀ.ਡੀ.ਸੀ. ਯੋਜਨਾ ਨੂੰ ਅਣਗੌਲਿਆ ਨਹੀਂ ਕੀਤਾ, ਸਗੋਂ ਆਂਗਣਵਾੜੀ ਵਰਕਰਾਂ ਅਤੇ ਹੈਲਪਰਾਂ ਦੇ ਬਹੁਮੁੱਲੇ ਯੋਗਦਾਨ ਨੂੰ ਵੀ ਅੱਖੋਂ ਪਰੋਖੇ ਕਰ ਦਿੱਤਾ ਹੈ।ਆਗੂਆਂ ਨੇ ਕਿਹਾ ਕਿ ਆਲ ਇੰਡੀਆ ਫੈਡਰੇਸ਼ਨ ਆਫ ਆਂਗਣਵਾੜੀ ਵਰਕਰਜ਼ ਐਂਡ ਹੈਲਪਰਜ਼ ਦੇ ਬੈਨਰ ਹੇਠ ਇਸ ਯੋਜਨਾ ਤੇ ਇਸ ਦੇ ਹਜ਼ਾਰਾਂ ਫਰੰਟ ਲਾਈਨ ਵਰਕਰਾਂ ਦੇ ਇਸ ਅਪਮਾਨ ਦੀ ਸਖ਼ਤ ਸ਼ਬਦਾਂ ਵਿੱਚ ਨਿੰਦਾ ਕਰਦੇ ਹਾਂ, ਜਿਨ੍ਹਾਂ ਮਾਣਭੱਤੇ ਵਰਗੀ ਮਾਮੂਲੀ ਰਕਮ ਲਈ ਸਾਲਾਂ ਤੋਂ ਇਕੱਠੇ ਕੰਮ ਕਰਦੇ ਸਮਾਜ ਲਈ ਜ਼ਬਰਦਸਤ ਕੁਰਬਾਨੀਆਂ ਦਿੱਤੀਆਂ।

ਆਗੂਆਂ ਨੇ ਮੰਗ ਕੀਤੀ ਕਿ ਵਿਭਾਗ ਇਸ ਸਬੰਧੀ ਢੁੱਕਵੇਂ ਸਮਾਗਮਾਂ ਦਾ ਆਯੋਜਨ ਕਰੇ ਤੇ ਆਈ.ਸੀ.ਡੀ.ਐਸ. ਦੀ ਗੋਲਡਨ ਜੁਬਲੀ ਨੂੰ ਢੁੱਕਵੇਂ ਢੰਗ ਨਾਲ ਮਨਾਉਣ ਦਾ ਪ੍ਰਬੰਧ ਕਰੇ।ਆਂਗਣਵਾੜੀ ਮੁਲਾਜ਼ਮ ਆਗੂਆਂ ਅਨੀਤਾ ਰਾਣੀ, ਪੁਸ਼ਪਾ ਖੁਡਾਲ, ਵੀਰਪਾਲ ਕੌਰ, ਸੁਮਨ ਲਤਾ ਤੇ ਬਲਵਿੰਦਰ ਕੌਰ ਬਹਾਦਰਪੁਰ ਨੇ ਆਂਗਣਵਾੜੀ ਵਰਕਰਾਂ ਅਤੇ ਹੈਲਪਰਾਂ ਦੀਆਂ ਸਮੱਸਿਆਵਾਂ ਸਬੰਧੀ ਬੋਲਦਿਆਂ ਕਿਹਾ ਸਰਕਾਰ ਲਾਭਪਾਤਰੀਆਂ ਨੂੰ ਰਾਸ਼ਨ ਲੈਣ ਲਈ ਐਫ.ਆਰ.ਐਸ. (ਹਰ ਵਾਰ 200-300 ਗ੍ਰਾਮ ਰਾਸ਼ਨ ਲਈ ਆਪਣੇ ਚਿਹਰੇ ਦੀ ਪਛਾਣ ਕਰਵਾਉਣੀ) ਤੋਂ ਵਾਂਝਾ ਕਰਨਾ ਚਾਹੀਦਾ ਹੈ ਸਰਕਾਰ ਬੱਜਟ ਵਧਾਉਣ ਦੀ ਜਗ੍ਹਾ ਪੋਸ਼ਣ ਟਰੈਕਰ ਦੇ ਨਾਂਅ 'ਤੇ ਨਿਗਰਾਨੀ ਰੱਖਣ ਦੇ ਨਾਂਅ ਉੱਤੇ ਲਾਭਪਾਤਰੀਆਂ ਨੂੰ ਲਾਭ ਤੋਂ ਵਾਂਝਾ ਰੱਖਣਾ ਚਾਹੁੰਦੀ ਹੈ। ਉਨ੍ਹਾਂ ਕਿਹਾ ਕਿ ਹੜ੍ਹਾਂ ਵਾਲੇ ਇਲਾਕਿਆਂ ਵਿੱਚ ਨਾ ਹੋਣ ਕਰਕੇ ਵਰਕਰਾਂ ਨੂੰ ਵਿਭਾਗੀ ਅਧਿਕਾਰੀਆਂ ਵੱਲੋਂ ਸਖ਼ਤ ਤਾੜਨਾ ਪੱਤਰ ਵੀ ਜਾਰੀ ਕੀਤੇ ਗਏ ਹਨ ਅਤੇ ਜਿਨ੍ਹਾਂ ਲਾਭਪਾਤਰੀਆਂ ਦਾ ਐਫ.ਆਰ.ਐਸ. ਨਹੀਂ ਹੋ ਸਕਿਆ ਉਨ੍ਹਾਂ ਲਾਭਪਾਤਰੀਆਂ ਨੂੰ ਸੂਚੀ ਵਿੱਚੋਂ ਬਾਹਰ ਕੱਢਣ ਲਈ ਮਜਬੂਰ ਕੀਤਾ ਜਾ ਰਿਹਾ ਹੈ।

# ਸੀਨੀਅਰ ਪੱਤਰਕਾਰ ਆਰ ਐੱਨ ਕਾਂਸਲ ਦਾ ਹੋਇਆ ਅੰਤਮ ਸੰਸਕਾਰ

## ਵੱਖ-ਵੱਖ ਜਥੇਬੰਦੀਆਂ ਵੱਲੋਂ ਦੁੱਖ ਪ੍ਰਗਟ



**ਸੁਨਾਮ ਊਧਮ ਸਿੰਘ ਵਾਲਾ (ਅਸ਼ੋਕ ਬਾਂਸਲ, ਹਾਕਮ ਭੱਟੀ)**-ਪੱਤਰਕਾਰ ਜਗਤ ਤੇ ਬਾਬਾ ਬੋਹੜ ਕਹੇ ਜਾਣੇ ਵਾਲੇ ਸੀਨੀਅਰ ਪੱਤਰਕਾਰ ਤੇ ਸਿਟੀ ਮੀਡੀਆ ਪ੍ਰੈੱਸ ਕਲੱਬ ਦੇ ਜਨਰਲ ਸਕੱਤਰ ਸ੍ਰੀ ਆਰ ਐੱਨ ਕਾਂਸਲ ਦੀ ਬੀਤੇ ਕੱਲ੍ਹ ਸੜਕ ਹਾਦਸੇ ਵਿੱਚ ਮੌਤ ਹੋ ਗਈ ਸੀ, ਜਿਸ ਨੂੰ ਲੈ ਕੇ ਉਨ੍ਹਾਂ ਦਾ ਅੰਤਿਮ ਸੰਸਕਾਰ ਅੱਜ ਸੁਨਾਮ ਦੇ ਬੱਸ ਸਟੈਂਡ ਨੇੜੇ ਸਵਰਗ ਦੁਆਰ ਵਿਖੇ ਕੀਤਾ ਗਿਆ।ਇਸ ਮੌਕੇ ਵੱਖ-ਵੱਖ ਜਥੇਬੰਦੀਆਂ ਤੇ ਸਮਾਜ ਸੇਵੀਆਂ ਵੱਲੋਂ ਦੁੱਖ ਪ੍ਰਗਟ ਕੀਤਾ ਗਿਆ ਤੇ ਉਨ੍ਹਾਂ ਨੂੰ ਮੁੱਖ ਅਗਨੀ ਉਨ੍ਹਾਂ ਦੇ ਬੇਟੇ ਤੇ ਬੇਟੀ ਵੱਲੋਂ ਦਿੱਤੀ ਗਈ।

ਇਸ ਮੌਕੇ ਕੈਬਨਿਟ ਮੰਤਰੀ ਅਮਨ ਅਰੋੜਾ, ਪੰਜਾਬ ਇਨਫੋਟੈੱਕ ਚੇਅਰਮੈਨ ਗੁਨਿੰਦਰਜੀਤ ਸਿੰਘ ਜਵੰਧਾ, ਜ਼ਿਲ੍ਹਾ ਪ੍ਰਧਾਨ ਭਾਜਪਾ ਮੈਡਮ ਦਾਮਨ ਥਿੰਦ ਬਾਜਵਾ, ਅਕਾਲੀ ਦਲ ਦੇ ਹਲਕਾ ਇੰਚਾਰਜ ਵਿਨਰਜੀਤ ਸਿੰਘ ਗੋਲਡੀ, ਹਰਮਨ ਦੇਵ ਬਾਜਵਾ, ਮਾਰਕੀਟ ਕਮੇਟੀ ਚੇਅਰਮੈਨ ਮੁਕੇਸ਼ ਜਨੇਜਾ, ਐੱਸ ਡੀ ਐੱਮ ਪ੍ਰਮੋਦ ਸਿੰਗਲਾ, ਆਰ ਐੱਸ ਐੱਸ ਦੇ ਸੀਨੀਅਰ ਸੰਗਠਨ ਸੇਵਕ, ਸਿਟੀ ਪ੍ਰੈੱਸ ਕਲੱਬ ਦੇ ਪ੍ਰਧਾਨ ਤਰੁਣ ਬਾਂਸਲ, ਵਪਾਰ ਮੰਡਲ ਪ੍ਰਧਾਨ ਨਰੇਸ਼ ਭੋਲਾ, ਪਵਨ ਗੁਜਰਾ, ਅਗਰਵਾਲ ਸਭਾ ਦੇ ਪ੍ਰਧਾਨ ਬਿਕਰਮ ਗਰਗ ਵਿੱਕੀ ਗੁਜਰਾਂ, ਸ਼ਿਵਰ ਗਰਗ, ਪ੍ਰੇਮ ਗੁਪਤਾ, ਸਾਬਕਾ ਟਰੱਸਟੀ ਗਵਰਨਰ ਘਨਸ਼ਿਆਮ ਕਾਂਸਲ, ਰੋਟਰੀ ਕਲੱਬ ਦੇ ਪ੍ਰਧਾਨ ਜਗਦੀਪ ਭਾਰਦਵਾਜ, ਪ੍ਰਮੋਦ ਨੀਟੂ, ਡਾਕਟਰ ਰਜੀਵ ਜਿੰਦਲ, ਡਾਕਟਰ ਅੰਸ਼ੁਮਨ ਫੂਲ, ਡਾਕਟਰ ਰਜੀਵ ਸ਼ਰਮਾ, ਜਤਿੰਦਰ ਜੈਨ, ਪ੍ਰਦੀਪ ਮੈਨਨ, ਜਗਦੇਵ ਸਿੰਘ ਜੱਗਾ ਦੋਲੋਵਾਲੀਆ, ਐਡਵੋਕੇਟ ਹਰਦੀਪ ਸਿੰਘ ਭਰੂਰ, ਕਰੁਨ ਬਾਂਸਲ, ਰਿਸ਼ੀਪਾਲ ਸਾਬਕਾ ਜ਼ਿਲ੍ਹਾ ਪ੍ਰਧਾਨ ਭਾਜਪਾ, ਅਸ਼ੋਕ ਕੁਮਾਰ, ਭਾਜਪਾ ਮੰਡਲ ਪ੍ਰਧਾਨ ਰਜੀਵ ਮੱਖਣ, ਭਾਰਤ ਭੂਸ਼ਣ ਗਰਗ, ਮੈਡਮ ਸੁਨੀਤਾ ਸ਼ਰਮਾ, ਗੋਪਾਲ ਸ਼ਰਮਾ ਤੇ ਪ੍ਰੈੱਸ ਕਲੱਬ ਦੇ ਵੱਖ-ਵੱਖ ਅਹੁਦੇਦਾਰ ਤੇ ਸਮਾਜਿਕ ਸੰਸਥਾਵਾਂ ਮੌਜੂਦ ਸਨ।

# ਸੀ ਪੀ ਆਈ ਤਹਿਸੀਲ ਕੋਟਕਪੂਰਾ ਦੀ ਕਾਨਫਰੰਸ ਨੇ ਚੁਣੀ ਨਵੀਂ ਕਮੇਟੀ

## ਮਿਹਨਤਕਸ਼ ਜਮਾਤ ਦੀ ਮਜ਼ਬੂਤ ਪਾਰਟੀ ਹੀ ਕਿਰਤੀ ਵਰਗ ਦੇ ਦੁੱਖ-ਤਕਲੀਫ਼ਾਂ ਦਾ ਦਾਰੂ : ਕੌਸ਼ਲ



**ਕੋਟਕਪੂਰਾ (ਗੁਰਪਾਲ ਬੁੱਟਰ)**-ਮਿਹਨਤਕਸ਼ ਜਮਾਤ ਦੀ ਸੌ ਸਾਲ ਦੇ ਕੁਰਬਾਨੀਆਂ ਭਰੇ ਇਤਿਹਾਸ ਦੀ ਵਾਰਿਸ ਪਾਰਟੀ ਸੀ ਪੀ ਆਈ ਦੀ ਮਜ਼ਬੂਤੀ ਕਿਰਤੀ ਵਰਗ ਦੇ ਦੁੱਖਾਂ-ਤਕਲੀਫ਼ਾਂ ਦਾ ਸਹੀ ਇਲਾਜ ਕਰ ਸਕਦੀ ਹੈ।ਇਨ੍ਹਾਂ ਸ਼ਬਦਾਂ ਦਾ ਪ੍ਰਗਟਾਵਾ ਸਥਾਨਕ ਸ਼ਹੀਦ ਭਗਤ ਸਿੰਘ ਪਾਰਕ ਵਿਖੇ ਭਾਰਤੀ ਕਮਿਊਨਿਸਟ ਪਾਰਟੀ ਤਹਿਸੀਲ ਕੋਟਕਪੂਰਾ ਦਾ ਉਦਘਾਟਨ ਕਰਨ ਮੌਕੇ ਪਾਰਟੀ ਦੇ ਜ਼ਿਲ੍ਹਾ ਸਕੱਤਰ ਅਸ਼ੋਕ ਕੌਸ਼ਲ ਵੱਲੋਂ ਕੀਤਾ ਗਿਆ।ਪਾਰਟੀ ਦੇ ਆਗੂ ਸੁਖਦਰਸ਼ਨ ਰਾਮ ਸ਼ਰਮਾ, ਕਾਮਰੇਡ ਪੱਪੀ ਢਿੱਲਵਾਂ ਤੇ ਬੋਹੜ ਸਿੰਘ ਔਲਖ ਦੀ ਪ੍ਰਧਾਨਗੀ ਹੇਠ ਕਾਨਫਰੰਸ ਵਿੱਚ ਤਹਿਸੀਲ ਦੀਆਂ ਵੱਖ-ਵੱਖ ਬ੍ਰਾਂਚਾਂ ਤੋਂ ਭਰਵੀਂ ਗਿਣਤੀ ਵਿੱਚ ਆਏ ਡੈਲੀਗੇਟਾਂ ਨੇ ਭਾਗ ਲਿਆ।ਸ਼ੁਰੂਆਤ ਵਿੱਚ ਪਿੰਡ ਔਲਖ ਦੇ ਵਿਛੜੇ ਸਾਥੀਆਂ ਕਾਮਰੇਡ ਬਲਵੀਰ ਸਿੰਘ ਔਲਖ, ਬਲਵਿੰਦਰ ਸਿੰਘ ਤੇ ਮਾਸਟਰ ਦਰਸ਼ਨ ਸਿੰਘ ਤੋਂ ਇਲਾਵਾ ਦਿੱਲੀ ਦੇ ਬੰਬ ਧਮਾਕੇ ਵਿੱਚ ਮਾਰੇ ਗਏ 12 ਨਿਰਦੋਸ਼ ਨਾਗਰਿਕਾਂ ਨੂੰ ਦੋ ਮਿੰਟ ਦਾ ਮੌਨ ਧਾਰ ਕੇ ਸ਼ਰਧਾਂਜਲੀ ਭੇਂਟ ਕਰਕੇ ਕੀਤੀ ਗਈ।ਜ਼ਿਲ੍ਹਾ ਸਕੱਤਰ ਅਸ਼ੋਕ ਕੌਸ਼ਲ ਤੋਂ ਇਲਾਵਾ ਕਾਮਰੇਡ ਗੁਰਨਾਮ ਸਿੰਘ ਮਾਨੀ ਸਿੰਘ ਵਾਲਾ ਬਤੌਰ ਨਿਗਰਾਨ ਸ਼ਾਮਲ ਹੋਏ।ਪੰਜਾਬ ਇਸਤਰੀ ਸਭਾ ਦੀ ਜ਼ਿਲ੍ਹਾ ਪ੍ਰਧਾਨ ਬੀਬੀ ਮਨਜੀਤ ਕੌਰ ਨੇ ਪਿਛਲੇ ਸਮੇਂ ਦੀ ਰਿਪੋਰਟ ਪੇਸ਼ ਕੀਤੀ, ਜਿਸ ਨੂੰ ਕੁਝ ਵਾਧਿਆਂ ਨਾਲ 'ਹਾਊਸ' ਵੱਲੋਂ ਪ੍ਰਵਾਨ ਕਰ ਲਿਆ ਗਿਆ। ਪੱਪੀ ਢਿੱਲਵਾਂ ਨੇ ਨਵੀਂ ਤਹਿਸੀਲ ਕਮੇਟੀ ਦਾ ਪੈਨਲ ਪੇਸ਼ ਕੀਤਾ, ਜਿਸ ਅਨੁਸਾਰ ਪੈਨਸ਼ਨਰ ਆਗੂ ਪ੍ਰੇਮ ਚਾਵਲਾ ਨੂੰ ਤਹਿਸੀਲ ਸਕੱਤਰ, ਪੱਪੀ ਢਿੱਲਵਾਂ ਤੇ ਬੋਹੜ ਸਿੰਘ ਔਲਖ ਦੋਹੇਂ ਮੀਤ ਸਕੱਤਰ ਤੇ ਬੀਬੀ ਮਨਜੀਤ ਕੌਰ ਨੱਥੇ ਵਾਲਾ ਨੂੰ ਕੈਸ਼ੀਅਰ ਸਮੇਤ 11 ਮੈਂਬਰਾਂ ਦੀ ਤਹਿਸੀਲ ਕਮੇਟੀ ਚੁਣੇ ਜਾਣ ਦੀ ਤਜਵੀਜ਼ ਪੇਸ਼ ਕੀਤੀ।ਹਾਜ਼ਰ ਡੈਲੀਗੇਟਾਂ ਨੇ ਹੱਥ ਖੜ੍ਹੇ ਕਰਕੇ ਨਾਹਰਿਆਂ ਦੀ ਗੂੰਜ ਨਾਲ ਇਸ ਪੈਨਲ ਨੂੰ ਮਨਜ਼ੂਰੀ ਦਿੱਤੀ।ਇਸ ਦੇ ਨਾਲ ਹੀ 29 ਨਵੰਬਰ ਨੂੰ ਫਰੀਦਕੋਟ ਵਿਖੇ ਹੋ ਰਹੀ ਜ਼ਿਲ੍ਹਾ ਕਾਨਫਰੰਸ ਲਈ ਡੈਲੀਗੇਟਾਂ ਦੀ ਚੋਣ ਵੀ ਕੀਤੀ ਗਈ।ਇਸ ਮੌਕੇ ਲੋਕ ਗਾਇਕ ਨਾਹਰ ਸਿੰਘ ਗਿੱਲ ਨੇ ਦੇਸ਼ ਭਗਤੀ ਦੇ ਗੀਤ ਗਾ ਕੇ ਸਰੋਤਿਆਂ ਨੂੰ ਨਿਹਾਲ ਕੀਤਾ ਗਿਆ।

ਨਵੀਂ ਚੁਣੀ ਤਹਿਸੀਲ ਕਮੇਟੀ ਦੀ ਪਲੇਠੀ ਮੀਟਿੰਗ 18 ਨਵੰਬਰ ਨੂੰ ਕੋਟਕਪੂਰਾ ਵਿਖੇ 11 ਵਜੇ ਸ਼ਹੀਦ ਭਗਤ ਸਿੰਘ ਪਾਰਕ ਵਿਖੇ ਸੱਦ ਲਈ ਗਈ ਹੈ।ਇਸ ਮੌਕੇ ਪੈਨਸ਼ਨਰ ਆਗੂ ਪ੍ਰੇਮ ਚਾਵਲਾ, ਕੋਟਕਪੂਰਾ ਸ਼ਹਿਰੀ ਬ੍ਰਾਂਚ ਦੇ ਸਕੱਤਰ ਸੋਮ ਨਾਥ ਅਰੋੜਾ, ਔਲਖ ਬਰਾਂਚ ਦੇ ਸਕੱਤਰ ਸ਼ਿਵ ਕੁਮਾਰ ਸ਼ਰਮਾ, ਰੇਸ਼ਮ ਸਿੰਘ ਜਿਊਣਵਾਲਾ, ਨਾਇਬ ਸਿੰਘ ਘਨੀਏਵਾਲਾ, ਤਰਸੇਮ ਸਿੰਘ ਸੰਧਵਾਂ, ਰੇਸ਼ਮ ਸਿੰਘ ਵਾਂਦਰ ਜਟਾਣਾ, ਗੋਰਾ ਪਿਪਲੀ, ਹਰਵਿੰਦਰ ਸ਼ਰਮਾ, ਕਿਰਨ ਸ਼ਰਮਾ, ਗੁਰਦੀਪ ਭੋਲ਼ਾ, ਵਿਨੋਦ ਕੁਮਾਰ, ਚਮਕੌਰ ਸਿੰਘ ਕੋਟ ਸੁੱਖੀਆ, ਇਕਬਾਲ ਸਿੰਘ ਮੰਘੇੜਾ, ਤਰਸੇਮ ਨਰੂਲਾ, ਮਾਸਟਰ ਗੁਲਵੰਤ ਸਿੰਘ ਔਲਖ, ਗੁਰਤੇਜ ਸਿੰਘ ਘਣੀਏ ਵਾਲਾ ਤੇ ਚਮਕੌਰ ਸਿੰਘ ਕੋਟ ਸੁਖੀਆ ਆਦਿ ਹਾਜ਼ਰ ਸਨ।

## ਕਾਤਰਾਂ

### ਸੰਤ ਬਾਬਾ ਨੰਦ ਸਿੰਘ ਦੀ ਬਰਸੀ ਸੰਬੰਧੀ ਸਮਾਗਮ 19 ਤੋਂ

**ਲੌਂਗੋਵਾਲ (ਪ੍ਰਦੀਪ ਸੱਪਲ)**-ਪਿੰਡ ਲੋਹਾਖੇੜਾ ਦੇ ਮੌਜੂਦਾ ਸਰਪੰਚ ਜਰਨੈਲ ਸਿੰਘ ਤੇ ਭਾਈ ਵਿਸ਼ਾਲ ਸਿੰਘ ਮੰਡੇਰ ਕਲਾਂ ਨੇ ਦੱਸਿਆ ਕਿ ਸ਼੍ਰੀਮਾਨ ਸੰਤ ਬਾਬਾ ਨੰਦ ਸਿੰਘ ਜੀ ਦੀ ਸਾਲਾਨਾ ਬਰਸੀ 19 ਤੇ 20 ਨਵੰਬਰ ਨੂੰ ਸਮੂਹ ਸਾਧ ਸੰਗਤ ਵੱਲੋਂ ਗੁਰਦੁਆਰਾ ਸਾਹਿਬ ਵਿਖੇ ਮਨਾਈ ਜਾਵੇਗੀ।ਇਸ ਬਰਸੀ ਸਬੰਧੀ 19 ਨਵੰਬਰ ਨੂੰ ਸ੍ਰੀ ਅਖੰਡ ਪਾਠ ਜੀ ਦੇ ਪ੍ਰਕਾਸ਼ ਹੋਣਗੇ ਤੇ ਉਪਰੰਤ ਨਗਰ ਕੀਰਤਨ ਵੀ ਕੱਢਿਆ ਜਾਵੇਗਾ, ਜਦਕਿ 20 ਨਵੰਬਰ ਨੂੰ ਭੋਗ ਤੇ ਕੀਰਤਨ ਦਰਬਾਰ ਹੋਣਗੇ ਅਤੇ ਕੇਸਾਂ ਤੇ ਦਸਤਾਰ ਮੁਕਾਬਲੇ ਵੀ ਕਰਵਾਏ ਜਾਣਗੇ ਅਤੇ 20 ਨਵੰਬਰ ਨੂੰ ਸ੍ਰੀ ਅਖੰਡ ਪਾਠ ਸਾਹਿਬ ਜੀ ਦੇ ਭੋਗ ਪਾਏ ਜਾਣਗੇ ਅਤੇ ਰਾਤ ਸਮੇਂ ਧਾਰਮਿਕ ਫਿਲਮ ਵੀ ਦਿਖਾਈ ਜਾਵੇਗੀ।

### ਮਹਾਨ ਸੀਸ ਭੇਟਾ ਦੂਸਰਾ ਗੁਰਮਤਿ ਸਮਾਗਮ 18 ਤੋਂ

**ਸ੍ਰੀ ਮੁਕਤਸਰ ਸਾਹਿਬ (ਸ਼ਮਿੰਦਰ ਪਾਲ, ਪੂਜਾ)**-ਸ੍ਰੀ ਗੁਰੂ ਤੇਗ ਬਹਾਦਰ ਸਾਹਿਬ ਜੀ ਤੇ ਸਿੱਖ ਭਾਈ ਮਤੀਦਾਸ ਜੀ, ਭਾਈ ਸਤੀਦਾਸ ਜੀ, ਭਾਈ ਦਿਆਲਾ ਜੀ ਦੀ ਸ਼ਹੀਦੀ ਨੂੰ ਸਮਰਪਤ ਮਹਾਨ ਸੀਸ ਭੇਟਾ ਦੂਸਰਾ ਗੁਰਮਤਿ ਸਮਾਗਮ ਸ੍ਰੀ ਮੁਕਤਸਰ ਸਾਹਿਬ ਵਿਖੇ 18, 19 ਤੇ 20 ਨਵੰਬਰ 2025 ਨੂੰ ਹੋਵੇਗਾ। ਇਹ ਜਾਣਕਾਰੀ ਦਿੰਦਿਆਂ ਛਾਉਣੀ ਨਿਹੰਗ ਸਿੰਘਾਂ ਗੁਰਦੁਆਰਾ ਬਾਬਾ ਜੀਵਨ ਸਿੰਘ ਬਠਿੰਡਾ ਰੋਡ ਦੇ ਮੁੱਖ ਸੇਵਾਦਾਰ ਸਿੰਘ ਸਾਹਿਬ ਜਥੇਦਾਰ ਬਾਬਾ ਜਸਪਾਲ ਸਿੰਘ ਸੋਢੀ ਤਰਨਾ ਦਲ 96 ਕਰੋੜੀ ਸ੍ਰੀ ਮੁਕਤਸਰ ਸਾਹਿਬ ਨੇ ਦੱਸਿਆ ਕਿ 18 ਨਵੰਬਰ ਨੂੰ ਸ੍ਰੀ ਅਖੰਡ ਪਾਠ ਸਾਹਿਬ ਆਰੰਭ ਹੋਣਗੇ, 19 ਨੂੰ ਵਿਸ਼ਾਲ ਨਗਰ ਕੀਰਤਨ ਸਜਾਇਆ ਜਾਵੇਗਾ ਤੇ 20 ਨਵੰਬਰ ਨੂੰ ਸ੍ਰੀ ਆਖੰਡ ਪਾਠ ਸਾਹਿਬ ਜੀ ਦੇ ਭੋਗ ਪਾਏ ਜਾਣਗੇ। ਉਪਰੰਤ ਧਾਰਮਿਕ ਦੀਵਾਨ ਸਜਾਏ ਜਾਣਗੇ।

### ਲੋਹਾਖੇੜਾ 'ਚ ਤਿੰਨ ਰੋਜ਼ਾ ਦੀਵਾਨ ਭਲਕ ਤੋਂ

**ਲੌਂਗੋਵਾਲ (ਪ੍ਰਦੀਪ ਸੱਪਲ)**-ਨੇੜਲੇ ਪਿੰਡ ਲੋਹਾਖੇੜਾ ਵਿਖੇ ਬ੍ਰਹਮ ਗਿਆਨੀ ਸ਼੍ਰੀਮਾਨ ਸੰਤ ਬਾਬਾ ਨੰਦ ਸਿੰਘ ਜੀ ਦੇ ਸਥਾਨ ਗੁਰਦੁਆਰਾ ਸਾਹਿਬ ਵਿਖੇ 16, 17 ਤੇ 18 ਨਵੰਬਰ ਨੂੰ ਤਿੰਨ ਰੋਜ਼ਾ ਦੀਵਾਨ ਸਜਣਗੇ।ਜਾਣਕਾਰੀ ਦਿੰਦਿਆਂ ਪਿੰਡ ਦੇ ਨੌਜਵਾਨ ਲੈਕਚਰਾਰ ਕਰਨੈਲ ਸਿੰਘ ਨੇ ਦੱਸਿਆ ਕਿ ਇਨ੍ਹਾਂ ਦੀਵਾਨ ਦੌਰਾਨ ਭਾਈ ਰਵਿੰਦਰ ਸਿੰਘ ਨਾਨਕਸਰ ਵਾਲੇ ਕੀਰਤਨ ਕਰਨਗੇ ਤੇ ਕਥਾ ਸੁਣਾ ਕੇ ਸੰਗਤਾਂ ਨੂੰ ਨਿਹਾਲ ਕਰਨਗੇ।

### 79 ਲਾਭਪਾਤਰੀਆਂ ਦੇ ਪ੍ਰਧਾਨ ਮੰਤਰੀ ਅਵਾਸ ਯੋਜਨਾ ਤਹਿਤ ਘਰ ਹੋਏ ਮਨਜ਼ੂਰ

**ਲੌਂਗੋਵਾਲ (ਪ੍ਰਦੀਪ ਸੱਪਲ)**-ਨਗਰ ਕੌਂਸਲ ਲੌਂਗੋਵਾਲ ਅਧੀਨ ਆਉਂਦੇ 79 ਲਾਭਪਾਤਰੀਆਂ ਨੂੰ ਪ੍ਰਧਾਨ ਮੰਤਰੀ ਅਵਾਸ ਯੋਜਨਾ ਤਹਿਤ ਘਰ ਬਣਾਉਣ ਦੀ ਮਨਜ਼ੂਰੀ ਮਿਲ ਗਈ ਹੈ। ਇਸ ਸਬੰਧੀ ਭਾਜਪਾ ਜ਼ਿਲ੍ਹਾ ਪ੍ਰਧਾਨ ਦਾਮਨ ਬਾਜਵਾ ਨੇ ਕਿਹਾ ਕਿ ਉਹ ਸਭ ਤੋਂ ਪਹਿਲਾਂ ਲੌਂਗੋਵਾਲ ਦੇ 79 ਲਾਭਪਾਤਰੀ ਭੈਣ-ਭਰਾਵਾਂ ਨੂੰ ਦਿਲੋਂ ਵਧਾਈ ਦਿੰਦੇ ਹਨ, ਜਿਨ੍ਹਾਂ ਦਾ ਪ੍ਰਧਾਨ ਮੰਤਰੀ ਅਵਾਸ ਯੋਜਨਾ ਤਹਿਤ ਹੁਣ ਪੱਕੇ ਘਰ ਦਾ ਸੁਪਨਾ ਸੱਚ ਹੋਵੇਗਾ।ਦਾਮਨ ਬਾਜਵਾ ਨੇ ਦੱਸਿਆ ਕਿ ਹਰ ਲਾਭਪਾਤਰੀ ਨੂੰ 2.5 ਲੱਖ ਰੁਪਏ ਪ੍ਰਧਾਨ ਮੰਤਰੀ ਅਵਾਸ ਯੋਜਨਾ ਤਹਿਤ ਮਿਲਣਗੇ, ਜਿਸ ਵਿੱਚੋਂ 1.5 ਲੱਖ ਰੁਪਏ ਕੇਂਦਰ ਸਰਕਾਰ ਤੇ 1 ਲੱਖ ਰੁਪਏ ਪੰਜਾਬ ਸਰਕਾਰ ਦਾ ਹੈ।ਇਸ ਮੌਕੇ ਦਾਮਨ ਬਾਜਵਾ ਨੇ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਦਾ ਵਿਸ਼ੇਸ਼ ਤੌਰ 'ਤੇ ਧੰਨਵਾਦ ਕੀਤਾ ਤੇ ਨਾਲ ਹੀ ਪੰਜਾਬ ਸਰਕਾਰ ਦਾ ਵੀ ਧੰਨਵਾਦ ਕੀਤਾ, ਕਿਉਂਕਿ ਇਸ ਯੋਜਨਾ ਵਿੱਚ 40% ਹਿੱਸਾ ਪੰਜਾਬ ਸਰਕਾਰ ਦਾ ਵੀ ਹੈ।

### ਚੌਂਕੀਮਾਨ ਵਿਖੇ ਕੀਰਤਨ ਦਰਬਾਰ ਅੱਜ

**ਚੌਂਕੀਮਾਨ (ਇੰਜੀ: ਬਲਬੀਰ ਸਿੰਘ ਮਾਨ)**-ਸ੍ਰੀ ਗੁਰੂ ਨਾਨਕ ਦੇਵ ਜੀ ਦੇ ਪ੍ਰਕਾਸ਼ ਪੁਰਬ ਨੂੰ ਸਮਰਪਤ ਕੀਰਤਨ ਦਰਬਾਰ ਗੁਰਦੁਆਰਾ ਸ੍ਰੀ ਬੁਰਜ ਸਾਹਿਬ ਪਿੰਡ ਚੌਂਕੀਮਾਨ ਵਿਖੇ 15 ਨਵੰਬਰ ਸ਼ਨਿੱਚਰਵਾਰ ਨੂੰ ਸ਼ਾਮ 6 ਵਜੇ ਤੋਂ 8:30 ਵਜੇ ਤੱਕ ਕਰਵਾਇਆ ਜਾ ਰਿਹਾ ਹੈ, ਜਿਸ ਵਿੱਚ ਭਾਈ ਜਲਵਿੰਦਰ ਸਿੰਘ ਹਜ਼ੂਰੀ ਰਾਗੀ ਦਰਬਾਰ ਸਾਹਿਬ ਸ੍ਰੀ ਅੰਮ੍ਰਿਤਸਰ ਵਾਲੇ ਸੰਗਤਾਂ ਨੂੰ ਕੀਰਤਨ ਰਾਹੀਂ ਨਿਹਾਲ ਕਰਨਗੇ ਤੇ ਗੁਰੂ ਕਾ ਲੰਗਰ ਅਤੁੱਟ ਵਰਤੇਗਾ।ਸਮੂਹ ਸਾਧ ਸੰਗਤ ਤੇ ਇਲਾਕਾ ਨਿਵਾਸੀਆਂ ਨੂੰ ਇਸ ਕੀਰਤਨ ਦਰਬਾਰ ਵਿੱਚ ਆਪਣੀ ਹਾਜ਼ਰੀ ਲਵਾਉਣ ਲਈ ਪ੍ਰਬੰਧਕਾਂ ਦੁਆਰਾ ਬੇਨਤੀ ਕੀਤੀ ਗਈ ਹੈ।

### ਪਰਾਲੀ ਨੂੰ ਅੱਗ ਲਗਾਉਣ ਵਾਲੇ 5 ਕਿਸਾਨ ਨਾਮਜ਼ਦ

**ਫਿਰੋਜ਼ਪੁਰ (ਅਸ਼ੋਕ ਸ਼ਰਮਾ)**-ਥਾਣਾ ਘੱਲ ਖੁਰਦ ਦੇ ਇਲਾਕੇ ਵਿਚ ਝੋਨੇ ਦੀ ਪਰਾਲੀ ਨੂੰ ਅੱਗ ਲਗਾਉਣ ਵਾਲੇ 5 ਅਣਪਛਾਤੇ ਕਿਸਾਨਾਂ ਖਿਲਾਫ ਮਾਮਲਾ ਦਰਜ ਕੀਤਾ ਹੈ। ਜਾਣਕਾਰੀ ਦਿੰਦੇ ਹੋਏ ਸਹਾਇਕ ਥਾਣੇਦਾਰ ਸਹਾਇਕ ਥਾਣੇਦਾਰ ਬਲਵਿੰਦਰ ਸਿੰਘ, ਸਹਾਇਕ ਥਾਣੇਦਾਰ ਸਤਨਾਮ ਸਿੰਘ, ਸਹਾਇਕ ਥਾਣੇਦਾਰ ਅੰਗਰੇਜ਼ ਸਿੰਘ ਨੇ ਦੱਸਿਆ ਕਿ ਪਿੰਡ ਕੱਬਰਵੱਛਾ, ਪਿੰਡ ਖਵਾਜਾ ਖੜਕ, ਪਿੰਡ ਕੈਲਾਸ਼, ਪਿੰਡ ਠੇਠਰ ਕਲਾਂ ਤੇ ਵਾੜਾ ਭਾਈ ਕੇ ਵਿਖੇ ਝੋਨੇ ਦੀ ਪਰਾਲੀ ਨੂੰ ਅਣਪਛਾਤੇ ਕਿਸਾਨਾਂ ਵੱਲੋਂ ਅੱਗ ਲਗਾਈ ਹੈ। ਪੁਲਸ ਨੇ ਦੱਸਿਆ ਕਿ ਪੁਲਸ ਨੇ ਅਣਪਛਾਤੇ ਕਿਸਾਨ ਖਿਲਾਫ ਮਾਮਲਾ ਦਰਜ ਕਰ ਲਿਆ ਹੈ।

# ਨਵਦੀਪ ਸਿੰਘ ਬਰਾੜ ਦੂਜੀ ਵਾਰ ਬਣੇ ਫਰੀਦਕੋਟ ਦੇ ਜ਼ਿਲ੍ਹਾ ਪ੍ਰਧਾਨ

## ਗੋਲੇਵਾਲਾ ਦੇ ਵਰਕਰਾਂ ਨੇ ਲੱਡੂ ਵੰਡ ਕੇ ਮਨਾਈ ਖੁਸ਼ੀ



**ਫਰੀਦਕੋਟ (ਐਲਿਗਜੈਂਡਰ ਡਿਸੂਜਾ)**

ਕਾਂਗਰਸ ਹਾਈ ਕਮਾਨ ਦੁਆਰਾ ਇੱਕ ਵਾਰ ਫਿਰ ਨਵਦੀਪ ਸਿੰਘ ਬੱਬੂ ਬਰਾੜ ਨੂੰ ਫਰੀਦਕੋਟ ਜ਼ਿਲ੍ਹਾ ਪ੍ਰਧਾਨ ਬਣਾ ਕੇ ਬਹੁਤ ਸੁਚੱਜਾ ਫੈਸਲਾ ਲਿਆ ਹੈ। ਇਸ ਖੁਸ਼ੀ 'ਚ ਫਰੀਦਕੋਟ/ਗੋਲੇਵਾਲਾ ਦੇ ਵਰਕਰਾਂ, ਵਾਤਾਵਰਨ ਪ੍ਰੇਮੀ, ਖੂਨਦਾਨੀ, ਸਮਾਜ ਸੇਵੀ ਤੇ ਦਰਵੇਸ਼ ਸਿਆਸਤਦਾਨ ਸਵਰਗਵਾਸੀ ਅਵਤਾਰ ਸਿੰਘ ਬਰਾੜ ਦੇ ਸਪੁੱਤਰ ਸ੍ਰੀ ਨਵਦੀਪ ਸਿੰਘ ਬੱਬੂ ਬਰਾੜ ਨੂੰ ਕਾਂਗਰਸ ਹਾਈ ਕਮਾਂਡ ਵੱਲੋਂ ਦੂਸਰੀ ਵਾਰ ਫਰੀਦਕੋਟ ਜ਼ਿਲ੍ਹਾ ਕਾਂਗਰਸ ਕਮੇਟੀ ਦਾ ਪ੍ਰਧਾਨ ਨਿਯੁਕਤ ਕਰਨ 'ਤੇ ਸਮੂਹ ਵਰਕਰਾਂ ਵਿੱਚ ਖੁਸ਼ੀ ਤੇ ਉਤਸ਼ਾਹ ਦਾ ਮਾਹੌਲ ਦੇਖਣ ਨੂੰ ਮਿਲਿਆ।ਫ਼ਰੀਦਕੋਟ ਦੇ ਨਾਲ ਲੱਗਦੇ ਕਸਬੇ ਗੋਲੇਵਾਲਾ ਵਿਖੇ, ਬੱਸ ਅੱਡੇ ਉੱਪਰ ਵੱਡੀ ਗਿਣਤੀ ਵਿੱਚ ਇਕੱਤਰ ਹੋਏ ਸਥਾਨਕ ਵਰਕਰਾਂ ਨੇ ਅੱਜ ਸ਼ਾਮੀਂ ਲੱਡੂ ਵੰਡ ਕੇ ਤੇ ਇੱਕ ਦੂਜੇ ਦਾ ਮੂੰਹ ਮਿੱਠਾ ਕਰਾ ਕੇ ਆਪਣੀ ਖੁਸ਼ੀ ਦਾ ਇਜ਼ਹਾਰ ਕੀਤਾ।ਇਸ ਮੌਕੇ ਡਾਕਟਰ ਬਲਜੀਤ ਸ਼ਰਮਾ ਗੋਲੇਵਾਲਾ, ਕੁਲਵੰਤ ਸਿੰਘ ਬਰਾੜ ਕੋਠੇ ਮਲੂਕਾ ਪੱਤੀ, ਸਰਦੂਲ ਸਿੰਘ ਢਿੱਲੋਂ, ਸੁਖਦੇਵ ਸਿੰਘ ਭੁੱਟੋ, ਮਾਸਟਰ ਜਗਤਾਰ ਸਿੰਘ ਤਾਰਾ, ਗੁਰਸੇਵਕ ਸਿੰਘ ਸਾਬਕਾ ਸਰਪੰਚ ਤੇ ਨਵਦੀਪ ਸਿੰਘ ਸਾਬਕਾ ਮੈਂਬਰ ਬਲਾਕ ਸੰਮਤੀ ਨੇ ਬੋਲਦਿਆਂ ਬੱਬੂ ਬਰਾੜ ਨੂੰ ਵਧਾਈ ਦਿੱਤੀ। ਉਨ੍ਹਾਂ ਸਮੁੱਚੀ ਕਾਂਗਰਸ ਹਾਈ ਕਮਾਂਡ ਦਾ ਵੀ ਧੰਨਵਾਦ ਕਰਦੇ ਹੋਏ ਇਸ ਨਿਯੁਕਤੀ ਨੂੰ ਦਰੁਸਤ ਫੈਸਲਾ ਕਰਾਰ ਦਿੱਤਾ।ਵਰਕਰਾਂ ਨੇ ਭਰੋਸਾ ਪ੍ਰਗਟਾਇਆ ਕਿ ਬੱਬੂ ਬਰਾੜ ਜੀ ਦੀ ਪਿਛਲੀ ਸਰਗਰਮ ਸੇਵਾ ਨੂੰ ਦੇਖਦਿਆਂ, ਹਾਈ ਕਮਾਂਡ ਨੇ ਉਨ੍ਹਾਂ ਨੂੰ ਦੁਬਾਰਾ ਜ਼ਿੰਮੇਵਾਰੀ ਸੌਂਪੀ ਹੈ ਤੇ ਉਹ ਨਾ ਸਿਰਫ਼ ਜ਼ਿਲ੍ਹੇ ਵਿੱਚ ਸਗੋਂ ਸਮੁੱਚੇ ਪੰਜਾਬ ਵਿੱਚ ਕਾਂਗਰਸ ਪਾਰਟੀ ਦੀ ਮਜ਼ਬੂਤੀ ਲਈ ਪਹਿਲਾਂ ਨਾਲੋਂ ਵੀ ਵੱਧ ਚੜ੍ਹ ਕੇ ਕੰਮ ਕਰਨਗੇ।

# ਟੀ ਐੱਸ ਯੂ ਨੇ ਭਰਾਤਰੀ ਸਾਂਝ ਨੂੰ ਦਿੱਤਾ ਹੁਲਾਰਾ

## ਉਗਰਾਹਾਂ ਜਥੇਬੰਦੀ ਨੇ ਖਾਣ ਲਈ 9300 ਮਣ ਕਣਕ ਤੇ 4700 ਏਕੜ ਜ਼ਮੀਨ ਲਈ ਕਣਕ ਦਾ ਬੀਜ ਵੰਡਿਆ



**ਫਾਜ਼ਿਲਕਾ (ਪਰਮਜੀਤ ਢਾਬਾਂ)**

ਭਾਰਤੀ ਕਿਸਾਨ ਯੂਨੀਅਨ (ਏਕਤਾ ਉਗਰਾਹਾਂ) ਦੀ ਸੂਬਾ ਕਮੇਟੀ ਵੱਲੋਂ ਇਸ ਖ਼ੇਤਰ ਦੇ ਕਿਸਾਨਾਂ ਦੀਆਂ ਜ਼ਮੀਨਾਂ ਵਾਹੁਣ, ਬੀਜਣ ਦੀ ਚਲਾਈ ਜਾ ਰਹੀ ਮੁਹਿੰਮ ਵਿੱਚ ਟੈਕਨੀਕਲ ਸਰਵਿਸਜ਼ ਯੂਨੀਅਨ ਵੱਲੋਂ ਡੀਜ਼ਲ ਲਈ ਪੰਜਾਹ ਹਜ਼ਾਰ ਰੁਪਏ ਦਾ ਆਰਥਿਕ ਯੋਗਦਾਨ ਪਾ ਕੇ ਭਰਾਤਰੀ ਸਾਂਝ ਨੂੰ ਹੁਲਾਰਾ ਦਿੱਤਾ।ਇਹ ਜਾਣਕਾਰੀ ਦਿੰਦਿਆਂ ਸੂਬਾਈ ਕਿਸਾਨ ਆਗੂਆਂ ਝੰਡਾ ਸਿੰਘ ਜੇਠੂਕੇ, ਸ਼ਿੰਗਾਰਾ ਸਿੰਘ ਮਾਨ, ਸਥਾਨਕ ਜ਼ਿਲ੍ਹੇ ਦੇ ਪ੍ਰਧਾਨ ਗੁਰਬੇਜ ਸਿੰਘ ਰੋਹੀ ਵਾਲਾ ਤੇ ਸਕੱਤਰ ਜਗਸੀਰ ਸਿੰਘ ਘੋਲਾ ਨੇ ਦੱਸਿਆ ਕਿ ਟੀ. ਐੱਸ. ਯੂ. ਦੀ ਸੂਬਾ ਕਮੇਟੀ ਵੱਲੋਂ ਇਹ ਆਰਥਿਕ ਸਹਾਇਤਾ ਸੂਬਾ ਜਥੇਬੰਦਕ ਭੁਪਿੰਦਰ ਬਿੱਟੂ ਦੀ ਅਗਵਾਈ ਵਿੱਚ ਭੇਟ ਕੀਤੀ ਗਈ।ਇਸ ਮੌਕੇ ਬੋਲਦਿਆਂ ਉਨ੍ਹਾਂ ਆਖਿਆ ਕਿ ਟੈਕਨੀਕਲ ਕਾਮਿਆਂ ਦੀ ਕਿਸਾਨਾਂ, ਮਜ਼ਦੂਰਾਂ ਤੇ ਹੋਰ ਸਭਨਾਂ ਵਰਗਾ ਦੇ ਸਭਨਾਂ ਕਿਰਤੀਆਂ ਨਾਲ ਪੀਡੀ ਸਾਂਝ ਹੈ, ਜਿਸ ਨੂੰ ਨਿਭਾਉਣ ਦਾ ਫਰਜ਼ ਅਦਾ ਕਰਦਿਆਂ ਉਨ੍ਹਾਂ ਆਪਣੀ ਜਥੇਬੰਦੀ ਵੱਲੋਂ ਇਹ ਕਦਮ ਚੁੱਕਿਆ ਹੈ।ਉਨ੍ਹਾਂ ਕਿਹਾ ਕਿ ਇਸ ਸਾਂਝ ਦੇ ਬਲਬੂਤੇ ਸੰਘਰਸ਼ਾਂ ਵਿੱਚ ਇੱਕ ਦੂਸਰੇ ਦੇ ਕੰਮ ਆਉਣ ਦੀ ਭਾਵਨਾ ਮਜ਼ਬੂਤ ਹੁੰਦੀ ਹੈ।ਇਸ ਮੌਕੇ ਮੌਜੂਦ ਕਿਸਾਨ ਆਗੂ ਅੰਗਰੇਜ ਸਿੰਘ ਚੀਮਾ ਨੇ ਸਹਿਯੋਗ ਤੇ ਭਰਾਤਰੀ ਸਾਂਝ 'ਤੇ ਪਹਿਰਾ ਦੇਣ ਲਈ ਟੀ.ਐੱਸ.ਯੂ. ਦੇ ਆਗੂਆਂ ਦਾ ਧੰਨਵਾਦ ਕੀਤਾ।ਕਿਸਾਨ ਆਗੂਆਂ ਨੇ ਦੱਸਿਆ ਕਿ ਟੈਕਨੀਕਲ ਜਥੇਬੰਦੀ ਵੱਲੋਂ ਸਰਹੱਦ ਨਾਲ ਲਗਦੇ ਆਖਰੀ ਪਿੰਡ ਮੁਹਾਰ ਜਮਸ਼ੇਰ ਵਿੱਚ 54 ਤੇ ਦੋਨਾ ਨਾਨਕਾ, ਰੇਤੇ ਵਾਲੀ ਭੈਣੀ ਪਿੰਡਾਂ ਘਰੋ ਘਰੀ ਜਾ ਕੇ ਆਮ ਵਰਤੋਂ ਵਾਲੀਆਂ 202 ਰਸੋਈ ਕਿੱਟਾਂ ਵੀ ਵੰਡੀਆਂ ਗਈਆਂ ਹਨ।ਕਿਸਾਨ ਆਗੂਆਂ ਨੇ ਉਗਰਾਹਾਂ ਜਥੇਬੰਦੀ ਵੱਲੋਂ ਇਸ ਖ਼ੇਤਰ ਵਿੱਚ ਹੜ੍ਹ ਪੀੜਤ ਕਿਸਾਨ, ਮਜ਼ਦੂਰਾਂ ਕੀਤੀ ਸਹਾਇਤਾ ਬਾਰੇ ਰਿਪੋਰਟ ਜਾਰੀ ਕਰਦਿਆਂ ਦੱਸਿਆ ਕਿ ਹੁਣ ਤੱਕ ਜ਼ਮੀਨਾਂ ਪੱਧਰ ਕਰਨ, ਪਸ਼ੂਆਂ ਲਈ ਚਾਰੇ ਤੇ ਬਿਸਤਰੇ ਕੱਪੜਿਆਂ ਤੋਂ ਇਲਾਵਾ 9300 ਮਣ ਖਾਣ ਲਈ ਕਣਕ ਤੇ 4700 ਏਕੜ ਜ਼ਮੀਨ ਲਈ ਕਣਕ ਦਾ ਬੀਜ (ਪ੍ਰਤੀ ਏਕੜ 40 ਕਿੱਲੋ) ਲਗਭਗ ਦੋ ਦਰਜਨ ਪਿੰਡਾਂ ਵਿੱਚ ਵੰਡਿਆ ਜਾ ਚੁੱਕਾ ਹੈ।

ਉਨ੍ਹਾਂ ਦੱਸਿਆ ਕਿ 15 ਨਵੰਬਰ ਤੋਂ ਸੈਂਕੜੇ ਟਰੈਕਟਰਾਂ ਨਾਲ ਜ਼ਮੀਨਾਂ ਪੱਧਰ ਕਰਕੇ ਬਿਜਾਈ ਮੁਹਿੰਮ ਸ਼ੁਰੂ ਕਰ ਰਹੇ ਹਾਂ।ਇਸ ਮੌਕੇ ਹੋਰਨਾਂ ਤੋਂ ਇਲਾਵਾ ਸਰਕਲ ਸਕੱਤਰ ਵਿਜੇ ਕੁਮਾਰ, ਜਤਿੰਦਰ ਕੁਮਾਰ ਮੰਡਲ ਅਬੋਹਰ, ਜੋਗਾ ਸਿੰਘ ਭੁੱਲਰ, ਸੁਖਵੰਤ ਸੇਖੋਂ ਤੇ ਕਿਸਾਨ ਆਗੂ ਗੁਰਮੀਤ ਸਿੰਘ ਬਰਾੜ, ਮਨਜੀਤ ਸਿੰਘ ਘੱਟਿਆਂ ਵਾਲੀ ਤੇ ਬਲਜੀਤ ਬਰਾੜ ਕੋਕਰੀ ਵੀ ਮੌਜੂਦ ਸਨ।

# ਬਿਜਲੀ ਅੱਜ ਬੰਦ ਰਹੇਗੀ

**ਗੁਰੂ ਹਰਸਹਾਏ (ਫ਼ਕੀਰ ਚੰਦ ਸਿਕਰੀ)**-ਸ੍ਰੀ ਪੋਥੀਮਾਲਾ ਫੀਡਰ ਦੀ ਬਿਜਲੀ 15 ਨਵੰਬਰ ਨੂੰ ਜ਼ਰੂਰੀ ਮੁਰੰਮਤ ਦੇ ਚਲਦਿਆਂ ਬੰਦ ਰਹੇਗੀ। ਇਸ ਸਬੰਧੀ ਜਾਣਕਾਰੀ ਦਿੰਦੇ ਹੋਏ ਸ਼ਹਿਰੀ ਐੱਸ ਡੀ ਓ ਗੁਰਪ੍ਰੀਤ ਸਿੰਘ ਬਾਠ ਤੇ ਸ਼ਰਮਾ ਜੇ ਈ ਨੇ ਦੱਸਿਆ ਕਿ ਸਵੇਰੇ 10 ਵਜੇ ਤੋਂ ਲੈ ਕੇ ਸ਼ਾਮ 4 ਵਜੇ ਤੱਕ ਸ੍ਰੀ ਪੋਥੀਮਾਲਾ ਫੀਡਰ ਦੀ ਬਿਜਲੀ ਬੰਦ ਰਹੇਗੀ।

# ਅੱਜ ਬਿਜਲੀ ਬੰਦ ਰਹੇਗੀ

**ਨਿਹਾਲ ਸਿੰਘ ਵਾਲਾ (ਲਵਲੀ ਮਾਛੀਕੇ)**-66 ਕੇਵੀ ਸ/ਸ ਗਰਿੱਡ ਪੱਤੋਂ ਹੀਰਾ ਸਿੰਘ ਤੋਂ ਚਲਦੇ 11 ਕੇਵੀ ਦਾਣਾ ਮੰਡੀ ਅਰਬਨ 11 ਕੇਵੀ ਰਾਧਾ ਕ੍ਰਿਸ਼ਨ ਅਰਬਨ ਤੇ ਰਣਸੀਂਹ ਕਲਾਂ ਯੂ ਪੀ ਐੱਸ ਫੀਡਰਾਂ ਦੀ ਸਪਲਾਈ 15 ਨਵੰਬਰ 2025 ਨੂੰ ਸਵੇਰੇ 10 ਵਜੇ ਤੋਂ ਸ਼ਾਮ ਦੇ 5 ਵਜੇ ਤੱਕ ਜ਼ਰੂਰੀ ਮੈਂਟੀਨੈਂਸ ਹੋਣ ਕਾਰਨ ਬੰਦ ਰਹੇਗੀ। ਇਸ ਦੀ ਜਾਣਕਾਰੀ ਐੱਸ ਡੀ ਓ ਪੱਤੋਂ ਕਿਰਪਾਲ ਸਿੰਘ ਤੇ ਰਾਜੇਸ਼ ਕੁਮਾਰ ਜੇਈ ਪੱਤੋਂ ਹੀਰਾ ਸਿੰਘ ਵੱਲੋਂ ਦਿੱਤੀ ਗਈ।

# ਕਾਮਲਵਾਲਾ ਦੇ ਖੇਤਾਂ 'ਚੋਂ ਟੁੱਟਾ ਡਰੋਨ ਬਰਾਮਦ

**ਫਿਰੋਜ਼ਪੁਰ (ਅਸ਼ੋਕ ਸ਼ਰਮਾ)** : ਸਰਹੱਦੀ ਪਿੰਡ ਕਾਮਲ ਵਾਲਾ ਦੇ ਖੇਤਾਂ ਵਿਚੋਂ ਸਰਚ ਅਪ੍ਰੇਸ਼ਨ ਦੌਰਾਨ ਇਕ ਟੁੱਟਾ ਹੋਇਆ ਡਰੋਨ ਬਰਾਮਦ ਹੋਇਆ ਹੈ। ਇਸ ਸਬੰਧੀ ਥਾਣਾ ਸਦਰ ਫਿਰੋਜ਼ਪੁਰ ਪੁਲਸ ਨੇ ਅਣਪਛਾਤੇ ਵਿਅਕਤੀ ਖਿਲਾਫ ਮਾਮਲਾ ਦਰਜ ਕੀਤਾ ਹੈ। ਜਾਣਕਾਰੀ ਦਿੰਦੇ ਹੋਏ ਸਹਾਇਕ ਥਾਣੇਦਾਰ ਕੁਲਵੰਤ ਸਿੰਘ ਨੇ ਦੱਸਿਆ ਕਿ ਅਸਿਸਟੈਂਟ ਕਮਾਂਡੈਂਟ ਅਭਿਸ਼ੇਕ ਆਨੰਦ 99 ਬਟਾਲੀਅਨ ਬੀਐੱਸਐੱਫ ਚੌਕੀ ਪਛਾੜੀਆ ਨੇ ਦੱਸਿਆ ਕਿ ਬੀਐੱਸਐੱਫ ਦੇ ਕਰਮਚਾਰੀਆਂ ਨੇ ਪੁਲਸ ਪਾਰਟੀ ਨੂੰ ਫੋਨ 'ਤੇ ਇਤਲਾਹ ਦਿੱਤੀ ਕਿ ਮੁਖਤਿਆਰ ਸਿੰਘ ਪੁੱਤਰ ਬਲਵੰਤ ਸਿੰਘ ਵਾਸੀ ਕਾਮਲ ਵਾਲਾ ਦੇ ਖੇਤਾਂ ਵਿਚ ਕੋਈ ਇਤਰਾਜ਼ ਯੋਗ ਵਸਤੂ ਪਈ ਹੈ। ਜਾਂਚਕਰਤਾ ਕੁਲਵੰਤ ਸਿੰਘ ਨੇ ਦੱਸਿਆ ਕਿ ਸਾਂਝੇ ਅਪ੍ਰੇਸ਼ਨ ਦੌਰਾਨ ਇਕ ਟੁੱਟਿਆ ਹੋਇਆ ਡਰੋਨ ਮਿਲਿਆ। ਜਾਂਚਕਰਤਾ ਕੁਲਵੰਤ ਸਿੰਘ ਨੇ ਦੱਸਿਆ ਕਿ ਪੁਲਸ ਨੇ ਅਣਪਛਾਤੇ ਵਿਅਕਤੀ ਖਿਲਾਫ ਮਾਮਲਾ ਦਰਜ ਕਰ ਲਿਆ ਹੈ।

# ਨੇਕੀ ਫਾਊਂਡੇਸ਼ਨ ਨੇ ਏਮਜ਼ ਬਠਿੰਡਾ ਲਈ ਕਰਵਾਈਆਂ ਅੱਖਾਂ ਦਾਨ

## ਕਾਠ ਪਰਵਾਰ ਦਾ ਦੁੱਖ ਦੀ ਘੜੀ 'ਚ ਸ਼ਲਾਘਾਯੋਗ ਕਦਮ



**ਬੁਢਲਾਡਾ (ਅਸ਼ੋਕ ਲਾਕੜਾ)**-ਇਲਾਕੇ ਦੀ ਸਮਾਜ ਸੇਵੀ ਸੰਸਥਾ ਨੇਕੀ ਫਾਊਂਡੇਸ਼ਨ ਬੁਢਲਾਡਾ ਦੀ ਪ੍ਰੇਰਣਾ ਨਾਲ ਮਰਨ ਉਪਰੰਤ ਮ੍ਰਿਤਕ ਦੀਆਂ ਅੱਖਾਂ ਦਾਨ ਕਰਨ ਦਾ ਸਮਾਚਾਰ ਮਿਲਿਆ ਹੈ।ਜਾਣਕਾਰੀ ਦਿੰਦਿਆਂ ਸੰਸਥਾ ਦੇ ਮੈਂਬਰਾਂ ਨੇ ਦੱਸਿਆ ਕਿ ਜਦੋਂ ਦੇਰ ਰਾਤ ਸ਼ਹਿਰ ਦੇ ਉੱਘੇ ਸਮਾਜ ਸੇਵੀ ਲਵਲੀ ਕਾਠ ਤੇ ਮਨੋਜ ਕਾਠ ਦੇ ਪਿਤਾ ਸ੍ਰੀ ਵੇਦ ਪ੍ਰਕਾਸ਼ ਕਾਠ (78 ਸਾਲ) ਦੀ ਅਚਾਨਕ ਮੌਤ ਹੋਣ ਦਾ ਪਤਾ ਲੱਗਿਆ ਤਾਂ ਸੰਸਥਾ ਨੇ ਪਰਵਾਰ ਨਾਲ ਦੁੱਖ ਸਾਂਝਾ ਕਰਦੇ ਹੋਏ ਅੱਖਾਂ ਦਾਨ ਕਰਨ ਲਈ ਪ੍ਰੇਰਿਤ ਕੀਤਾ ਗਿਆ।ਇਸੇ ਮੌਕੇ ਸੰਸਥਾ ਨੇ ਏਮਜ਼ ਹਸਪਤਾਲ ਬਠਿੰਡਾ ਦੀ ਡਾਕਟਰੀ ਟੀਮ ਨੂੰ ਬੁਲਾਇਆ ਤੇ ਰਾਤ ਤਕਰੀਬਨ 2 ਵਜੇ ਕਾਠ ਪਰਵਾਰ ਵੱਲੋਂ ਨੇਕੀ ਟੀਮ ਦੀ ਹਾਜ਼ਰੀ ਵਿੱਚ ਅੱਖਾਂ ਹਸਪਤਾਲ ਦੀ ਟੀਮ ਨੂੰ ਸੌਂਪੀਆਂ ਗਈਆਂ। ਫਾਊਂਡੇਸ਼ਨ ਦੇ ਮੈਂਬਰਾਂ ਨੇ ਉੱਥੇ ਮੌਜੂਦ ਲੋਕਾਂ ਨੂੰ ਅੱਖਾਂ ਦਾਨ ਕਰਨ ਦੀ ਮਹੱਤਤਾ ਦੱਸੀ ਤੇ ਪਰਵਾਰਾਂ ਨਾਲ ਦੁੱਖ ਸਾਂਝਾ ਕਰਦਿਆਂ ਉਨ੍ਹਾਂ ਦੇ ਨੇਕ ਉਪਰਾਲੇ ਦੀ ਸ਼ਲਾਘਾ ਕੀਤੀ।ਉਨ੍ਹਾਂ ਕਿਹਾ ਕਿ ਦੁੱਖ ਦੀ ਇਸ ਘੜੀ ਵਿੱਚ ਪਰਵਾਰ ਵੱਲੋਂ ਅਜਿਹਾ ਫ਼ੈਸਲਾ ਲੈਣਾ ਇੱਕ ਸ਼ਲਾਘਾਯੋਗ ਕਦਮ ਹੈ।ਇਸ ਨੇਕੀ ਨਾਲ ਸ੍ਰੀ ਵੇਦ ਪ੍ਰਕਾਸ਼ ਕਾਠ ਜੀ ਹਮੇਸ਼ਾ ਅਮਰ ਹੋ ਗਏ ਹਨ।ਸੰਸਥਾ ਨੇ ਦੱਸਿਆ ਕਿ ਇਹ ਅੱਖਾਂ ਬਿਲਕੁੱਲ ਮੁਫ਼ਤ ਏਮਜ਼ ਹਸਪਤਾਲ ਵਿਖੇ ਨੇਤਰਹੀਣ ਵਿਅਕਤੀਆਂ ਨੂੰ ਲਗਾਈਆਂ ਜਾਂਦੀਆਂ ਹਨ।ਜੇਕਰ ਕੋਈ ਮਰਨ ਤੋਂ ਬਾਅਦ ਅੱਖਾਂ ਦਾਨ ਕਰਨਾ ਚਾਹੁੰਦਾ ਹੈ ਜਾਂ ਨੇਤਰਹੀਣ ਅੱਖਾਂ ਲਗਵਾਉਣਾ ਚਾਹੁੰਦਾ ਹੈ, ਉਹ ਸੰਸਥਾ ਨਾਲ ਹੈਲਪਲਾਈਨ 8760371000 'ਤੇ ਸੰਪਰਕ ਕਰ ਸਕਦੇ ਹਨ।ਇਸ ਮੌਕੇ ਪ੍ਰਭਜੋਤ ਸਿੰਘ ਸਾਹਨੀ, ਚਰਨਜੀਤ ਕਾਠ ਤੋਂ ਇਲਾਵਾ ਪਰਿਵਾਰਕ ਮੈਂਬਰ ਤੇ ਸ਼ਹਿਰ ਨਿਵਾਸੀ ਮੌਜੂਦ ਸਨ।

# ਪੁਲਸ ਨੇ ਪੈਟਰੋਲ ਬੰਬਾਂ ਨਾਲ ਦਹਿਸ਼ਤ ਫੈਲਾਉਣ ਦੀ ਸਾਜ਼ਿਸ਼ ਕੀਤੀ ਨਾਕਾਮ, ਤਿੰਨ ਕਾਬੂ



**ਬਾਘਾ ਪੁਰਾਣਾ (ਮਨੀ ਸਿੰਗਲਾ)**

ਜ਼ਿਲ੍ਹਾ ਪੁਲਸ ਵੱਲੋਂ ਮਾੜੇ ਅਨਸਰਾਂ ਤੇ ਦਹਿਸ਼ਤ ਫੈਲਾਉਣ ਵਾਲਿਆਂ ਖ਼ਿਲਾਫ਼ ਚਲਾਈ ਜਾ ਰਹੀ ਵਿਸ਼ੇਸ਼ ਮੁਹਿੰਮ ਅਧੀਨ ਵੱਡੀ ਸਫਲਤਾ ਮਿਲੀ ਹੈ।ਬਾਘਾ ਪੁਰਾਣਾ ਪੁਲਸ ਨੇ ਤਿੰਨ ਨੌਜਵਾਨਾਂ ਨੂੰ ਕਾਬੂ ਕਰਕੇ ਉਨ੍ਹਾਂ ਕੋਲੋਂ ਪੈਟਰੋਲ ਨਾਲ ਭਰੀਆਂ ਤਿੰਨ ਬੋਤਲਾਂ (ਪੈਟਰੋਲ ਬੰਬ) ਬਰਾਮਦ ਕੀਤੀਆਂ ਹਨ।ਇਹ ਨੌਜਵਾਨ ਮੋਗਾ ਰੋਡ 'ਤੇ ਸਥਿਤ ਇੱਕ ਸ਼ਰਾਬ ਦੇ ਠੇਕੇ 'ਤੇ ਪੈਟਰੋਲ ਬੰਬ ਸੁੱਟ ਕੇ ਅੱਗ ਲਗਾਉਣ ਤੇ ਦਹਿਸ਼ਤ ਪੈਦਾ ਕਰਨ ਦੀ ਸਾਜ਼ਿਸ਼ ਰਚ ਰਹੇ ਸਨ।ਇਸ ਸਬੰਧੀ ਜਾਣਕਾਰੀ ਦਿੰਦਿਆਂ ਡੀ ਐੱਸ ਪੀ ਬਾਘਾ ਪੁਰਾਣਾ ਦਲਬੀਰ ਸਿੰਘ ਸਿੱਧੂ ਨੇ ਦੱਸਿਆ ਕਿ ਥਾਣਾ ਬਾਘਾ ਪੁਰਾਣਾ ਦੇ ਮੁੱਖ ਅਧਿਕਾਰੀ ਜਤਿੰਦਰ ਸਿੰਘ ਦੀ ਅਗਵਾਈ ਹੇਠ ਮਾੜੇ ਤੱਤਾਂ ਖ਼ਿਲਾਫ਼ ਵਿਸ਼ੇਸ਼ ਮੁਹਿੰਮ ਚਲਾਈ ਜਾ ਰਹੀ ਸੀ।ਇਸ ਦੌਰਾਨ ਸਹਾਇਕ ਥਾਣੇਦਾਰ ਜਗਤਾਰ ਸਿੰਘ ਪੁਲਸ ਪਾਰਟੀ ਸਮੇਤ ਇਲਾਕੇ ਵਿੱਚ ਗਸ਼ਤ ਕਰ ਰਹੇ ਸਨ, ਜਦੋਂ ਉਨ੍ਹਾਂ ਨੇ ਸ਼ੱਕ ਦੇ ਅਧਾਰ 'ਤੇ ਦੋ ਮੋਟਰਸਾਈਕਲਾਂ 'ਤੇ ਸਵਾਰ ਚਾਰ ਨੌਜਵਾਨਾਂ ਨੂੰ ਰੋਕਿਆ।ਜਾਂਚ ਦੌਰਾਨ ਤਿੰਨ ਦੇ ਕੋਲੋਂ ਪੈਟਰੋਲ ਬੰਬ ਬਰਾਮਦ ਕੀਤੇ ਗਏ, ਜਦਕਿ ਇੱਕ ਨੌਜਵਾਨ ਮੌਕੇ ਤੋਂ ਫਰਾਰ ਹੋ ਗਿਆ।ਜਾਂਚ 'ਚ ਖੁਲਾਸਾ ਹੋਇਆ ਕਿ ਇਹ ਨੌਜਵਾਨ ਵਿਦੇਸ਼ 'ਚ ਬੈਠੇ ਆਪਣੇ ਸਾਥੀਆਂ ਦੇ ਕਹਿਣ 'ਤੇ ਸ਼ਰਾਬ ਦੇ ਠੇਕੇ 'ਤੇ ਹਮਲਾ ਕਰਕੇ ਦਹਿਸ਼ਤ ਦਾ ਮਾਹੌਲ ਬਣਾਉਣ ਤੇ ਬਾਅਦ 'ਚ ਫਿਰੌਤੀ ਵਸੂਲ ਕਰਨ ਦੀ ਯੋਜਨਾ ਬਣਾ ਰਹੇ ਸਨ।ਡੀਐੱਸਪੀ ਸਿੱਧੂ ਨੇ ਦੱਸਿਆ ਕਿ ਗ੍ਰਿਫ਼ਤਾਰ ਕੀਤੇ ਗਏ ਤਿੰਨੋਂ ਨੌਜਵਾਨਾਂ ਰੋਹਿਤ ਕੁਮਾਰ, ਖੁਸ਼ਪ੍ਰੀਤ ਸਿੰਘ ਤੇ ਸਾਵਨ ਸਿੰਘ ਨਿਵਾਸੀ ਫਰੀਦਕੋਟ ਖ਼ਿਲਾਫ਼ ਪਹਿਲਾਂ ਵੀ ਵੱਖ-ਵੱਖ ਧਾਰਾਵਾਂ ਹੇਠ ਮਾਮਲੇ ਦਰਜ ਹਨ।ਥਾਣਾ ਮੁਖੀ ਇੰਸਪੈਕਟਰ ਜਤਿੰਦਰ ਸਿੰਘ ਨੇ ਦੱਸਿਆ ਕਿ ਕਾਬੂ ਕੀਤੇ ਤਿੰਨੋਂ ਮੁਲਜ਼ਮਾਂ ਨੂੰ ਪੁੱਛਗਿੱਛ ਤੋਂ ਬਾਅਦ ਅਦਾਲਤ ਵਿੱਚ ਪੇਸ਼ ਕਰਕੇ ਤਿੰਨ ਦਿਨ ਦਾ ਪੁਲਸ ਰਿਮਾਂਡ ਹਾਸਲ ਕੀਤਾ ਗਿਆ ਹੈ।ਉਨ੍ਹਾਂ ਕਿਹਾ ਕਿ ਪੁਲਸ ਵੱਲੋਂ ਇਸ ਗੱਲ ਦੀ ਵੀ ਜਾਂਚ ਕੀਤੀ ਜਾ ਰਹੀ ਹੈ ਕਿ ਕੀ ਇਹ ਨੌਜਵਾਨ ਪਿਛਲੇ ਦਿਨੀਂ ਪਿੰਡ ਮਾੜੀ ਮੁਸਤਫ਼ਾ ਵਿਖੇ ਸਾਈਕਲਾਂ ਦੀ ਦੁਕਾਨ 'ਤੇ ਪੈਟਰੋਲ ਬੰਬ ਸੁੱਟ ਕੇ ਲਗਾਈ ਅੱਗ ਦੇ ਮਾਮਲੇ ਵਿੱਚ ਵੀ ਸ਼ਾਮਲ ਸਨ।ਡੀ ਐੱਸ ਪੀ ਦਿਲਬੀਰ ਸਿੰਘ ਨੇ ਕਿਹਾ ਕਿ ਪੁਲਸ ਵੱਲੋਂ ਇਲਾਕੇ ਵਿੱਚ ਅਜਿਹੇ ਮਾੜੇ ਅਨਸਰਾਂ ਖ਼ਿਲਾਫ਼ ਕਾਰਵਾਈ ਜਾਰੀ ਰਹੇਗੀ ਤੇ ਲੋਕਾਂ ਨੂੰ ਭਰੋਸਾ ਦਿਵਾਇਆ ਕਿ ਬਾਘਾ ਪੁਰਾਣਾ ਪੁਲਸ ਸ਼ਹਿਰ ਵਿੱਚ ਕਾਨੂੰਨ-ਵਿਵਸਥਾ ਕਾਇਮ ਰੱਖਣ ਲਈ ਪੂਰੀ ਤਰ੍ਹਾਂ ਸਰਗਰਮ ਹੈ।

# ਸਰਦਾਰ ਵੱਲਭ ਭਾਈ ਪਟੇਲ ਦੀ ਜਯੰਤੀ ਨੂੰ ਸਮਰਪਤ ਏਕਤਾ ਮਾਰਚ

## ਦੇਸ਼ ਨੂੰ ਏਕਤਾ ਦੇ ਬੰਧਨ 'ਚ ਬੰਨ੍ਹਣਾ ਸਰਦਾਰ ਪਟੇਲ ਦੀ ਦੇਣ : ਐੱਮ ਪੀ ਰੇਖਾ ਸ਼ਰਮਾ



**ਸਮਾਣਾ (ਇਕਬਾਲ ਸਿੰਘ ਬੱਲ, ਗੁਰਪਿਆਰ ਸਿੰਘ ਬੱਲ)**-ਲੋਹਪੁਰਸ਼ ਸਰਦਾਰ ਵੱਲਭ ਭਾਈ ਪਟੇਲ ਦੀ 150ਵੀਂ ਜਯੰਤੀ ਦੇ ਸਬੰਧ ਵਿੱਚ ਸਮਾਣਾ ਸ਼ਹਿਰ ਵਿੱਚ ਇੱਕ ਸ਼ਾਨਦਾਰ ਏਕਤਾ ਮਾਰਚ ਕੱਢਿਆ ਗਿਆ।ਇਹ ਮਾਰਚ ਅਗਰਵਾਲ ਗਊਸ਼ਾਲਾ ਤੋਂ ਸ਼ੁਰੂ ਹੋ ਕੇ ਪਬਲਿਕ ਕਾਲਜ ਤੱਕ ਪਹੁੰਚਿਆ, ਜਿਸ ਵਿੱਚ ਵੱਡੀ ਗਿਣਤੀ ਵਿੱਚ ਸਕੂਲਾਂ ਕਾਲਜਾਂ ਦੇ ਵਿਦਿਆਰਥੀ, ਨਗਰ ਵਾਸੀਆਂ, ਨੌਜਵਾਨਾਂ ਤੇ ਸਮਾਜਿਕ ਸੰਸਥਾਵਾਂ ਨੇ ਹਿੱਸਾ ਲਿਆ।ਮਾਰਚ ਦਾ ਆਗਾਜ਼ ਹਰਿਆਣਾ ਤੋਂ ਰਾਜਸਭਾ ਮੈਂਬਰ ਸ੍ਰੀਮਤੀ ਰੇਖਾ ਸ਼ਰਮਾ ਨੇ ਜਯੋਤੀ ਪ੍ਰਚੰਡ ਤੇ ਹਰੀ ਝੰਡੀ ਦੇ ਕੇ ਕੀਤਾ।ਇਸ ਮੌਕੇ ਉਨ੍ਹਾਂ ਕਿਹਾ ਕਿ ਸਰਦਾਰ ਪਟੇਲ ਦੀ ਦੇਸ਼-ਏਕਤਾ ਤੇ ਰਾਸ਼ਟਰੀ ਏਕਜੁਟਤਾ ਲਈ ਦਿੱਤੀ ਗਈ ਮਹਾਨ ਭੇਟ ਨੂੰ ਸਦਾ ਯਾਦ ਰੱਖਿਆ ਜਾਵੇਗਾ। ਉਨ੍ਹਾਂ ਨੌਜਵਾਨ ਪੀੜ੍ਹੀ ਨੂੰ ਸਰਦਾਰ ਪਟੇਲ ਦੇ ਆਦਰਸ਼ਾਂ ਨੂੰ ਅਪਣਾਉਣ ਦੀ ਅਪੀਲ ਕੀਤੀ।ਏਕਤਾ ਮਾਰਚ ਦੌਰਾਨ ਵੱਖ-ਵੱਖ ਨਾਅਰਿਆਂ ਰਾਹੀਂ ਏਕਤਾ, ਭਾਈਚਾਰੇ ਤੇ ਰਾਸ਼ਟਰੀ ਗੌਰਵ ਦਾ ਸੰਦੇਸ਼ ਦਿੱਤਾ ਗਿਆ।ਇਸ ਮੌਕੇ ਸੁਰਿੰਦਰ ਸਿੰਘ ਖੇੜਕੀ ਹਲਕਾ ਇੰਚਾਰਜ ਭਾਜਪਾ ਸਮਾਣਾ, ਸੀਨੀਅਰ ਭਾਜਪਾ ਆਗੂ ਜੀਵਨ ਦੱਤ ਸ਼ੈਲੀ, ਹਲਕਾ ਇੰਚਾਰਜ ਨਰਾਇਣ ਨਰਸੋਤ, ਸਮਾਣਾ ਮੰਡਲ ਪ੍ਰਧਾਨ ਯਤਿੰਦਰ ਸ਼ਰਮਾ, ਯੁਵਾ ਮੋਰਚਾ ਸਮਾਣਾ ਦੇ ਪ੍ਰਧਾਨ ਪ੍ਰੀਕਸ਼ਤ ਪਾਠਕ, ਡਕਾਲਾ ਮੰਡਲ ਪ੍ਰਧਾਨ ਰਣਜੀਤ ਬੱਬੀ, ਅਜੇ ਗੋਇਲ, ਸਾਹਿਲ, ਗੋਇਲ ਕੋਕ ਵਾਲੇ, ਵਿਨੋਦ ਐੱਮ ਸੀ, ਪਰਦੁਮਨ ਸਿੰਘ ਵਿਰਕ, ਗੁਰਪ੍ਰੀਤ ਮਾਜਰੀ ਮੰਡਲ ਪ੍ਰਧਾਨ, ਬਲਵਿੰਦਰ ਬੱਬੀ ਐੱਸ ਸੀ ਮੋਰਚਾ, ਰਾਹੁਲ ਸ਼ਰਮਾ, ਵਿਕਾਸ ਸ਼ਰਮਾ, ਲਲਿਤ ਭੱਲਾ, ਦਮਨ ਭੱਲਾ ਤੋਂ ਇਲਾਵਾ ਵੱਡੀ ਗਿਣਤੀ ਵਿੱਚ ਸਕੂਲਾਂ ਕਾਲਜਾਂ ਦੇ ਵਿਦਿਆਰਥੀ ਤੇ ਆਮ ਲੋਕਾਂ ਨੇ ਭਾਗ ਲਿਆ।

# ਦੇਸ਼ ਭਗਤ ਗਲੋਬਲ ਸਕੂਲ ਵਿਖੇ ਮਨਾਇਆ ਬਾਲ ਦਿਵਸ

## ਚਿਲਡਰਨ ਡੇਅ ਬੱਚਿਆਂ ਦੀ ਖੁਸ਼ੀ ਨੂੰ ਮਨਾਉਣ ਦਾ ਵਿਸ਼ੇਸ਼ ਦਿਨ : ਪ੍ਰਿੰਸੀਪਲ ਜਿੰਦਲ



**ਸ੍ਰੀ ਮੁਕਤਸਰ ਸਾਹਿਬ (ਸ਼ਮਿੰਦਰ ਪਾਲ, ਪੂਜਾ)**-ਦੇਸ਼ ਭਗਤ ਗਲੋਬਲ ਸਕੂਲ ਸ੍ਰੀ ਮੁਕਤਸਰ ਸਾਹਿਬ ਵੱਲੋਂ ਦੇਸ ਭਗਤ ਗਰੁੱਪ ਸ੍ਰੀ ਮੁਕਤਸਰ ਸਾਹਿਬ ਦੇ ਚੇਅਰਮੈਨ ਤੇ ਦੇਸ਼ ਭਗਤ ਯੂਨੀਵਰਸਿਟੀ ਦੇ ਚਾਂਸਲਰ ਡਾਕਟਰ ਜ਼ੋਰਾ ਸਿੰਘ ਤੇ ਪ੍ਰੋ ਚਾਂਸਲਰ ਡਾਕਟਰ ਤੇਜਿੰਦਰ ਕੌਰ ਦੀ ਸਰਪ੍ਰਸਤੀ ਹੇਠ ਦੇਸ਼ ਭਗਤ ਗਲੋਬਲ ਸਕੂਲ ਦੇ ਪ੍ਰਿੰਸੀਪਲ ਡਾਕਟਰ ਸੰਜੀਵ ਜਿੰਦਲ ਤੇ ਵਾਈਸ ਪ੍ਰਿੰਸੀਪਲ ਡਾਕਟਰ ਪਰਮਪ੍ਰੀਤ ਕੌਰ ਦੀ ਯੋਗ ਅਗਵਾਈ ਹੇਠ ਚਿਲਡਰਨਜ਼ ਡੇਅ ਦੇ ਖਾਸ ਮੌਕੇ ਸਕੂਲ ਵਿੱਚ ਬੱਚਿਆਂ ਦਾ ਨਿੱਘਾ ਤੇ ਖੁਸ਼ੀ ਭਰਿਆ ਸਵਾਗਤ ਕੀਤਾ ਗਿਆ।ਸਵੇਰ ਦੀ ਸਭਾ ਦੌਰਾਨ ਬੱਚਿਆਂ ਲਈ ਵਿਸ਼ੇਸ਼ ਪ੍ਰੋਗਰਾਮ ਰੱਖੇ ਗਏ, ਜਿਨ੍ਹਾਂ ਵਿੱਚ ਪ੍ਰੇਰਨਾਦਾਇਕ ਵਿਚਾਰ, ਗੀਤ ਤੇ ਨਾਚ ਸ਼ਾਮਲ ਸਨ।ਅਧਿਆਪਕਾਂ ਵੱਲੋਂ ਬੱਚਿਆਂ ਨੂੰ ਇਸ ਦਿਨ ਦੀ ਮਹੱਤਤਾ ਬਾਰੇ ਜਾਣੂ ਕਰਵਾਇਆ ਗਿਆ।ਇਸ ਤੋਂ ਇਲਾਵਾ ਸਕੂਲ ਵੱਲੋਂ ਕਈ ਰੰਗ-ਬਿਰੰਗੀਆਂ ਗਤੀਵਿਧੀਆਂ ਜਿਵੇਂ ਕਿ ਮਿਊਜ਼ਿਕ, ਗੇਮਜ਼, ਨਾਟਕ, ਮਜ਼ੇਦਾਰ ਖੇਡਾਂ ਤੇ ਸਮੂਹਕ ਗਤੀਵਿਧੀਆਂ ਵੀ ਕਰਵਾਈਆਂ ਗਈਆਂ।

ਇਸ ਮੌਕੇ ਪ੍ਰਿੰਸੀਪਲ ਜਿੰਦਲ ਨੇ ਕਿਹਾ ਕਿ ਚਿਲਡਰਨ ਡੇਅ ਬੱਚਿਆਂ ਦੀ ਮਾਸੂਮਿਤਾ, ਖੁਸ਼ੀ ਤੇ ਸਿਰਜਣਾਤਮਕਤਾ ਨੂੰ ਮਨਾਉਣ ਦਾ ਵਿਸ਼ੇਸ਼ ਦਿਨ ਹੈ।ਸਾਡੇ ਸਕੂਲ ਦੇ ਹਰ ਬੱਚੇ ਵਿੱਚ ਅਣਗਿਣਤ ਸਮਰੱਥਾਵਾਂ ਲੁਕੀ ਹੋਈਆਂ ਹਨ, ਸਾਨੂੰ ਸਿਰਫ਼ ਉਨ੍ਹਾਂ ਨੂੰ ਸਹੀ ਮੌਕੇ ਦੇਣ ਦੀ ਲੋੜ ਹੈ।ਅਸੀਂ ਬੱਚਿਆਂ ਲਈ ਸੁਰੱਖਿਅਤ, ਖੁਸ਼ਮਿਜਾਜ਼ ਤੇ ਗਿਆਨ ਨਾਲ ਭਰਪੂਰ ਵਾਤਾਵਰਨ ਬਣਾਉਣ ਲਈ ਵਚਨਬੱਧ ਹਾਂ।ਇਸ ਖਾਸ ਦਿਨ 'ਤੇ ਮੈਂ ਸਾਰੇ ਬੱਚਿਆਂ ਨੂੰ ਹਮੇਸ਼ਾ ਖੁਸ਼, ਤੰਦਰੁਸਤ ਤੇ ਆਪਣੇ ਸੁਪਨਿਆਂ ਦੀ ਉਡਾਨ ਭਰਨ ਦੀ ਸ਼ੁੱਭ-ਕਾਮਨਾ ਦਿੰਦਾ ਹਾਂ।

ਉਨ੍ਹਾ ਚਿਲਡਰਨਜ਼ ਡੇਅ ਦੀਆਂ ਮੁਬਾਰਕਾਂ ਦਿੰਦਿਆਂ ਕਿਹਾ ਕਿ ਬੱਚੇ ਦੇਸ਼ ਦਾ ਭਵਿੱਖ ਹਨ ਤੇ ਉਨ੍ਹਾਂ ਦੀ ਖੁਸ਼ੀ, ਸੁਰੱਖਿਆ ਤੇ ਸਿੱਖਿਆ ਸਾਡੇ ਲਈ ਸਭ ਤੋਂ ਪਹਿਲਾਂ ਹੈ।ਪ੍ਰਿੰਸੀਪਲ ਡਾਕਟਰ ਸੰਜੀਵ ਜਿੰਦਲ ਨੇ ਬੱਚਿਆਂ ਨੂੰ ਪ੍ਰੇਰਿਤ ਕੀਤਾ ਤੇ ਉਨ੍ਹਾਂ ਦੀ ਭਾਗੀਦਾਰੀ ਦੀ ਸਰਾਹਨਾ ਕੀਤੀ।ਇਸ ਮੌਕੇ ਵਾਈਸ ਪ੍ਰਿੰਸੀਪਲ ਡਾਕਟਰ ਪਰਮਪ੍ਰੀਤ ਕੌਰ, ਸੁਪ੍ਰਿੰਟੈਂਡੈਂਟ ਤੇ ਮੀਡੀਆ ਕੋਆਰਡੀਨੇਟਰ ਮੇਜਰ ਚੰਦ ਨੇ ਸਾਰੇ ਬੱਚਿਆਂ ਨੂੰ ਚਿਲਡਰਨ ਡੇਅ ਦੀਆਂ ਹਾਰਦਿਕ ਵਧਾਈਆਂ ਤੇ ਰੌਸ਼ਨ ਭਵਿੱਖ ਦੀਆਂ ਸ਼ੁੱਭ-ਕਾਮਨਾਵਾਂ ਦਿੱਤੀਆਂ।

# ਸ਼ਹੀਦੀ ਦਿਹਾੜੇ ਨੂੰ ਸਮਰਪਤ ਲਾਈਟ ਐਂਡ ਸਾਊਂਡ ਸ਼ੋਅ 17 ਨੂੰ

**ਮੋਗਾ (ਇਕਬਾਲ ਸਿੰਘ ਖਹਿਰਾ)**-ਡਿਪਟੀ ਕਮਿਸ਼ਨਰ ਸਾਗਰ ਸੇਤੀਆ ਨੇ ਨਵੀਂ ਦਾਣਾ ਮੰਡੀ ਮੋਗਾ ਵਿਖੇ 17 ਨਵੰਬਰ ਨੂੰ ਸ਼ਾਮ 5 ਵਜੇ ਤੋਂ ਰਾਤ 7:30 ਵਜੇ ਤੱਕ ਪੰਜਾਬ ਸਰਕਾਰ ਵੱਲੋਂ ਹਿੰਦ ਦੀ ਚਾਦਰ ਸ੍ਰੀ ਗੁਰੂ ਤੇਗ਼ ਬਹਾਦਰ ਜੀ ਦੇ 350ਵੇਂ ਸ਼ਹੀਦੀ ਦਿਹਾੜੇ ਨੂੰ ਸਮਰਪਤ ਕਰਵਾਏ ਜਾ ਰਹੇ ਲਾਈਟ ਐਂਡ ਸਾਊਂਡ ਸ਼ੋਅ ਦੀਆਂ ਤਿਆਰੀਆਂ ਦਾ ਜਾਇਜ਼ਾ ਲਿਆ।ਇਸ ਮੌਕੇ ਉਨ੍ਹਾਂ ਨਾਲ ਮੇਅਰ ਨਗਰ ਨਿਗਮ ਬਲਜੀਤ ਸਿੰਘ ਚਾਨੀ ਤੋਂ ਇਲਾਵਾ ਐਸ.ਡੀ.ਐਮ. ਸਾਰੰਗਪ੍ਰੀਤ ਸਿੰਘ ਔਜਲਾ, ਮੁੱਖ ਮੰਤਰੀ ਫੀਲਡ ਅਫ਼ਸਰ ਗਗਨਦੀਪ ਸਿੰਘ, ਐਸ.ਪੀ. ਸੰਦੀਪ ਸਿੰਘ ਮੰਡ ਤੋਂ ਇਲਾਵਾ ਮੋਗਾ ਦੇ ਹੋਰ ਵਿਭਾਗਾਂ ਦੇ ਅਧਿਕਾਰੀ ਹਾਜ਼ਰ ਸਨ।ਡਿਪਟੀ ਕਮਿਸ਼ਨਰ ਨੇ ਦੱਸਿਆ ਕਿ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਦੀ ਅਗਵਾਈ ਹੇਠ ਪੰਜਾਬ ਸਰਕਾਰ ਵੱਲੋਂ ਸੰਗਤ ਨੂੰ ਨੌਵੇਂ ਪਾਤਸ਼ਾਹ ਹਿੰਦ ਦੀ ਚਾਦਰ ਸ੍ਰੀ ਗੁਰੂ ਤੇਗ਼ ਬਹਾਦਰ ਜੀ ਦੀ ਸ਼ਹਾਦਤ ਦੇ ਮਹਾਨ ਇਤਿਹਾਸ ਤੋਂ ਜਾਣੂ ਕਰਵਾਉਣ ਲਈ ਵੱਡੇ ਉਪਰਾਲੇ ਕੀਤੇ ਜਾ ਰਹੇ ਹਨ। ਇਸ ਲਈ ਸਮੂਹ ਜ਼ਿਲ੍ਹਾ ਨਿਵਾਸੀ ਇਹ ਇਤਿਹਾਸਕ ਲਾਈਟ ਐਂਡ ਸਾਊਂਡ ਸ਼ੋਅ ਆਪਣੇ ਪਰਿਵਾਰਾਂ ਤੇ ਦੋਸਤਾਂ ਸਮੇਤ ਦੇਖਣ ਲਈ ਨਵੀਂ ਅਨਾਜ ਮੰਡੀ ਮੋਗਾ ਵਿਖੇ ਜ਼ਰੂਰ ਪੁੱਜਣ।ਉਨ੍ਹਾ ਦੱਸਿਆ ਕਿ ਇਨ੍ਹਾਂ ਸਮਾਗਮਾਂ ਦੀ ਲੜੀ ਵਿੱਚ ਚੌਥਾ ਵਿਸ਼ਾਲ ਨਗਰ ਕੀਰਤਨ 20 ਨਵੰਬਰ ਨੂੰ ਫਰੀਦਕੋਟ ਤੋਂ ਸਵੇਰੇ 8 ਵਜੇ ਬਾਬਾ ਫਰੀਦ ਜੀ ਦੇ ਅਸਥਾਨ ਤੋਂ ਆਰੰਭ ਹੋ ਕੇ ਫਿਰੋਜ਼ਪੁਰ ਹੁੰਦੇ ਹੋਏ ਮੋਗਾ ਵਿੱਚੋਂ ਗੁਜ਼ਰੇਗਾ।ਚਾਰੋਂ ਨਗਰ ਕੀਰਤਨ 22 ਨਵੰਬਰ ਨੂੰ ਸ੍ਰੀ ਆਨੰਦਪੁਰ ਸਾਹਿਬ ਵਿਖੇ ਪਹੁੰਚਣਗੇ।ਡਿਪਟੀ ਕਮਿਸ਼ਨਰ ਨੇ ਦੱਸਿਆ ਕਿ ਇਸ ਵਿਸ਼ੇਸ਼ ਨਗਰ ਕੀਰਤਨ ਦਾ ਪੂਰਨ ਸ਼ਰਧਾ ਤੇ ਧਾਰਮਿਕ ਭਾਵਨਾ ਨਾਲ ਸਵਾਗਤ ਦਾਰਾਪੁਰ ਹੱਦ ਤੇ ਪੈਂਦੇ ਗੁਰਦੁਆਰਾ ਬਾਬਾ ਜੀਵਨ ਸਿੰਘ ਵਿਖੇ ਪੂਰਨ ਸ਼ਰਧਾ ਭਾਵਨਾ ਨਾਲ ਕੀਤਾ ਜਾਵੇਗਾ।

# ਤਹਿਸਲਦਾਰ ਜ਼ੀਰਾ ਖਿਲਾਫ ਧਰਨੇ 'ਚ ਵੱਧ ਤੋਂ ਵੱਧ ਕਿਸਾਨ ਸ਼ਾਮਲ ਹੋਣ : ਦਰਸ਼ਨ ਸਿੰਘ



**ਜ਼ੀਰਾ (ਨਰਿੰਦਰ ਅਨੇਜਾ)**-ਪਿਛਲੇ ਦਿਨਾਂ ਤੋਂ ਤਹਿਸੀਲਦਾਰ ਜ਼ੀਰਾ ਦੇ ਕਿਸਾਨਾਂ ਨਾਲ ਹੋਏ ਮਾੜੇ ਵਿਹਾਰ ਦੇ ਪ੍ਰਤੀਕਰਮ ਵਜੋਂ ਕਿਸਾਨ ਯੂਨੀਅਨ ਦੇ ਆਗੂ ਲਗਾਤਾਰ ਮੀਟਿੰਗਾਂ ਕਰ ਰਹੇ ਹਨ।ਬੀਕੇਯੂ ਕਾਦੀਆਂ ਪੰਜਾਬ ਦੇ ਐਗਜ਼ੈਕਟਿਵ ਮੈਂਬਰ ਦਰਸ਼ਨ ਸਿੰਘ ਮੀਹਾ ਸਿੰਘ ਵਾਲਾ ਦੀ ਅਗਵਾਈ ਵਿੱਚ ਬੀਕੇਯੂ ਕਾਦੀਆਂ ਯੂਨੀਅਨ ਦਾ ਇੱਕ ਵੱਡਾ ਇਕੱਠ ਕੀਤਾ ਗਿਆ।ਇਸ ਮੌਕੇ ਬੋਲਦਿਆਂ ਦਰਸ਼ਨ ਸਿੰਘ ਮੀਹਾਂ ਸਿੰਘ ਵਾਲਾ ਨੇ ਜਿੱਥੇ ਕਿਸਾਨਾਂ ਨੂੰ 17 ਦੇ ਧਰਨੇ ਵਿੱਚ ਵੱਧ ਤੋਂ ਵੱਧ ਸ਼ਾਮਲ ਹੋਣ ਦੀ ਅਪੀਲ ਕੀਤੀ, ਉੱਥੇ ਨਾਲ ਹੀ ਉਨ੍ਹਾਂ ਨੇ ਇਸ ਘਟਨਾਕ੍ਰਮ ਸਬੰਧੀ ਜਾਣਕਾਰੀ ਦਿੰਦਿਆਂ ਦੱਸਿਆ ਕਿ ਤਹਿਸੀਲਦਾਰ ਜ਼ੀਰਾ ਜਦੋਂ ਤੋਂ ਵੀ ਇੱਥੇ ਜ਼ੀਰਾ ਤਹਿਸੀਲ ਵਿੱਚ ਤੈਨਾਤ ਹੈ, ਇਸ ਵੱਲੋਂ ਇੱਕ ਵੀ ਰਜਿਸਟਰੀ ਨਹੀਂ ਕੀਤੀ ਗਈ।ਕਿਸਾਨਾਂ ਨਾਲ ਇਸ ਦਾ ਦੁਰਵਿਹਾਰ ਅਕਸਰ ਚਰਚਾ ਦਾ ਵਿਸ਼ਾ ਬਣਦਾ ਰਿਹਾ ਹੈ।ਪਿਛਲੇ ਦਿਨੀਂ ਤਲਵੰਡੀ ਮੰਗੇ ਖਾਂ ਦਾ ਕਿਸਾਨ, ਜੋ ਕਈ ਮਹੀਨਿਆਂ ਤੋਂ ਵੱਖ-ਵੱਖ ਦਫਤਰਾਂ ਦੇ ਚੱਕਰ ਕੱਢ ਰਿਹਾ ਸੀ, ਨੂੰ ਨਾਲ ਲੈ ਕੇ ਸੁਖਦੇਵ ਸਿੰਘ ਬਲਾਕ ਪ੍ਰਧਾਨ ਜਦੋਂ ਤਹਿਸੀਲਦਾਰ ਸਾਹਿਬ ਦੇ ਪੇਸ਼ ਹੋਏ ਤਾਂ ਤਹਿਸੀਲਦਾਰ ਸਾਹਿਬ ਵੱਲੋਂ ਕਿਸਾਨ ਦੇ ਕਾਗਜ਼ ਵਗਾ ਕੇ ਮਾਰੇ ਗਏ ਤੇ ਅਪਸ਼ਬਦ ਬੋਲੇ ਗਏ।ਕਿਸਾਨ ਆਗੂ ਸਰਦਾਰ ਦਰਸ਼ਨ ਸਿੰਘ ਨੇ ਕਿਹਾ ਕਿ ਜਿਨ੍ਹਾਂ ਲੋਕਤੰਤਰੀ ਕਦਰਾਂ ਕੀਮਤਾਂ ਨੂੰ ਅਸੀਂ ਸਰਕਾਰੀ ਅਦਾਰਿਆਂ ਤੋਂ ਸਿੱਖਣਾ ਹੁੰਦਾ ਹੈ, ਉਨ੍ਹਾਂ ਲੋਕਤੰਤਰੀ ਕਦਰਾਂ ਕੀਮਤਾਂ ਦਾ ਹੀ ਇੱਕ ਅਧਿਕਾਰੀ ਵੱਲੋਂ ਘਾਣ ਕੀਤਾ ਗਿਆ।ਦਰਸ਼ਨ ਸਿੰਘ ਨੇ ਕਿਹਾ ਕਿ ਲੋਕਤੰਤਰ ਵਿੱਚ ਲੋਕ ਵੱਡੇ ਹੁੰਦੇ ਹਨ, ਕਿਸੇ ਅਧਿਕਾਰੀ ਨੂੰ ਇਹ ਅਧਿਕਾਰ ਨਹੀਂ ਕਿ ਉਹ ਲੋਕਾਂ ਨਾਲ ਮਾੜਾ ਵਿਹਾਰ ਕਰੇ। ਇਸ ਮੌਕੇ ਸੈਂਕੜਿਆਂ ਦੀ ਗਿਣਤੀ ਵਿੱਚ ਬੀਕੇਯੂ ਕਾਦੀਆਂ ਦੇ ਆਗੂ, ਅਹੁਦੇਦਾਰ ਤੇ ਮੈਂਬਰ ਹਾਜ਼ਰ ਹੋਏ।ਉਨਵਾ ਕਿਹਾ ਕਿ ਧਰਨੇ ਸਬੰਧੀ ਵੱਖ-ਵੱਖ ਕਿਸਾਨਾਂ ਦੀਆਂ ਡਿਊਟੀਆਂ ਲਗਾ ਦਿੱਤੀਆਂ ਗਈਆਂ ਹਨ। ਇਸ ਮੌਕੇ ਟੈਂਟ, ਦਰੀਆਂ, ਲੰਗਰ ਤੇ ਚਾਹ ਦਾ ਪ੍ਰਬੰਧ ਆਦਿ ਮੁਕੰਮਲ ਕਰ ਰਹੇ ਗਏ ਹਨ। ਉਨ੍ਹਾਂ ਕਿਹਾ ਕਿ ਜੇਕਰ 17 ਦੇ ਧਰਨੇ ਵਿੱਚ ਪਹੁੰਚ ਕੇ ਤਹਸੀਲਦਾਰ ਸਾਹਿਬ ਆਪਣੇ ਕੀਤੇ ਦਾ ਪਛਤਾਵਾ ਨਹੀਂ ਕਰਦੇ ਤਾਂ ਆਉਣ ਵਾਲੇ ਸਮੇਂ ਦੌਰਾਨ ਇੱਕ ਵੱਡਾ ਇਕੱਠ ਡੀ ਸੀ ਦਫਤਰ ਅੱਗੇ ਰੱਖਿਆ ਜਾਵੇਗਾ ਤੇ ਇਸ ਦੀ ਜ਼ਿੰਮੇਵਾਰੀ ਪ੍ਰਸ਼ਾਸਨ ਦੀ ਹੋਵੇਗੀ।

ਉਨ੍ਹਾਂ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਤੇ ਮਾਲ ਮਹਿਕਮੇ ਦੇ ਮੰਤਰੀ, ਡੀ ਸੀ ਫਿਰੋਜ਼ਪੁਰ ਨੂੰ ਬੇਨਤੀ ਕੀਤੀ ਕਿ ਇਸ ਤਹਿਸੀਲਦਾਰ ਡੂੰਘਾਈ ਨਾਲ ਜਾਂਚ ਪੜਤਾਲ ਕੀਤੀ ਜਾਵੇ। ਪਿਛਲੇ ਦਿਨੀਂ ਇਸ ਵੱਲੋਂ ਕੋਰਟ ਦੇ ਇੱਕ ਆਰਡਰ ਨੂੰ ਵੀ ਦਰਕਿਨਾਰ ਕਰਦਿਆਂ ਪਿੰਡ ਰਟੌਲ ਦੀ ਬੋਲੀ ਕਰਵਾਈ ਗਈ, ਜਿਸ ਵਿੱਚ ਵੀ ਵੱਡਾ ਗੋਲ ਮਾਲ ਕੀਤਾ ਗਿਆ। ਦਰਸ਼ਨ ਸਿੰਘ ਨੇ ਇੱਥੇ ਇਕੱਠ ਨੂੰ ਸੰਬੋਧਨ ਕਰਦਿਆਂ ਕਿਸਾਨਾਂ ਨੂੰ ਅਪੀਲ ਕੀਤੀ ਕਿ ਕਿਸਾਨਾਂ ਮਜ਼ਦੂਰਾਂ ਨਾਲ ਕਿਸੇ ਵੀ ਤਰ੍ਹਾਂ ਦੀ ਬੇਨਸਾਫੀ ਬਰਦਾਸ਼ਤ ਨਹੀਂ ਕੀਤੀ ਜਾਵੇਗੀ ਤੇ ਇਸ ਸਬੰਧੀ ਉੱਚ ਅਧਿਕਾਰੀਆਂ ਤੱਕ ਵੀ ਜਥੇਬੰਦੀ ਵੱਲੋਂ ਲਗਾਤਾਰ ਰਾਬਤਾ ਕੀਤਾ ਜਾ ਰਿਹਾ ਹੈ।

## ਹਰੀ ਸਿੰਘ ਖਾਈ ਨੂੰ ਜ਼ਿਲ੍ਹਾ ਪ੍ਰਧਾਨ ਨਿਯੁਕਤ ਕਰਨ 'ਤੇ ਮਾਲਵਿਕਾ ਸੂਦ ਵੱਲੋਂ ਹਾਈ ਕਮਾਂਡ ਦਾ ਧੰਨਵਾਦ



**ਮੋਗਾ (ਇਕਬਾਲ ਸਿੰਘ ਖਹਿਰਾ)**-ਕਾਂਗਰਸ ਦੀ ਮੋਗਾ ਹਲਕਾ ਤੋਂ ਇੰਚਾਰਜ ਮਲਵਿਕਾ ਸੂਦ ਵੱਲੋਂ ਸੀਨੀਅਰ ਕਾਂਗਰਸ ਆਗੂ ਹਰੀ ਸਿੰਘ ਖਾਈ ਨੂੰ ਮੋਗਾ ਜ਼ਿਲ੍ਹਾ ਕਾਂਗਰਸ ਪ੍ਰਧਾਨ ਬਣਾਉਣ 'ਤੇ ਜਿੱਥੇ ਸ਼ੁਭ-ਕਾਮਨਾਵਾਂ ਦਿੱਤੀਆਂ, ਉੱਥੇ ਹੀ ਪਾਰਟੀ ਹਾਈ ਕਮਾਂਡ ਦਾ ਧੰਨਵਾਦ ਕੀਤਾ।ਉਨ੍ਹਾਂ ਕਿਹਾ ਕਿ ਕਾਂਗਰਸ ਪਾਰਟੀ ਦੇ ਸੀਨੀਅਰ ਆਗੂ ਹਰੀ ਸਿੰਘ ਖਾਈ ਨੂੰ ਬਣਦਾ ਮਾਣ ਸਨਮਾਨ ਦਿੱਤਾ ਹੈ।ਇਸ ਨਿਯੁਕਤੀ ਨਾਲ ਨਾ ਸਿਰਫ਼ ਪਾਰਟੀ ਵਰਕਰਾਂ ਵਿੱਚ ਭਾਰੀ ਉਤਸ਼ਾਹ ਹੈ, ਸਗੋਂ ਜ਼ਿਲ੍ਹੇ ਦੇ ਸਿਆਸੀ ਸਮੀਕਰਨ ਵੀ ਬਦਲਣਗੇ।ਇਸ ਮੌਕੇ ਹਲਕਾ ਇੰਚਾਰਜ ਕਾਂਗਰਸ ਮਲਵਿਕਾ ਸੂਦ ਨੇ ਹਰੀ ਸਿੰਘ ਖਾਈ ਨੂੰ ਦਿਲੋਂ ਵਧਾਈ ਦਿੰਦਿਆਂ ਕਿਹਾ ਕਿ ਪਾਰਟੀ ਹਾਈ ਕਮਾਨ ਦਾ ਇਹ ਫ਼ੈਸਲਾ ਬਿਲਕੁਲ ਸਹੀ ਤੇ ਸਮੇਂ ਸਿਰ ਕੀਤਾ ਗਿਆ ਹੈ।ਹਰੀ ਸਿੰਘ ਖਾਈ ਨੇ ਆਪਣੀ ਨਿਯੁਕਤੀ 'ਤੇ ਸਮੁੱਚੀ ਕਾਂਗਰਸ ਹਾਈ ਕਮਾਂਡ ਦਾ ਧੰਨਵਾਦ ਕਰਦੇ ਹਾਂ ਕਿਹਾ ਕਿ ਜੋ ਕਾਂਗਰਸ ਹਾਈ ਕਮਾਂਡ ਨੇ ਉਨ੍ਹਾਂ 'ਤੇ ਭਰੋਸਾ ਜਤਾਇਆ ਹੈ, ਉਹ ਪੂਰੀ ਤਨਦੇਹੀ ਨਾਲ ਕਾਂਗਰਸ ਪਾਰਟੀ ਨੂੰ ਹੋਰ ਮਜ਼ਬੂਤ ਕਰਨ ਲਈ ਯਤਨਸ਼ੀਲ ਰਹਿਣਗੇ। ਹਰੀ ਸਿੰਘ ਖਾਈ ਨੇ ਜਿੱਥੇ ਮਲਵਿਕਾ ਸੂਦ ਸਮੇਤ ਸਮੁੱਚੇ ਸੀਨੀਅਰ ਕਾਂਗਰਸੀ ਆਗੂਆਂ ਤੇ ਵਰਕਰਾਂ ਦਾ ਧੰਨਵਾਦ ਕਰਦੇ ਹਨ, ਉੱਥੇ ਹੀ ਮੋਗਾ ਜ਼ਿਲ੍ਹੇ ਦੀ ਹਰ ਹਲਕੇ ਤੱਕ ਪਾਰਟੀ ਦੀ ਆਵਾਜ਼ ਬੁਲੰਦ ਕਰਨ ਤੇ ਪਾਰਟੀ ਦੀਆਂ ਨੀਤੀਆਂ ਨੂੰ ਘਰ ਘਰ ਪਹੁੰਚਾਉਣ ਲਈ ਮੁਹਿੰਮ ਵਿੱਢਣਗੇ। ਇਸ ਮੌਕੇ ਜ਼ਿਲ੍ਹਾ ਕਾਂਗਰਸ ਦੇ ਕਈ ਸੀਨੀਅਰ ਵਰਕਰਾਂ, ਯੂਥ ਕਾਂਗਰਸ ਦੇ ਆਗੂਆਂ ਤੇ ਵੱਖ-ਵੱਖ ਬਲਾਕਾਂ ਦੇ ਪ੍ਰਧਾਨਾਂ ਨੇ ਵੀ ਹਰੀ ਸਿੰਘ ਖਾਈ ਨੂੰ ਵਧਾਈਆਂ ਦਿੱਤੀਆਂ ਤੇ ਕਿਹਾ ਕਿ ਉਨ੍ਹਾਂ ਦੀ ਅਗਵਾਈ ਹੇਠ ਕਾਂਗਰਸ ਪਾਰਟੀ ਜ਼ਿਲ੍ਹਾ ਮੋਗਾ ਵਿੱਚ ਹੋਰ ਮਜ਼ਬੂਤ ਹੋਵੇਗੀ ਤੇ ਜਨਤਕ ਪੱਧਰ 'ਤੇ ਨਵੀਂ ਤਾਕਤ ਨਾਲ ਉੱਭਰੇਗੀ।

## ਕਾਂਗਰਸ ਵੱਲੋਂ ਲੱਖਾ ਪਾਇਲ ਤੀਜੀ ਵਾਰ ਖੰਨਾ ਜ਼ਿਲ੍ਹਾ ਪ੍ਰਧਾਨ ਨਿਯੁਕਤ



**ਮਾਛੀਵਾੜਾ ਸਾਹਿਬ (ਸ਼ੈਂਕੀ ਸ਼ਰਮਾ, ਜਗਦੀਸ਼ ਰਾਏ)**-ਕਾਂਗਰਸ ਦੇ ਸੂਬਾ ਪ੍ਰਧਾਨ ਅਮਰਿੰਦਰ ਸਿੰਘ ਰਾਜਾ ਵੜਿੰਗ ਵੱਲੋਂ ਪਾਰਟੀ ਦੇ ਸੀਨੀਅਰ ਆਗੂ ਤੇ ਹਲਕਾ ਪਾਇਲ ਤੋਂ ਸਾਬਕਾ ਵਿਧਾਇਕ ਲਖਵੀਰ ਸਿੰਘ ਲੱਖਾ ਪਾਇਲ ਨੂੰ ਤੀਜੀ ਵਾਰ ਪੁਲਸ ਜ਼ਿਲ੍ਹਾ ਖੰਨਾ ਦਾ ਪ੍ਰਧਾਨ ਨਿਯੁਕਤ ਕੀਤਾ ਗਿਆ ਹੈ। ਇੱਕਤਰ ਕੀਤੀ ਜਾਣਕਾਰੀ ਮੁਤਾਬਿਕ ਕਾਂਗਰਸ ਪਾਰਟੀ ਲਈ ਪੂਰੀ ਵਫ਼ਾਦਾਰੀ ਤੇ ਮਿਹਨਤ ਨਾਲ ਕੰਮ ਕਰਨ ਵਾਲੇ ਅਣਥੱਕ ਆਗੂ ਲਖਬੀਰ ਸਿੰਘ ਲੱਖਾ ਪਾਇਲ ਨੂੰ ਪਾਰਟੀ ਪ੍ਰਤੀ ਵਧੀਆ ਸੇਵਾਵਾਂ ਬਦਲੇ ਮੁੜ ਤੋਂ ਇਹ ਅਹੁਦਾ ਦਿੱਤਾ ਗਿਆ। ਉਨ੍ਹਾਂ ਦੀ ਨਿਯੁਕਤੀ ਨਾਲ ਹਲਕਾ ਸਮਰਾਲਾ ਦੇ ਆਗੂਆਂ ਤੇ ਵਰਕਰਾਂ ਵਿੱਚ ਖ਼ੁਸ਼ੀ ਦੀ ਲਹਿਰ ਪਾਈ ਜਾ ਰਹੀ ਹੈ। ਹਲਕਾ ਸਮਰਾਲਾ ਤੋਂ ਇੰਚਾਰਜ ਰੁਪਿੰਦਰ ਸਿੰਘ ਰਾਜਾ ਗਿੱਲ ਵੱਲੋਂ ਅੱਜ ਨਵੇਂ ਪ੍ਰਧਾਨ ਲੱਖਾ ਪਾਇਲ ਦਾ ਮੂੰਹ ਮਿੱਠਾ ਕਰਵਾ ਕੇ ਉਨ੍ਹਾਂ ਨੂੰ ਮੁਬਾਰਕਬਾਦ ਦਿੱਤੀ ਗਈ। ਇਸ ਮੌਕੇ ਖ਼ੁਸ਼ੀ ਦਾ ਇਜ਼ਹਾਰ ਕਰਨ ਵਾਲਿਆਂ 'ਚ ਜ਼ਿਲ੍ਹਾ ਉਪ-ਪ੍ਰਧਾਨ ਕਸਤੂਰੀ ਲਾਲ ਮਿੰਟੂ, ਸਾਬਕਾ ਚੇਅਰਮੈਨ ਸ਼ਕਤੀ ਆਨੰਦ, ਜ਼ਿਲ੍ਹਾ ਉਪ-ਪ੍ਰਧਾਨ ਜੇ. ਪੀ. ਮੱਕੜ, ਸਾਬਕਾ ਪ੍ਰਧਾਨ ਸੁਰਿੰਦਰ ਕੁੰਦਰਾ, ਪ੍ਰਧਾਨ ਬਲਾਕ ਕਾਂਗਰਸ ਮਾਛੀਵਾੜਾ ਸਾਹਿਬ ਪਰਮਿੰਦਰ ਤਿਵਾੜੀ, ਕਪਿਲ ਆਨੰਦ ਪ੍ਰਧਾਨ ਸ਼ਹਿਰੀ ਕਾਂਗਰਸ, ਮਹਿਲਾ ਵਿੰਗ ਦੀ ਪ੍ਰਧਾਨ ਮਨਜੀਤ ਕੁਮਾਰੀ, ਕੌਂਸਲ ਸੁਰਿੰਦਰ ਛਿੰਦੀ ਸ਼ਾਮਲ ਸਨ।

## ਕੋਟਲੀ ਤੇ ਦੋਦੜਾ ਗੁਰਦੁਆਰਾ ਸਾਹਿਬਾਨ 'ਚ ਕੀਰਤਨ ਦਰਬਾਰ ਹੋਇਆ



**ਸਮਾਣਾ (ਗੁਰਪਿਆਰ ਸਿੰਘ ਚੱਲ)**-ਹਿੰਦ ਦੀ ਚਾਦਰ ਸ੍ਰੀ ਗੁਰੂ ਤੇਗ ਬਹਾਦਰ ਜੀ ਦੇ 350 ਸਾਲਾ ਸ਼ਹੀਦੀ ਦਿਹਾੜੇ ਨੂੰ ਸਮਰਪਤ ਕੀਰਤਨ ਦਰਬਾਰ ਸ੍ਰੀ ਗੁਰੂ ਤੇਗ ਬਹਾਦਰ ਜੀ ਦੇ ਚਰਨ ਛੋਹ ਅਸਥਾਨ ਪਿੰਡਾਂ ਕੋਟਲੀ ਤੇ ਦੋਦੜਾ ਦੇ ਗੁਰਦੁਆਰਾ ਸਾਹਿਬ ਵਿਖੇ ਕਰਵਾਏ ਗਏ, ਜਿਸ ਵਿੱਚ ਸੰਗਤਾਂ ਨੇ [illegible] ਬਾਣੀ ਦਾ ਆਨੰਦ ਮਾਣਿਆ। ਸਮਾਗਮ ਦੌਰਾਨ ਪਿੰਡ ਕੋਟਲੀ ਵਿਖੇ ਕੀਰਤਨ ਦਰਬਾਰ ਵਿਚ ਵਿਧਾਇਕ ਸ਼ੁਤਰਾਣਾ ਕੁਲਵੰਤ ਸਿੰਘ ਨੇ ਸ਼ਿਰਕਤ ਕਰਦਿਆਂ ਸੰਗਤ ਨੂੰ ਗੁਰੂ ਸਾਹਿਬ ਦੇ ਮਹਾਨ ਜੀਵਨ ਤੋਂ ਸੇਧ ਲੈਣ ਲਈ ਪ੍ਰੇਰਿਤ ਕੀਤਾ।ਉਨ੍ਹਾਂ ਕਿਹਾ ਕਿ ਪੰਜਾਬ ਸਰਕਾਰ ਵੱਲੋਂ ਪੂਰੀ ਸ਼ਰਧਾ ਤੇ ਸਤਿਕਾਰ ਸਹਿਤ ਸ੍ਰੀ ਗੁਰੂ ਤੇਗ ਬਹਾਦਰ ਜੀ ਦਾ 350 ਸਾਲਾ ਸ਼ਹੀਦੀ ਦਿਹਾੜਾ ਵੱਡੇ ਪੱਧਰ ਉੱਤੇ ਮਨਾਇਆ ਜਾ ਰਿਹਾ ਹੈ।ਉਨ੍ਹਾਂ ਕਿਹਾ ਕਿ 18 ਨਵੰਬਰ ਨੂੰ ਪਟਿਆਲਾ ਦੇ ਗੁਰਦੁਆਰਾ ਸ੍ਰੀ ਗੁਰੂ ਸਿੰਘ ਸਭਾ ਵਿਖੇ ਸ਼ਾਮ ਨੂੰ ਮਹਾਨ ਕੀਰਤਨ ਦਰਬਾਰ ਕਰਾਇਆ ਜਾਵੇਗਾ ਅਤੇ ਸ੍ਰੀ ਦਮਦਮਾ ਸਾਹਿਬ ਤਲਵੰਡੀ ਸਾਬੋ ਤੋਂ ਚੱਲਣ ਵਾਲੀ ਧਾਰਮਿਕ ਯਾਤਰਾ ਦੇ ਰੂਪ ਵਿੱਚ 21 ਨਵੰਬਰ ਨੂੰ ਪਟਿਆਲਾ ਵਿਖੇ ਨਗਰ ਕੀਰਤਨ ਪਹੁੰਚ ਰਿਹਾ ਹੈ। ਇਸੇ ਦੌਰਾਨ ਉਪ ਮੰਡਲ ਮੈਜਿਸਟਰੇਟ ਸਮਾਣਾ ਰਿਚਾ ਗੋਇਲ ਦੀ ਅਗਵਾਈ ਹੇਠ ਬੀਡੀਪੀਓ ਪਾਤੜਾ ਬਘੇਲ ਸਿੰਘ ਔਜਲਾ ਨੇ ਦੱਸਿਆ ਕਿ ਕੀਰਤਨ ਦਰਬਾਰ ਦੌਰਾਨ ਵੱਖ-ਵੱਖ ਕੀਰਤਨੀ ਜਥਿਆਂ ਨੇ ਸੰਗਤਾਂ ਨੂੰ ਗੁਰੂ ਸਾਹਿਬ ਦੀ ਲਾਸਾਨੀ ਸ਼ਹਾਦਤ ਨੂੰ ਸਿਜਦਾ ਕਰਦਿਆਂ ਬਾਣੀ ਸਿਮਰਨ ਕੀਤਾ।ਬੁਲਾਰਿਆਂ ਨੇ ਸ੍ਰੀ ਗੁਰੂ ਤੇਗ ਬਹਾਦਰ ਜੀ ਤੇ ਸ਼ਹੀਦ ਗੁਰਸਿੱਖਾਂ ਭਾਈ ਮਤੀ ਦਾਸ, ਭਾਈ ਸਤੀ ਦਾਸ ਤੇ ਭਾਈ ਦਿਆਲਾ ਜੀ ਵੱਲੋਂ ਧਰਮ ਦੀ ਰਾਖੀ ਅਤੇ ਮਨੁੱਖੀ ਅਧਿਕਾਰਾਂ ਦੀ ਸਰਬਉਚ ਕੁਰਬਾਨੀ ਬਾਰੇ ਵਿਚਾਰ ਸਾਂਝੇ ਕੀਤੇ।

## 127 ਗੈਸਟ ਪ੍ਰੋਫੈਸਰਾਂ ਦੀ ਰੁਕੀ ਤਨਖਾਹ ਜਾਰੀ, ਪੰਜਾਬ ਸਰਕਾਰ ਨੇ ਮੁਲਾਜ਼ਮ ਪੱਖੀ ਰਵੱਈਏ ਦਾ ਦਿੱਤਾ ਸਬੂਤ : ਸੰਯੁਕਤ ਫਰੰਟ



**ਸੁਨਾਮ (ਅਸ਼ੋਕ ਬਾਂਸਲ, ਹਾਕਮ ਭੱਟੀ)**-ਪੰਜਾਬ ਸਰਕਾਰ ਨੇ ਸਰਕਾਰੀ ਕਾਲਜਾਂ 'ਚ ਕੰਮ ਕਰ ਰਹੇ 127 ਗੈਸਟ ਫੈਕਲਟੀ ਸਹਾਇਕ ਪ੍ਰੋਫੈਸਰਾਂ ਦੀ ਪਿਛਲੇ 10 ਮਹੀਨਿਆਂ ਤੋਂ ਰੁਕੀ ਤਨਖਾਹ ਜਾਰੀ ਕਰਕੇ ਮੁਲਾਜ਼ਮ ਪੱਖੀ ਹੋਣ ਦਾ ਸਬੂਤ ਦਿੱਤਾ ਹੈ।ਗੈਸਟ ਫੈਕਲਟੀ ਸਹਾਇਕ ਪ੍ਰੋਫੈਸਰਜ਼ ਸੰਯੁਕਤ ਫਰੰਟ ਦੇ ਸੂਬਾਈ ਆਗੂਆਂ ਡਾ. ਰਾਵਿੰਦਰ ਸਿੰਘ ਮਾਨਸਾ, ਪ੍ਰੋ. ਗੁਰਸੇਵ ਸਿੰਘ ਪਟਿਆਲਾ, ਡਾ. ਪਰਮਜੀਤ ਸਿੰਘ ਸ੍ਰੀ ਅੰਮ੍ਰਿਤਸਰ ਸਾਹਿਬ ਤੇ ਪ੍ਰੋ. ਮੁਹੰਮਦ ਤਨਵੀਰ ਸੰਗਰੂਰ ਨੇ ਉੱਚ ਸਿੱਖਿਆ ਮੰਤਰੀ ਹਰਜੋਤ ਸਿੰਘ ਬੈਂਸ ਦਾ ਵਿਸ਼ੇਸ਼ ਧੰਨਵਾਦ ਕੀਤਾ।ਆਗੂਆਂ ਨੇ ਕਿਹਾ ਕਿ ਮੰਤਰੀ ਬੈਂਸ ਦੇ ਦਿਸ਼ਾ-ਨਿਰਦੇਸ਼ਾਂ ਅਧੀਨ ਤਨਖਾਹਾਂ ਦੇ ਜਾਰੀ ਹੋਣ ਨਾਲ ਗੈਸਟ ਪ੍ਰੋਫੈਸਰਾਂ ਨੂੰ ਵੱਡੀ ਰਾਹਤ ਮਿਲੀ ਹੈ।ਉਨ੍ਹਾਂ ਕਿਹਾ ਕਿ ਪਿਛਲੇ ਦੋ ਦਹਾਕਿਆਂ ਤੋਂ ਗੈਸਟ ਪ੍ਰੋਫੈਸਰਾਂ ਨੇ ਪੰਜਾਬ ਦੇ ਸਰਕਾਰੀ ਕਾਲਜਾਂ ਜੋ ਸੂਬੇ ਦੀ ਸਿੱਖਿਅਕ ਧਰੋਹਰ ਹਨ, ਨੂੰ ਆਪਣੇ ਮਿਹਨਤੀ ਕੰਮ ਨਾਲ ਸੰਭਾਲਿਆ ਹੈ।ਉਨ੍ਹਾਂ ਦੱਸਿਆ ਕਿ 25 ਸਰਕਾਰੀ ਕਾਲਜਾਂ ਵਿੱਚ ਗੈਸਟ ਪ੍ਰੋਫੈਸਰਾਂ ਦੀ ਤਨਖਾਹ ਰੁਕੀ ਹੋਈ ਸੀ।ਆਗੂਆਂ ਨੇ ਦੱਸਿਆ ਕਿ ਆਮ ਆਦਮੀ ਪਾਰਟੀ ਦੀ ਸਰਕਾਰ ਦੁਆਰਾ ਸਾਲ 2022 'ਚ ਗੈਸਟ ਪ੍ਰੋਫੈਸਰਾਂ ਦੀ ਤਨਖਾਹ ਵਿੱਚ ਵਾਧਾ ਕੀਤਾ ਗਿਆ ਸੀ।ਨਵੇਂ ਪ੍ਰੋਫੈਸਰਾਂ ਦੀ ਭਰਤੀ ਕਾਰਨ ਕੁਝ ਗੈਸਟ ਪ੍ਰੋਫੈਸਰਾਂ ਦੀ ਤਨਖਾਹ ਪ੍ਰਭਾਵਿਤ ਹੋਈ, ਜਿਸ ਨਾਲ ਉਨ੍ਹਾਂ ਦੀ ਜ਼ਿੰਦਗੀ ਚਲਾਉਣਾ ਮੁਸ਼ਕਲ ਹੋ ਗਿਆ ਸੀ, ਪਰ ਉੱਚ ਸਿੱਖਿਆ ਵਿਭਾਗ ਦੇ ਪ੍ਰਮੁੱਖ ਸਕੱਤਰ ਅਤੇ ਡਾਇਰੈਕਟਰ ਨੇ ਯੋਜਨਾਬੱਧ ਢੰਗ ਨਾਲ ਇਸ ਸਮੱਸਿਆ ਦਾ ਹੱਲ ਕੀਤਾ ਹੈ।ਉਨ੍ਹਾਂ ਉੱਚ ਸਿੱਖਿਆ ਵਿਭਾਗ ਦੇ ਡਾਇਰੈਕਟਰ ਦੀ ਪ੍ਰਸ਼ੰਸਾ ਕਰਦਿਆਂ ਕਿਹਾ ਕਿ ਇਮਾਨਦਾਰ ਤੇ ਦੂਰਦਰਸ਼ੀ ਅਫ਼ਸਰਾਂ ਦੀ ਬਦੌਲਤ ਹੀ ਪੰਜਾਬ ਤਰੱਕੀ ਦੇ ਰਾਹ 'ਤੇ ਹੈ।ਅਜਿਹੇ ਪ੍ਰਸ਼ਾਸਨਿਕ ਅਫ਼ਸਰ ਉੱਚੇਰੀ ਸਿੱਖਿਆ ਨੂੰ ਬੁਲੰਦੀਆਂ 'ਤੇ ਲਿਜਾਣ ਵਿੱਚ ਮੀਲ ਪੱਥਰ ਸਾਬਿਤ ਹੋ ਰਹੇ ਹਨ।

## 60 ਸਾਲ ਬਾਅਦ ਦਾਨ ਦਿੱਤੀ ਜ਼ਮੀਨ ਸਕੂਲ ਦੇ ਕਬਜ਼ੇ ਹੇਠ ਆਈ



**ਬੋਹਾ (ਨਿਰੰਜਣ ਬੋਹਾ)**-ਪੰਜਾਬ ਸਰਕਾਰ ਨੇ ਜ਼ਿਲ੍ਹਾ ਪ੍ਰਸ਼ਾਸ਼ਨ ਮਾਨਸਾ ਤੇ ਸਿੱਖਿਆ ਵਿਭਾਗ ਜ਼ਿਲ੍ਹਾ ਮਾਨਸਾ ਦੀ ਅਗਵਾਈ ਹੇਠ ਸਰਕਾਰੀ ਕੰਨਿਆ ਸੀਨੀਅਰ ਸਕੂਲ ਦੀ ਨਜ਼ਾਇਜ਼ ਕਬਜ਼ੇ ਹੇਠਲੀ ਜ਼ਮੀਨ ਦਾ ਕਬਜ਼ਾ ਸਕੂਲ ਨੂੰ ਦਿਵਾਉਣ ਤੋਂ ਬਾਅਦ ਸਰਕਾਰੀ ਪ੍ਰਾਇਮਰੀ ਸਕੂਲ ਬੋਹਾ (ਮੁੰਡੇ) ਨੂੰ ਸੱਠ ਸਾਲ ਪਹਿਲਾਂ ਕਿਸੇ ਸੱਜਣ ਵੱਲੋਂ ਦਾਨ ਕੀਤੀ 11 ਕਨਾਲਾਂ ਜ਼ਮੀਨ ਦਾ ਕਬਜ਼ਾ ਸਕੂਲ ਨੂੰ ਦਿਵਾਇਆ ਹੈ।ਸਕੂਲ ਮੁਖੀ ਤੇ ਸੈਂਟਰ ਹੈਡ ਟੀਚਰ ਹਰਫੂਲ ਸਿੰਘ ਵੱਲੋਂ ਪ੍ਰਾਪਤ ਜਾਣਕਾਰੀ ਅਨੁਸਾਰ ਇਹ ਜ਼ਮੀਨ ਨੰਦ ਸਿੰਘ ਨਾਂਅ ਦੇ ਇਕ ਅਲਾਟੀਏ ਨੇ ਸਕੂਲ ਨੂੰ ਦਾਨ ਦਿੱਤੀ ਸੀ, ਪਰ ਇਸ ਦਾਨ ਕੀਤੀ ਜਗ੍ਹਾ ਦੇ ਕਿਸੇ ਹਿੱਸੇ 'ਤੇ ਇਸ ਨੂੰ ਜਾਂਦੇ ਰਾਹ 'ਤੇ ਕੁਝ ਲੋਕਾਂ ਦਾ ਕਬਜ਼ਾ ਹੋਣ ਕਾਰਨ ਇਹ ਸਕੂਲ ਦੀ ਵਰਤੋਂ ਵਿੱਚ ਨਹੀਂ ਆ ਰਹੀ ਸੀ।ਉਨ੍ਹਾਂ ਦੱਸਿਆ ਕਿ ਜਦੋਂ ਇਹ ਗੱਲ ਹਲਕਾ ਵਿਧਾਇਕ ਪ੍ਰਿੰਸੀਪਲ ਬੁੱਧ ਰਾਮ ਜ਼ਿਲ੍ਹਾ ਮਾਨਸਾ ਡੇ ਡਿਪਟੀ ਕਮਿਸ਼ਨਰ ਸ੍ਰੀ ਮਤੀ ਨਵਜੋਤ ਕੌਰ, ਤਤਕਾਲੀ ਜ਼ਿਲ੍ਹਾ ਸਿੱਖਿਆਂ ਅਫਸਰ ਸੈਕੰਡਰੀ ਸ੍ਰੀਮਤੀ ਭੁਪਿੰਦਰ ਕੌਰ ਤੇ ਜ਼ਿਲ੍ਹਾ ਸਿੱਖਿਆ ਅਫਸਰ ਪ੍ਰਾਇਮਰੀ ਕੌਰ ਦੇ ਧਿਆਨ 'ਚ ਲਿਆਂਦੀ ਗਈ ਤਾਂ ਉਨ੍ਹਾਂ ਤਰੁੰਤ ਕਬਜ਼ਾ ਕਾਰਵਾਈ ਦੇ ਹੁਕਮ ਜਾਰੀ ਕਰ ਦਿੱਤੇ।

## ਅਧਿਆਪਕਾਂ ਦੀ ਪ੍ਰਮੋਸ਼ਨ 'ਤੇ ਟੀ ਈ ਟੀ ਸ਼ਰਤ ਲਾਉਣਾ ਗ਼ੈਰ-ਪ੍ਰਸੰਗਿਕ : ਡੀ ਟੀ ਐੱਫ



**ਮਾਨਸਾ (ਆਤਮਾ ਸਿੰਘ ਪਮਾਰ)**-ਨਿੱਤ ਦਿਨ ਗ਼ਲਤ ਫ਼ੈਸਲੇ ਲੈਣ ਕਰਕੇ ਸੁਰਖੀਆਂ 'ਚ ਰਹਿੰਦੇ ਸਿੱਖਿਆ ਵਿਭਾਗ ਨੇ ਅਧਿਆਪਕਾਂ ਨੂੰ ਇੱਕ ਵਾਰ ਫਿਰ ਪ੍ਰੇਸ਼ਾਨੀ 'ਚ ਪਾ ਦਿੱਤਾ ਹੈ। ਡੈਮੋਕ੍ਰੇਟਿਕ ਟੀਚਰਜ਼ ਫ਼ਰੰਟ ਪੰਜਾਬ ਦੇ ਸੂਬਾ ਪ੍ਰਧਾਨ ਦਿਗਵਿਜੇ ਪਾਲ ਸ਼ਰਮਾ ਤੇ ਸੂਬਾ ਜਨਰਲ ਸਕੱਤਰ ਰੇਸ਼ਮ ਸਿੰਘ ਬਠਿੰਡਾ ਦੀ ਅਗਵਾਈ ਵਿੱਚ ਡੀ ਟੀ ਐੱਫ਼ ਦੇ ਜ਼ਿਲ੍ਹਾ ਮਾਨਸਾ ਦੇ ਪ੍ਰਧਾਨ ਕਰਮਜੀਤ ਤਾਮਕੋਟ ਤੇ ਹਰਜਿੰਦਰ ਅਨੂਪਗੜ੍ਹ ਨੇ ਦੱਸਿਆ ਕਿ ਲਗਭਗ ਪਿਛਲੇ ਅੱਠ ਸਾਲ ਤੋ ਲਮਕ ਰਹੀਆਂ ਪ੍ਰਾਇਮਰੀ ਤੋਂ ਮਾਸਟਰ ਕਾਡਰ ਦੀਆਂ ਪ੍ਰੋਮੋਸ਼ਨਾਂ ਦੀ ਇੱਕ ਲਿਸਟ ਕੱਲ ਸਿੱਖਿਆ ਵਿਭਾਗ ਵੱਲੋਂ ਜਾਰੀ ਕੀਤੀ ਗਈ, ਜਿਸ 'ਚ ਸੁਪਰੀਮ ਕੋਰਟ ਦੇ ਕਿਸੇ ਹੋਰ ਸਟੇਟ ਦੇ ਸੰਬੰਧ 'ਚ ਆਏ ਫੈਸਲੇ ਨੂੰ ਅਧਾਰ ਬਣਾ ਕੇ ਇਨ੍ਹਾਂ ਪ੍ਰੋਮੋਟ ਹੋਣ ਵਾਲੇ ਅਧਿਆਪਕਾਂ ਉੱਪਰ ਦੋ ਸਾਲ ਦੇ ਅੰਦਰ ਅੰਦਰ ਟੀ.ਈ.ਟੀ ਦਾ ਟੈਸਟ ਪਾਸ ਕਰਨ ਦੀ ਸ਼ਰਤ ਰੱਖ ਦਿੱਤੀ ਹੈ। ਆਗੂਆਂ ਨੇ ਦੱਸਿਆ ਕਿ ਇਹ ਅਧਿਆਪਕ ਰਾਈਟ ਟੂ ਐਜੂਕੇਸ਼ਨ ਐਕਟ ਲਾਗੂ ਹੋਣ ਤੋਂ ਪਹਿਲਾਂ ਨੌਕਰੀ 'ਚ ਆਏ ਹੋਏ ਹਨ। ਇਹ ਅਧਿਆਪਕ ਆਪਣੀ ਭਰਤੀ ਸਮੇਂ ਦੀਆਂ ਸ਼ਰਤਾਂ ਤੇ ਯੋਗਤਾਵਾਂ ਪੂਰੀਆਂ ਕਰਕੇ ਭਰਤੀ ਹੋਏ ਸਨ। ਇਸ ਲਈ ਇਨ੍ਹਾਂ ਉੱਪਰ ਟੀ ਈ ਟੀ ਪਾਸ ਕਰਨ ਦੀ ਸ਼ਰਤ ਲਾਉਣਾ ਬਿਲਕੁਲ ਗ਼ੈਰ ਵਾਜਬ ਹੈ। ਜਥੇਬੰਦੀ ਦੇ ਆਗੂਆਂ ਰਾਜਵਿੰਦਰ ਸਿੰਘ ਬੈਹਣੀਵਾਲ, ਗੁਰਪ੍ਰੀਤ ਭੀਖੀ, ਨਿਧਾਨ ਸਿੰਘ, ਸ਼ਿੰਗਾਰਾ ਸਿੰਘ, ਤਰਸੇਮ ਬੋੜ੍ਹਾਵਾਲ, ਹਰਫੂਲ ਸਿੰਘ, ਰਾਜਿੰਦਰ ਸਿੰਘ ਨੇ ਕਿਹਾ ਕਿ ਸਮੇਂ-ਸਮੇਂ 'ਤੇ ਸਿੱਖਿਆ ਵਿਭਾਗ ਦੁਆਰਾ ਰੱਖੀਆਂ ਸ਼ਰਤਾਂ ਅਤੇ ਯੋਗਤਾਵਾਂ ਪੂਰੀਆਂ ਕਰਕੇ ਆਏ ਅਧਿਆਪਕਾਂ ਉੱਪਰ ਬਾਅਦ 'ਚ ਲਾਗੂ ਹੋਈਆਂ ਸ਼ਰਤਾਂ ਤੇ ਯੋਗਤਾਵਾਂ ਥੋਪਣਾ ਸਰਾਸਰ ਗ਼ਲਤ ਹੈ। ਉਨ੍ਹਾਂ ਸਿੱਖਿਆ ਵਿਭਾਗ ਤੋਂ ਮੰਗ ਕੀਤੀ ਕਿ ਸਮੇਂ-ਸਮੇਂ 'ਤੇ ਸ਼ਰਤਾਂ ਤੇ ਯੋਗਤਾਵਾਂ ਪੂਰੀਆਂ ਕਰਕੇ ਨੌਕਰੀਆਂ ਵਿੱਚ ਆਏ ਅਧਿਆਪਕਾਂ ਤੇ ਬਾਅਦ 'ਚ ਕਿਸੇ ਤਰ੍ਹਾਂ ਦੀ ਸ਼ਰਤ ਨਾ ਲਾਈ ਜਾਵੇ। ਆਗੂਆਂ ਨੇ ਕਿਹਾ ਕਿ ਜੇਕਰ ਇਹ ਤੁਗਲਕੀ ਤੇ ਅਧਿਆਪਕ ਮਾਰੂ ਸ਼ਰਤ ਵਾਪਸ ਨਾ ਲਈ ਤਾਂ ਡੀ ਟੀ ਐੱਫ਼ ਵੱਡੇ ਪੱਧਰ 'ਤੇ ਇਸਦੇ ਖਿਲਾਫ ਸੰਘਰਸ਼ ਕਰੇਗੀ।

## ਨਤੀਜਾ ਸ਼ਾਨਦਾਰ ਰਿਹਾ



**ਸਰਦੂਲਗੜ੍ਹ (ਅਵਤਾਰ ਜਟਾਣਾ)**-ਪੰਜਾਬੀ ਯੂਨੀਵਰਸਿਟੀ ਪਟਿਆਲਾ ਵੱਲੋਂ ਬੀ ਐਡ ਸਮੈਸਟਰ ਦੂਜੇ ਦੇ ਨਤੀਜੇ ਦਾ ਐਲਾਨ ਕਰ ਦਿੱਤਾ ਗਿਆ ਹੈ।ਰਾਜ ਦੇ ਉੱਚ ਤਕਨੀਕੀ ਸਿੱਖਿਆ ਖੇਤਰ ਵਿੱਚ ਪਛੜੇ ਮਾਨਸਾ ਜ਼ਿਲ੍ਹੇ ਦੇ ਹਰਿਆਣਾ ਰਾਜ ਦੀ ਸੀਮਾ ਨਾਲ ਲੱਗਦੀ ਸੰਸਥਾ ਮਾਲਵਾ ਕਾਲਜ ਆਫ਼ ਐਜੂਕੇਸ਼ਨ ਸਰਦੂਲੇਵਾਲਾ ਦੀਆਂ ਲੜਕੀਆਂ ਨੇ ਇਸ ਵਾਰ ਫਿਰ ਇਨ੍ਹਾਂ ਨਤੀਜਿਆਂ ਵਿੱਚ ਬਾਜ਼ੀ ਮਾਰੀ ਹੈ ਤੇ ਚੰਗੀਆਂ ਪੁਜੀਸ਼ਨਾਂ ਹਾਸਲ ਕੀਤੀਆਂ ਹਨ।ਸੰਸਥਾ ਦੇ ਕਾਲਜ ਆਫ਼ ਐਜੂਕੇਸ਼ਨ ਦੀਆਂ ਵਿਦਿਆਰਥਣਾਂ ਆਸ਼ੂ ਸਿੰਗਲਾ ਪੁੱਤਰੀ ਸ੍ਰੀ ਵਿਜੈ ਕੁਮਾਰ ਨੇ 80 ਪ੍ਰਤੀਸ਼ਤ ਅੰਕ ਪ੍ਰਾਪਤ ਕਰਕੇ ਕਾਲਜ 'ਚੋਂ ਪਹਿਲਾ ਸਥਾਨ ਪ੍ਰਾਪਤ ਕੀਤਾ ਹੈ।ਇਸੇ ਤਰ੍ਹਾਂ ਸ਼ੁਭਦੀਪ ਕੌਰ ਪੁੱਤਰੀ ਸਾਧੂ ਸਿੰਘ ਨੇ 79.2 ਪ੍ਰਤੀਸ਼ਤ ਅੰਕ ਤੇ ਸ਼ੀਨੂੰ ਪੁੱਤਰੀ ਜੀਵਨ ਕੁਮਾਰ ਨੇ 76.4 ਪ੍ਰਤੀਸ਼ਤ ਅੰਕ ਪ੍ਰਾਪਤ ਕਰਕੇ ਕ੍ਰਮਵਾਰ ਦੂਜੀ ਤੇ ਤੀਜੀ ਪੁਜੀਸ਼ਨ ਹਾਸਲ ਕੀਤੀ। ਵਿਦਿਆਰਥਣਾਂ ਦਿਆਂ ਮਾਪਿਆਂ ਵਿੱਚ ਇਨ੍ਹਾਂ ਨਤੀਜਿਆਂ ਪ੍ਰਤੀ ਬਹੁਤ ਸੰਤੁਸ਼ਟੀ ਪ੍ਰਗਟ ਕੀਤੀ ਗਈ ਹੈ ਤੇ ਖੁਸ਼ੀ ਦਾ ਇਜ਼ਹਾਰ ਕੀਤਾ ਜਾ ਰਿਹਾ ਹੈ।ਸੰਸਥਾ ਦੇ ਚੇਅਰਮੈਨ ਜਤਿੰਦਰ ਸਿੰਘ ਸੋਢੀ ਤੇ ਮੈਨੇਜਿੰਗ ਡਾਇਰੈਕਟਰ ਰਾਜ ਸੋਢੀ ਨੇ ਵਿਦਿਆਰਥਣਾਂ ਤੇ ਉਨ੍ਹਾਂ ਦੇ ਮਾਪਿਆਂ ਨੂੰ ਵਧਾਈ ਦਿੰਦਿਆਂ ਕਿਹਾ ਕਿ ਸੰਸਥਾ ਵਿੱਚ ਉੱਚ ਤਕਨੀਕੀ ਵਿੱਦਿਆ ਪ੍ਰਾਪਤ ਕਰਨ ਲਈ ਆਈਆਂ ਲੜਕੀਆਂ ਨੂੰ ਮਿਆਰੀ ਸਿੱਖਿਆ ਪ੍ਰਦਾਨ ਕਰਨ ਦੇ ਨਾਲ-ਨਾਲ ਇਹ ਅਦਾਰਾ ਉਨ੍ਹਾਂ ਦੀ ਸ਼ਖ਼ਸੀਅਤ ਦੇ ਸਰਵਪੱਖੀ ਵਿਕਾਸ ਵਾਸਤੇ ਵੀ ਵਚਨਬੱਧ ਹੈ।

# ਸਪਰਿੰਗ ਡਿਊ ਸਕੂਲ ਦੇ ਵਿਦਿਆਰਥੀ ਸਹੋਦਿਆ ਖੇਡਾਂ 'ਚ ਅੱਵਲ



**ਜਗਰਾਉਂ (ਅਮਿਤ ਖੰਨਾ)**-ਮਾਲਵੇ ਦੀ ਪ੍ਰਸਿੱਧ ਸੰਸਥਾ ਸਪਰਿੰਗ ਡਿਊ ਸਕੂਲ ਨਾਨਕਸਰ ਦੇ ਵਿਦਿਆਰਥੀਆਂ ਨੇ ਸਹੋਦਿਆ ਸਕੂਲ ਕੰਪਲੈਕਸ (ਵੈਸਟ) ਲੁਧਿਆਣਾ ਦੀਆਂ ਵੱਖ-ਵੱਖ ਖੇਡਾਂ ਫੁੱਟਬਾਲ, ਵਾਲੀਵਾਲ ਤੇ ਐਥਲੈਟਿਕਸ ਮੀਟ ਵਿੱਚ ਹਿੱਸਾ ਲੈਂਦਿਆਂ ਆਪਣੀ ਸ਼ਾਨਦਾਰ ਛਾਪ ਛੱਡੀ ਤੇ ਬਿਹਤਰੀਨ ਪ੍ਰਦਰਸ਼ਨ ਕਰਦਿਆਂ ਸਕੂਲ ਦੀ ਅੰਡਰ (19) ਵਾਲੀਬਾਲ (ਲੜਕੀਆਂ) ਨੇ ਫਸਟ ਪੁਜ਼ੀਸ਼ਨ ਪ੍ਰਾਪਤ ਕੀਤੀ, ਇਸੇ ਤਰ੍ਹਾਂ ਵਾਲੀਬਾਲ ਅੰਡਰ-14 (ਲੜਕੀਆਂ) ਨੇ ਤੀਜਾ ਸਥਾਨ ਪ੍ਰਾਪਤ ਕੀਤਾ।ਫੁੱਟਬਾਲ ਦੀਆਂ ਟੀਮਾਂ ਅੰਡਰ-14 (ਲੜਕੀਆਂ) ਨੇ ਤੀਜਾ ਤੇ ਫੁੱਟਬਾਲ ਅੰਡਰ-19 (ਲੜਕਿਆਂ) ਨੇ ਤੀਜਾ ਸਥਾਨ ਪ੍ਰਾਪਤ ਕੀਤਾ।ਇਸੇ ਤਰ੍ਹਾਂ ਪੰਜਾਬ ਸਕੂਲਜ਼ ਗੇਮਜ਼ ਵਿੱਚ ਸਕੂਲ ਦੇ ਵਿਦਿਆਰਥੀਆਂ ਅੰਡਰ-19 ਫੁੱਟਬਾਲ ਵਿੱਚ ਪਰਮਵੀਰ ਸਿੰਘ, ਮਨਵੀਰ ਸਿੰਘ, ਜਸਕਰਨ ਗਿੱਲ, ਪ੍ਰਭਪ੍ਰੀਤ ਸਿੰਘ, ਗਗਨਦੀਪ ਸਿੰਘ ਤੇ ਅਸੀਸ਼ ਗਰੋਵਰ, ਫੁੱਟਬਾਲ ਅੰਡਰ-14 (ਲੜਕੀਆਂ) ਵਿੱਚ ਪ੍ਰਭਲੀਨ ਕੌਰ, ਪਰਮਜੀਤ ਕੌਰ, ਗਗਨਦੀਪ ਕੌਰ, ਰਵਨੀਤ ਕੌਰ, ਖੋ-ਖੋ ਅੰਡਰ-19 ਤਨਵੀਰ ਕੌਰ, ਸਤਵੰਤ ਕੌਰ, ਨਿਆਸ਼ਾ ਤੇ ਗੁਰਵੀਰ ਕੌਰ, ਵਾਲੀਬਾਲ ਅੰਡਰ-14 ਗਰਲਜ਼ ਖੁਸ਼ਦੀਪ ਕੌਰ, ਵਾਲੀਬਾਲ ਅੰਡਰ-19 ਸੁਖਮਨਪ੍ਰੀਤ ਕੌਰ ਤੇ ਨਵਪ੍ਰੀਤ ਕੌਰ, ਵਾਲੀਬਾਲ ਅੰਡਰ-19 (ਲੜਕੇ) ਅਵੀਰਾਜ ਸਿੱਧੂ ਨੇ ਜ਼ਿਲ੍ਹਾ ਲੈਵਲ ਉੱਪਰ ਸ਼ਮੂਲੀਅਤ ਕੀਤੀ।ਇਸ ਦੌਰਾਨ ਪ੍ਰਿੰਸੀਪਲ ਮੈਡਮ ਗੀਨਾ ਜੈਦਿਕਾ ਤੇ ਵਾਈਸ ਪ੍ਰਿੰਸੀਪਲ ਬੇਅੰਤ ਕੁਮਾਰ ਨੇ ਜੇਤੂਆਂ ਦੀ ਸ਼ਲਾਘਾ ਕਰਦਿਆਂ ਕਿਹਾ ਕਿ ਉਨ੍ਹਾਂ ਦੀ ਇਸ ਸਫਲਤਾ ਪਿੱਛੇ ਉਨ੍ਹਾਂ ਦੀ ਸਖ਼ਤ ਮਿਹਨਤ ਤੇ ਉਨ੍ਹਾਂ ਦੇ ਕੋਚ ਸਾਹਿਬਾਨਾਂ ਤੇ ਮਾਤਾ ਪਿਤਾ ਦਾ ਹੱਥ ਹੈ।ਆਉਣ ਵਾਲੇ ਸਮੇਂ ਵਿੱਚ ਵੀ ਉਹ ਇਸ ਤਰ੍ਹਾਂ ਹੀ ਸਖ਼ਤ ਮਿਹਨਤ ਕਰਨ।ਇਸ ਤੋਂ ਇਲਾਵਾ ਪ੍ਰਿੰਸੀਪਲ ਮੈਡਮ ਗੀਨਾ ਜੈਦਿਕਾ ਨੇ ਇਹ ਵੀ ਕਿਹਾ ਕਿ ਜਿੱਥੇ ਇਸ ਸਕੂਲ ਦੇ ਬੱਚੇ ਖੇਡਾਂ ਵਿੱਚ ਸਕੂਲ ਦਾ ਨਾਮ ਰੌਸ਼ਨ ਕਰ ਰਹੇ ਹਨ, ਉੱਥੇ ਇੱਥੋਂ ਪੜ੍ਹ ਕੇ ਬੱਚੇ ਵਿਦੇਸ਼ਾਂ (ਕੈਨੇਡਾ, ਆਸਟਰੇਲੀਆ, ਇੰਗਲੈਂਡ ਆਦਿ) ਵਿੱਚ ਵੀ ਵਧੀਆ ਉਪਲੱਬਧੀਆਂ ਪ੍ਰਾਪਤ ਕਰਕੇ ਇਸ ਸਕੂਲ ਦਾ ਨਾਮ ਰੌਸ਼ਨ ਕਰ ਰਹੇ ਹਨ।ਉਨ੍ਹਾਂ ਨੇ ਕੋਚ ਜਗਦੀਪ ਸਿੰਘ, ਲਖਵੀਰ ਸਿੰਘ ਉੱਪਲ, ਕੁਲਜੀਤ ਕੌਰ, ਕੁਲਦੀਪ ਕੌਰ ਨੂੰ ਵਧਾਈ ਦਿੱਤੀ।ਇਸ ਸਮੇਂ ਸਮੂਹ ਮੈਨੇਜਮੈਂਟ ਮੈਂਬਰਜ਼ ਪ੍ਰੈਜ਼ੀਡੈਂਟ ਸ੍ਰੀ ਮਨਜੋਤ ਚੌਹਾਨ, ਚੇਅਰਮੈਨ ਬਲਦੇਵ ਬਾਵਾ, ਮੈਨੇਜਿੰਗ ਡਾਇਰੈਕਟਰ ਸੁਖਵਿੰਦਰ ਛਾਬੜਾ, ਡਾਇਰੈਕਟਰ ਸ੍ਰੀ ਨਵਨੀਤ ਚੌਹਾਨ, ਮੈਨੇਜਰ ਮਨਦੀਪ ਚੌਹਾਨ, ਮੈਨੇਜਿੰਗ ਡਾਇਰੈਕਟਰ ਬਹਾਦੁਰ ਸਿੰਘ ਸਿੱਧੂ ਤੇ ਹਰਜੀਤ ਸਿੰਘ ਸਿੱਧੂ ਯੂ ਐੱਸ ਏ ਹਾਜ਼ਰ ਸਨ।

# ਯਾਦਵਿੰਦਰਾ ਦੇ ਸਾਇੰਸਜ਼ ਵਿਭਾਗ ਵੱਲੋਂ ਨਵੇਂ ਵਿਦਿਆਰਥੀਆਂ ਲਈ ਫਰੈਸ਼ਰ ਪਾਰਟੀ



**ਤਲਵੰਡੀ ਸਾਬੋ (ਜਗਦੀਪ ਗਿੱਲ)**-ਪੰਜਾਬੀ ਯੂਨੀਵਰਸਿਟੀ ਕੈਂਪਸ ਦਮਦਮਾ ਸਾਹਿਬ ਦੇ ਯਾਦਵਿੰਦਰਾ ਸਾਇੰਸਜ਼ ਵਿਭਾਗ ਵਿਖੇ ਬੀ.ਐੱਸ.ਸੀ. ਭਾਗ ਪਹਿਲਾ ਵਿੱਚ ਦਾਖਲ ਹੋਏ ਨਵੇਂ ਵਿਦਿਆਰਥੀਆਂ ਲਈ ਵਿਭਾਗ ਦੇ ਸੀਨੀਅਰ ਵਿਦਿਆਰਥੀਆਂ ਵੱਲੋਂ ਇੱਕ ਫਰੈਸ਼ਰ ਪਾਰਟੀ ਦਾ ਆਯੋਜਨ ਕੀਤਾ ਗਿਆ। ਕਲਚਰਲ ਕੋਆਰਡੀਨੇਟਰ ਮੈਡਮ ਅਨੂ ਬਾਲਾ ਸਮੇਤ ਵਿਦਿਆਰਥੀਆਂ ਵੱਲੋਂ ਵਿਭਾਗ ਦੇ ਮੁਖੀ ਡਾ. ਪ੍ਰੀਤੀ ਬਾਂਸਲ ਦਾ ਗੁਲਦਸਤੇ ਨਾਲ ਸਵਾਗਤ ਕਰਨ ਨਾਲ ਇਸ ਪ੍ਰੋਗਰਾਮ ਦਾ ਆਗਾਜ਼ ਹੋਇਆ।ਉਪਰੰਤ ਵਿਭਾਗ ਮੁਖੀ ਵੱਲੋਂ ਮੁੱਖ ਮਹਿਮਾਨ ਵਜੋਂ ਸ਼ਾਮਲ ਹੋਏ ਕੈਂਪਸ ਡਾਇਰੈਕਟਰ ਪ੍ਰੋਫੈਸਰ (ਡਾ.) ਅਮਨਦੀਪ ਸਿੰਘ ਨੂੰ ਗੁਲਦਸਤਾ ਭੇਟ ਕਰਕੇ ਸਵਾਗਤ ਕੀਤਾ।ਆਪਣੇ ਸੰਬੋਧਨ ਵਿੱਚ ਮੁੱਖ ਮਹਿਮਾਨ ਵੱਲੋਂ ਨਵੇਂ ਵਿਦਿਆਰਥੀਆਂ ਨੂੰ ਕੈਂਪਸ ਬਾਰੇ ਦੱਸਿਆ ਤੇ ਪੜ੍ਹਾਈ ਦੇ ਨਾਲ ਨਾਲ ਕੈਂਪਸ ਵਿੱਚ ਹੋਰ ਗਤੀਵਿਧੀਆਂ ਵਿੱਚ ਹਿੱਸਾ ਲੈਣ ਲਈ ਪ੍ਰੇਰਿਤ ਕੀਤਾ।ਇਸ ਪ੍ਰੋਗਰਾਮ ਦੌਰਾਨ ਵਿਦਿਆਰਥੀਆਂ ਵੱਲੋਂ ਭੰਗੜਾ, ਗਿੱਧਾ, ਗਾਇਕੀ, ਭਜਨ, ਸ਼ਾਇਰੀ, ਹਾਸਾ-ਤਮਾਸ਼ਾ ਜਿਹੀਆਂ ਗਤੀਵਿਧੀਆਂ ਦਾ ਸ਼ਾਨਦਾਰ ਪ੍ਰਦਰਸ਼ਨ ਕਰਕੇ ਪ੍ਰੋਗਰਾਮ 'ਚ ਰੌਚਿਕ ਭਰਪੂਰ ਰੰਗ ਭਰਿਆ।ਲੱਗਭਗ 100 ਨਵੇਂ ਆਏ ਵਿਦਿਆਰਥੀਆਂ ਨੇ ਰੈਂਪ-ਵਾਕ ਕੀਤੀ ਤੇ ਆਪਣੀ ਖੁਦ ਦੀ ਸ਼ਖਸੀਅਤ ਬਾਰੇ ਦੱਸਿਆ।ਡਾ. ਮਨਜੀਤ ਕਲਸੀ, ਡਾ. ਸਵਿਤਾ ਰਾਣੀ ਤੇ ਡਾ. ਵਰਿੰਦਰ ਕੌਰ ਨੇ ਜੱਜ ਦੀ ਭੂਮਿਕਾ ਨਿਭਾਉਂਦੇ ਹੋਏ ਗੁਰਸਿਮਰਨ ਸਿੰਘ ਨੂੰ ਮਿਸਟਰ ਤੇ ਪ੍ਰਭਵੀਰ ਕੌਰ ਨੂੰ ਮਿਸ ਫਰੈਸ਼ਰ ਚੁਣਿਆ।ਵਿਭਾਗ ਕੁਮਾਰੀ ਮਨੀਸ਼ਾ ਸ਼ਰਮਾ, ਅਕਾਸ਼ ਮੇਹਰਾ ਤੇ ਹੋਰ ਵਿਦਿਆਰਥੀਆਂ ਨੇ ਫੈਕਲਟੀ ਪ੍ਰੋਗਰਾਮ ਕੋਆਰਡੀਨੇਟਰ ਨਾਲ ਮਿਲ ਕੇ ਪ੍ਰੋਗਰਾਮ ਨੂੰ ਸਫ਼ਲ ਬਣਾਇਆ।ਫੈਕਲਟੀ ਲਈ ਆਯੋਜਤ ਖੇਡ ਵਿੱਚ ਡਾ. ਸ਼ਰੂਤੀ ਸ਼ਰਮਾ ਨੇ ਆਪਣੀ ਸੁਰੀਲੀ ਆਵਾਜ਼ ਦੇ ਦਮ 'ਤੇ ਸੰਗੀਤ 'ਚ ਆਪਣੀ ਰੁਚੀ ਰੱਖਦੇ ਹੋਏ ਬਾਜ਼ੀ ਮਾਰੀ।ਵਿਭਾਗ ਮੁਖੀ ਡਾ. ਪ੍ਰੀਤੀ ਬਾਂਸਲ ਵੱਲੋਂ ਫਰੈਸ਼ਰ ਪਾਰਟੀ ਦੇ ਆਯੋਜਨ ਲਈ ਸਬੰਧਤ ਅਧਿਆਪਕ ਸਾਹਿਬਾਨ ਤੇ ਵਿਦਿਆਰਥੀਆਂ ਦਾ ਧੰਨਵਾਦ ਕਰਦਿਆਂ ਇਸ ਸ਼ਾਨਦਾਰ ਪਾਰਟੀ ਦੀ ਸ਼ਲਾਘਾ ਕੀਤੀ।ਹੋਰਨਾਂ ਤੋਂ ਇਲਾਵਾ ਇਸ ਮੌਕੇ ਡਾ. ਅੰਜੂ ਸੈਣੀ, ਡਾ. ਬਲਜਿੰਦਰ ਕੌਰ, ਡਾ. ਦਿਵਿਆ ਤਨੇਜਾ, ਡਾ ਸੰਜੀਵ ਕੁਮਾਰ, ਡਾ. ਲੇਖਰਾਜ, ਡਾ. ਤਰੁਣ ਗਰਗ, ਮੈਡਮ ਸਾਰਿਕਾ ਮਿੱਤਲ, ਮੈਡਮ ਮੀਨਾਕਸ਼ੀ ਸਿੰਗਲਾ, ਮੈਡਮ ਰਜਨੀ ਹਾਜ਼ਰ ਰਹੇ।

## 22 ਪੇਟੀਆਂ ਨਾਜਾਇਜ਼ ਸ਼ਰਾਬ ਸਮੇਤ ਕਾਬੂ

**ਮਾਛੀਵਾੜਾ ਸਾਹਿਬ (ਸ਼ੈਂਕੀ ਸ਼ਰਮਾ, ਜਗਦੀਸ਼ ਰਾਏ)**-ਸਥਾਨਕ ਪੁਲਸ ਵੱਲੋਂ 22 ਪੇਟੀਆਂ ਨਾਜਾਇਜ਼ ਸ਼ਰਾਬ ਸਮੇਤ ਇੱਕ ਵਿਅਕਤੀ ਜਸਕਰਨ ਸਿੰਘ ਛਾਂਗਾ ਵਾਸੀ ਕੂੰਮਕਲਾਂ ਨੂੰ ਗ੍ਰਿਫ਼ਤਾਰ ਕੀਤਾ ਹੈ। ਇਸ ਸਬੰਧੀ ਥਾਣਾ ਮੁਖੀ ਇੰਸਪੈਕਟਰ ਹਰਵਿੰਦਰ ਸਿੰਘ ਨੇ ਜਾਣਕਾਰੀ ਦਿੰਦਿਆਂ ਦੱਸਿਆ ਕਿ ਸਹਾਇਕ ਥਾਣੇਦਾਰ ਸੰਜੀਵ ਕੁਮਾਰ ਤੇ ਸਹਾਇਕ ਥਾਣੇਦਾਰ ਕਰਨੈਲ ਸਿੰਘ ਸ਼ੱਕੀ ਪੁਰਸ਼ਾਂ ਸਬੰਧੀ ਕੁਹਾੜਾ ਰੋਡ 'ਤੇ ਮੌਜੂਦ ਸਨ ਤਾਂ ਇੱਕ ਕਾਰ ਨੂੰ ਚੈਕਿੰਗ ਲਈ ਰੋਕਿਆ ਗਿਆ, ਜਿਸ ਨੂੰ ਮੋਨਾ ਵਿਅਕਤੀ ਚਲਾ ਰਿਹਾ ਸੀ।

ਪੁਲਸ ਵੱਲੋਂ ਚਾਲਕ ਨੂੰ ਕਾਰ 'ਚੋਂ ਉਤਾਰ ਕੇ ਜਦੋਂ ਨਾਮ ਪਤਾ ਪੁੱਛਿਆ ਤਾਂ ਉਸ ਨੇ ਆਪਣਾ ਨਾਮ ਜਸਕਰਨ ਸਿੰਘ ਦੱਸਿਆ ਤੇ ਜਦੋਂ ਉਸ ਦੀ ਕਾਰ ਦੀ ਤਲਾਸ਼ੀ ਲਈ ਗਈ ਤਾਂ ਉਸ 'ਚੋਂ 22 ਪੇਟੀਆਂ ਸ਼ਰਾਬ (ਫਾਰ ਸੇਲ ਇਨ ਚੰਡੀਗੜ੍ਹ) ਬਰਾਮਦ ਹੋਈਆਂ। ਜਸਕਰਨ ਸਿੰਘ ਇਸ ਸਬੰਧੀ ਕੋਈ ਲਾਇਸੈਂਸ/ਪਰਮਿਟ ਪੇਸ਼ ਨਹੀਂ ਕਰ ਸਕਿਆ, ਜਿਸ ਖਿਲਾਫ਼ ਆਬਕਾਰੀ ਐਕਟ ਤਹਿਤ ਮਾਮਲਾ ਦਰਜ ਕਰ ਲਿਆ ਗਿਆ ਹੈ।

## ਪੈਸੇ ਦੁੱਗਣੇ ਮਿਲਣ ਦੇ ਲਾਲਚ 'ਚ ਵੱਜੀ 18 ਲੱਖ ਦੀ ਠੱਗੀ

### ਦੋ ਖਿਲਾਫ਼ ਧੋਖਾਧੜੀ ਦੇ ਦੋਸ਼ ਹੇਠ ਮਾਮਲਾ ਦਰਜ

**ਧੂਰੀ (ਮਨੋਹਰ ਸਿੰਘ ਸੱਗੂ)**-ਧੂਰੀ ਨੇੜਲੇ ਪਿੰਡ ਦੇ ਇੱਕ ਵਿਅਕਤੀ ਦਾ ਪੈਸੇ ਦੁੱਗਣੇ ਮਿਲਣ ਦੇ ਲਾਲਚ 'ਚ ਆ ਕੇ ਇੱਕ ਚਿੱਟ ਫੰਡ ਕੰਪਨੀ ਦੀ ਠੱਗੀ ਦਾ ਸ਼ਿਕਾਰ ਹੋ ਜਾਣ ਦੀ ਖਬਰ ਹੈ।ਜਾਣਕਾਰੀ ਅਨੁਸਾਰ ਥਾਣਾ ਸਦਰ ਧੂਰੀ ਅਧੀਨ ਆਉਂਦੇ ਪਿੰਡ ਜਾਤੀ ਮਾਜਰਾ ਦੇ ਹਰਦਿਆਲ ਸਿੰਘ ਪੁੱਤਰ ਅਮਰ ਸਿੰਘ ਵੱਲੋਂ ਥਾਣਾ ਸਿਟੀ ਸੰਗਰੂਰ ਦੀ ਪੁਲਸ ਕੋਲ ਦਿੱਤੇ ਆਪਣੇ ਬਿਆਨ 'ਚ ਕਿਹਾ ਗਿਆ ਕਿ ਉਸ ਦੀ ਜਾਣ ਪਛਾਣ ਦਲਬੀਰ ਸਿੰਘ ਉਰਫ਼ ਮਿੰਟੂ ਵਾਸੀ ਫੈਜਗੜ੍ਹ ਨਾਲ ਹੋਈ ਸੀ, ਜਿਸ ਨੇ ਮੈਨੂੰ ਵਿਸ਼ਵਾਸ ਦਿਵਾਇਆ ਕਿ ਉਹ ਐੱਸ ਐੱਸ ਡੀ ਪ੍ਰੋਫਿਟ (ਚਿੱਟ ਫੰਡ ਕੰਪਨੀ) ਦਾ ਏਜੰਟ ਹੈ ਤੇ ਸਾਡੀ ਕੰਪਨੀ ਦਾ ਡਾਇਰੈਕਟਰ ਜਤਿੰਦਰ ਜੈਨ ਵਾਸੀ ਸੇਖੂਪੁਰਾ ਬਸਤੀ ਸੰਗਰੂਰ ਕੰਪਨੀ 'ਚ ਪੈਸੇ ਲਗਾਉਣ 'ਤੇ 6 ਸਾਲ ਬਾਅਦ ਦੁੱਗਣੇ ਕਰਕੇ ਦਿੰਦਾ ਹੈ ਅਤੇ ਮੈਂ ਵਿਸ਼ਵਾਸ ਕਰਕੇ ਸਾਲ 2017 'ਚ ਆਪਣੀ ਘਰੇਲੂ ਬੱਚਤ ਅਤੇ ਆਪਣੀ ਜ਼ਮੀਨ ਪਰ ਲਿਮਟ ਕਰਵਾ ਕੇ 18 ਲੱਖ ਰੁਪਏ ਕੰਪਨੀ 'ਚ ਲਗਵਾਉਣ ਲਈ ਦੇ ਦਿੱਤੇ, ਜਿਸ ਦੀਆਂ ਰਸੀਦਾਂ ਵੀ ਉਕਤ ਦਲਬੀਰ ਸਿੰਘ ਨੇ ਮੈਨੂੰ ਦਿੱਤੀਆਂ, ਪਰ ਸਮਾਂ ਪੂਰਾ ਹੋਣ 'ਤੇ ਮੇਰੇ ਵੱਲੋਂ ਪੈਸਿਆਂ ਬਾਰੇ ਪੁੱਛਣ 'ਤੇ ਉਕਤ ਦਲਬੀਰ ਸਿੰਘ ਟਾਲ ਮਟੋਲ ਕਰਦਾ ਰਿਹਾ।ਹੁਣ ਮੈਨੂੰ ਪਤਾ ਲੱਗਿਆ ਕਿ ਉਕਤ ਕੰਪਨੀ ਬਹੁਤ ਲੋਕਾਂ ਤੋਂ ਪੈਸੇ ਇਕੱਠੇ ਕਰਕੇ ਫਰਾਰ ਹੋ ਗਈ।

ਥਾਣਾ ਸਿਟੀ ਸੰਗਰੂਰ ਦੀ ਪੁਲਸ ਵੱਲੋਂ ਹਰਦਿਆਲ ਸਿੰਘ ਦੇ ਬਿਆਨ ਦੇ ਆਧਾਰ 'ਤੇ ਦਲਬੀਰ ਸਿੰਘ ਉਰਫ਼ ਮਿੰਟੂ ਤੇ ਜਤਿੰਦਰ ਜੈਨ ਖਿਲਾਫ਼ ਮੁਕੱਦਮਾ ਨੰਬਰ-209/12/11/2025 ਅਨੁਸਾਰ ਧੋਖਾਧੜੀ ਦੇ ਦੋਸ਼ ਹੇਠ ਜ਼ੇਰੇ ਧਾਰਾ 420, 406 ਆਈ ਪੀ ਸੀ ਸਮੇਤ ਵੱਖ ਵੱਖ ਧਾਰਾਵਾਂ ਹੇਠ ਮੁਕੱਦਮਾ ਦਰਜ ਕਰ ਲਿਆ ਗਿਆ ਹੈ।

# ਸੜਕ ਦਾ ਕੰਮ 3 ਮਹੀਨੇ ਬਾਅਦ ਵੀ ਸ਼ੁਰੂ ਨਾ ਹੋਣ 'ਤੇ ਲੋਕ ਪ੍ਰੇਸ਼ਾਨ

**ਪਟਿਆਲਾ (ਰਾਜਿੰਦਰ ਸਿੰਘ ਥਿੰਦ)**-ਹਲਕਾ ਸਨੌਰ ਅਧੀਨ ਆਉਂਦੀਆਂ ਮੁੱਖ ਤੇ ਲਿੰਕ ਸੜਕਾਂ ਨੂੰ ਮਜ਼ਬੂਤ ਕਰਨ ਅਤੇ ਨਵੀਆਂ ਬਣਾਉਣ ਦਾ ਕੰਮ ਸ਼ੁਰੂ ਕਰਨ ਦੇ ਵਾਅਦੇ ਕਮਜ਼ੋਰ ਨਜ਼ਰ ਆਉਂਦੇ ਲੱਗਦੇ ਹਨ, ਕਿਉਂਕਿ ਜਿਨ੍ਹਾਂ ਸੜਕਾਂ ਦੇ ਟੈਂਡਰ ਲੱਗ ਗਏ ਸਨ, ਉਨ੍ਹਾਂ 'ਚੋਂ ਬਹੁਤ ਸਾਰੀਆਂ ਸੜਕਾਂ ਦੇ ਅਜੇ ਤੱਕ ਨੀਂਹ ਪੱਥਰ ਹੀ ਨਹੀਂ ਰੱਖੇ ਗਏ।ਜਿਹੜੀ ਸੜਕ ਦਾ ਤਕਰੀਬਨ 3 ਮਹੀਨੇ ਪਹਿਲਾਂ ਨੀਂਹ ਪੱਥਰ ਹਲਕਾ ਸਨੌਰ ਦੇ ਵਿਧਾਇਕ ਹਰਮੀਤ ਸਿੰਘ ਪਠਾਣਮਾਜਰਾ ਨੇ ਰੱਖਿਆ ਸੀ, ਉਸ ਉੱਪਰ ਅਜੇ ਤੱਕ ਕੰਮ ਵੀ ਸ਼ੁਰੂ ਨਹੀਂ ਕੀਤਾ ਗਿਆ।ਦੇਵੀਗੜ੍ਹ ਤੋਂ ਨਨਿਓਲਾ ਮੁੱਖ ਸੜਕ ਨੂੰ ਮਜ਼ਬੂਤ ਕਰਨ ਤੇ ਨਵਾਂ ਬਣਾਉਣ ਦਾ ਨੀਂਹ ਪੱਥਰ ਰੱਖ ਨੂੰ ਹੁਣ ਤੱਕ ਤਕਰੀਬਨ 3 ਮਹੀਨੇ ਹੋ ਚੁੱਕੇ ਹਨ, ਪਰ ਇਸ ਸੜਕ ਉੱਪਰ ਅਜੇ ਤੱਕ ਸੰਬੰਧਤ ਠੇਕੇਦਾਰ ਵੱਲੋਂ ਇਕ ਪੱਥਰ ਵੀ ਸੁੱਟਿਆ ਨਹੀਂ ਗਿਆ, ਜਿਸ ਕਾਰਨ ਇਸ ਸੜਕ ਉੱਪਰ ਦੀ ਲੰਘਣ ਵਾਲੇ ਲੋਕ ਬਹੁਤ ਪ੍ਰੇਸ਼ਾਨ ਹਨ।ਇਸ ਸੜਕ ਨੂੰ 9 ਕਰੋੜ 10 ਲੱਖ ਖਰਚ ਕੇ ਨਵੇਂ ਸਿਰਿਓਂ ਬਣਾਇਆ ਜਾਣਾ ਸੀ।ਇਸ 8.12 ਕਿਲੋਮੀਟਰ ਲੰਮੀ ਸੜਕ ਨੂੰ 6 ਮਹੀਨਿਆਂ ਵਿੱਚ ਬਣਾਇਆ ਜਾਣਾ ਸੀ, ਪਰ 6 ਮਹੀਨਿਆਂ ਵਿੱਚੋਂ 3 ਮਹੀਨੇ ਲੰਘ ਵੀ ਚੁੱਕੇ ਹਨ, ਪਰ ਅਜੇ ਤੱਕ ਇਸ ਸੜਕ 'ਤੇ ਕੰਮ ਸ਼ੁਰੂ ਨਹੀਂ ਹੋ ਸਕਿਆ।ਇਹ ਸੜਕ ਹਰਿਆਣਾ ਦੇ ਜ਼ਿਲ੍ਹਾ ਅੰਬਾਲਾ ਦੇ ਨਨਿਓਲਾ ਤੱਕ ਬਣਾਈ ਜਾਣੀ ਹੈ, ਜੋ ਕਿ ਦੇਵੀਗੜ੍ਹ ਤੇ ਅੰਬਾਲਾ ਨੂੰ ਜੋੜਦੀ ਹੈ।ਇਸ ਸੜਕ 'ਤੇ ਭਾਰੀ ਆਵਾਜਾਈ ਰਹਿੰਦੀ ਹੈ, ਜੋ ਕਿ ਵੱਡੇ-ਵੱਡੇ ਟੋਇਆਂ 'ਚੋਂ ਲੰਘ ਕੇ ਅੱਗੇ ਜਾਂਦੀ ਹੈ।ਸੜਕ 'ਤੇ ਪਏ ਡੂੰਘੇ ਟੋਇਆਂ ਕਾਰਨ ਲੋਕ ਪ੍ਰੇਸ਼ਾਨ ਹਨ, ਪ੍ਰੰਤੂ ਸੜਕ ਨੂੰ ਬਣਾਉਣ ਵੱਲ ਸਰਕਾਰ ਕੋਈ ਧਿਆਨ ਨਹੀਂ ਦੇ ਰਹੀ। ਇਸ ਸੰਬੰਧੀ ਜਦੋਂ ਸੜਕ ਬਣਾਉਣ ਵਾਲੀ ਕੰਪਨੀ ਦੇ ਨੁਮਾਇੰਦੇ ਨਾਲ ਗੱਲ ਕੀਤੀ ਤਾਂ ਉਨ੍ਹਾ ਕਿਹਾ ਕਿ ਜਲਦੀ ਹੀ ਇਸ ਸੜਕ ਨੂੰ ਬਣਾਉਣ ਦਾ ਕੰਮ ਸ਼ੁਰੂ ਕੀਤਾ ਜਾਵੇਗਾ।ਕਾਂਗਰਸ ਦੇ ਹਲਕਾ ਇੰਚਾਰਜ ਹਰਿੰਦਰਪਾਲ ਹੈਰੀਮਾਨ ਨੇ ਕਿਹਾ ਕਿ ਆਮ ਆਦਮੀ ਪਾਰਟੀ ਨੂੰ ਸਿਰਫ ਨੀਂਹ ਪੱਥਰ ਰੱਖਣ ਦਾ ਹੀ ਚਾਅ ਚੜ੍ਹਿਆ ਹੋਇਆ ਹੈ, ਜਦੋਂਕਿ ਹਕੀਕਤ ਕੁੱਝ ਹੋਰ ਦਰਸਾ ਰਹੀ ਹੈ। ਉਨ੍ਹਾਂ ਕਿਹਾ ਕਿ ਆਮ ਆਦਮੀ ਪਾਰਟੀ ਦੇ ਪਿਛਲੇ 4 ਸਾਲਾਂ ਦੇ ਸਮੇਂ 'ਚ ਸੜਕਾਂ ਤਾਂ ਕੀ ਬਣਨੀਆਂ ਸਨ, ਇਹ ਪਚ ਵੀ ਨਹੀਂ ਲਗਾ ਸਕੇ ?


### ਇੰਡੀਅਨ ਬੈਂਕ Indian Bank — ALLAHABAD
### BRANCH OFFICE : GT ROAD PHAGWARA
### LOCKER BREAKOPEN NOTICE

**ਇੰਡੀਅਨ ਬੈਂਕ ਦੇ ਲਾਕਰ ਹੋਲਡਰਾਂ ਨੂੰ ਲਾਕਰਾਂ ਦੇ ਕਿਰਾਏ ਦੀ ਅਦਾਇਗੀ ਵਿੱਚ ਨਾਕਾਮੀ ਦਾ ਨੋਟਿਸ**

ਇੱਥੇ ਸੂਚਿਤ ਕੀਤਾ ਜਾਂਦਾ ਹੈ ਕਿ ਕਿਰਾਏ 'ਤੇ ਲਏ ਲਾਕਰਾਂ ਦੇ ਕੁਝ ਬੈਂਕ ਗਾਹਕਾਂ ਨੇ ਸਾਡੀ ਜਲੰਧਰ ਜ਼ੋਨ ਦੀ ਜੀ ਟੀ ਰੋਡ ਫਗਵਾੜਾ ਬਰਾਂਚ ਦੇ ਓਪਰੇਟਿੰਗ/ਲਾਕਰਾਂ ਦੀ ਸਰੈਂਡਰਿੰਗ/ਕਿਰਾਏ ਦੇ ਬਕਾਇਆਂ ਦੀ ਕਲੀਅਰਿੰਗ ਦੇ ਬੈਂਕ ਦੇ ਅੰਤਮ ਜਾਣੇ ਜਾਂਦੇ ਪਤਿਆਂ 'ਤੇ ਨੋਟਿਸਾਂ ਦਾ ਹੁੰਗਾਰਾ ਨਹੀਂ ਭਰਿਆ। ਲਾਕਰ ਸਮਝੌਤੇ ਦੀਆਂ, ਸ਼ਰਤਾਂ, ਜਿਹੜੀਆਂ ਕਿ ਲਾਕਰਾਂ ਲੈਣ ਵਾਲਿਆਂ ਨੇ ਮੰਨੀਆਂ ਸਨ, ਬੈਂਕ ਸੁਰੱਖਿਆ ਕਾਰਨਾਂ ਕਰਕੇ ਇਨ੍ਹਾਂ ਅੰਦਰ ਰੱਖੇ ਮਾਲ ਨੂੰ ਚੈੱਕ ਕਰਨ ਤੇ ਬਕਾਏ ਦੀ ਵਸੂਲੀ ਲਈ ਲਾਕਰ ਨੂੰ ਖੋਲ੍ਹ ਸਕਦੀ ਹੈ ਜਾਂ ਕਬਜ਼ੇ ਵਿੱਚ ਲੈ ਸਕਦੀ ਹੈ। ਲਾਕਰ ਵਿੱਚ ਪਈਆਂ ਸਾਰੀਆਂ ਚੀਜ਼ਾਂ ਦੀ ਸਮੁੱਚੀ ਜਾਂ ਅੰਸ਼ਕ ਦੀ ਪਬਲਿਕ ਜਾਂ ਪ੍ਰਾਈਵੇਟ ਵਿਕਰੀ ਦੇ ਚਾਰਜ ਜਾਂ ਖਰਚੇ ਦੀ ਸਾਰੀ ਜ਼ਿੰਮੇਵਾਰੀ ਤੇ ਜੋਖਮ ਲਾਕਰਾਂ ਦੇ ਹੋਲਡਰਾਂ ਦੇ ਹੋਣਗੇ। ਭਾਵੇਂ ਬੈਂਕ ਲਈ ਇਹ ਜਨਤਕ ਨੋਟਿਸ ਜਾਰੀ ਕਰਨਾ ਜ਼ਰੂਰੀ ਨਹੀਂ ਹੈ, ਪਰ ਇਹ ਗਾਹਕਾਂ/ਲਾਕਰ ਹੋਲਡਰਾਂ ਦੇ ਹਿੱਤ ਵਿੱਚ ਕੀਤਾ ਜਾ ਰਿਹਾ ਹੈ।

| ਲੜੀ ਨੰ. | ਲਾਕਰ ਧਾਰਕ ਦਾ ਨਾਂਅ | ਲਾਕਰ ਧਾਰਕ ਦਾ ਪਤਾ | ਖਾਤਾ ਨੰ. / ਲਾਕਰ ਆਈਡੀ | ਬਕਾਇਆ ਰਕਮ |
|---|---|---|---|---|
| 1 | ਗੁਰਜੀਤ ਸੱਚਰ | ਰੇਲਵੇ ਰੋਡ, ਫਗਵਾੜਾ | 4000919706/66 | 20822.00 |
| 2 | ਦੁਲਾਈ ਬਲਜੀਤ ਸਿੰਘ | ਯਨਾਇਟਿਡ ਕਿੰਗਡੰਮ | 9910161050/24 | 8432.00 |
| 3 | ਵਿਨੋਦ ਕੁਮਾਰ | ਮਕਾਨ ਨੰ. ਐੱਨ ਕੇ 412, ਇੰਦਰ ਨਗਰ, ਫਗਵਾੜਾ | 9910167370/46 | 8432.00 |
| 4 | ਗਨਪਤ ਰਾਏ | ਪਿੰਡ ਤੇ ਡਾਕਖਾਨਾ, ਚੱਕ ਹਕੀਮਾ, ਫਗਵਾੜਾ | 4000803043/36 | 8875.00 |
| 5 | ਗੁਰਚਰਨ ਸਿੰਘ ਵਾਲੀਆ | ਐੱਸ ਸੀ ਓ 25-26 ਗੁਰੂ ਹਰਗੋਬਿੰਦ ਨਗਰ, ਫਗਵਾੜਾ | 4000696700/41 | 13042.00 |
| 6 | ਰਾਜ ਕਮਲ | ਵੀ ਪੀ ਓ ਚੱਕ ਹਕੀਮਾ, ਫਗਵਾੜਾ | 4000763008/86 | 17282.00 |
| 7 | ਰਾਮ ਪ੍ਰਕਾਸ਼ ਐਰੀ | ਸ੍ਰੀ ਰਾਮ ਮੋਟਰ, ਮੇਹਲੀ ਗੇਟ, ਫਗਵਾੜਾ | 4000751015/3 | 19327.00 |
| 8 | ਸ਼ਿੰਗਾਰਾ ਰਾਮ | ਪਿੰਡ ਤੇ ਡਾਕਖਾਨਾ, ਪਰਤਾਪ ਪੁਰਾ, ਫਿਲੌਰ, ਜਲੰਧਰ | 9910168352/56 | 7168.00 |
| 9 | ਪ੍ਰੇਮ ਨਾਥ ਅਤੇ ਰਾਜ ਰਾਣੀ | ਦਦਲ ਮੁਹੱਲਾ, ਫਗਵਾੜਾ, 144401 | 4000661198/69 | 23827.00 |
| 10 | ਰਮੇਸ਼ ਕੁਮਾਰ | ਹੁਸ਼ਿਆਰਪੁਰ ਰੋਡ, ਫਗਵਾੜਾ, 144401 | 4000602223/25 | 8432.00 |
| 11 | ਜਸਜੀਤ ਸਿੰਘ ਭੱਲਾ | 15, ਇੰਡਸਟਰੀਅਲ ਏਰੀਆ, ਫਗਵਾੜਾ, 144401 | 4000803452/40 | 21157.00 |
| 12 | ਦਰੋਪਤੀ | ਬੰਗਾ ਰੋਡ, ਸਬਜ਼ੀ ਮੰਡੀ, ਫਗਵਾੜਾ, 144401 | 4000751525/9 | 8432.00 |
| 13 | ਹਰਜਾਪ ਸਿੰਘ | ਵੀ ਪੀ ਓ ਚੱਕ ਹਕੀਮਾ, ਫਗਵਾੜਾ, 144401 | 9910160726/11 | 8432.00 |
| 14 | ਅਸ਼ਵਨੀ ਕੁਮਾਰ | ਪੰਡਿਤ ਸ੍ਰੀ ਰਾਮ ਸਰਾਏ, ਗੋਲ ਚੌਕ, ਫਗਵਾੜਾ, 144401 | 4000686259/14 | 21599.00 |
| 15 | ਊਸ਼ਾ ਸ਼ਰਮਾ ਅਤੇ ਜੋਗਿੰਦਰ ਪਾਲ | ਓਹਰੀਆਂ ਮੁਹੱਲਾ, ਫਗਵਾੜਾ | 4000595848/17 | 13742.00 |
| 16 | ਦਵਿੰਦਰ ਕੁਮਾਰ ਅਤੇ ਰੁਪਾਲੀ | ਗਲੀ ਨੰ. 1, ਸੁਭਾਸ਼ ਨਗਰ, ਫਗਵਾੜਾ | 4000722801/72 | 10202.00 |
| 17 | ਪਰਹਾਰ ਜੋਗਿੰਦਰ ਸਿੰਘ | 294, ਨਿਊਸਤਨਾਮ ਪੁਰਾ, ਫਗਵਾੜਾ | 9910160975/20 | 8432.00 |
| 18 | ਬਲਵਿੰਦਰ ਸਿੰਘ ਅਤੇ ਦਰਸ਼ਨ ਕੌਰ | ਗੁਰੂ ਤੇਗ਼ ਬਹਾਦੁਰ ਨਗਰ, ਟਿੱਬੀ, ਫਗਵਾੜਾ | 4000654578/62 | 26330.00 |
| 19 | ਅਮਰਜੀਤ ਸਿੰਘ ਅਤੇ ਅਨੂਪ ਸਿੰਘ | ਗੁਰੂ ਹਰਗੋਬਿੰਦ ਨਗਰ, ਫਗਵਾੜਾ | 4000589787/2 | 21657.00 |
| 20 | ਭਾਟੀਆ ਸੱਮੀ | ਮੁਹੱਲਾ ਬਾਬਾ ਬਾਲਕ ਨਾਥ ਮੰਦਰ, ਫਗਵਾੜਾ | 9910171455/73 | 8432.00 |
| 21 | ਸੁਭਾਸ਼ ਚੰਦਰ ਅਨਾਨੋ | ਫਗਵਾੜਾ | 4000593657/12 | 22717.00 |

ਮਿਤੀ : 14.11.2025 ਬਰਾਂਚ ਮੈਨੇਜਰ



## BHANDARI HOSIERY EXPORTS LIMITED

Regd. Office: Bhandari House, Village Meharban, Rahon Road, Ludhiana-141007 (Punjab) (India)
Phones 88720-16410, Fax 0161-2690394 **CIN: L17115PB1993PLC013930**
**E-mail : bhandari@bhandariexport.com; Website: www.bhandariexport.com**

**STANDALONE UN-AUDITED FINANCIAL RESULTS FOR THE QUARTER AND HALF YEAR ENDED 30.09.2025** (INR LAKHS)

| Sr. No. | Particulars | Quarter ended 30.09.2025 (Un-audited) | Quarter ended 30.06.2025 (Un-audited) | Quarter ended 30.09.2024 (Un-audited) | Half Year ended 30.09.2025 (Un-audited) | Half Year ended 30.09.2024 (Un-audited) | Year ended 31.03.2025 (Audited) |
|---|---|---|---|---|---|---|---|
| 1 | Total income from operations | 6837.02 | 6296.95 | 6835.43 | 13133.97 | 12641.30 | 27882.21 |
| 2 | Net Profit / (Loss) for the period (before Tax, Exceptional and/or Extraordinary items) | 267.70 | 216.35 | 231.75 | 484.04 | 422.47 | 1019.04 |
| 3 | Net Profit / (Loss) for the period before tax (after Extraordinary items) | 267.70 | 216.35 | 231.75 | 484.04 | 422.47 | 1019.04 |
| 4 | Net Profit / (Loss) for the period after tax (after Extraordinary items) | 206.92 | 161.90 | 166.99 | 368.82 | 309.71 | 771.32 |
| 5 | Paid up Equity Share Capital (Face Value of Rs. 1/- each) | 2400.49 | 2400.49 | 2400.49 | 2400.49 | 2400.49 | 2400.49 |
| 6 | Total comprehensive income for the period (comprising profit/loss for the period and other comprehensive income (After Tax) | 206.92 | 161.90 | 166.99 | 368.82 | 309.71 | 774.80 |
| 7 | Reserves (excluding Revaluation Reserve) as shown in the Audited Balance Sheet of the previous year | - | - | - | - | - | 12914.12 |
| 8 | Earnings Per Share (of Rs. 1/- each) Basic : | 0.09 | 0.07 | 0.07 | 0.15 | 0.13 | 0.32 |
| | Diluted : | 0.09 | 0.07 | 0.07 | 0.15 | 0.13 | 0.32 |

**Notes : 1.** The above Unaudited Financial Results for the Quarter and Half Year ended 30.09.2025 have been reviewed by the Audit Committee and approved by the Board of Directors on 14th November, 2025. These results have been prepared in accordance with Indian Accounting Standards ('Ind AS') prescribed under Section 133 of the Companies Act, 2013 read with relevant rules thereunder and in terms of Regulation 33 of the SEBI (Listing Obligations & Disclosure Requirements) Regulations 2015 as amended. **2.** The review report of the Statutory Auditors is being filed with the BSE Limited and NSE Limited. For more details on Unaudited Financial Results, visit Company's Website i.e. www.bhandariexport.com. and financial results at corporate section at www.bseindia.com and www.nseindia.com. **3.** The Group is engaged in the Single operating segment 'Textiles'. **4.** The above is an extract of the detailed format of unaudited Financial Results for Quarter and Half Year ended 30th September, 2025 filed with Stock Exchanges under Regulation 33 of the SEBI (Listing Obligations & Disclosure Requirements) Regulations 2015. The full format of the abovesaid Financial Results are available on the Stock Exchange websites, www.nseindia.com and www.bseindia.com and on the Company's website www.bhandariexport.com.

Dated : 14.11.2025
Place : Ludhiana

**For Bhandari Hosiery Exports Limited**
Sd/-
Nitin Bhandari
Chairman & Managing Director
(DIN: 01385065)



## ਪਬਲਿਕ ਨੋਟਿਸ

**ICICI Bank** Registered Office: ICICI Bank Tower, Near Chakli Circle, Old Padra Road, Vadodara- 390007
Corporate Office: ICICI Bank Towers, Bandra-Kurla Complex Mumbai – 400051.

### ਸੋਨਾ ਨਿਲਾਮੀ ਅਤੇ ਸੱਦਾ ਨੋਟਿਸ

[illegible]

| ਕਰਜ਼ਾ ਖਾਤਾ ਨੰ. | ਕਰਜ਼ਦਾਰ ਦਾ ਨਾਂਅ | ਨਿਲਾਮੀ ਸ਼ਾਖਾ ਦਾ ਪਤਾ | ਨਿਲਾਮੀ ਮਿਤੀ |
|---|---|---|---|
| 001705013585 | ਦਿਲਪ੍ਰੀਤ ਸਿੰਘ | ਆਈ ਸੀ ਆਈ ਸੀ ਆਈ ਬੈਂਕ ਲਿਮਟਿਡ, [illegible] ਲੁਧਿਆਣਾ-141001 | 26 ਨਵੰਬਰ 2025 |

[illegible]

ਮਿਤੀ: 15.11.2025 ਸਥਾਨ : ਲੁਧਿਆਣਾ, ਸ਼ੁਭਚਿੰਤਕ, ਸਹੀ/-ਅਧਿਕਾਰਤ ਹਸਤਾਖਰੀ ਵਾਸਤੇ ਆਈ ਸੀ ਆਈ ਸੀ ਆਈ ਬੈਂਕ ਲਿਮਟਿਡ



**AXIS BANK** **Retail Asset Center:** "2nd Floor, Sbb Loan Center, Sco 221, Sector 12, Karnal, Haryana-132001
**Corporate Office:-**, "Axis House", C-2, Wadia International Centre, Pandurang Budhkar Marg, Worli, Mumbai – 400025
**Registered Office:** rishul", 3rd Floor Opp. Samartheshwar Temple Law Garden, Ellisbridge Ahmedabad- 380006

### ਅਚੱਲ ਜਾਇਦਾਦ ਦੀ ਵਿਕਰੀ ਵਾਸਤੇ ਈ-ਨਿਲਾਮੀ ਵਿਕਰੀ ਨੋਟਿਸ

ਸਕਿਉਰਟੀ ਇੰਟਰੈਸਟ (ਇਨਫੋਰਸਮੈਂਟ) ਰੂਲਜ਼, 2002 ਦੇ ਰੂਲ 8 (6) ਦੀਆਂ ਵਿਵਸਥਾਵਾਂ ਨਾਲ ਪੜ੍ਹੇ ਜਾਂਦੇ ਸਕਿਉਰਟਾਈਜੇਸ਼ਨ ਐਂਡ ਰੀਕੰਸਟਰੱਕਸ਼ਨ ਆਫ ਫਾਇਨੈਂਸ਼ੀਅਲ ਐੱਸਟਸ ਅਤੇ ਇਨਫੋਰਸਮੈਂਟ ਆਫ ਸਕਿਉਰਟੀ ਇੰਟਰੈਸਟ ਐਕਟ 2002 ਤਹਿਤ ਅਚੱਲ ਐੱਸਟਸ ਦੀ ਵਿੱਕਰੀ ਵਾਸਤੇ ਈ-ਨਿਲਾਮੀ ਨੋਟਿਸ।

ਆਮ ਜਨਤਾ ਅਤੇ ਖਾਸ ਕਰ ਕਰਜ਼ਦਾਰਾਂ ਅਤੇ ਗਰੰਟਰਾਂ ਨੂੰ ਨੋਟਿਸ ਦਿੱਤਾ ਜਾਂਦਾ ਹੈ ਕਿ ਹੇਠਾਂ ਦਰਸਾਈ ਅਚੱਲ ਜਾਇਦਾਦ ਸਕਿਉਰਡ ਕ੍ਰੈਡਿਟਰ ਕੋਲ ਰਹਿਣ/ਚਾਰਜ਼ਡ ਹੈ, ਜਿਸ ਦਾ ਭੌਤਿਕ ਕਬਜ਼ਾ ਐਕਸਿਸ ਬੈਂਕ ਲਿਮਟਿਡ ਦੇ ਅਧਿਕਾਰਤ ਅਫਸਰ ਸਕਿਉਰਡ ਕ੍ਰੈਡਿਟਰ ਵੱਲੋਂ ਪ੍ਰਾਪਤ ਕਰ ਲਿਆ ਗਿਆ ਹੈ, ਦੀ ਵਿਕਰੀ ਸਕਿਉਰਡ ਕਰੈਡੀਟਰ 1. ਮੈਸਰਜ਼ ਬਾਬੂ ਰਾਮ ਐਂਡ ਸਨਜ਼ ਰਾਹੀਂ ਇਸ ਦੇ ਮਾਲਕ 2. ਸ੍ਰੀ ਅਰੁਨ ਕੁਮਾਰ ਜੈਨ ਮਾਲਕ 3. ਸ੍ਰੀਮਤੀ ਬਿਮਲਾ ਜੈਨ ਪਤਨੀ ਸ੍ਰੀ ਬਾਬੂ ਰਾਮ 4. ਸ੍ਰੀਮਤੀ ਕੁਸਮ ਜੈਨ ਪਤਨੀ ਸ੍ਰੀ ਪਰਵੀਨ ਕੁਮਾਰ 5. ਸ੍ਰੀਮਤੀ ਪੁਸ਼ਪਾ ਜੈਨ ਪਤਨੀ ਸ੍ਰੀ ਅਸ਼ੋਕ ਕੁਮਾਰ 6. ਸ੍ਰੀ ਸੁਨੀਲ ਜੈਨ ਪੁੱਤਰ ਸ੍ਰੀ ਬਾਬੂ ਰਾਮ ਜੈਨ ਰੁਪਏ 3,53,18,828/- (ਤਿੰਨ ਕਰੋੜ ਤਰਵੰਜਾ ਲੱਖ ਅਠਾਰਾਂ ਹਜ਼ਾਰ ਅੱਠ ਸੌ ਅਠਾਈ ਕੇਵਲ) (12 ਜੂਨ 20 ਤੱਕ) ਸਮੇਤ ਭਵਿੱਖੀ ਵਿਆਜ ਤੇ ਲਾਗਤਾਂ ਤੋਂ ਵਸੂਲੀ ਲਈ "ਜਿਵੇਂ ਹੈ ਜਿੱਥੇ ਹੈ", "ਜਿਵੇਂ ਹੈ ਜੋ ਹੈ" ਅਤੇ "ਉੱਥੇ ਜੋ ਵੀ ਹੈ" ਦੇ ਅਧਾਰ 'ਤੇ 04 ਦਸੰਬਰ 2025 ਨੂੰ ਕੀਤੀ ਜਾਵੇਗੀ। ਜ਼ਰੂਰੀ ਵੇਰਵਿਆਂ ਲਈ ਕਿਰਪਾ ਕਰਕੇ ਨਿਲਾਮੀ ਸਾਰਣੀ ਦਾ ਹਵਾਲਾ ਲਿਆ ਜਾਵੇ।

ਫਸਟ ਪ੍ਰਾਪਰਟੀ (ਵੇਰਵਾ ਪ੍ਰਾਪਰਟੀ ਨੰ. 1 ਵਜੋਂ ਸੂਚੀ ਵਿੱਚ ਦਰਸਾਇਆ)

| | |
|---|---|
| ਜਾਣਕਾਰੀ 'ਚ ਜੋਖ਼ਮ (ਜੇਕਰ ਕੋਈ ਹੈ) | ਕੋਈ ਨਹੀਂ |
| ਰਾਖਵੀਂ ਕੀਮਤ (ਰੁਪਏ 'ਚ) | ਰੁਪਏ 2,36,00,000/- (ਦੋ ਕਰੋੜ ਛੱਤੀ ਲੱਖ ਰੁਪਏ ਕੇਵਲ) |
| ਬਿਆਨਾ ਰਕਮ ਡਿਪਾਜ਼ਟ (ਰੁਪਏ 'ਚ) | ਰੁਪਏ 23,60,000/- (ਤੇਈ ਲੱਖ ਸੱਠ ਹਜ਼ਾਰ ਰੁਪਏ ਕੇਵਲ) |
| ਬੋਲੀ ਵਾਧਾ ਰਕਮ | ਰੁਪਏ 50,000/- (ਪੰਜਾਹ ਹਜ਼ਾਰ ਰੁਪਏ ਕੇਵਲ) |
| ਈ ਐੱਮ ਡੀ ਸਮੇਤ ਬੋਲੀਆਂ/ਟੈਂਡਰ ਜਮ੍ਹਾਂ ਕਰਵਾਉਣ ਲਈ ਅੰਤਮ ਮਿਤੀ, ਸਮਾਂ ਅਤੇ ਸਥਾਨ | 3 ਦਸੰਬਰ 2025 ਨੂੰ ਸ਼ਾਮ 5 ਵਜੇ ਤੱਕ ਐਕਸਿਸ ਬੈਂਕ ਲਿਮਟਿਡ ਐੱਸ ਸੀ ਓ 390, ਸੈਕਟਰ 20, ਦੂਸਰੀ ਮੰਜ਼ਿਲ, ਪੰਚਕੂਲਾ, ਹਰਿਆਣਾ 134117 ਵਿਖੇ |
| ਜਨਤਕ ਈ-ਨੀਲਾਮੀ ਲਈ ਮਿਤੀ, ਸਮਾਂ ਅਤੇ ਸਥਾਨ | ਵੈੱਬ ਪੋਰਟਲ https://www.bankeauctions.com 'ਤੇ 4 ਦਸੰਬਰ 2025 ਨੂੰ ਸਵੇਰੇ 11.00 ਵਜੇ ਅਤੇ ਦੁਪਹਿਰ 01.00 ਵਜੇ ਦਰਮਿਆਨ, ਹਰੇਕ 5 ਮਿੰਟਾਂ ਦੇ ਅਸੀਮਤ ਵਾਧਿਆਂ ਨਾਲ। ਈ-ਨਿਲਾਮੀ ਬੋਲੀ ਫਾਰਮ, ਘੋਸ਼ਣਾ ਆਦਿ ਰੱਖਦੇ ਈ-ਨਿਲਾਮੀ ਟੈਂਡਰ ਦਸਤਾਵੇਜ਼ ਉਪਰੋਕਤ ਦਰਸਾਏ ਸਰਵਿਸ ਪ੍ਰੋਵਾਈਡਰ ਦੀ ਵੈੱਬਸਾਈਟ 'ਤੇ ਉਪਲਬਧ ਹਨ। |

ਦੂਸਰੀ ਪ੍ਰਾਪਰਟੀ (ਸੂਚੀ ਵਿੱਚ ਪ੍ਰਾਪਰਟੀ ਨੰਬਰ 2 ਵਜੋਂ ਦਰਸਾਇਆ)

| | |
|---|---|
| ਜਾਣਕਾਰੀ 'ਚ ਜੋਖ਼ਮ (ਜੇਕਰ ਕੋਈ ਹੈ) | ਕੋਈ ਨਹੀਂ |
| ਰਾਖਵੀਂ ਕੀਮਤ (ਰੁਪਏ 'ਚ) | ਰੁਪਏ 1,13,00,000/- (ਇੱਕ ਕਰੋੜ ਤੇਰਾਂ ਲੱਖ ਰੁਪਏ ਕੇਵਲ) |
| ਬਿਆਨਾ ਰਕਮ ਡਿਪਾਜ਼ਟ (ਰੁਪਏ 'ਚ) | ਰੁਪਏ 11,30,000/- (ਗਿਆਰਾਂ ਲੱਖ ਤੀਹ ਹਜ਼ਾਰ ਰੁਪਏ ਕੇਵਲ) |
| ਬੋਲੀ ਵਾਧਾ ਰਕਮ | ਰੁਪਏ 50,000/- (ਪੰਜਾਹ ਹਜ਼ਾਰ ਰੁਪਏ ਕੇਵਲ) |
| ਈ ਐੱਮ ਡੀ ਸਮੇਤ ਬੋਲੀਆਂ/ਟੈਂਡਰ ਜਮ੍ਹਾਂ ਕਰਵਾਉਣ ਲਈ ਅੰਤਮ ਮਿਤੀ, ਸਮਾਂ ਅਤੇ ਸਥਾਨ | 3 ਦਸੰਬਰ 2025 ਨੂੰ ਸ਼ਾਮ 5 ਵਜੇ ਤੱਕ ਐਕਸਿਸ ਬੈਂਕ ਲਿਮਟਿਡ ਐੱਸ ਸੀ ਓ 390, ਸੈਕਟਰ 20, ਦੂਸਰੀ ਮੰਜ਼ਿਲ, ਪੰਚਕੂਲਾ, ਹਰਿਆਣਾ 134117 ਵਿਖੇ |
| ਜਨਤਕ ਈ-ਨੀਲਾਮੀ ਲਈ ਮਿਤੀ, ਸਮਾਂ ਅਤੇ ਸਥਾਨ | ਵੈੱਬ ਪੋਰਟਲ https://www.bankeauctions.com 'ਤੇ 4 ਦਸੰਬਰ 2025 ਨੂੰ ਸਵੇਰੇ 11.00 ਵਜੇ ਅਤੇ ਦੁਪਹਿਰ 01.00 ਵਜੇ ਦਰਮਿਆਨ, ਹਰੇਕ 5 ਮਿੰਟਾਂ ਦੇ ਅਸੀਮਤ ਵਾਧਿਆਂ ਨਾਲ। ਈ-ਨਿਲਾਮੀ ਬੋਲੀ ਫਾਰਮ, ਘੋਸ਼ਣਾ ਆਦਿ ਰੱਖਦੇ ਈ-ਨਿਲਾਮੀ ਟੈਂਡਰ ਦਸਤਾਵੇਜ਼ ਉਪਰੋਕਤ ਦਰਸਾਏ ਸਰਵਿਸ ਪ੍ਰੋਵਾਈਡਰ ਦੀ ਵੈੱਬਸਾਈਟ 'ਤੇ ਉਪਲੱਬਧ ਹਨ। |

**ਸਾਰਣੀ-ਜਾਇਦਾਦ ਦਾ ਵੇਰਵਾ**

ਜਾਇਦਾਦ ਨੰ. 1- ਅਚੱਲ ਜਾਇਦਾਦ ਦਾ ਸਮੁੱਚਾ ਅਟੁੱਟ ਹਿੱਸਾ, 1 ਕਨਾਲ 10 ਮਰਲਾ ਖੇਵਟ/ਖਤੌਨੀ ਨੰ. 416/560, ਕਿਲਾ ਨੰਬਰ 233//22/2 ਮਿਨ (0-10), 23 ਮਿਨ (0-19) 256//2/2 (0-1) ਸੁਨਾਮ ਵਿਖੇ ਸਥਿਤ ਦੱਸੀ ਜਾਇਦਾਦ ਅਰੁਣ ਕੁਮਾਰ, ਸੁਨੀਲ ਕੁਮਾਰ, ਪੁਸ਼ਪਾ ਰਾਣੀ, ਕੁਸਮ ਲਤਾ ਬਰਾਬਰ ਹਿੱਸੇਦਾਰੀ ਦੀ ਮਾਲਕੀ ਤਹਿਤ ਹੈ। ਉੱਤਰ : ਸੇਲ ਡੀਡ ਅਨੁਸਾਰ, ਪੂਰਬ : ਸੇਲ ਡੀਡ ਅਨੁਸਾਰ, ਦੱਖਣ : ਡੀਡ ਅਨੁਸਾਰ, ਪੱਛਮ : ਸੇਲ ਡੀਡ ਅਨੁਸਾਰ

ਪ੍ਰਾਪਰਟੀ ਨੰਬਰ 2 ਅਚੱਲ ਜਾਇਦਾਦ ਦਾ ਸਮੁੱਚਾ ਅਟੁੱਟ ਹਿੱਸਾ, 523/745 ਮੁਸ਼ਤੀਲ ਕਿਲਾ ਨੰਬਰ 233//23/3/1(0-12) ਸੁਨਾਮ ਵਿਖੇ ਸਥਿਤ ਤਹਿਸੀਲ ਸੁਨਾਮ ਜ਼ਿਲ੍ਹਾ ਸੰਗਰੂਰ, ਦੱਸੀ ਜਾਇਦਾਦ ਸਬ-ਰਜਿਸਟਰਾਰ ਸੁਨਾਮ ਕੋਲ ਰਜਿਸਟਰਡ ਹੈ, ਸੇਲ ਡੀਡ ਨੰ. 50 ਮਿਤੀ 7 ਅਪ੍ਰੈਲ 2000, ਦੱਸੀ ਜਾਇਦਾਦ ਸ੍ਰੀਮਤੀ ਬਿਮਲਾ ਰਾਣੀ ਜੈਨ ਪਤਨੀ ਲੇਟ ਸ੍ਰੀ ਬਾਬੂ ਰਾਮ ਜੈਨ ਦੇ ਨਾਂਅ ਰਜਿਸਟਰਡ ਹੈ। ਹੱਦਬੰਦੀ : ਉੱਤਰ : ਸੇਲ ਡੀਡ ਅਨੁਸਾਰ, ਪੂਰਬ : ਸੇਲ ਡੀਡ ਅਨੁਸਾਰ, ਦੱਖਣ : ਸੇਲ ਡੀਡ ਅਨੁਸਾਰ, ਪੱਛਮ : ਸੇਲ ਡੀਡ ਅਨੁਸਾਰ

ਵਿਕਰੀ ਦੀਆਂ ਵਿਸਥਾਰਤ ਸ਼ਰਤਾਂ ਅਤੇ ਨਿਯਮਾਂ ਲਈ ਕ੍ਰਿਪਾ ਕਰਕੇ ਸਕਿਉਰਡ ਕ੍ਰੈਡਿਟਰ ਦੀ ਵੈੱਬਸਾਈਟ https://www.axisbank.com/auction-retail ਅਤੇ ਬੈਂਕ ਪ੍ਰਮਾਣਿਤ ਸਰਵਿਸ ਪ੍ਰੋਵਾਈਡਰ ਮੈਸ: ਸੀ-1 ਇੰਡੀਆ ਪ੍ਰਾਈਵੇਟ ਲਿਮਟਿਡ ਦੇ ਵੈੱਬ ਪੋਰਟਲ https://www.bankeauctions.com ਦਾ ਹਵਾਲਾ ਲਿਆ ਜਾਵੇ। ਈ-ਨਿਲਾਮੀ ਬੈਂਕ ਦੇ ਪ੍ਰਮਾਣਿਤ ਸਰਵਿਸ ਪ੍ਰੋਵਾਈਡਰ ਮੈਸ: ਸੀ-1 ਇੰਡੀਆ ਪ੍ਰਾਈਵੇਟ ਲਿਮਟਿਡ ਦੇ ਵੈੱਬ ਪੋਰਟਲ https://www.bankeauctions.com ਰਾਹੀਂ ਆਨਲਾਈਨ ਕੀਤੀ ਜਾਵੇਗੀ। ਹੋਰ ਸਹਾਇਤਾ ਲਈ ਚਾਹਵਾਨ ਬੋਲੀਕਾਰ ਸੁਮੀਤ ਕੁਮਾਰ (ਮੋਬਾਇਲ ਨੰ. 96462-23355) ਅਤੇ ਪਰਵੀਨ ਕੁਮਾਰ ਯਾਦਵ (ਮੋਬਾਇਲ ਨੰ. 99142-20078) ਬੈਂਕ ਦੇ ਅਧਿਕਾਰਤ ਅਫਸਰ ਨਾਲ ਦਫਤਰੀ ਸਮੇਂ ਸਵੇਰੇ 9.30 ਵਜੇ ਤੋਂ ਸ਼ਾਮ ਦੇ 6.00 ਵਜੇ ਤੱਕ ਸੰਪਰਕ ਕਰ ਸਕਦੇ ਹਨ। ਇਸ ਨੋਟਿਸ ਨੂੰ ਕਰਜ਼ਦਾਰਾਂ ਲਈ ਸਕਿਉਰਟੀ ਇੰਟਰੈਸਟ (ਇਨਫੋਰਸਮੈਂਟ) ਰੂਲ, 2002 ਦੇ ਰੂਲ 8 (6) ਤਹਿਤ 15 ਦਿਨਾਂ ਦਾ ਨੋਟਿਸ ਮੰਨਿਆ ਜਾਵੇ।

ਮਿਤੀ : 15.11.2025, ਸਥਾਨ : ਲੁਧਿਆਣਾ, ਤੁਹਾਡਾ ਸ਼ੁੱਭਚਿੰਤਕ ਵਾਸਤੇ ਐਕਸਿਸ ਬੈਂਕ ਲਿਮਟਿਡ (ਅਧਿਕਾਰਤ ਅਫਸਰ)



**YES BANK** **Registered and Corporate Office:** YES BANK House, Off Western Express Highway, Santacruz East, Mumbai – 400055 India.
**Website:** www.yesbank.in, **Email:** comminications@yesbank.in, **CIN:** L65190MH2003PLC143249
**Regional Office At:** 5th Floor, Max Tower, Sector 16B, Noida, U.P.- 201301

### ਕਬਜ਼ਾ ਨੋਟਿਸ (ਰੂਲ 8 (1) ਤਹਿਤ ਅਚੱਲ ਜਾਇਦਾਦ ਲਈ)

ਜਦਕਿ, ਨਿਮਨਹਸਤਾਖਰੀ ਨੇ ਯੈੱਸ ਬੈਂਕ ਲਿਮ: ਦੇ ਅਧਿਕਾਰਤ ਅਫਸਰ ਵਜੋਂ ਸਕਿਉਰਟਾਈਜੇਸ਼ਨ ਐਂਡ ਰੀਕੰਸਟਰੱਕਸ਼ਨ ਆਫ ਫਾਇਨੈਂਸ਼ੀਅਲ ਐੱਸਟਸ ਅਤੇ ਇਨਫੋਰਸਮੈਂਟ ਆਫ ਸਕਿਉਰਿਟੀ ਇੰਟਰੈੱਸਟ ਐਕਟ, 2002 ਅਤੇ ਸਕਿਉਰਿਟੀ ਇੰਟਰੈਸਟ (ਇਨਫੋਰਸਮੈਂਟ) ਰੂਲਜ਼ 2002 ਦੇ ਰੂਲ 9 ਨਾਲ ਪੜ੍ਹੇ ਜਾਂਦੇ ਸੈਕਸ਼ਨ 13 (12) ਤਹਿਤ ਮਿਲੇ ਅਧਿਕਾਰਾਂ ਦੀ ਵਰਤੋਂ ਕਰਦਿਆਂ ਜਾਰੀ ਕੀਤੇ ਗਏ 60 ਦਿਨਾਂ ਦੇ ਅੰਦਰ-ਅੰਦਰ ਬਕਾਇਆ ਸੈਕਸ਼ਨ 13 (2) ਅਧੀਨ ਉਕਤ ਐਕਟ ਤਹਿਤ ਰਕਮ ਦੀ ਅਦਾਇਗੀ ਲਈ ਡਿਮਾਂਡ ਨੋਟਿਸ ਜਾਰੀ ਕੀਤਾ ਸੀ।

ਕਰਜ਼ਦਾਰ ਦੱਸੀ ਰਕਮ ਵਾਪਸ ਮੋੜਨ 'ਚ ਅਸਫਲ ਰਹੇ ਹਨ। ਕਰਜ਼ਦਾਰਾਂ ਅਤੇ ਆਮ ਜਨਤਾ ਨੂੰ ਨੋਟਿਸ ਦਿੱਤਾ ਜਾਂਦਾ ਹੈ ਕਿ ਨਿਮਨਹਸਤਾਖਰੀ ਨੇ ਹੇਠਾਂ ਦਰਸਾਈ ਜਾਇਦਾਦ ਦਾ ਰੂਲ 9 ਨਾਲ ਪੜ੍ਹੇ ਜਾਂਦੇ ਐਕਟ ਦੇ ਸੈਕਸ਼ਨ 13 (4) ਅਧੀਨ ਮਿਲੇ ਅਧਿਕਾਰਾਂ ਦੀ ਵਰਤੋਂ ਕਰਦਿਆਂ ਹੇਠਾਂ ਵਰਨਣ ਜਾਇਦਾਦਾਂ ਦਾ ਸੰਕੇਤਕ ਕਬਜ਼ਾ ਪ੍ਰਾਪਤ ਕਰ ਲਿਆ ਹੈ। ਕਰਜ਼ਦਾਰਾਂ ਨੂੰ ਖਾਸ ਕਰਕੇ ਅਤੇ ਆਮ ਜਨਤਾ ਨੂੰ ਉਕਤ ਜਾਇਦਾਦ ਸੰਬੰਧੀ ਕਿਸੇ ਤਰ੍ਹਾਂ ਦੀ ਸੌਦੇਬਾਜ਼ੀ ਤੋਂ ਖਬਰਦਾਰ ਕੀਤਾ ਜਾਂਦਾ ਹੈ ਅਤੇ ਉਕਤ ਜਾਇਦਾਦ ਸੰਬੰਧੀ ਕਿਸੇ ਤਰ੍ਹਾਂ ਦੀ ਸੌਦੇਬਾਜ਼ੀ ਬਕਾਇਆ ਰਕਮ ਅਤੇ ਇਸ 'ਤੇ ਠੇਕਾ ਦਰ 'ਤੇ ਇਸ ਉੱਪਰ ਵਿਆਜ ਅਤੇ ਲਾਗਤਾਂ ਯੈੱਸ ਬੈਂਕ ਲਿਮ: ਦੀ ਵਸੂਲੀ ਹੇਠ ਹੋਵੇਗੀ।

| ਕਰਜ਼ਦਾਰ ਦਾ ਨਾਂਅ | ਸਕਿਉਰਡ ਐੱਸਟ ਦਾ ਵੇਰਵਾ | ਸ਼ੈਕਸ਼ਨ 13 (2) ਅਧੀਨ ਨੋਟਿਸ ਦੀ ਮਿਤੀ/ਐੱਨ ਪੀ ਏ ਮਿਤੀ | ਨੋਟਿਸ ਰਕਮ (ਰੁਪਏ 'ਚ) | ਕਬਜ਼ੇ ਦੀ ਮਿਤੀ/ਪ੍ਰੋਡਕਟ ਅਤੇ ਕਰਜ਼ਾ ਨੰਬਰ |
|---|---|---|---|---|
| (1) ਹਰਜਿੰਦਰ ਸਿੰਘ ਪੁੱਤਰ ਚਮਕੌਰ ਸਿੰਘ (ਕਰਜ਼ਦਾਰ) ਵਾਸੀ ਮਕਾਨ ਨੰ: 165, ਗਲੀ ਨੰ: 02, ਨੇੜੇ ਨੱਥੂਰਾ ਪੇਪਰ ਮਿੱਲ, ਸਾਹਨੇਵਾਲ ਰੋਡ, ਲੁਧਿਆਣਾ, ਪੰਜਾਬ-141014, ਨਾਲ ਹੀ : ਨੇੜੇ ਆਟਾ ਚੱਕੀ, ਹਰੀਏਵਾਲਾ, ਮੋਗਾ, ਪੰਜਾਬ-142038, ਨਾਲ ਹੀ : ਫਾਰਗ ਆਟੋ ਇੰਟਰਨੈਸ਼ਨਲ ਪ੍ਰਾਈਵੇਟ ਲਿਮਟਿਡ, ਮਾਛੀਵਾੜਾ ਰੋਡ, ਕੋਹਾੜਾ ਲੁਧਿਆਣਾ, ਪੰਜਾਬ-141111 (2) ਜਸਮੀਨ ਕੌਰ (ਸਹਿ-ਕਰਜ਼ਦਾਰ ਅਤੇ ਰਹਿਣਕਾਰ) ਪਤਨੀ ਹਰਜਿੰਦਰ ਸਿੰਘ ਵਾਸੀ ਮਕਾਨ ਨੰਬਰ 165, ਗਲੀ ਨੰਬਰ 02, ਨੇੜੇ ਨੱਥੂਰਾ ਪੇਪਰ ਮਿੱਲ, ਸਾਹਨੇਵਾਲ ਰੋਡ, ਲੁਧਿਆਣਾ, ਪੰਜਾਬ-141004, ਸਾਹਮਣੇ ਸਚਦੇਵਾ ਇਲੈਕਟ੍ਰਾਨਿਕ 33 ਫੁੱਟ ਰੋਡ, ਮੁੰਡੀਆਂ ਕਲਾਂ ਪਿੰਨ ਕੋਡ-141014 | ਅਚੱਲ ਜਾਇਦਾਦ ਦਾ ਸਮੁੱਚਾ ਅਟੁੱਟ ਹਿੱਸਾ, ਪਲਾਟ ਨੰ. 226, 50 ਵਰਗ ਗਜ਼ ਖਸਰਾ ਨੰਬਰ 66//12, 13, 14, 15, 16, 17, 18, 19, 25/1, 67//21/1, 11, 20 ਖਾਤਾ ਨੰਬਰ 290/318 ਪੇਜ ਨੰਬਰ 671 ਜਮ੍ਹਾਂਬੰਦੀ ਸਾਲ 2008-2009 ਹਦਬਸਤ ਨੰਬਰ 181, ਭਾਮੀਆਂ ਕਲਾਂ ਆਬਾਦੀ ਗਾਰਡਨਜ਼ ਸਿਟੀ, ਨੇੜੇ ਜੈਨ ਇਸਟੇਟ ਡੀਡ ਨੰਬਰ 2022-2023/106/1/3296 ਤਰੀਕ 10-6-2022 ਤਹਿਸੀਲ ਤੇ ਜ਼ਿਲ੍ਹਾ ਲੁਧਿਆਣਾ, ਪੰਜਾਬ,ਮਾਲਕ ਜਸਮੀਨ ਕੌਰ ਬਰਾੜ। ਹੱਦਬੰਦੀ ਹੇਠਾਂ ਅਨੁਸਾਰ ਪੂਰਬ : ਸਟਰੀਟ, 15 ਫੁੱਟ ਚੌੜੀ, ਪੱਛਮ : ਗਵਾਂਢੀ, 15 ਫੁੱਟ ਚੌੜਾਈ, ਉੱਤਰ : ਸ੍ਰੀ ਪਾਲ, 30 ਫੁੱਟ, ਦੱਖਣ : ਖਾਲੀ ਘਰ 30 ਫੁੱਟ ਮਾਲਕ ਜਸਮੀਨ ਕੌਰ ਪਤਨੀ ਹਰਜਿੰਦਰ ਸਿੰਘ | 24.07.2025/ 13.06.2025 | 24.06.2025 ਨੂੰ ਰੁਪਏ 12,52,048.17/- (ਭਾਰਤੀ ਰੁਪਏ ਬਾਰਾਂ ਲੱਖ ਬਵੰਜਾ ਹਜ਼ਾਰ ਅਠਤਾਲੀ ਰੁਪਏ ਸਤਾਰਾਂ ਪੈਸੇ ਕੇਵਲ) | 10.11.2025/ ਮਾਈਕਰੋ ਐੱਲ ਏ ਪੀ ਮਿਆਦੀ ਕਰਜ਼ਾ ਸਹੂਲਤ |
| (1) ਰਾਜਪਾਲ ਸਿੰਘ ਪੁੱਤਰ ਹਰਚੰਦ ਸਿੰਘ, ਵਾਸੀ ਮਕਾਨ ਨੰ: 1397/5, ਗਲੀ ਨੰ: 4-1/2, ਗੁਰੂ ਅਰਜਨ ਦੇਵ ਨਗਰ, ਸਮਰਾਲਾ ਚੌਕ, ਲੁਧਿਆਣਾ ਪੰਜਾਬ-141008 (2) ਕਰਮਨ ਫੈਸ਼ਨ ਇਨਟੱਚ ਵਿਧ ਸਟਾਈਲ ਰਾਹੀਂ ਇਸ ਦੇ ਭਾਈਵਾਲਾਂ ਵਾਸੀ ਬੀ-20-2475/1, ਕ੍ਰਿਸ਼ਨਾ ਨਗਰ, ਘੁਮਾਰ ਮੰਡੀ, ਲੁਧਿਆਣਾ ਪੰਜਾਬ-141001 (3) ਰਾਜਪਾਲ ਕੌਰ ਪਤਨੀ ਰਾਜਪਾਲ ਸਿੰਘ ਵਾਸੀ ਮਕਾਨ ਨੰ: 1397, ਗਲੀ ਨੰ: 4-1/2, ਨੇੜੇ ਦਰਸ਼ਨ ਚੱਕੀ, ਗੁਰੂ ਅਰਜਨ ਦੇਵ ਨਗਰ, ਵਾਰਡ ਨੰ. 06, ਲੁਧਿਆਣਾ ਪੰਜਾਬ-141008 | ਪ੍ਰਾਪਰਟੀ ਨੰਬਰ 01 ਗੈਰ-ਖੇਤੀਬਾੜੀ ਜਾਇਦਾਦ ਦਾ ਸਮੁੱਚਾ ਅਟੁੱਟ ਹਿੱਸਾ ਪਲਾਟ ਨੰਬਰ 32,125 ਵਰਗ ਗਜ਼, ਖਸਰਾ ਨੰਬਰ 23//22/2-23 ਖਾਤਾ ਨੰਬਰ 41/62 ਪੇਜ ਨੰਬਰ 66 ਜਮ੍ਹਾਂਬੰਦੀ ਸਾਲ 2005-06 ਅਨੁਸਾਰ ਪਿੰਡ ਖੁਰਦ ਐੱਚ ਬੀ ਨੰ. 180 ਤਹਿਸੀਲ ਤੇ ਜ਼ਿਲ੍ਹਾ ਲੁਧਿਆਣਾ, ਪੰਜਾਬ। ਪ੍ਰਾਪਰਟੀ ਨੰ. 02, ਜਾਇਦਾਦ 90 ਵਰਗ ਵਿੱਚੋਂ 59.72 ਵਰਗ ਗਜ਼, ਖਸਰਾ ਨੰਬਰ 739-740 ਖਾਤਾ ਨੰਬਰ 707/767-708/768 ਜਮ੍ਹਾਂਬੰਦੀ ਸਾਲ 2002-03 ਅਨੁਸਾਰ ਪਿੰਡ ਤਰਫ ਸੈਦਾਂ, ਹਦਬਸਤ ਨੰ. 172 ਆਬਾਦੀ ਗੁਰੂ ਅਰਜਨ ਦੇਵ ਨਗਰ ਤਹਿਸੀਲ ਤੇ ਜ਼ਿਲ੍ਹਾ ਲੁਧਿਆਣਾ, ਪੰਜਾਬ ਹੱਦਬੰਦੀ ਹੇਠਾਂ ਅਨੁਸਾਰ (ਸਥਾਨ ਅਨੁਸਾਰ) ਪੂਰਬ: ਗਵਾਂਢੀ ਏ ਡੀ ਐੱਮ 25', ਪੱਛਮ : ਗਲੀ 20 ਫੁੱਟ ਚੌੜੀ ਏ ਡੀ ਐੱਮ 25', ਉੱਤਰ : ਗਵਾਂਢੀ ਏ ਡੀ ਐੱਮ 45', ਦੱਖਣ : ਗਵਾਂਢੀ ਏ ਡੀ ਐੱਮ 45', ਪੂਰਬ : ਗਲੀ 33 ਫੁੱਟ, ਪੱਛਮ : ਗਵਾਂਢੀ 12', ਉੱਤਰ : ਗਵਾਂਢੀ 53', ਪੱਛਮ: ਗਵਾਂਢੀ 31'6", ਮਾਲਕ : ਰਾਜਪਾਲ ਸਿੰਘ ਪੁੱਤਰ ਹਰਚਰਨ ਸਿੰਘ | 16.07.2025/ 13.06.2025 | 16 ਜੁਲਾਈ 2025 ਨੂੰ ਰੁਪਏ 47,76,655.64/- (ਸੰਤਾਲੀ ਲੱਖ ਛਿਹੱਤਰ ਹਜ਼ਾਰ ਛੇ ਸੌ ਪਚਵੰਜਾ ਰੁਪਏ ਚੌਂਹਟ ਪੈਸੇ ਕੇਵਲ) | 10.11.2025/ ਜਾਇਦਾਦ ਦੀ ਮਿਆਦੀ ਸਹੂਲਤ ਵਿਰੁੱਧ ਕਰਜ਼ਾ |
| (1) ਮੈਸਰਜ਼ ਪਦਮ ਇੰਡਸਟਰੀਜ਼ ਰਾਹੀਂ ਇਸਦੇ ਮਾਲਕ ਰਜਿੰਦਰ ਸਿੰਘ ਵਾਸੀ ਪਤਾ: ਬੀ-21-1712/1 ਗਲੀ ਨੰ. 38 ਜਨਤਾ ਨਗਰ ਲੁਧਿਆਣਾ ਪੰਜਾਬ-141003 (ਕਰਜ਼ਦਾਰ) (2) ਮੈਸਰਜ਼ ਨਾਮਪ੍ਰੀਤ ਟਰੇਡਰਜ਼ ਰਾਹੀਂ ਇਸ ਦੇ ਮਾਲਕ ਸਰਬਸ਼ਕਤੀ ਕੌਰ, ਪਤਾ: - ਪਲਾਟ ਨੰਬਰ 47-ਏ ਐੱਚ ਬੀ 220 ਸ਼ਿਵ ਸ਼ਕਤੀ ਇੰਡਸਟਰੀਅਲ ਅਸਟੇਟ, ਰਾਜਗੜ੍ਹ, ਸਾਹਨੇਵਾਲ ਡੇਹਲੋਂ ਰੋਡ, ਪਿੰਡ ਦੁੱਗਰੀ, ਤਹਿਸੀਲ ਪਾਇਲ, ਲੁਧਿਆਣਾ ਪੰਜਾਬ-1414-21 (ਸਹਿ-ਕਰਜ਼ਦਾਰ ਅਤੇ ਗਰੰਟਰ) (3) ਸ੍ਰੀ ਰਾਜਿੰਦਰ ਸਿੰਘ ਪੁੱਤਰ ਬੂਟਾ ਸਿੰਘ, ਪਤਾ: ਮਕਾਨ ਨੰਬਰ 1712/1-ਏ ਗਲੀ ਨੰ. 38 ਜਨਤਾ ਨਗਰ ਲੁਧਿਆਣਾ ਪੰਜਾਬ 141003 (ਸਹਿ-ਕਰਜ਼ਦਾਰ, ਰਹਿਣਕਾਰ ਅਤੇ ਗਰੰਟਰ) (4) ਸ੍ਰੀਮਤੀ ਸਰਬਸ਼ਕਤੀ ਕੌਰ ਮਾਰਫਤ ਰਜਿੰਦਰ ਸਿੰਘ, ਪਤਾ: ਮਕਾਨ ਨੰਬਰ 1712/-ਏ ਗਲੀ ਨੰ. 38 ਜਨਤਾ ਨਗਰ ਲੁਧਿਆਣਾ ਪੰਜਾਬ 141003 (ਸਹਿ-ਕਰਜ਼ਦਾਰ ਅਤੇ ਗਰੰਟਰ) | ਗੈਰ-ਖੇਤੀਬਾੜੀ ਜਾਇਦਾਦ ਦਾ ਸਮੁੱਚਾ ਅਟੁੱਟ ਹਿੱਸਾ, ਮਕਾਨ ਐੱਮ ਸੀ ਨੰਬਰ ਬੀ-21-1712/1, ਯੂ ਆਈ ਡੀ ਨੰ. ਬੀ 021-19687 (ਟੈਕਸ ਫਾਰਮ ਸਾਲ 2019-20 ਅਨੁਸਾਰ) ਜਾਇਦਾਦ 150 ਵਰਗ ਗਜ਼ ਖਸਰਾ ਨੰਬਰ 3570/408 ਖਾਤਾ ਨੰਬਰ 628/996 ਜਮ੍ਹਾਂਬੰਦੀ ਸਾਲ 2010-11 ਅਨੁਸਾਰ ਪਿੰਡ ਗਿੱਲ ਨੰ. 1 ਹਦਬਸਤ ਨੰ. 263 ਆਬਾਦੀ ਜਨਤਾ ਨਗਰ ਤਹਿਸੀਲ ਤੇ ਜ਼ਿਲ੍ਹਾ ਲੁਧਿਆਣਾ, ਹੱਦਬੰਦੀ ਹੇਠਾਂ ਅਨੁਸਾਰ ਪੂਰਬ : ਕਪੂਰ ਸਿੰਘ ਏ ਡੀ ਐੱਮ 60', ਪੱਛਮ : ਰਘੁਵੀਰ ਸਿੰਘ ਏ ਡੀ ਐੱਮ 60', ਉੱਤਰ : ਸਟਰੀਟ 20' ਚੌੜੀ ਏ ਡੀ ਐੱਮ 22'6", ਦੱਖਣ : ਜੋਗਿੰਦਰ ਸਿੰਘ ਆਦਿ ਏ ਡੀ ਐੱਮ 22'6", ਮਾਲਕ ਰਜਿੰਦਰ ਸਿੰਘ ਪੁੱਤਰ ਬੂਟਾ ਸਿੰਘ | 21.08.2025/ 09.05.2023 | ਰੁਪਏ 70,29,710.41/- (ਸੱਤਰ ਲੱਖ ਉਨੱਤੀ ਹਜ਼ਾਰ ਸੱਤ ਸੌ ਦਸ ਰੁਪਏ ਇਕਤਾਲੀ ਪੈਸੇ ਕੇਵਲ) | 10.11.2025/ ਸਕਿਉਰਡ ਬਿਜ਼ਨੈੱਸ ਕਰਜ਼ਾ-ਮਿਆਦੀ ਕਰਜ਼ਾ ਸਹੂਲਤ |
| 1) ਸ੍ਰੀ ਰਵੀ ਕੁਮਾਰ ਸਿੰਘ ਪੁੱਤਰ ਅਰਜੁਨ ਸਿੰਘ ਪਤਾ: ਨੇੜੇ ਮੰਨਣ ਕਰਿਆਨਾ ਸਟੋਰ ਨੇੜੇ, ਪਿੰਡ ਗੋਬਿੰਦਗੜ੍ਹ, ਜੁਗਿਆਣਾ, ਲੁਧਿਆਣਾ ਪੰਜਾਬ 141017 (2) ਸੁਸ਼ੀਲ ਕੁਮਾਰ ਪੁੱਤਰ ਅਰਜੁਨ ਸਿੰਘ ਪਤਾ: ਪਿੰਡ ਗੋਬਿੰਦਗੜ੍ਹ, ਜੁਗਿਆਣਾ, ਲੁਧਿਆਣਾ ਪੰਜਾਬ 141017. (3) ਮੰਜੂ ਦੇਵੀ ਮਾਰਫਤ ਅਰਜੁਨ ਸਿੰਘ ਪਤਾ:- ਗਲੀ ਨੰ. 1, ਨਿਊ ਮਾਤਾ ਭਾਗ ਨਗਰ, ਗੋਬਿੰਦ ਜੁਗਿਆਣਾ, ਲੁਧਿਆਣਾ ਪੰਜਾਬ 141017 | ਗੈਰ-ਖੇਤੀਬਾੜੀ ਜਾਇਦਾਦ ਦਾ ਸਮੁੱਚਾ ਅਟੁੱਟ ਹਿੱਸਾ 50 ਵਰਗ ਗਜ਼ (ਹਦਬਸਤ ਨੰ. 243) ਗੋਬਿੰਦਗੜ੍ਹ, ਲੁਧਿਆਣਾ ਖਾਤਾ ਨੰ. 241/284, 285,286,287 ਖਸਰਾ ਨੰ. 15//8/3, 15//9, 15//12, 15//13/1, 15//14, 15//17/1, 15//17/2, 15//18/1, 15//2/2, 15//9 ਮਿਨ 15//15, 15//16, 15//8/2,1, 5//13/2, 15//18/2, 15//19 ਜਮ੍ਹਾਂਬੰਦੀ ਸਾਲ 2009-2010 ਅਨੁਸਾਰ ਪਿੰਡ ਗੋਬਿੰਦਗੜ੍ਹ, ਤਹਿਸੀਲ ਤੇ ਜ਼ਿਲ੍ਹਾ ਲੁਧਿਆਣਾ, ਪੰਜਾਬ ਹੱਦਬੰਦੀ ਪੂਰਬ :ਸਤਵੀਰ ਸਿੰਘ 31'0" ਤੱਕ, ਪੱਛਮ : ਗਵਾਂਢੀ 31'0" ਤੱਕ, ਉੱਤਰ: ਗਲੀ ਚੌੜੀ 18' ਤੱਕ 14'5", ਦੱਖਣ : ਗਵਾਂਢੀ 14'5" ਤੱਕ। ਮਾਲਕ ਮੰਜੂ ਦੇਵੀ ਮਾਰਫਤ ਅਰਜੁਨ ਸਿੰਘ | 15.04.2025/ 15.03.2025 | 15 ਅਪ੍ਰੈਲ 2025 ਨੂੰ ਰੁਪਏ 9,18,382.00/- (ਨੌਂ ਲੱਖ ਅਠਾਰਾਂ ਹਜ਼ਾਰ ਤਿੰਨ ਸੌ ਬਿਆਸੀ ਰੁਪਏ ਕੇਵਲ) | 10.11.2025/ ਮਾਈਕਰੋ ਐੱਲ ਏ ਪੀ ਮਿਆਦੀ ਕਰਜ਼ਾ ਸਹੂਲਤ |

ਕਿਰਪਾ ਕਰਕੇ ਧਿਆਨ ਦਿੱਤਾ ਜਾਵੇ ਕਿ ਐਕਟ ਦੇ ਸੈਕਸ਼ਨ 13 (8) ਤਹਿਤ ਜੇਕਰ ਬਕਾਏ ਸਮੇਤ ਲਾਗਤਾਂ, ਚਾਰਜਿਜ਼ ਅਤੇ ਖਰਚੇ ਜਨਤਕ ਨਿਲਾਮੀ/ਵਿਕਰੀ ਲਈ ਨੋਟਿਸ ਦੀ ਪ੍ਰਕਾਸ਼ਨਾ ਦੀ ਮਿਤੀ ਤੋਂ ਕਿਸੇ ਵੀ ਸਮੇਂ ਸਾਡੇ ਵੱਲੋਂ ਸਹਿਣ ਕੀਤੇ ਜਾਣਗੇ, ਤਦ ਵਿਕਰੀ ਨਹੀਂ ਕੀਤੀ ਜਾਵੇਗੀ ਅਤੇ ਸਕਿਉਰਡ ਐੱਸਟਸ ਨੂੰ ਸਾਡੇ ਵੱਲੋਂ ਵਿਕਰੀ ਜਾਂ ਤਬਦੀਲ ਨਹੀਂ ਕੀਤਾ ਜਾਵੇਗਾ ਅਤੇ ਸਾਡੇ ਵੱਲੋਂ ਸਕਿਉਰਡ ਐੱਸਟਸ ਦੀ ਵਿਕਰੀ ਜਾਂ ਤਬਦੀਲ ਲਈ ਅਗਲੇ ਕਦਮ ਨਹੀਂ ਉਠਾਏ ਜਾਣਗੇ।

ਮਿਤੀ : 10.11.2025, ਸਥਾਨ : ਪੰਜਾਬ ਸਹੀ/- (ਅਧਿਕਾਰਤ ਅਫਸਰ) ਯੈੱਸ ਬੈਂਕ ਲਿਮਟਿਡ

15- Nov - Page - 7.qxd 11/14/2025 10:50 PM Page 1



# ਸਰਕਾਰੀ ਪ੍ਰਾਇਮਰੀ ਸਕੂਲ ਰੰਗੜ ਨੰਗਲ ਵਿਖੇ ਕਰਵਾਇਆ ਬਾਲ ਮੇਲਾ



ਬਟਾਲਾ, ( ਡਾ. ਮਲਵਿੰਦਰ ਸਿੰਘ)- ਸਿੱਖਿਆ ਵਿਭਾਗ ਵੱਲੋਂ ਜਾਰੀ ਆਦੇਸ਼ਾਂ ਦੀ ਪਾਲਣਾ ਕਰਦੇ ਹੋਏ ਅੱਜ ਬਾਲ ਦਿਵਸ ਮੌਕੇ ਸਰਕਾਰੀ ਪ੍ਰਾਇਮਰੀ ਸਕੂਲ ਰੰਗੜ ਨੰਗਲ ਬਲਾਕ ਕਾਦੀਆਂ-2 ਵਿਖੇ ਪ੍ਰੀ ਪ੍ਰਾਇਮਰੀ ਜਮਾਤਾਂ ਦੇ ਬੱਚਿਆਂ ਦਾ ਬਾਲ ਮੇਲਾ ਕਰਵਾਇਆ ਗਿਆ ਜਿਸ ਵਿੱਚ ਪ੍ਰਥਮ ਕੋਆਰਡੀਨੇਟਰ ਅੰਜਲੀ ਸ਼ਰਮਾ ਟੀਮ ਮੈਂਬਰ ਰਵਨੀਤ ਔਤਰੀ ਵੱਲੋਂ ਵਿਸ਼ੇਸ਼ ਤੌਰ ਤੇ ਸ਼ਮੂਲੀਅਤ ਕਰਦੇ ਹੋਏ ਬੱਚਿਆਂ ਦੇ ਮਾਤਾ ਪਿਤਾ ਤੇ ਵਿਦਿਆਰਥੀਆਂ ਨੂੰ ਵੱਖ-ਵੱਖ ਗਤੀਵਿਧੀਆਂ ਕਰਵਾਈਆਂ।ਇਸ ਮੌਕੇ ਜਾਣਕਾਰੀ ਦਿੰਦੇ ਹੋਏ ਸੈਂਟਰ ਮੁੱਖ ਅਧਿਆਪਕ ਸ. ਰਵਿੰਦਰ ਸਿੰਘ ਨੇ ਦੱਸਿਆ ਕਿ ਜ਼ਿਲ੍ਹਾ ਸਿੱਖਿਆ ਅਫ਼ਸਰ ਪਰਮਜੀਤ ਤੇ ਡਿਪਟੀ ਡੀਈਓ ਡਾ. ਅਨਿਲ ਸ਼ਰਮਾ ਦੀ ਅਗਵਾਈ ਵਿੱਚ ਬਲਾਕ ਪ੍ਰਾਇਮਰੀ ਸਿੱਖਿਆ ਅਫ਼ਸਰ ਸ. ਪੱਤਲਾ ਸਿੰਘ ਦੇ ਸਹਿਯੋਗ ਨਾਲ ਸਕੂਲ ਵਿੱਚ ਬਾਲ ਦਿਵਸ ਮੌਕੇ ਸਾਦਾ ਪਰ ਪ੍ਰਭਾਵਸ਼ਾਲੀ ਸਮਾਗਮ ਸਕੂਲ ਵਿੱਚ ਆਯੋਜਿਤ ਕੀਤਾ ਗਿਆ ਜਿਸ ਵਿੱਚ ਵੱਡੀ ਪੱਧਰ ਤੇ ਪ੍ਰੀ ਪ੍ਰਾਇਮਰੀ ਦੇ ਵਿਦਿਆਰਥੀਆਂ ਦੇ ਮਾਪਿਆਂ ਵੱਲੋਂ ਸ਼ਮੂਲੀਅਤ ਕੀਤੀ ਗਈ। ਇਸ ਦੌਰਾਨ ਬਾਲ ਦਿਵਸ ਬਾਰੇ ਵਿਦਿਆਰਥੀਆਂ ਨੂੰ ਵਿਸਥਾਰ ਨਾਲ ਜਾਣਕਾਰੀ ਦਿੰਦੇ ਹੋਏ ਨਿੰਬੂ ਦੌੜ, ਗੁਬਾਰਾ ਤਾਲਮੇਲ, ਕੁਰਸੀ ਖੇਡ ਗਤੀਵਿਧੀਆਂ ਕਰਵਾਈਆਂ ਗਈਆਂ ਜਿਸ ਵਿੱਚ ਮਾਪਿਆਂ ਤੇ ਵਿਦਿਆਰਥੀਆਂ ਵੱਲੋਂ ਭਾਗ ਲੈਂਦੇ ਹੋਏ ਅਨੰਦ ਮਾਣਿਆ।ਇਸ ਦੌਰਾਨ ਵਿਦਿਆਰਥੀਆਂ ਤੇ ਮਾਪਿਆਂ ਨੂੰ ਸਨਮਾਨਿਤ ਵੀ ਕੀਤਾ ਗਿਆ।ਇਸ ਮੌਕੇ ਉਨ੍ਹਾਂ ਕਿਹਾ ਕਿ ਸਰਕਾਰੀ ਸਕੂਲਾਂ ਵਿੱਚ ਪ੍ਰੀ ਪ੍ਰਾਇਮਰੀ ਕਲਾਸਾਂ ਸ਼ੁਰੂ ਕਰਨਾ ਪੰਜਾਬ ਦਾ ਬਹੁਤ ਵਧੀਆ ਉਪਰਾਲਾ ਹੈ।ਇਸ ਨਾਲ 3 ਤੋਂ 6 ਸਾਲ ਦੇ ਬੱਚਿਆਂ ਦੀ ਨੀਂਹ ਮਜ਼ਬੂਤ ਹੁੰਦੀ ਹੈ। ਇਸ ਮੌਕੇ ਉਨ੍ਹਾਂ ਪ੍ਰਥਮ ਟੀਮ ਦਾ ਸਕੂਲ ਪਹੁੰਚਣ ਤੇ ਧੰਨਵਾਦ ਕੀਤਾ।ਇਸ ਮੌਕੇ ਅਧਿਆਪਕ ਤਜਿੰਦਰ ਸਿੰਘ, ਅਧਿਆਪਿਕਾ ਗੁਰਪ੍ਰੀਤ ਕੌਰ, ਬਲਵਿੰਦਰ ਕੌਰ, ਅਮਨਪ੍ਰੀਤ ਕੌਰ, ਸਕੂਲ ਮੈਨਜਮੈਂਟ ਕਮੇਟੀ ਦੇ ਚੇਅਰਮੈਨ ਸ. ਹਰਪ੍ਰੀਤ ਸਿੰਘ, ਬੱਚਿਆਂ ਦੇ ਮਾਪੇ ਮੇਜਰ ਸਿੰਘ, ਸਤਿੰਦਰ ਸਿੰਘ, ਸੁਖਵਿੰਦਰ ਕੌਰ, ਗੁਰਪ੍ਰੀਤ ਕੌਰ, ਸਰਬਜੀਤ ਕੌਰ, ਸੰਦੀਪ ਕੌਰ, ਮਨਪ੍ਰੀਤ ਕੌਰ, ਸੀਮਾ, ਸਿਮਰਨ,ਸ਼ਤਬੀਰ, ਪਰਮਜੀਤ, ਪਿੰਦਰ ਕੌਰ, ਰੁਪਿੰਦਰ ਕੌਰ, ਕੋਮਲ ਸਿੰਘ, ਹਰਪ੍ਰੀਤ ਕੌਰ ਆਦਿ ਹਾਜ਼ਰ ਸਨ।



# ਜ਼ਿਲ੍ਹਾ ਖ਼ਜ਼ਾਨਾ ਦਫ਼ਤਰ ਵਿਖੇ ਤਿੰਨ ਰੋਜ਼ਾ 'ਪੈਨਸ਼ਨ ਸੇਵਾ ਮੇਲਾ' ਸ਼ੁਰੂ

ਹੁਸ਼ਿਆਰਪੁਰ, (ਓਮ ਪ੍ਰਕਾਸ਼ ਰਾਣਾ)-ਪੰਜਾਬ ਸਰਕਾਰ ਵੱਲੋਂ ਸੂਬੇ ਦੇ ਪੈਨਸ਼ਨਰਾਂ ਦੀ ਸੁਵਿਧਾ ਲਈ ਤਿੰਨ ਰੋਜ਼ਾ 'ਪੈਨਸ਼ਨ ਸੇਵਾ ਮੇਲਾ' ਜ਼ਿਲ੍ਹਾ ਖ਼ਜ਼ਾਨਾ ਦਫ਼ਤਰ, ਪ੍ਰਬੰਧਕੀ ਬਲਾਕ, ਹੁਸ਼ਿਆਰਪੁਰ ਵਿਖੇ ਆਰੰਭ ਹੋ ਗਿਆ। ਮੇਲੇ ਦੇ ਪਹਿਲੇ ਦਿਨ ਵੱਡੀ ਗਿਣਤੀ ਵਿਚ ਪੈਨਸ਼ਨਰਾਂ ਅਤੇ ਵੱਖ-ਵੱਖ ਬੈਂਕਾਂ ਦੇ ਨੁਮਾਇੰਦੇ ਸ਼ਾਮਲ ਹੋਏ।ਇਸ ਮੌਕੇ ਡਾਇਰੈਕਟਰ ਖ਼ਜ਼ਾਨਾ ਤੇ ਲੇਖਾ ਅਰਵਿੰਦਰ ਕੁਮਾਰ ਉਚੇਚੇ ਤੌਰ 'ਤੇ ਪਹੁੰਚੇ ਅਤੇ ਸਮਾਗਮ ਦੀ ਸਮੀਖਿਆ ਕੀਤੀ। ਇਸ ਸਬੰਧੀ ਜਾਣਕਾਰੀ ਦਿੰਦਿਆਂ ਜ਼ਿਲ੍ਹਾ ਖ਼ਜ਼ਾਨਾ ਅਫ਼ਸਰ ਦੇਸ ਰਾਜ ਨੇ ਦੱਸਿਆ ਕਿ ਵਿੱਤ ਵਿਭਾਗ ਦੇ ਦਿਸ਼ਾ-ਨਿਰਦੇਸ਼ਾਂ ਹੇਠ ਪੰਜਾਬ ਰਾਜ ਦੇ ਪੈਨਸ਼ਨਰਾਂ ਦੇ ਕਮਿਊਟੇਸ਼ਨ ਲਾਈਵ ਸਰਟੀਫਿਕੇਟ ਅਤੇ ਈ-ਕੇ.ਵਾਈ.ਸੀ ਦਰਜ ਕਰਨ ਹਿੱਤ ਪੈਨਸ਼ਨ ਸੇਵਾ ਮੇਲੇ ਦੇ ਪਹਿਲੇ ਦਿਨ ਵੱਡੀ ਗਿਣਤੀ ਵਿਚ ਪੈਨਸ਼ਨਰ ਸ਼ਾਮਲ ਹੋਏ। ਇਸ ਮੌਕੇ ਵੱਖ-ਵੱਖ ਬੈਂਕਾਂ ਦੇ ਅਧਿਕਾਰੀ ਵੀ ਮੌਜੂਦ ਸਨ, ਜਿਸ ਨਾਲ ਪੈਨਸ਼ਨਰਾਂ ਨੂੰ ਇੱਕ ਛੱਤ ਹੇਠ ਲਾਈਵ ਸਰਟੀਫਿਕੇਟ ਅਤੇ ਈ-ਕੇ.ਵਾਈ.ਸੀ ਦਰਜ ਕਰਵਾਉਣ ਦੀ ਸਹੂਲਤ ਪ੍ਰਦਾਨ ਕੀਤੀ ਗਈ। ਉਨ੍ਹਾਂ ਮਿਤੀ 15 ਨਵੰਬਰ ਤੱਕ ਚੱਲਣ ਵਾਲੇ ਇਸ ਮੇਲੇ ਵਿਚ ਜ਼ਿਲ੍ਹੇ ਦੇ ਪੈਨਸ਼ਨਰਾਂ ਨੂੰ ਵੱਡੀ ਗਿਣਤੀ ਵਿਚ ਸ਼ਾਮਲ ਹੋਣ ਦੀ ਅਪੀਲ ਕੀਤੀ।

# ਆਪ ਉਮੀਦਵਾਰ ਦੀ ਜਿੱਤ 'ਤੇ ਲੱਡੂ ਵੰਡੇ

ਨਵਾਂਸ਼ਹਿਰ ( ਕੁਲਵਿੰਦਰ ਸਿੰਘ ਦੁਰਗਾਪੁਰੀਆ)- ਹਲਕਾ ਤਰਨਤਾਰਨ ਦੇ ਸਮੂਹ ਵੋਟਰਾਂ ਵੱਲੋਂ ਆਮ ਆਦਮੀ ਪਾਰਟੀ ਦੇ ਉਮੀਦਵਾਰ ਹਰਮੀਤ ਸਿੰਘ ਸੰਧੂ ਨੂੰ 12,000 ਤੋਂ ਵੱਧ ਵੋਟਾਂ ਦੀ ਇਤਿਹਾਸਕ ਲੀਡ ਨਾਲ ਜ਼ਿਮਨੀ ਚੋਣ ਜਿਤਣ ਤੇ ਆਮ ਆਦਮੀ ਪਾਰਟੀ ਦੇ ਸਮੂਹ ਲੀਡਰਾਂ ਅਤੇ ਵਰਕਰਾਂ ਨੇ ਇਮਪਰੂਵਮੈਂਟ ਟਰੱਸਟ ਦਫ਼ਤਰ ਨਵਾਂਸ਼ਹਿਰ ਵਿਖੇ ਜ਼ਿਮਨੀ ਚੋਣ ਜਿੱਤਣ ਦੀ ਖ਼ੁਸ਼ੀ ਵਿੱਚ ਲੱਡੂ ਵੰਡੇ ।



## ਜਨਮ ਦਿਨ ਮੁਬਾਰਕ



ਸੰਦੀਪ ਮਾਨ (ਕਾਲਾ ਸੰਘਿਆਂ)

## ਵਰ੍ਹੇਗੰਢ ਮਨਾਈ



ਸੁਖਵਿੰਦਰ ਸਿੰਘ ਭੁੱਲਰ ਅਤੇ ਜਸਵੀਰ ਕੌਰ ਪਿੰਡ ਕੋਟੜਾ ਕੌੜਿਆਂ ਵਾਲਾ (ਬਠਿੰਡਾ) ਨੇ ਆਪਣੇ ਵਿਆਹ ਦੀ 16ਵੀਂ ਵਰ੍ਹੇਗੰਢ ਮਨਾਈ।

## ਉੱਤਰ ਰੇਲਵੇ
### ਨਿਵਿਦਾ ਸੂਚਨਾ

ਸੀਨੀ. ਮੰਡਲ ਬਿਜਲੀ ਇੰਜੀਨੀਅਰ, ਉੱਤਰ ਰੇਲਵੇ, ਲੁਧਿਆਣਾ ਦੇ ਲਈ ਅਤੇ ਭਾਰਤ ਦੇ ਰਾਸ਼ਟਰਪਤੀ ਦੇ ਵੱਲੋਂ ਈ-ਨਿਵਿਦਾਵਾਂ ਨੰ. 2025-26-09 ਦੀ ਮੰਗ ਕੀਤੀ ਜਾਂਦੀ ਹੈ। ਨਿਵਿਦਾਕਰਤਾ ਆਪਣੇ ਮੂਲ/ਸੰਸ਼ੋਧਿਤ ਨਿਵਿਦਾ ਮਿਤੀ 08.12.2025 ਨੂੰ 15:00 ਵਜੇ ਤਕ ਪੇਸ਼ ਕਰ ਸਕਦੇ ਹਨ। ਇਨਾਂ ਨਿਵਿਦਾਵਾਂ ਦੇ ਲਈ ਮੈਨੂਅਲ ਪ੍ਰਸਤਾਵ ਮਾਨਯ ਨਹੀਂ ਹੈ ਅਤੇ ਐਸੇ ਕਿਸੇ ਵੀ ਮੈਨੂਅਲ ਪ੍ਰਸਤਾਵ ਪ੍ਰਾਪਤ ਹੋਣ ਤੇ ਉਹਨਾਂ ਤੇ ਵਿਚਾਰ ਨਹੀਂ ਕੀਤਾ ਜਾਵੇਗਾ। ਨਿਵਿਦਾਕਰਤਾ ਨਿਵਿਦਾ ਫਾਰਮ ਦੀ ਲਾਗਤ ਅਤੇ ਬਿਆਨਾ ਰਾਸ਼ੀ ਦੇ ਭੁਗਤਾਨ ਕਰਨ ਦੇ ਲਈ ਕੇਵਲ ਆਈ.ਆਰ.ਈ.ਪੀ.ਐਸ. ਪੋਰਟਲ ਤੇ ਉਪਲਬਧ ਆਨਲਾਈਨ ਸਾਧਨਾਂ ਦੇ ਮਾਧਿਅਮ ਨਾਲ ਹੀ ਨੈੱਟ ਬੈਂਕਿੰਗ, ਡੈਬਿਟ ਕਾਰਡ ਤੇ ਕ੍ਰੈਡਿਟ ਕਾਰਡ ਨਾਲ ਭੁਗਤਾਨ ਕਰ ਸਕਦੇ ਹਨ। ਮੈਨੂਅਲ ਭੁਗਤਾਨ ਜਿਵੇਂ ਡਿਮਾਂਡ ਡ੍ਰਾਫਟ, ਬੈਂਕਰਸ ਚੈਕ, ਜਮ੍ਹਾ ਰਸੀਦਾਂ ਤੇ ਐਫ.ਡੀ.ਆਰ. ਆਦਿ ਦੇ ਮਾਧਿਅਮ ਨਾਲ ਭੁਗਤਾਨ ਦੀ ਇਜਾਜ਼ਤ ਨਹੀਂ ਹੈ।

| ਟੈਂਡਰ ਸੰਖਿਆ | ਕੰਮ ਦਾ ਵੇਰਵਾ | ਅੰਦਾਜਨ ਲਾਗਤ (ਰੁ.) | ਟੈਂਡਰ ਦੀ ਕੀਮਤ (ਰੁ.) | ਨਿਵਿਦਾ ਸਮਾਪਤੀ ਮਿਤੀ ਤੇ ਸਮਾਂ | ਬਿਆਨਾ ਰਾਸ਼ੀ (ਰੁ.) | ਕੰਮ ਦੀ ਅਵਧੀ | ਟੈਂਡਰ ਖੁਲਣ ਦੀ ਮਿਤੀ ਅਤੇ ਸਮਾਂ | ਵੈਬਸਾਈਟ |
|---|---|---|---|---|---|---|---|---|
| 2025-26-09 | ਏਮਐਲਐਸ/ਐਲਐਚਬੀ ਦੇ 3 ਫੇਜ਼ ਲੋਕੋਮੋਟਿਵ ਦੇ CO-CO ਟਾਈਪ ਅਗਜ਼ੀਲਿਅਰ ਬੋਗੀ ਦਾ 02 ਸਾਲ ਦੇ ਸਮੇਂ ਦੇ ਲਈ ਓਵਰਹਾਲਿੰਗ। | 37450254/- | 0 | 08.12.2025 15:00 ਵਜੇ ਤਕ | 337300/- | 24 ਮਹੀਨੇ | 08.12.2025 15:00 ਵਜੇ ਦੇ ਬਾਅਦ | www.ireps.gov.in |

ਨੰ.:Tender Notice No. 230-Elect/TRS/LDH/WC/CO-COBogie/2025-26/09 ਤਾਰੀਕ :- 13.11.2025 3539/2025

ਗਾਹਕਾਂ ਦੀ ਸੇਵਾ ਵਿਚ ਮੁਸਕਾਨ ਦੇ ਨਾਲ

## ਉੱਤਰ ਰੇਲਵੇ
### ਈ-ਪ੍ਰੋਕਯੋਰਮੈਂਟ ਪ੍ਰਣਾਲੀ ਦੇ ਮਾਧਿਅਮ ਨਾਲ ਨਿਵਿਦਾ ਨੋਟਿਸ
### 622551300ਏ ਦੇ ਮਦ ਵੇਰਵੇ, ਡ੍ਰਾਇੰਗ ਵਿਚ ਬਦਲਾਅ ਲਈ ਸ਼ੁਧੀਪੱਤਰ

ਟੈਂਡਰ ਨੋਟਿਸ ਨੰ. 11A/2025-26 ਮਿਤੀ: 13.11.2025

ਇਸ ਦਫ਼ਤਰ ਦੇ ਨਿਵਿਦਾ ਸੂਚਨਾ ਨੰਬਰ 11/2025-26 ਮਿਤੀ 11.11.2025 ਦੇ ਤਹਿਤ ਸੰਸ਼ੋਧਿਤ ਗਾਰਡ ਚੇਅਰ (ਨਵੇਂ ਡਿਜ਼ਾਇਨ) ਦੀ ਖਰੀਦ ਲਈ ਨਿਵਿਦਾਵਾਂ ਦੀ ਮੰਗ ਕੀਤੀ ਗਈ ਸੀ। ਹੁਣ ਨਿਵਿਦਾ ਸੂਚਨਾ ਵਿਚ ਕੁਝ ਸੰਸ਼ੋਧਨ ਪ੍ਰਕਾਸ਼ਿਤ ਕੀਤੇ ਜਾ ਰਹੇ ਹਨ, ਜਿਨ੍ਹਾਂ ਦਾ ਵਿਵਰਣ ਹੇਠਾਂ ਦਿੱਤਾ ਗਿਆ ਹੈ:-

| ਟਾਈਟਲ | ਮੌਜੂਦਾ | ਨਵਾਂ |
|---|---|---|
| ਵਸਤੂ ਦਾ ਵੇਰਵਾ | Modified Guard Chair (New Design) for BVCM Wagon. Drg. No. WD-15009-S-13 Item-25, Alt.-3 or latest & WD-24025-S-01 Sheet-1&Sheet-2 Alt- Nil or latest | Modified Guard Chair (New Design) for BVCM Wagon. Drg. No. WD-15009-S-13 Item-25, Alt.-4 & WD-24025-S-01 Sheet 1 Alt-2 & WD-24025-S-01.Sheet-2 Alt. 1 |
| ਡ੍ਰਾਇੰਗ | WD-15009-S-13, Alt-03 | WD-15009-S-13, Alt-04 item 25 |
| | WD-24025-S-01,SHT-1 Alt-Nil | WD-24025-S-01 .Seet-1 Alt-2 |
| | WD-24025-S-01,SHT-2 Alt-Nil | WD-24025-S-01 .Sheet-2 Alt-1 |

ਨੋਟ:-ਨਿਵਿਦਾ ਦਸਤਾਵੇਜ਼ ਵਿਚ ਉਪਰੋਕਤ ਬਦਲਾਅ ਸ਼ੁਧੀਪੱਤਰ ਦੇ ਮਾਧਿਅਮ ਨਾਲ IREPS ਦੀ ਵੈਬਸਾਈਟ www.ireps.gov.in 'ਤੇ ਉਪਲਬਧ ਅਪਲੋਡ ਕੀਤੇ ਗਏ ਹਨ। ਈ-ਨਿਵਿਦਾਵਾਂ ਵਿਚ ਭਾਗ ਲੈਣ ਦੀਆਂ ਇੱਛੁਕ ਫਰਮਾਂ ਨੂੰ ਸਲਾਹ ਦਿੱਤੀ ਜਾਂਦੀ ਹੈ ਕਿ ਉਹ ਉਪਰੋਕਤ ਵੈਬਸਾਈਟ ਤੇ ਇਲੈਕਟ੍ਰਾਨਿਕ ਰੂਪ ਨਾਲ ਰਜਿਸਟਰਡ ਕਰਾਉਣ, ਜਿਸ ਦੇ ਲਈ ਉਨ੍ਹਾਂ ਨੂੰ ਭਾਰਤ ਸਰਕਾਰ ਦੁਆਰਾ ਆਈਟੀ ਅਧਿਨਿਯਮ 2000 ਦੇ ਤਹਿਤ ਅਧਿਕ੍ਰਿਤ ਏਜੰਸੀਆਂ ਦੁਆਰਾ ਪ੍ਰਮਾਣਿਤ ਤੀਜੀ ਕਲਾਸ ਦਾ ਡਿਜੀਟਲ ਸਰਟੀਫਿਕੇਟ ਪ੍ਰਾਪਤ ਕਰਨਾ ਹੋਵੇਗਾ। ਈ-ਨਿਵਿਦਾਵਾਂ ਦੇ ਲਈ ਮੈਨੂਅਲ ਪ੍ਰਸਤਾਵ ਸਵੀਕਾਰ ਨਹੀਂ ਕੀਤੇ ਜਾਣਗੇ।

ਗਾਹਕਾਂ ਦੀ ਸੇਵਾ ਵਿਚ ਮੁਸਕਾਨ ਦੇ ਨਾਲ 3536/25

## ਨਿਲਾਮੀ ਸੂਚਨਾ

ਗਰਾਮ ਪੰਚਾਇਤ ਪਿੰਡ ਰਾਉਵਾਲ ਬਲਾਕ ਕਪੂਰਥਲਾ ਜ਼ਿਲ੍ਹਾ ਗੁਰਦਾਸਪੁਰ ਵੱਲੋਂ ਪੰਚਾਇਤ ਦੇ ਰਕਬੇ ਵਿਚਲੇ ਦਰਖ਼ਤਾਂ ਦੀ ਬੋਲੀ 22 ਨਵੰਬਰ 2025 ਦਿਨ ਸ਼ਨਿੱਚਰਵਾਰ ਨੂੰ ਸਵੇਰੇ 10 ਵਜੇ ਪਿੰਡ ਦੇ ਸਰਕਾਰੀ ਸਕੂਲ ਵਿਖੇ ਕਰਵਾਈ ਜਾਵੇਗੀ। ਨਿਯਮ ਅਤੇ ਸ਼ਰਤਾਂ ਮੌਕੇ 'ਤੇ ਦੱਸੀਆਂ ਜਾਣਗੀਆਂ। ਵੱਲੋਂ- ਸਰਪੰਚ, ਗਰਾਮ ਪੰਚਾਇਤ, ਰਾਉਵਾਲ ।

## COURT NOTICE

(U/o 5 Rule 20 CPC)
In The Court of
**Dr. Deepti Gupta**
Addl. District and Sessions Judge-VII, Jalandhar
CNR No. PBJL01-009162-2025
Next Date:- 13-01-2026
MACP/129/2025
Nirmal Chand
Vs.
Lovedeep Singh Alias Vicky
Publication Issued To:
Lovedeep Singh Alias Vicky
Father: Balwinder Singh
R/o Village Kot Sadar Kha, P.S. Kot Isse Kha, Distt. Moga (Driver of Tractor Arjun Bearing Registration No. PB 29 R 4072)

In above titled case, the defendant(s)/respondent(s) could not be served. It is ordered that defendant(s)/respondent(s) should appear in person or through counsel on 13-01-2026 at 10:00 a.m.

For details logon to https://highcourtchd.gov.in/?mod=district_notice&district=Jalandhar

Addl. District and Sessions Judge-VII, Jalandhar
Dated, this day of 11-11-2025

# ਹੈਰੋਇਨ ਸਮੇਤ ਵਿਅਕਤੀ ਕਾਬੂ

ਬਲਾਚੌਰ (ਜਸਵਿੰਦਰ ਬੈਂਸ)-ਪੰਜਾਬ ਸਰਕਾਰ ਅਤੇ ਪੰਜਾਬ ਪੁਲਿਸ ਵੱਲੋਂ ਨਸ਼ਿਆਂ ਦੇ ਖ਼ਿਲਾਫ਼ ਸ਼ੁਰੂ ਕੀਤੀ ਗਈ ਮੁਹਿੰਮ 'ਯੁੱਧ ਨਸ਼ਿਆਂ ਵਿਰੁੱਧ' ਤਹਿਤ ਮਾਣਯੋਗ ਐਸ ਐਸ ਪੀ ਡਾ. ਮਹਿਤਾਬ ਸਿੰਘ ਸੀਨੀਅਰ ਕਪਤਾਨ ਪੁਲਿਸ ਜ਼ਿਲ੍ਹਾ ਸ਼ਹੀਦ ਭਗਤ ਸਿੰਘ ਨਗਰ, ਜਸਪ੍ਰੀਤ ਸਿੰਘ ਪੀ ਪੀ ਐਸ ਉਪ ਕਪਤਾਨ ਪੁਲਿਸ ਸਬ ਡਵੀਜ਼ਨ ਬਲਾਚੌਰ ਦੇ ਦਿਸ਼ਾ ਨਿਰਦੇਸ਼ ਅਨੁਸਾਰ ਸਬ ਇੰਸਪੈਕਟਰ ਬਿਕਰਮ ਸਿੰਘ ਗੋਰੀ ਮੁੱਖ ਅਫ਼ਸਰ ਥਾਣਾ ਬਲਾਚੌਰ ਦੀ ਯੋਗ ਅਗਵਾਈ ਹੇਠ ਏ ਐਸ ਆਈ ਮਨੋਹਰ ਲਾਲ ਥਾਣਾ ਬਲਾਚੌਰ ਸਮੇਤ ਪੁਲਿਸ ਪਾਰਟੀ ਵੱਲੋਂ ਗਸ਼ਤ ਅਤੇ ਚੈਕਿੰਗ ਦੌਰਾਨ ਇੱਕ ਵਿਅਕਤੀ ਨੂੰ 3 ਗ੍ਰਾਮ ਹੈਰੋਇਨ ਸਮੇਤ ਕਾਬੂ ਕਰਨ ਵਿੱਚ ਸਫਲਤਾ ਪ੍ਰਾਪਤ ਕੀਤੀ। ਐਸ ਐਚ ਓ ਬਿਕਰਮ ਸਿੰਘ ਗੋਰੀ ਅਤੇ ਏ ਐਸ ਆਈ ਮਨੋਹਰ ਲਾਲ ਨੇ ਦੱਸਿਆ ਕਿ ਪਰਮਜੀਤ ਸਿੰਘ ਉਰਫ਼ ਪਿੰਦਾ ਪੁੱਤਰ ਭਾਗ ਸਿੰਘ ਵਾਸੀ ਪਿੰਡ ਰੱਤੇਵਾਲ ਝੰਡ ਬਾਣਾ ਬਲਾਚੌਰ ਤੋਂ 3 ਗ੍ਰਾਮ ਹੈਰੋਇਨ ਸਮੇਤ ਕਾਬੂ ਕਰਕੇ ਮੁਕੱਦਮਾ ਦਰਜ ਕਰ ਕੇ ਤਫ਼ਤੀਸ਼ ਅਮਲ ਵਿੱਚ ਲਿਆਂਦੀ ਗਈ ਹੈ। ਦੋਸ਼ੀ ਨੂੰ ਮਾਨਯੋਗ ਅਦਾਲਤ ਵਿੱਚ ਪੇਸ਼ ਕੀਤਾ ਜਾ ਰਿਹਾ ਹੈ।

# ਟਰੱਕ ਯੂਨੀਅਨ ਦੇ ਸਾਬਕਾ ਪ੍ਰਧਾਨ ਪਿਆਰਾ ਸਿੰਘ ਠੀਕਰੀਵਾਲ ਦੀ ਪਤਨੀ ਦਾ ਦੇਹਾਂਤ



ਸ੍ਰੀ ਅਨੰਦਪੁਰ ਸਾਹਿਬ (ਅਰਵਿੰਦਰ ਸਿੰਘ ਬਿੰਦੀ)-ਨੰਗਲ ਟਰੱਕ ਯੂਨੀਅਨ ਦੇ ਸਾਬਕਾ ਪ੍ਰਧਾਨ ਸਵਰਗੀ ਪਿਆਰਾ ਸਿੰਘ ਠੀਕਰੀਵਾਲ ਦੀ ਧਰਮ ਪਤਨੀ ਕਸ਼ਮੀਰ ਕੌਰ (88), ਗੁਰਮੀਤ ਸਿੰਘ, ਸੰਗਤ ਸਿੰਘ ਕਾਕਾ, ਜਸਵੀਰ ਸਿੰਘ ਅਤੇ ਸੁਰਜੀਤ ਸਿੰਘ ਦੀ ਮਾਤਾ ਅਕਾਲ ਚਲਾਣਾ ਕਰ ਗਈ। ਉਹਨਾਂ ਦਾ ਅੰਤਿਮ ਸੰਸਕਾਰ ਪਿੰਡ ਠੀਕਰੀਵਾਲ ਵਿਖੇ ਕਰ ਦਿੱਤਾ ਗਿਆ। ਇਸ ਮੌਕੇ ਤੇ ਉਂਕਾਰ ਸਿੰਘ ਨਲਵਾੜੀ, ਕੇਸਰ ਸਿੰਘ, ਰਣਜੀਤ ਸਿੰਘ, ਕੁੱਲ ਹਿੰਦ ਕਿਸਾਨ ਸਭਾ ਦੇ ਜ਼ਿਲਾ ਪ੍ਰਧਾਨ ਕਾਮਰੇਡ ਸੁਰਜੀਤ ਸਿੰਘ ਢੇਰ, ਕੁਲਦੀਪ ਸਿੰਘ ਬਾਠ,ਜਗਮੀਤ ਸਿੰਘ ਜੱਗਾ, ਗੁਰਨੇਕ ਸਿੰਘ, ਭਗਤ ਸਿੰਘ, ਸੁਖਦੇਵ ਸਿੰਘ,ਸੋਹਣ ਸਿੰਘ ਬਾਬਾ, ਮਹਿੰਦਰ ਸਿੰਘ, ਸਰਪੰਚ ਰਵੀ ਕੁਮਾਰ, ਜਥੇਦਾਰ ਮੋਹਣ ਸਿੰਘ ਢਾਹੇ, ਹਰਮਿੰਦਰ ਪਾਲ ਸਿੰਘ, ਸਾਬਕਾ ਸਰਪੰਚ ਸੰਦੀਪ ਸਿੰਘ ਕਲੋਤਾ, ਟਰੱਕ ਯੂਨੀਅਨ ਨੰਗਲ ਦੇ ਪ੍ਰਧਾਨ ਰੋਹਿਤ ਕਾਲੀਆ, ਮੀਤ ਪ੍ਰਧਾਨ ਅਮਰਜੀਤ ਸਿੰਘ, ਬਲਵੀਰ ਸਿੰਘ ਬਿੱਲਾ,ਸੋਮੀ ਪੁਰੀ, ਸਾਬਕਾ ਪ੍ਰਧਾਨ ਵਿਨੋਦ ਕੁਮਾਰ ਸ਼ਰਮਾ, ਸਾਬਕਾ ਪ੍ਰਧਾਨ ਪਿਆਰੇ ਲਾਲ ਜਸਵਾਲ, ਗੁਰਨਾਮ ਸਿੰਘ ਬਿਦਰਾ ਨੇ ਪਰਵਾਰ ਨਾਲ ਗਹਿਰੇ ਦੁੱਖ ਦਾ ਪ੍ਰਗਟਾਵਾ ਕੀਤਾ। ਮਾਤਾ ਦੀ ਅੰਤਿਮ ਅਰਦਾਸ 23 ਨਵੰਬਰ ਨੂੰ ਪਿੰਡ ਦੇ ਗੁਰਦੁਆਰਾ ਸਾਹਿਬ ਵਿਖੇ ਹੋਵੇਗੀ।

# ਬਲਾਚੌਰ 'ਚ ਜ਼ਰੂਰੀ ਮੁਰੰਮਤ ਕਾਰਨ ਅੱਜ ਬਿਜਲੀ ਬੰਦ ਰਹੇਗੀ

ਬਲਾਚੌਰ (ਜਸਵਿੰਦਰ ਬੈਂਸ)-ਉਪ ਮੰਡਲ ਇੰਜੀਨੀਅਰ ਜਸਵਿੰਦਰ ਪਾਲ ਨੇ ਜਾਣਕਾਰੀ ਦਿੰਦਿਆਂ ਦੱਸਿਆ ਕਿ 66 ਕੇ ਵੀ ਸਬ ਸਟੇਸ਼ਨ ਬਲਾਚੌਰ 1 ਤੋਂ ਚਲਦੇ 11 ਕੇ ਵੀ ਸ਼ਹਿਰੀ ਫੀਡਰ ਬਲਾਚੌਰ ਤਹਿਸੀਲ ਕੰਪਲੈਕਸ ਫੀਡਰ ਵਿਚ ਜ਼ਰੂਰੀ ਮੁਰੰਮਤ ਕਰਕੇ ਬਲਾਚੌਰ ਸ਼ਹਿਰ ਦੇ ਕਈ ਇਲਾਕੇ ਜਿਵੇਂ ਗੜ੍ਹਸ਼ੰਕਰ ਰੋਡ, ਤਹਿਸੀਲ ਕੰਪਲੈਕਸ, ਸਰਨ ਮਾਰਕਿਟ, ਪੈਟ੍ਰੋਲ ਪੰਪ ਸਿਆਣਾ, ਜੋਤ ਕਲੀਨਿਕ, ਜਗਤਪੁਰ ਰੋਡ, ਮਹਿੰਦੀਪੁਰ ਸਟੇਸ਼ਨ, ਮਹਿੰਦਰ ਇਨਕਲੇਵ ਅਤੇ ਓਰੀਐਂਟ ਪੀਜ਼ਾ ਹਾਊਸ ਆਦਿ ਦੀ ਬਿਜਲੀ ਸਪਲਾਈ ਸਵੇਰੇ 10 ਤੋਂ 2 ਵਜੇ ਤੱਕ ਬੰਦ ਰਹੇਗੀ। ਉਨ੍ਹਾਂ ਦੱਸਿਆ ਕਿ ਚੱਲ ਰਹੇ ਤਕਨੀਕੀ ਕੰਮਾਂ ਨੂੰ ਪੂਰਾ ਕਰਨ ਲਈ ਸਮੇਂ ਨੂੰ ਵਧਾਇਆ ਜਾਂ ਘਟਾਇਆ ਵੀ ਜਾ ਸਕਦਾ ਹੈ ਜਾਂ ਮੌਸਮ ਦੀ ਖਰਾਬੀ ਕਾਰਨ ਬਦਲਿਆ ਵੀ ਜਾ ਸਕਦਾ ਹੈ।

## ਪਬਲਿਕ ਨੋਟਿਸ

ਆਮ ਜਨਤਾ ਨੂੰ ਸੂਚਿਤ ਕੀਤਾ ਜਾਂਦਾ ਹੈ ਕਿ ਅਸਲ ਰਜਿਸਟਰੀ ਨੰ. 3358 ਤਰੀਕ 20.01.2009, ਜੋ ਕਿ ਗੁਰਦੀਪ ਸਿੰਘ ਪੁੱਤਰ ਗੁਰਦੇਵ ਸਿੰਘ ਵੱਲੋਂ ਪਰਮਜੀਤ ਕੌਰ ਪਤਨੀ ... ਗਵਾਚ ਗਈ ਹੈ ... ਜ਼ਿਲ੍ਹਾ ਸੰਗਰੂਰ ਦੇ ਮੈਨੇਜਰ ਨਾਲ 15 ਦਿਨਾਂ ਦੇ ਅੰਦਰ ਸੰਪਰਕ ਕਰੋ। ਜੇ ਨੋਟਿਸ ਦੇ 15 ਦਿਨਾਂ ਦੇ ਅੰਦਰ ਕੋਈ ਦਾਅਵਾ ਪ੍ਰਾਪਤ ਨਹੀਂ ਹੁੰਦਾ ਤਾਂ ਇਹ ਸਮਝਿਆ ਜਾਵੇਗਾ ਕਿ ਉਕਤ ਜਾਇਦਾਦ ਸਬੰਧੀ ਕਿਸੇ ਵੀ ਵਿਅਕਤੀ ਦਾ ਕੋਈ ਹੱਕ ਜਾਂ ਦਾਅਵਾ ਨਹੀਂ ਹੈ ਅਤੇ ਬਾਅਦ ਵਿੱਚ ਆਉਣ ਵਾਲਾ ਕੋਈ ਵੀ ਦਾਅਵਾ ਸਾਡੇ ਮੁਅੱਕਲਾਂ ਲਈ ਬਾਧਕ ਨਹੀਂ ਹੋਵੇਗਾ।

ਸਹੀ/- ਮੈਨੇਜਰ, ਪੰਜਾਬ ਐਂਡ ਸਿੰਧ ਬੈਂਕ, ਧੂਰੀ
ਸੰਪਰਕ ਨੰਬਰ: 70870-15422

# ਕਲਾਸੀਫਾਈਡ ਇਸ਼ਤਿਹਾਰ

## Change of Name

I, Varspreet Kaur W/O Jatinder Singh R/O H. No. 34, Gali No. 4, Basant Vihar,Ghanupur, Chheharta, Amritsar, Punjab have changed my name from Varspreet Kaur to Varispreet Kaur. Concerned note.

I, Sandeep S/o Gurbachan R/o V. Partappura, Po.Lohar Partapura, Distt. Jalandhar, Punjab have changed my name as Given name Sandeep & Singh as surname. All please note.

I, Arshleen Banga W/O Harsimran Singh R/O H.no. NN 240, Gopal Nagar, Distt. Jalandhar -144008, Punjab have changed my name from Arshleen Banga to Arshleen Kaur.(After Marriage). All concerned please note.

I, Karamjit Kaur W/O Paramjeet Singh R/O Village Bhet, PO Bahadurpur Rajoa, Distt. Gurdaspur - 143527, Punjab have changed my name from Karamjit Kaur to Karmjit Kaur. All note.

I, Parmjit Kaur W/o Satinder Singh R/o Vill. Gehri Mandi, Tehsil & Distt. Amritsar, Punjab, India have changed my name from Parmjit Kaur to Kawaljit Kaur. Concerned Note.

I, Kiran Sehdev wife of Vimal Sehdav resident of House No. 457, Gali No. 5, Opp. Hari Mandir, Friends Colony, Majitha Road, Amritsar, Punjab, declared that I have changed my name from Kiran Sehdev To Kiran Sahdev.

I, Vimal Sehdav son of Sudarshan Kumar resident of House No. 457, Gali No. 5, Opp. Hari Mandir, Friends Colony, Majitha Road, Amritsar, Punjab, declared that I have changed my name from Vimal Sehdev To Vimal Sahdev.

I, Vimal Sahdav son of Sudarshan Kumar resident of House No. 457, Gali No. 5, Opp. Hari Mandir, Friends Colony, Majitha Road, Amritsar, Punjab, declared that I have changed my son's name from Dhairya Sehdev To Dhairya Sahdev.

I, Sukhprit Kaur W/o Nirvail Singh R/o VPO Jama Rai Patti Bhai Ki Tehsil Khadoor Sahib Tarn Taran have changed my name to Sukhpreet Kaur.

I Abhishek Singh s/o Manjit singh R/O Vill Dhesian P/O Nainakot Teh and Distt Gurdaspur Declare That My Given Name As Abhishek. And Surname As Singh.

I, Ranjana Kumari Sharma w/o Rakesh Kumar Sharma r/o H.No. 304, C-Block Chadha Complex, B/S Doaba Hospital, Jalandhar, Punjab have changed my name to Ranjana Kumari. All Please Note.

I, Iqbal Singh Samra s/o Mohan Singh r/o VPO. Samrai, Distt. Jalandhar declare that Iqbal Singh and Iqbal Singh Samra is one and the same person. All Please Note.

I, Jaipreet Singh s/o Parvinder Singh r/o H.No. 151, Lajpat Nagar, Jalandhar have changed my name from Jaipreet Singh to Singh Jaipreet (Surname as Singh) All Please Note.

I, Harpreet Singh S/o Jeet Singh R/o VPO. Bhawanipur, Distt. Kapurthala, Punjab have changed my name from Harpreet Singh to given name as Harpreet & Surname as Singh. All Please Note.

I, Emmanual S/o Anver Masih R/o VPO Nurpur, Tanda Road, Jalandhar have changed my name minor son name from Ashish to Ashish Masih. All Please Note.

I, Kumud D/o Amit Kumar R/o House No. 626/14 Government Collaege Road, Near Dashmesh Sweets, Sant Nagar Gurdaspur. Tehsil/Distt. Gurdaspur, Pin-143521, Punjab, Have changed my name from Kumud to Kumud Kashyap.

## Change of Name

I, Inderjit Singh S/o Harjinder Singh R/o VPO. Saidowal, Distt. Kapurthala, Punjab have changed my name from Inderjit Singh to Singh Inderjit (Surname as Singh) All Please Note.

## ਆਮ ਸੂਚਨਾ

ਪੰਜਾਬ ਨੈਸ਼ਨਲ ਬੈਂਕ ਸ਼ਾਦੀਹਰੀ ਸ਼ਾਖਾ ਜੋ ਕੇ ਜਾਇਦਾਦ ਦੇ ਸਬੰਧ ਵਿੱਚ ਈਐਮ ਬਣਾਉਣ ਦਾ ਇਰਾਦਾ ਰੱਖਦੀ ਹੈ। ਵਿਕਰੀ ਡੀਡ ਨੰਬਰ 626 ਮਿਤੀ 25-05-2011 ਦੀ ਵਪਾਰਕ ਦੁਕਾਨ 500 ਰੁਪਏ ਦੇ ਗੈਰ ਨਿਆਇਕ ਸਟੈਂਪ ਪੇਪਰ ਗਾਇਬ ਹਨ। ਐਸ ਆਰ ਨੰਬਰ 593526,593527,593528, 593529 ਅਤੇ 593534 ਵੇਦ ਪ੍ਰਕਾਸ਼ ਵਾਲੀ ਕਲੋਨੀ ਇਨਸਾਇਡ ਚੁਨਾਗਰਾ ਰੋਡ ਪਾਤੜਾ, ਪਟਿਆਲਾ, ਪੰਜਾਬ ਵਿਖੇ ਸਥਿਤ ਹੈ। ਕੋਈ ਵੀ ਵਿਅਕਤੀ ਬੈਂਕ ਜੋ ਜਾਇਦਾਦ ਵਿੱਚ ਕਿਸੇ ਵੀ ਹਿੱਤ ਜਾਂ ਸਿਰਲੇਖ ਦਾ ਦਾਅਵਾ ਕਰਦਾ ਹੈ ਜਾਂ ਕਿਸੇ ਹੋਰ ਤਰ੍ਹਾਂ ਕੋਈ ਇਤਰਾਜ ਰੱਖਦਾ ਹੈ, ਅਜਿਹੇ ਨੋਟਿਸ ਦੇ ਸੱਤ ਦਿਨਾਂ ਦੇ ਅੰਦਰ ਅੰਦਰ ਪੀਐਨਬੀ ਬੈਂਕ ਸ਼ਾਦੀ ਹਰੀ ਨੂੰ ਪ੍ਰਤੀਨਿਧਤਾ ਦੇ ਸਕਦਾ ਹੈ। ਉਸ ਤੋਂ ਬਾਅਦ ਕੋਈ ਇਤਰਾਜ਼ ਨਹੀਂ ਮੰਨਿਆ ਜਾਵੇਗਾ।

ਮੈਂ, ਕੰਵਲਜੀਤ ਕੌਰ ਪਤਨੀ ਲੇਟ ਸੁਰਜੀਤ ਸਿੰਘ ਵਾਸੀ ਪਿੰਡ ਛੱਜਲਵੱਡੀ, ਤਹਿਸੀਲ ਬਾਬਾ ਬਕਾਲਾ ਸਾਹਿਬ, ਜ਼ਿਲ੍ਹਾ ਅੰਮ੍ਰਿਤਸਰ ਬਿਆਨ ਕਰਦੀ ਹਾਂ ਕਿ ਮੇਰੇ ਪਤੀ ਸੁਰਜੀਤ ਸਿੰਘ ਪੁੱਤਰ ਦਲਬੀਰ ਸਿੰਘ ਦੀ ਮੌਤ 17-06-2025 ਨੂੰ ਹੋ ਚੁੱਕੀ ਹੈ। ਮੇਰੇ ਪਤੀ ਦੀ ਮੌਤ ਤੋਂ ਬਾਅਦ ਉਨ੍ਹਾਂ ਦੇ ਅਸੀਂ ਤਿੰਨ ਵਾਰਿਸ ਜਿਨ੍ਹਾਂ ਵਿੱਚ ਮੈਂ ਖੁਦ ਕੰਵਲਜੀਤ ਕੌਰ ਪਤਨੀ ਲੇਟ ਸੁਰਜੀਤ ਸਿੰਘ, ਕਿਰਨਦੀਪ ਕੌਰ ਪੁੱਤਰੀ ਸੁਰਜੀਤ ਸਿੰਘ ਅਤੇ ਅਰਸਦੀਪ ਸਿੰਘ ਪੁੱਤਰ ਸੁਰਜੀਤ ਸਿੰਘ ਹਾਂ। ਸਾਡੇ ਤਿਨ੍ਹਾਂ ਤੋਂ ਇਲਾਵਾ ਮ੍ਰਿਤਕ ਸੁਰਜੀਤ ਸਿੰਘ ਦਾ ਹੋਰ ਕੋਈ ਵਾਰਿਸ ਨਹੀਂ ਹੈ।

ਸੁੱਚਾ ਸਿੰਘ ਪੁੱਤਰ ਹਰਬੰਸ ਸਿੰਘ ਦੇ ਨਾਮ ਪਿੰਡ ਤੁੰਗ ਵਿੱਚ ਚੱਲ ਰਿਹਾ ਟਿਊਬਵੈੱਲ ਕੁਨੈਕਸਨ AP78/0210L ਕਵਲਜੀਤ ਸਿੰਘ ਪੁੱਤਰ ਸੁੱਚਾ ਸਿੰਘ ਆਪਣੇ ਨਾਮ ਕਰਵਾ ਰਿਹਾ ਹੈ। ਇਤਰਾਜ਼ਕਰਤਾ 15 ਦਿਨ ਦੇ ਅੰਦਰ ਆਪਣਾ ਇਤਰਾਜ਼ ਉਪ ਮੰਡਲ ਅਫਸਰ ਜੌੜਾ ਛੱਤਰਾਂ ਨੂੰ ਪੇਸ਼ ਕਰ ਸਕਦਾ ਹੈ ।

ਮਨਜੀਤ ਸਿੰਘ ਪੁੱਤਰ ਸਾਧਾ ਸਿੰਘ ਦੇ ਨਾਮ ਪਿੰਡ ਇੰਦਰਾਵਾਲ/ਕੈਲੇ ਖੁਰਦ ਵਿੱਚ ਚੱਲ ਰਿਹਾ ਟਿਊਬਵੈੱਲ ਕੁਨੈਕਸਨ AP30/1412A ਹਰਪਾਲ ਸਿੰਘ ਪੁੱਤਰ ਜਗੀਰ ਸਿੰਘ ਆਪਣੇ ਨਾਮ ਕਰਵਾ ਰਿਹਾ ਹੈ। ਇਤਰਾਜਕਰਤਾ 15 ਦਿਨ ਦੇ ਅੰਦਰ ਆਪਣਾ ਇਤਰਾਜ ਉਪ ਮੰਡਲ ਅਫਸਰ ਜੌੜਾ ਛੱਤਰਾਂ ਨੂੰ ਪੇਸ਼ ਕਰ ਸਕਦਾ ਹੈ।

ਲਖਬੀਰ ਕੌਰ ਪਤਨੀ ਸਵਰਨ ਸਿੰਘ ਦੇ ਨਾਮ ਪਿੰਡ ਤੁੰਗ ਵਿੱਚ ਚੱਲ ਰਿਹਾ ਟਿਊਬਵੈੱਲ ਕੁਨੈਕਸਨ AP78/1872N ਮਨਜੀਤ ਕੌਰ ਪਤਨੀ ਨਿਰਮਲ ਸਿੰਘ ਆਪਣੇ ਨਾਮ ਕਰਵਾ ਰਹੀ ਹੈ। ਇਤਰਾਜਕਰਤਾ 15 ਦਿਨ ਦੇ ਅੰਦਰ ਆਪਣਾ ਇਤਰਾਜ ਉਪ ਮੰਡਲ ਅਫਸਰ ਜੌੜਾ ਛੱਤਰਾਂ ਨੂੰ ਪੇਸ਼ ਕਰ ਸਕਦਾ ਹੈ ।

ਫੌਜਾ ਸਿੰਘ ਪੁੱਤਰ ਨਰਾਇਣ ਸਿੰਘ ਵਾਸੀ ਇੰਦਰਾਵਾਲ ਦਾ ਟਿਊਬਵੈਲ ਕੁਨੈਕਸ਼ਨ ਨੰਬਰ AP30/0571L ਨੂੰ ਆਪਣੇ ਨਾਮ ਕਰਨ ਲਈ ਮਲੂਕ ਸਿੰਘ ਪੁੱਤਰ ਸੰਤਾ ਸਿੰਘ ਵਾਸੀ ਇੰਦਰਾਵਾਲ ਨੇ ਉੱਪ ਮੰਡਲ ਅਮੀਪੁਰ (ਜੌੜਾ ਛੱਤਰਾਂ) ਵਿੱਚ ਦਰਖਾਸਤ ਦਿੱਤੀ ਹੈ ।ਇਤਰਾਜੀ 15 ਦਿਨਾਂ ਅੰਦਰ ਦਫਤਰ ਨਾਲ ਸੰਪਰਕ ਕਰਨ।

ਮੈਂ, ਪਰਮਜੀਤ ਕੌਰ ਪਤਨੀ ਗੁਰਬਖਸ਼ ਸਿੰਘ ਵਾਸੀ ਮਕਾਨ ਨੰਬਰ 806, ਪਿੰਡ ਕਾਲੇ, ਅੰਮ੍ਰਿਤਸਰ ਬਿਆਨ ਕਰਦੀ ਹਾਂ ਕਿ ਮੈਂ ਆਪਣੇ ਲੜਕੇ ਸੁਖਦੇਵ ਸਿੰਘ ਉਰਫ ਲਵਪ੍ਰੀਤ ਸਿੰਘ ਅਤੇ ਉਸ ਦੀ ਪਤਨੀ ਕੋਮਲਪ੍ਰੀਤ ਕੌਰ ਸਾਡੇ ਕਹਿਣੇ ਤੋਂ ਬਾਹਰ ਹੋਣ ਕਰਕੇ ਮੈਂ ਇਨ੍ਹਾਂ ਨੂੰ 16.09.2024 ਨੂੰ ਅਖਬਾਰ ਵਿਚ ਬਿਆਨ ਦੇ ਕੇ ਬੇਦਖਲ ਕਰ ਦਿੱਤਾ ਸੀ। ਹੁਣ ਮੇਰਾ ਲੜਕਾ ਸੁਖਦੇਵ ਸਿੰਘ ਉਰਫ ਲਵਪ੍ਰੀਤ ਸਿੰਘ ਅਤੇ ਉਸ ਦੀ ਪਤਨੀ ਕੋਮਲਪ੍ਰੀਤ ਕੌਰ ਸਾਡੇ ਕਹਿਣੇ ਵਿਚ ਹਨ ਅਤੇ ਸਾਡੀ ਹਰ ਗੱਲ ਮੰਨਦੇ ਹਨ। ਹੁਣ ਮੈਂ ਇਨ੍ਹਾਂ ਦੋਵਾਂ ਦੀ ਬੇਦਖਲੀ ਵਾਪਸ ਲੈਂਦੀ ਹਾਂ। ਹੁਣ ਇਹ ਮੇਰੀ ਚੱਲ ਵਾ ਅਚੱਲ ਜਾਇਦਾਦ ਦੇ ਵਾਰਸ ਹੋਣਗੇ।

ਅਸੀ, ਪ੍ਰਵੀਨ ਕੁਮਾਰ ਪੁੱਤਰ ਲੇਟ ਗੁਰਬਚਨ ਦਾਸ ਅਤੇ ਸੁਦੇਸ਼ ਕੁਮਾਰੀ ਪਤਨੀ ਪ੍ਰਵੀਨ ਕੁਮਾਰ ਦੋਵੇਂ ਵਾਸੀਆਨ ਮਕਾਨ ਨੰ. ਐਨ. ਈ-59, ਮੁਹੱਲਾ ਸੈਹਗਲਾਂ, ਖਿੰਗਰਾ ਗੇਟ, ਜਲੰਧਰ ਬਿਆਨ ਕਰਦੇ ਹਾਂ ਕਿ ਅਸੀਂ ਆਪਣੇ ਲੜਕੇ ਅਸ਼ਵਨੀ ਕੁਮਾਰ ਨੂੰ ਸਾਡੇ ਕਹਿਣੇ ਵਿੱਚ ਨਾ ਹੋਣ ਕਰਕੇ ਮਿਤੀ 10-05-2010 ਨੂੰ ਬੇਦਖਲ ਕੀਤਾ ਸੀ। ਹੁਣ ਸਾਡਾ ਲੜਕਾ ਅਸ਼ਵਨੀ ਕੁਮਾਰ ਸਾਡੇ ਕਹਿਣੇ ਵਿੱਚ ਹੈ। ਅਸੀਂ ਇਸ ਦੀ ਬੇਦਖਲੀ ਵਾਪਿਸ ਲੈਂਦੇ ਹਾਂ। ਹੁਣ ਇਹ ਸਾਡੀ ਚੱਲ-ਅਚੱਲ ਜਾਇਦਾਦ ਦਾ ਵਾਰਿਸ ਹੋਵੇਗਾ। ਸੰਬੰਧਿਤ ਨੋਟ ਕਰਨ।

## ਬੇਦਖਲੀ ਨੋਟਿਸ

ਮੈਂ, ਰਮੇਸ਼ ਕੁਮਾਰ ਪੁੱਤਰ ਸ੍ਰੀ ਲਛਮਣ ਦਾਸ ਵਾਸੀ ਪਿੰਡ ਤੇ ਡਾਕਖਨਾ ਲੜੋਈ ਤਹਿਸੀਲ ਆਦਮਪੁਰ ਭੋਗਪੁਰ ਜਿਲ੍ਹਾਂ ਜਲੰਧਰ, ਪੰਜਾਬ ਬਿਆਨੀ ਹਾਂ ਕਿ ਮੇਰਾ ਲੜਕਾ ਸੁਨੀਲ ਕੁਮਾਰ, ਨੂੰਹ ਪ੍ਰੀਆ ਰਾਣੀਂ ਅਤੇ ਪੋਤੇ ਤੇਜਵੀਰ ਸਿੰਘ ਅਤੇ ਨਵਦੀਪ ਸਿੰਘ ਮੇਰੇ ਕਹਿਣੇਂ ਤੋਂ ਬਾਹਰ ਹੋਣ ਕਾਰਨ ਮੈਂ ਉਹਨਾਂ ਨੂੰ ਆਪਣੀ ਚੱਲ ਅੱਚਲ ਜਾਇਦਾਦ ਤੋਂ ਬੇਦਖਲ ਕਰ ਦਿੱਤਾ ਹੈ। ਉਹਨਾਂ ਨਾਲ ਲੈਣ ਦੇਣ ਕਰਨ ਵਾਲਾ ਖੁਦ ਜਿੰਮੇਵਾਰ ਹੋਵੇਗਾ।

ਮੈਂ ਸਤਨਾਮ ਸਿੰਘ ਪੁੱਤਰ ਮੁਖਤਿਆਰ ਸਿੰਘ ਵਾਸੀ ਪਿੰਡ ਮੱਖੀ ਕਲਾਂ ਤਹਿ ਪੱਟੀ ਜ਼ਿਲ੍ਹਾ ਤਰਨ ਤਾਰਨ ਸੂਚਿਤ ਕਰਦਾ ਹਾਂ ਕਿ ਮੇਰਾ ਲੜਕਾ ਕੁਲਦੀਪ ਸਿੰਘ ਅਤੇ ਉਸਦੀ ਪਤਨੀ ਰਮਨਦੀਪ ਕੌਰ ਮੇਰੇ ਕੰਟਰੋਲ ਤੋਂ ਬਾਹਰ ਹਨ। ਮੈਂ ਇਨ੍ਹਾਂ ਨੂੰ ਆਪਣੀ ਸਾਰੀ ਚੱਲ ਅਤੇ ਅਚੱਲ ਜਾਇਦਾਦ ਤੋਂ ਬੇਦਖਲ ਕਰ ਦਿੱਤਾ ਹੈ। ਇਨ੍ਹਾਂ ਨਾਲ ਲੈਣ ਦੇਣ ਕਰਨ ਵਾਲਾ ਖੁਦ ਜ਼ਿੰਮੇਵਾਰ ਹੋਵੇਗਾ।

ਮੈਂ ਤਰਲੋਕ ਸਿੰਘ ਸਪੁੱਤਰ ਨਾਜਰ ਸਿੰਘ, ਪਿੰਡ ਲਿੱਦੜ, ਤਹਿਸੀਲ ਬਾਬਾ ਬਕਾਲਾ (ਅੰਮ੍ਰਿਤਸਰ) ਆਪਣੇ ਲੜਕੇ ਅਰਸ਼ਦੀਪ ਸਿੰਘ ਨੂੰ ਕਹਿਣਿਓਂ ਬਾਹਰੀ ਹੋਣ ਕਾਰਣ ਆਪਣੀ ਚੱਲ/ਅਚੱਲ ਜਾਇਦਾਦ ਤੋਂ ਬੇਦਖਲ ਕਰਦਾ ਹਾਂ। ਉਸ ਨਾਲ ਲੈਣ ਦੇਣ ਕਰਨ ਵਾਲਾ ਖੁਦ ਜ਼ਿੰਮੇਵਾਰ ਹੋਵੇਗਾ ।

ਮੈਂ ਜੋਗਿੰਦਰ ਸਿੰਘ ਪੁੱਤਰ ਜੀਤ ਸਿੰਘ ਵਾਸੀ ਪਿੰਡ ਤੇ ਡਾਕਖਾਨਾ ਸਿੱਧਵਾਂ ਦੋਨਾਂ ਜ਼ਿਲ੍ਹਾ ਕਪੂਰਥਲਾ ਦਾ ਰਹਿਣ ਵਾਲਾ ਹਾਂ ਮੇਰੀ ਲੜਕੀ ਕੋਮਲਪ੍ਰੀਤ ਜੋ ਮੇਰੇ ਕਹਿਣੇਕਾਰ ਨਹੀਂ ਹੈ ਉਸਨੇ ਸਾਡੀ ਮਰਜ਼ੀ ਦੇ ਖਿਲਾਫ ਲਵ ਮੈਰਿਜ ਕਰਵਾ ਲਈ ਹੈ ਮੈਂ ਆਪਣੀ ਲੜਕੀ ਕੋਮਲਪ੍ਰੀਤ ਨੂੰ ਆਪਣੀ ਚੱਲ ਤੇ ਅਚੱਲ ਜਾਇਦਾਦ ਤੋਂ ਬੇਦਖਲ ਕਰਦਾ ਹਾਂ ਕੋਮਲਪ੍ਰੀਤ ਲੜਕੀ ਨਾਲ ਮੇਰਾ ਤੇ ਮੇਰੇ ਪਰਿਵਾਰ ਨਾਲ ਕੋਈ ਵੀ ਤਲਕ ਵਾਸਤਾ ਨਹੀਂ ਹੈ ਉਸ ਨਾਲ ਜੋ ਵੀ ਲੈਣ ਦੇਣ ਕਰੇਗਾ ਉਹ ਖੁਦ ਜਿਮੇਵਾਰ ਹੋਵੇਗਾ।

ਮੈਂ,ਜਸਪਾਲ ਸਿੰਘ ਪੁੱਤਰ ਸੁਰਜੀਤ ਸਿੰਘ, ਵਾਸੀ ਸੰਗਰੂਰ ਰੋਡ, ਧੂਰੀ (ਸੰਗਰੂਰ) ਆਪਣੇ ਲੜਕੇ ਬਲਜਿੰਦਰ ਸਿੰਘ ਹਨੀ, ਨੂੰਹ ਪ੍ਰੀਤੀ ਨੂੰ ਕਹਿਣੇ ਤੋਂ ਬਾਹਰ ਹੋਣ ਕਾਰਨ ਆਪਣੀ ਚੱਲ ਅਚੱਲ ਜਾਇਦਾਦ ਤੋਂ ਬੇਦਖਲ ਕਰਦਾ ਹਾਂ। ਉਨ੍ਹਾਂ ਨਾਲ ਲੈਣਦੇਣ ਕਰਨ ਅਤੇ ਸੰਬੰਧ ਰੱਖਣ ਵਾਲੇ ਖੁੱਦ ਜ਼ਿੰਮੇਵਾਰ ਹੋਣਗੇ।

ਮੈਂ ਜੋਤੀ ਪਤਨੀ ਸ੍ਰ. ਕੁਲਤਾਰ ਸਿੰਘ ਵਾਸੀ ਮਕਾਨ ਨੰ. 1454, ਗਲੀ ਨੰ.2, ਸੰਧੂ ਚੌਂਕ, ਤਹਿ ਵਾ ਜ਼ਿਲ੍ਹਾ ਅੰਮ੍ਰਿਤਸਰ, ਬਿਆਨ ਕਰਦੀ ਹੈ ਕਿ ਮੇਰੀ ਲੜਕੀ ਤਮੰਨਾ (14 ਸਾਲ) ਜੋ ਕਿ ਮੇਰੇ ਕਹਿਣੇ-ਸੁਣਨੇ ਤੋਂ ਬਾਹਰ ਹੈ, ਆਪਣੀ ਮਨ ਮਰਜੀ ਦੀ ਮਾਲਕ ਹੈ ਅਤੇ ਬਹੁਤ ਤੰਗ ਪਰੇਸ਼ਾਨ ਕਰਦੀ ਹੈ। ਮੈਂ ਉਸਨੂੰ ਆਪਣੀ ਹਰ ਕਿਸਮ ਦੀ ਚੱਲ, ਅਚੱਲ ਜਇਦਾਦ ਤੋਂ ਬੇਦਖਲ ਕਰਦੀ ਹਾਂ। ਉਸ ਦੇ ਕਿਸੇ ਵੀ ਤਰ੍ਹਾਂ ਦੇ ਲੈਣ ਦੇਣ ਅਤੇ ਚੰਗੇ ਮਾੜੇ ਕੰਮਾਂ ਦੇ ਮੈਂ ਅਤੇ ਮੇਰਾ ਪਰਿਵਾਰ ਜਿੰਮੇਵਾਰ ਨਹੀਂ ਹੋਵਾਂਗੇ ਉਹ ਖੁਦ ਜਿੰਮੇਵਾਰ ਹੋਵੇਗੀ। ਮੇਰਾ ਤੇ ਮੇਰੇ ਪਰਿਵਾਰ ਦਾ ਉਸ ਨਾਲ ਕੋਈ ਤਲਕਵਾਸਤਾ ਨਹੀਂ ਹੈ।

ਮੈਂ ਸੁਖਵਿੰਦਰ ਕੌਰ ਪਤਨੀ ਲਖਵਿੰਦਰ ਸਿੰਘ ਵਾਸੀ ਪਿੰਡ ਭਿਖੀਵਿੰਡ ਜ਼ਿਲ੍ਹਾ ਤਰਨ ਤਾਰਨ ਸੂਚਿਤ ਕਰਦੀ ਹਾਂ ਕਿ ਮੇਰਾ ਲੜਕਾ ਬਿਕਰਮਜੀਤ ਸਿੰਘ ਸਾਡੇ ਕੰਟਰੋਲ ਤੋਂ ਬਾਹਰ ਹੈ। ਮੈਂ ਇਸ ਨੂੰ ਆਪਣੀ ਸਾਰੀ ਚੱਲ ਅਤੇ ਅਚੱਲ ਜਾਇਦਾਦ ਤੋਂ ਬੇਦਖਲ ਕਰ ਦਿੱਤਾ ਹੈ। ਉਸ ਨਾਲ ਲੈਣ ਦੇਣ ਕਰਨ ਵਾਲਾ ਖੁਦ ਜ਼ਿੰਮੇਵਾਰ ਹੋਵੇਗਾ ।

ਅਸੀਂ, ਅਜੇ ਕੁਮਾਰ ਪੁੱਤਰ ਸ੍ਰੀ ਸੁਖ ਰਾਮ ਅਤੇ ਉਰਮਿਲਾ ਦੇਵੀ ਪਤਨੀ ਅਜੇ ਕੁਮਾਰ, ਵਾਸੀਆਨ ਮਕਾਨ ਨੰਬਰ 34, ਗਲੀ ਨੰਬਰ 02, ਸੋਖੀ ਆਟਾ ਚੱਕੀ, ਮਹਿੰਦਰ ਕਾਲੋਨੀ, ਅੰਮ੍ਰਿਤਸਰ, ਪੰਜਾਬ ਬਿਆਨ ਕਰਦੇ ਹਾਂ ਕਿ ਸਾਡੀ ਲੜਕੀ ਸ਼ੀਤਲ ਸਾਡੇ ਕਹਿਣੇ ਤੋਂ ਬਾਹਰ ਹੈ ਤੇ ਸਾਡੇ ਨਾਲ ਲੜਾਈ-ਝਗੜਾ ਅਤੇ ਆਪਣੀ ਮਨਮਰਜੀ ਕਰਦੀ ਹੈ। ਉਸ ਨੇ ਆਪਣੀ ਮਰਜੀ ਨਾਲ ਵਿਆਹ ਕਰਵਾ ਲਿਆ ਹੈ। ਅਸੀਂ ਇਸ ਨੂੰ ਆਪਣੀ ਚੱਲ-ਅਚੱਲ ਜਾਇਦਾਦ ਵਿਚੋਂ ਬੇਦਖਲ ਕਰਦੇ ਹਾਂ। ਇਸ ਨਾਲ ਲੈਣ-ਦੇਣ ਕਰਨ ਵਾਲਾ ਖੁਦ ਜ਼ਿੰਮੇਵਾਰ ਹੋਵੇਗਾ। ਸਾਡੇ ਪਰਵਾਰ ਦਾ ਇਸ ਨਾਲ ਕੋਈ ਸੰਬੰਧ/ਤਲਕ-ਵਾਸਤਾ ਨਹੀਂ ਹੈ। ਸੰਬੰਧਤ ਨੋਟ ਕਰਨ।

ਮੈਂ, ਬੋਧ ਰਾਜ ਪੁੱਤਰ ਚਰਨ ਦਾਸ, ਵਾਸੀ 515, ਵਾਰਡ ਨੰਬਰ 53 ਕਿਰਪਾਲ ਕਾਲੋਨੀ, ਮਜੀਠਾ ਰੋਡ ਤੁੰਗ ਬਾਲਾ ਆਬਾਦੀ ਅੰਮ੍ਰਿਤਸਰ ਬਿਆਨ ਕਰਦਾ ਹਾਂ ਕਿ ਮੇਰਾ ਪੁੱਤਰ ਸੁਨੀਲ ਕੁਮਾਰ ਮੇਰੇ ਕਹਿਣੇ ਤੋਂ ਬਾਹਰ ਹੈ। ਇਸ ਲਈ ਮੈਂ ਇਸ ਨੂੰ ਆਪਣੀ ਚੱਲ-ਅਚੱਲ ਜਾਇਦਾਦ ਤੋਂ ਬੇਦਖਲ ਕਰਦਾ ਹਾਂ। ਇਸ ਨਾਲ ਲੈਣ-ਦੇਣ ਕਰਨ ਵਾਲਾ ਖੁਦ ਜ਼ਿੰਮੇਵਾਰ ਹੋਵੇਗਾ। ਮੇਰਾ ਇਸ ਨਾਲ ਕੋਈ ਤਲਕ-ਵਾਸਤਾ ਨਹੀਂ ਹੈ।

ਅਸੀਂ, ਗੁਰਚਰਨ ਸਿੰਘ ਪੁੱਤਰ ਲੇਟ ਸ੍ਰੀ ਸਤੋਖ ਸਿੰਘ ਅਤੇ ਨਰਿੰਦਰ ਕੌਰ ਪਤਨੀ ਗੁਰਚਰਨ ਸਿੰਘ, ਵਾਸੀ 107/ਬੀ, ਨਿਊ ਆਜ਼ਾਦ ਨਗਰ, ਅੰਮ੍ਰਿਤਸਰ, ਪੰਜਾਬ-143001 ਬਿਆਨ ਕਰਦੇ ਹਾਂ ਕਿ ਸਾਡਾ ਲੜਕਾ ਜਸਪ੍ਰੀਤ ਸਿੰਘ, ਉਸ ਦੀ ਪਤਨੀ ਕੋਮਲਪ੍ਰੀਤ ਕੌਰ ਅਤੇ ਉਨ੍ਹਾਂ ਦੇ ਬੇਟੇ ਅਨਮੋਲਪ੍ਰੀਤ ਸਿੰਘ ਅਤੇ ਸਹਿਜਬੀਰ ਸਿੰਘ ਸਾਡੇ ਕਹਿਣੇ ਤੋਂ ਬਾਹਰ ਹਨ ਤੇ ਸਾਡੇ ਨਾਲ ਲੜਾਈ-ਝਗੜਾ ਅਤੇ ਆਪਣੀ ਮਨਮਰਜੀ ਕਰਦੇ ਹਨ। ਅਸੀਂ ਉਨ੍ਹਾਂ ਨੂੰ ਆਪਣੀ ਚੱਲ-ਅਚੱਲ ਜਾਇਦਾਦ ਵਿਚੋਂ ਬੇਦਖਲ ਕਰਦੇ ਹਾਂ। ਇਨ੍ਹਾਂ ਨਾਲ ਲੈਣ-ਦੇਣ ਕਰਨ ਵਾਲਾ ਖੁਦ ਜ਼ਿੰਮੇਵਾਰ ਹੋਵੇਗਾ। ਸਾਡੇ ਪਰਵਾਰ ਦਾ ਇਨ੍ਹਾਂ ਨਾਲ ਕੋਈ ਤਲਕ-ਵਾਸਤਾ ਨਹੀਂ ਹੈ।

## ਬੇਦਖਲੀ ਨੋਟਿਸ

ਮੈਂ, ਮਧੂ ਬਾਲਾ ਪਤਨੀ ਸਵ: ਸ੍ਰੀ ਜੋਗਿੰਦਰਪਾਲ ਵਾਸੀ ਮਕਾਨ ਨੰਬਰ 889, ਗਲੀ ਨੰਬਰ 1, ਛੋਟੀ ਹੰਸਲੀ ਵਾਲਾ ਗੁਰਦੁਆਰਾ ਅਮਰਕੋਟ, ਕ੍ਰਿਸ਼ਨਾ ਨਗਰ, ਅੰਮ੍ਰਿਤਸਰ ਬਿਆਨ ਕਰਦੀ ਹਾਂ ਕਿ ਮੈਂ ਆਪਣੇ ਲੜਕੇ ਸਾਹਿਲ ਸੇਠ (38) ਨੂੰ ਉਸ ਦਾ ਬਣਦਾ ਹਿੱਸਾ ਉਸ ਨੂੰ ਦੇ ਚੁੱਕੀ ਹਾਂ। ਹੁਣ ਇਹ ਮੇਰੇ ਕਹਿਣੇ ਤੋਂ ਬਾਹਰ ਹੈ ਤੇ ਮੇਰੇ ਨਾਲ ਲੜਾਈ-ਝਗੜਾ ਅਤੇ ਆਪਣੀ ਮਨਮਰਜੀ ਕਰਦਾ ਹੈ। ਮੈਂ ਇਸ ਨੂੰ ਆਪਣੀ ਚੱਲ-ਅਚੱਲ ਜਾਇਦਾਦ ਵਿਚੋਂ ਬੇਦਖਲ ਕਰਦੀ ਹਾਂ। ਇਸ ਨਾਲ ਲੈਣ-ਦੇਣ ਕਰਨ ਵਾਲਾ ਖੁਦ ਜ਼ਿੰਮੇਵਾਰ ਹੋਵੇਗਾ। ਮੇਰਾ ਤੇ ਮੇਰੇ ਬੇਟੇ ਰਾਜੂ ਸੇਠ ਦਾ ਇਸ ਨਾਲ ਕੋਈ ਤਲਕ-ਵਾਸਤਾ ਨਹੀਂ ਹੈ। ਸੰਬੰਧਤ ਨੋਟ ਕਰਨ।

ਮੈਂ, ਗੁਲਬੀਰ ਕੌਰ ਪਤਨੀ ਲੇਟ ਬਲਵੰਤ ਸਿੰਘ, ਵਾਸੀ ਮਕਾਨ ਨੰਬਰ 2634/16, ਬਾਜ਼ਾਰ ਬਾਬਾ ਭੌੜੀਵਾਲਾ, ਅੰਮ੍ਰਿਤਸਰ ਬਿਆਨ ਕਰਦੀ ਹਾਂ ਕਿ ਮੇਰਾ ਲੜਕਾ ਰਾਜਬੀਰ ਸਿੰਘ (ਸ਼ਾਦੀਸ਼ੁਦਾ) ਮੇਰੇ ਕਹਿਣੇ ਤੋਂ ਬਾਹਰ ਹੈ ਤੇ ਮੇਰੇ ਨਾਲ ਲੜਾਈ-ਝਗੜਾ ਕਰਦਾ ਹੈ। ਮੈਂ ਇਸ ਨੂੰ ਆਪਣੀ ਚੱਲ-ਅਚੱਲ ਜਾਇਦਾਦ ਵਿਚੋਂ ਬੇਦਖਲ ਕਰਦੀ ਹਾਂ। ਇਸ ਨਾਲ ਲੈਣ-ਦੇਣ ਕਰਨ ਵਾਲਾ ਖੁਦ ਜ਼ਿੰਮੇਵਾਰ ਹੋਵੇਗਾ। ਮੇਰੀ ਅਤੇ ਮੇਰੇ ਪਰਵਾਰ ਦੀ ਕੋਈ ਜ਼ਿੰਮੇਵਾਰੀ ਨਹੀਂ ਹੋਵੇਗੀ।

ਮੈਂ, ਬਾਬੂ ਰਾਮ ਪੁੱਤਰ ਹਰਨਾਮ ਦਾਸ ਵਾਸੀ ਪਿੰਡ ਰਾਮਨਗਰ, ਤਹਿਸੀਲ/ਜ਼ਿਲ੍ਹਾ ਗੁਰਦਾਸਪੁਰ, ਪੰਜਾਬ। ਮੇਰਾ ਪੁੱਤਰ ਸੁਖਜੀਤ ਕੁਮਾਰ, ਇਸ ਦੀ ਪਤਨੀ ਜੋਤੀ ਦੇਵੀ ਕੁਮਾਰੀ ਅਤੇ ਸੁਰਜੀਤ ਕੁਮਾਰ, ਇਸ ਦੀ ਪਤਨੀ ਸਵਿਤਾ, ਜੋ ਮੇਰੇ ਕਹਿਣੇ ਤੋਂ ਬਾਹਰ ਹੋਣ ਕਰਕੇ ਮੈਂ ਆਪਣੇ ਪੁੱਤਰ ਅਤੇ ਨੂੰਹਾਂ ਨੂੰ ਆਪਣੀ ਚੱਲ-ਅਚੱਲ ਜਾਇਦਾਦ ਤੋਂ ਬੇਦਖਲ ਕਰਦਾ ਹਾਂ। ਜੋ ਇਹਨਾਂ ਨਾਲ ਲੈਣ-ਦੇਣ ਕਰੇਗਾ, ਖੁਦ ਜ਼ਿੰਮੇਵਾਰ ਹੋਵੇਗਾ।

ਮੈਂ, ਦਲਬੀਰ ਲਾਲ ਪੁੱਤਰ ਬੂਆ ਦਿੱਤਾ ਵਾਸੀ ਹਰਦੋ ਬਥਵਾਲਾ, ਤਹਿਸੀਲ/ਜ਼ਿਲ੍ਹਾ ਗੁਰਦਾਸਪੁਰ-143521, ਮੇਰਾ ਪੁੱਤਰ ਸੁਨੀਲ ਕੁਮਾਰ ਅਤੇ ਇਸ ਦਾ ਪਰਿਵਾਰ, ਜੋ ਮੇਰੇ ਅਤੇ ਮੇਰੇ ਪਰਵਾਰ ਦੇ ਕਹਿਣੇ ਤੋਂ ਬਾਹਰ ਹੋਣ ਕਰਕੇ ਮੈਂ ਇਹਨਾਂ ਨੂੰ ਆਪਣੀ ਚੱਲ-ਅਚੱਲ ਜਾਇਦਾਦ ਤੋਂ ਬੇਦਖਲ ਕਰਦਾ ਹਾਂ। ਜੋ ਇਹਨਾਂ ਨਾਲ ਲੈਣ-ਦੇਣ ਕਰੇਗਾ, ਖੁਦ ਜ਼ਿੰਮੇਵਾਰ ਹੋਵੇਗਾ।

ਅਸੀਂ ਜਨਕ ਰਾਜ ਪੁੱਤਰ ਘੋਲੂ ਰਾਮ ਅਤੇ ਸੰਤੋਸ਼ ਰਾਣੀ ਪਤਨੀ ਜਨਕ ਰਾਜ ਵਾਸੀਆਨ ਉਮਰਪੁਰਾ, ਬਟਾਲਾ, ਜ਼ਿਲ੍ਹਾ ਗੁਰਦਾਸਪੁਰ ਬਿਆਨ ਕਰਦੇ ਹਾਂ ਕਿ ਸਾਡਾ ਪੁੱਤਰ ਸੁਦੇਸ਼ ਮਹਾਜਨ ਅਤੇ ਸਾਡੀ ਨੂੰਹ ਗੀਤਿਕਾ ਮਹਾਜਨ ਸਾਡੇ ਕਹਿਣੇ ਤੋਂ ਬਾਹਰ ਹਨ। ਇਸ ਲਈ ਅਸੀਂ ਇਨ੍ਹਾਂ ਨੂੰ ਆਪਣੀ ਚੱਲ ਵਾ ਅਚੱਲ ਜਾਇਦਾਦ ਤੋਂ ਬੇਦਖਲ ਕਰਦੇ ਹਾਂ। ਇਨ੍ਹਾਂ ਨਾਲ ਲੈਣ ਦੇਣ ਕਰਨ ਵਾਲਾ ਖੁਦ ਜ਼ਿੰਮੇਵਾਰ ਹੋਵੇਗਾ। ਸਾਡੀ ਜਾਂ ਸਾਡੇ ਪਰਿਵਾਰ ਕਿਸੇ ਵੀ ਮੈਂਬਰ ਦੀ ਕੋਈ ਜ਼ਿੰਮੇਵਾਰੀ ਨਹੀਂ ਹੋਵੇਗੀ। ਸੰਬੰਧਿਤ ਨੋਟ ਕਰਨ।

## PUBLIC NOTICE

I, Ajay Kumar S/o Raj Kumar R/o Baryar, PO. Khojepur, Tehsil/Distt. Gurdaspur, Punjab-143521, declare that my given name as Ajay and my surname as Kumar.

We, Ram Murti S/o Bawa Ram & Sneh Lata W/o Ram Murti both R/o Village Nurpur, Distt. Jalandhar, Punjab declare that our son Rakesh aged about 22 years is out of our control. We disinherit him from our moveable and immovable properties. We and our family shall not be held responsible for any of her acts, deeds and things.

## ਨਾਂਅ ਦੀ ਬਦਲੀ

ਮੈਂ ਦੀਪਕ ਪੁੱਤਰ ਅਜੀਤ ਮਸੀਹ ਵਾਸੀ ਬਾਜ਼ੀਦ ਚੱਕ ਤਹਿਸੀਲ/ਜ਼ਿਲ੍ਹਾ ਗੁਰਦਾਸਪੁਰ ਦਾ ਰਹਿਣ ਵਾਲਾ ਹਾਂ । ਇਹ ਕਿ ਮੇਰੇ ਸਕੂਲ ਸਰਟੀਫਿਕੇਟ ਵਿੱਚ ਮੇਰਾ ਨਾਮ ਇਕੱਲਾ ਦੀਪਕ ਹੈ । ਮੈਂ ਆਪਣਾ ਨਾਮ ਦੀਪਕ ਤੋਂ ਦੀਪਕ ਮਸੀਹ ਰੱਖ ਲਿਆ ਹੈ। ਸੰਬੰਧਿਤ ਨੋਟ ਕਰਨ।

ਮੈਂ, ਅਮਰਜੀਤ ਕੁਮਾਰ ਪੁੱਤਰ ਲਕਸ਼ਮਣ ਦਾਸ ਵਾਸੀ ਮਕਾਨ ਨੰ: ਬੀ-1/751, ਮੁੱਹਲਾ ਰਾਮ ਨਗਰ, ਜਲੰਧਰ, ਪੰਜਾਬ ਬਿਆਨ ਕਰਦਾ ਹਾਂ ਕਿ ਮੈਂ ਆਪਣੀ ਨਾਬਾਲਗ ਲੜਕੀ ਦਾ ਨਾਮ ਰੁਪਾਲੀ ਤੋਂ ਬਦਲ ਕੇ ਰੁਪਾਲੀ ਪਾਲ ਰੱਖ ਲਿਆ ਹੈ। ਸੰਬੰਧਿਤ ਨੋਟ ਕਰਨ।

ਮੈਂ, ਅਮਰਜੀਤ ਕੁਮਾਰ ਪੁੱਤਰ ਲਕਸ਼ਮਣ ਦਾਸ ਵਾਸੀ ਮਕਾਨ ਨੰ: ਬੀ-1/751, ਮੁੱਹਲਾ ਰਾਮ ਨਗਰ, ਜਲੰਧਰ, ਪੰਜਾਬ ਬਿਆਨ ਕਰਦਾ ਹਾਂ ਕਿ ਮੈਂ ਆਪਣੀ ਨਾਬਾਲਗ ਲੜਕੀ ਦਾ ਨਾਮ ਮਾਨਵੀ ਤੋਂ ਬਦਲ ਕੇ ਮਾਨਵੀ ਪਾਲ ਰੱਖ ਲਿਆ ਹੈ। ਸੰਬੰਧਿਤ ਨੋਟ ਕਰਨ।

## Lost and Found

Original docs, NOC/NDC, allotment & Possession letter IRO Flat B-1/804, Sector 43, Gurgaon of Vinod Kumar Katna S/o Karori Mal Katna lost somewhere. If found inform on 70098-07796

## ਇਸ਼ਤਿਹਾਰਾਂ ਸੰਬੰਧੀ ਜ਼ਰੂਰੀ ਬੇਨਤੀ

'ਨਵਾਂ ਜ਼ਮਾਨਾ' ਅਖਬਾਰ ਵਿੱਚ ਛਪੇ ਇਸ਼ਤਿਹਾਰਾਂ (ਡਿਸਪਲੇ/ ਕਲਾਸੀਫਾਈਡ) ਦੇ ਤੱਥਾਂ ਤੇ ਦਾਅਵਿਆਂ ਦੀ ਜ਼ਿੰਮੇਵਾਰੀ ਨਹੀਂ ਲੈਂਦਾ। ਸਾਡਾ ਅਖਬਾਰ ਇਹਨਾਂ ਨੂੰ ਤਸਦੀਕ ਨਹੀਂ ਕਰਦਾ। ਪਾਠਕਾਂ ਨੂੰ ਬੇਨਤੀ ਕੀਤੀ ਜਾਂਦੀ ਹੈ ਕਿ ਉਹ ਇਹਨਾਂ ਇਸ਼ਤਿਹਾਰਾਂ 'ਤੇ ਕਾਰਵਾਈ ਤੇ ਭਰੋਸੇ ਤੋਂ ਪਹਿਲਾਂ ਤੱਥਾਂ ਦੀ ਪੁਸ਼ਟੀ ਕਰ ਲੈਣ।

## Capital Small Finance Bank Ltd.

HO:- MIDAS Corporate Park, 3rd Floor, 37, G.T. Road, Jalandhar-144001, Punjab, India

### ਕਬਜ਼ਾ ਨੋਟਿਸ
[ਸਕਿਉਰਿਟੀ ਇੰਟਰੈਸਟ (ਇਨਫੋਰਸਮੈਂਟ) ਰੂਲਜ਼, 2002 ਦੇ ਨਿਯਮ 8 (1) ਅਧੀਨ]

ਜਦੋਂ ਕਿ ਨਿਮਨਹਸਤਾਖਰੀ ਨੇ ਕੈਪੀਟਲ ਸਮਾਲ ਫਾਇਨਾਂਸ ਬੈਂਕ ਲਿਮਟਿਡ ਦਾ ਅਧਿਕਾਰਤ ਅਫਸਰ ਹੋਣ ਨਾਤੇ ਸਕਿਉਰਟਾਈਜ਼ੇਸ਼ਨ ਅਤੇ ਰੀਕੰਸਟਰੱਕਸ਼ਨ ਆਫ ਫਾਈਨੈਂਸ਼ੀਅਲ ਐੱਸਟਸ ਐਂਡ ਇਨਫੋਰਸਮੈਂਟ ਆਫ ਸਕਿਉਰਿਟੀ ਇੰਟਰੈੱਸਟ ਐਕਟ, 2002 ਅਧੀਨ ਅਤੇ ਸਕਿਉਰਿਟੀ ਇੰਟਰੈੱਸਟ (ਇਨਫੋਰਸਮੈਂਟ) ਰੂਲਜ਼ 2002 ਦੇ ਰੂਲ 3 ਨਾਲ ਪੜ੍ਹੇ ਜਾਂਦੇ ਸੈਕਸ਼ਨ 13 (12) ਅਧੀਨ ਮਿਲੇ ਅਧਿਕਾਰਾਂ ਦੀ ਵਰਤੋਂ ਕਰਦਿਆਂ ਮਿਤੀ 23-05-2025 ਨੂੰ ਇਕ ਡਿਮਾਂਡ ਨੋਟਿਸ ਜਾਰੀ ਕਰਕੇ ਕਰਜ਼ਦਾਰਾਂ (1) ਮੈਸਰਜ਼ ਕਾਲੜਾ ਸਵੀਟ ਸ਼ਾਪ, ਪਿੰਡ ਉੱਗੀ, ਤਹਿਸੀਲ ਨਕੋਦਰ, ਜ਼ਿਲ੍ਹਾ ਜਲੰਧਰ ਰਾਹੀਂ ਇਸ ਦੇ ਮਾਲਕ ਸ੍ਰੀ ਸ਼ੰਮੀ ਕਾਲੜਾ (2) ਸ੍ਰੀ ਸ਼ੰਮੀ ਕਾਲੜਾ ਪੁੱਤਰ ਮੋਹਨ ਲਾਲ ਕਾਲੜਾ ਵਾਸੀ ਉੱਗੀ, ਤਹਿਸੀਲ ਨਕੋਦਰ, ਜਲੰਧਰ, ਪੰਜਾਬ-144623 (ਇਸ ਤੋਂ ਬਾਅਦ ਕਰਜ਼ਦਾਰਾਂ ਵਜੋਂ ਹਵਾਲਾ ਅਤੇ ਗਰੰਟਰ) (3) ਸ੍ਰੀ ਜਿੰਮੀ ਕਾਲੜਾ ਪੁੱਤਰ ਸ੍ਰੀ ਮੋਹਨ ਲਾਲ ਵਾਸੀ ਮਕਾਨ ਨੰ. 274, ਪਿੰਡ ਉੱਗੀ, ਤਹਿਸੀਲ ਨਕੋਦਰ, ਜਲੰਧਰ, ਪੰਜਾਬ-144623 (4) ਸ੍ਰੀ ਪ੍ਰਵੀਨ ਕੁਮਾਰ ਪੁੱਤਰ ਗੋਪਾਲ ਦਾਸ ਵਾਸੀ ਨੇੜੇ ਬਾਬਾ ਲੱਖਾ, ਉੱਗੀ, ਤਹਿਸੀਲ ਨਕੋਦਰ, ਜਲੰਧਰ, ਪੰਜਾਬ-144623 (ਇਸ ਤੋਂ ਬਾਅਦ ਗਰੰਟਰਾਂ ਵਜੋਂ ਹਵਾਲਾ) ਨੂੰ ਨੋਟਿਸ 'ਚ ਦਰਸਾਈ ਬਕਾਇਆ ਰਾਸ਼ੀ ਓ ਡੀ/046400000007 ਨੂੰ ਰੁਪਏ 5,26,320.16 (ਪੰਜ ਲੱਖ ਛੱਬੀ ਹਜ਼ਾਰ ਤਿੰਨ ਸੌ ਵੀਹ ਰੁਪਏ ਅਤੇ ਸੋਲਾਂ ਪੈਸੇ ਕੇਵਲ) ਸਮੇਤ 01.05.2025 ਤੋਂ ਭਵਿੱਖੀ ਵਿਆਜ ਅਦਾ ਕਰਨ ਲਈ ਕਿਹਾ ਸੀ।

ਕਰਜ਼ਦਾਰ ਰਕਮ ਦੀ ਅਦਾਇਗੀ ਕਰਨ 'ਚ ਨਾਕਾਮ ਰਹੇ ਹਨ, ਇਸ ਲਈ ਕਰਜ਼ਦਾਰਾਂ/ਗਰੰਟਰਾਂ ਅਤੇ ਆਮ ਜਨਤਾ ਨੂੰ ਨੋਟਿਸ ਦਿੱਤਾ ਜਾਂਦਾ ਹੈ ਕਿ ਨਿਮਨਹਸਤਾਖਰੀ ਨੇ ਦਰਸਾਏ ਰੂਲ ਦੇ ਨਿਯਮ 8 ਅਤੇ 9 ਨਾਲ ਪੜ੍ਹੇ ਉਕਤ ਐਕਟ ਦੇ ਸੈਕਸ਼ਨ 13 (4) ਤਹਿਤ ਮਿਲੇ ਅਧਿਕਾਰਾਂ ਦੀ ਵਰਤੋਂ ਕਰਦਿਆਂ ਹੇਠਾਂ ਦੱਸੀ ਜਾਇਦਾਦ ਦਾ ਮਿਤੀ 13 ਨਵੰਬਰ 2025 ਨੂੰ ਕਬਜ਼ਾ ਲੈ ਲਿਆ ਹੈ।

ਖਾਸ ਤੌਰ 'ਤੇ ਕਰਜ਼ਦਾਰਾਂ/ ਗਰੰਟਰਾਂ ਅਤੇ ਆਮ ਜਨਤਾ ਨੂੰ ਖਬਰਦਾਰ ਕੀਤਾ ਜਾਂਦਾ ਹੈ ਕਿ ਉਹ ਜਾਇਦਾਦ ਬਾਰੇ ਕਿਸੇ ਤਰ੍ਹਾਂ ਦਾ ਲੈਣ-ਦੇਣ ਨਾ ਕਰਨ ਅਤੇ ਕਿਸੇ ਤਰ੍ਹਾਂ ਦੇ ਲੈਣ-ਦੇਣ ਦੀ ਸੂਰਤ 'ਚ ਕੈਪੀਟਲ ਸਮਾਲ ਫਾਇਨਾਂਸ ਬੈਂਕ ਲਿਮਟਿਡ ਨੂੰ ਮਿਤੀ 01-05-2025 ਤੋਂ ਬਕਾਇਆ ਰਾਸ਼ੀ ਓ ਡੀ/046400000007 'ਚ ਰੁਪਏ 5,26,320.16/- (ਪੰਜ ਲੱਖ ਛੱਬੀ ਹਜ਼ਾਰ ਤਿੰਨ ਸੌ ਵੀਹ ਰੁਪਏ ਅਤੇ ਸੋਲਾਂ ਪੈਸੇ ਕੇਵਲ) (ਵਸੂਲੀ ਜੇਕਰ ਕੋਈ ਹੈ) ਸਮੇਤ ਭਵਿੱਖੀ ਵਿਆਜ, ਦੇਣਦਾਰੀ ਦਾ ਵਿਸ਼ਾ ਹੋਵੇਗਾ।

ਉਪਲੱਬਧ ਸਮੇਂ 'ਚ ਸਕਿਓਰਡ ਐੱਸਟਸ ਦੇ ਪੁਨਰਗ੍ਰਹਿਣ ਲਈ ਕਰਜ਼ਦਾਰ ਦਾ ਧਿਆਨ ਐਕਟ ਦੇ ਸੈਕਸ਼ਨ 13 ਦੇ ਸਬ-ਸੈਕਸ਼ਨ (8) ਦੀਆਂ ਵਿਵਸਥਾਵਾਂ ਵੱਲ ਦਿਵਾਇਆ ਜਾਂਦਾ ਹੈ।

### ਅਚੱਲ ਜਾਇਦਾਦ ਦਾ ਵੇਰਵਾ

**ਅਚੱਲ ਜਾਇਦਾਦ ਦਾ ਉਚਿਤ ਗਿਰਵੀਨਾਮਾ : ਬੈਨਾਮਾ ਦਸਤਾਵੇਜ਼ ਨੰ. 1979 ਮਿਤੀ 26-03-2018 ਅਨੁਸਾਰ ਸ੍ਰੀ ਸ਼ੰਮੀ ਕਾਲੜਾ ਅਤੇ ਸ੍ਰੀ ਜਿੰਮੀ ਕਾਲੜਾ ਪੁੱਤਰ ਮੋਹਨ ਲਾਲ ਕਾਲੜਾ ਦੀ ਮਲਕੀਅਤ ਜਾਇਦਾਦ ਰਕਬਾ 8 ਮਰਲੇ, ਪਿੰਡ ਬਾਊਪੁਰ/148 ਵਿਖੇ ਸਥਿਤ, ਤਹਿਸੀਲ ਨਕੋਦਰ, ਜ਼ਿਲ੍ਹਾ ਜਲੰਧਰ ਨਾਲ ਸੰਬੰਧਤ ਸਭ ਕੁਝ।**

ਮਿਤੀ : 13-11-2025 (ਅਧਿਕਾਰਤ ਅਫਸਰ)
ਸਥਾਨ : ਜਲੰਧਰ ਕੈਪੀਟਲ ਸਮਾਲ ਫਾਇਨਾਂਸ ਬੈਂਕ ਲਿਮਟਿਡ

## Capital Small Finance Bank Ltd.

HO:- MIDAS Corporate Park, 3rd Floor, 37, G.T. Road, Jalandhar-144001, Punjab, India

### ਕਬਜ਼ਾ ਨੋਟਿਸ (ਅਚੱਲ ਜਾਇਦਾਦ ਵਾਸਤੇ)

ਜਦੋਂ ਕਿ ਨਿਮਨਹਸਤਾਖਰੀ ਨੇ ਕੈਪੀਟਲ ਸਮਾਲ ਫਾਇਨਾਂਸ ਬੈਂਕ ਲਿਮਟਿਡ ਦਾ ਅਧਿਕਾਰਤ ਅਫਸਰ ਹੋਣ ਨਾਤੇ ਸਕਿਉਰਟਾਈਜ਼ੇਸ਼ਨ ਅਤੇ ਰੀਕੰਸਟਰੱਕਸ਼ਨ ਆਫ ਫਾਈਨੈਂਸ਼ੀਅਲ ਅਸੈੱਟਸ ਐਂਡ ਇਨਫੋਰਸਮੈਂਟ ਆਫ ਸਕਿਉਰਿਟੀ ਇੰਟਰੈੱਸਟ ਐਕਟ, 2002 ਅਧੀਨ ਅਤੇ ਸਕਿਉਰਿਟੀ ਇੰਟਰੈੱਸਟ (ਇਨਫੋਰਸਮੈਂਟ) ਰੂਲਜ਼ 2002 ਦੇ ਨਿਯਮ 8 ਨਾਲ ਪੜ੍ਹੇ ਜਾਂਦੇ ਸੈਕਸ਼ਨ 13 (2) ਅਧੀਨ ਮਿਲੇ ਅਧਿਕਾਰਾਂ ਦੀ ਵਰਤੋਂ ਕਰਦਿਆਂ ਮਿਤੀ 22.11.2023 ਨੂੰ ਡਿਮਾਂਡ ਨੋਟਿਸ ਜਾਰੀ ਕਰਕੇ ਕਰਜ਼ਦਾਰ ਸ੍ਰੀ ਰਾਜ ਸਿੰਘ ਪੁੱਤਰ ਸ੍ਰੀ ਇੰਦਰ ਸਿੰਘ ਵਾਸੀ ਪਿੰਡ ਤਕੀਆ, ਤਹਿਸੀਲ ਸੁਲਤਾਨਪੁਰ ਲੋਧੀ, ਜ਼ਿਲ੍ਹਾ ਕਪੂਰਥਲਾ, ਯੂਸਫਪੁਰ ਦਾਰੇਵਾਲ, ਪੰਜਾਬ-144629 (ਐੱਚ ਐੱਲ 'ਚ ਕਰਜ਼ਦਾਰ) ਸ੍ਰੀ ਬਲਵਿੰਦਰ ਸਿੰਘ ਪੁੱਤਰ ਸ੍ਰੀ ਰਾਜ ਸਿੰਘ ਵਾਸੀ ਪਿੰਡ ਤਕੀਆ, ਜ਼ਿਲ੍ਹਾ ਕਪੂਰਥਲਾ, ਪੰਜਾਬ-144629 (ਐੱਚ ਐੱਲ 'ਚ ਕਰਜ਼ਦਾਰ) ਸ੍ਰੀ ਸੁਰਜੀਤ ਸਿੰਘ ਪੁੱਤਰ ਸ੍ਰੀ ਬਿਸ਼ੰਬਰ ਸਿੰਘ, ਵਾਸੀ ਬਸਤੀ ਦਾਰੇਵਾਲ, ਯੂਸਫਪੁਰ, ਦਾਰੇਵਾਲ, ਜਲੰਧਰ, ਪੰਜਾਬ-144629 ਨੂੰ ਨੋਟਿਸ 'ਚ ਦਰਸਾਈ ਰਾਸ਼ੀ ਰੁਪਏ 25,34,544.50/- (ਪੰਝੀ ਲੱਖ ਚੌਂਤੀ ਹਜ਼ਾਰ ਪੰਜ ਸੌ ਚੌਤਾਲੀ ਰੁਪਏ ਪੰਜਾਹ ਪੈਸੇ ਕੇਵਲ) ਜਮ੍ਹਾਂ 01.11.2023 ਤੋਂ ਅਣਵਸੂਲਿਆ ਵਿਆਜ ਅਤੇ ਜਮ੍ਹਾਂ ਭਵਿੱਖੀ ਵਿਆਜ ਅਤੇ ਹੋਰ ਚਾਰਜਿਜ਼ ਨੋਟਿਸ ਦੇ ਪ੍ਰਾਪਤ ਹੋਣ ਦੀ ਮਿਤੀ ਤੋਂ 60 ਦਿਨਾਂ ਦੇ ਅੰਦਰ ਜਮ੍ਹਾਂ ਕਰਵਾਉਣ ਲਈ ਕਿਹਾ ਸੀ।

ਕਰਜ਼ਦਾਰ/ਗਰੰਟਰ ਰਕਮ ਦੀ ਅਦਾਇਗੀ ਕਰਨ 'ਚ ਨਾਕਾਮ ਰਹੇ ਹਨ, ਇਸ ਲਈ ਕਰਜ਼ਦਾਰਾਂ ਅਤੇ ਗਰੰਟਰਾਂ ਅਤੇ ਆਮ ਜਨਤਾ ਨੂੰ ਨੋਟਿਸ ਦਿੱਤਾ ਜਾਂਦਾ ਹੈ ਕਿ ਨਿਮਨਹਸਤਾਖਰੀ ਨੇ ਨਿਯਮ 9 ਨਾਲ ਪੜ੍ਹੇ ਜਾਂਦੇ ਉਕਤ ਐਕਟ ਦੇ ਸੈਕਸ਼ਨ 13 (4) ਤਹਿਤ ਮਿਲੇ ਅਧਿਕਾਰਾਂ ਦੀ ਵਰਤੋਂ ਕਰਦਿਆਂ 11ਨਵੰਬਰ 2025 ਨੂੰ ਹੇਠਾਂ ਦੱਸੀ ਜਾਇਦਾਦ ਦਾ ਭੌਤਿਕ ਕਬਜ਼ਾ ਲੈ ਲਿਆ ਹੈ।

ਖਾਸ ਤੌਰ 'ਤੇ ਕਰਜ਼ਦਾਰ/ਗਰੰਟਰ ਅਤੇ ਆਮ ਜਨਤਾ ਨੂੰ ਖਬਰਦਾਰ ਕੀਤਾ ਜਾਂਦਾ ਹੈ ਕਿ ਉਹ ਜਾਇਦਾਦ ਬਾਰੇ ਕਿਸੇ ਤਰ੍ਹਾਂ ਦਾ ਲੈਣ-ਦੇਣ ਨਾ ਕਰਨ ਅਤੇ ਕਿਸੇ ਤਰ੍ਹਾਂ ਦੇ ਲੈਣ-ਦੇਣ ਦੀ ਸੂਰਤ 'ਚ ਕੈਪੀਟਲ ਸਮਾਲ ਫਾਇਨਾਂਸ ਬੈਂਕ ਲਿਮਟਿਡ ਕਾਂਗਣਾ ਬ੍ਰਾਂਚ ਵੱਲੋਂ ਰਕਮ ਰੁ. 25,34,544.50/- (ਪੰਝੀ ਲੱਖ ਚੌਂਤੀ ਹਜ਼ਾਰ ਪੰਜ ਸੌ ਚੌਤਾਲੀ ਰੁਪਏ ਪੰਜਾਹ ਪੈਸੇ ਕੇਵਲ) ਜਮ੍ਹਾਂ 01.11.2023 ਤੋਂ ਅਣ-ਵਸੂਲਿਆ ਵਿਆਜ ਜਮ੍ਹਾਂ ਇਸ ਉਪਰ ਵਿਆਜ ਅਤੇ ਹੋਰ ਖਰਚੇ ਵਸੂਲ ਕੀਤੇ ਜਾਣਗੇ।

ਉਪਲੱਬਧ ਸਮੇਂ 'ਚ ਸਕਿਉਰਡ ਐੱਸਟਸ ਦੇ ਪੁਨਰਗ੍ਰਹਿਣ ਲਈ ਕਰਜ਼ਦਾਰ ਦਾ ਧਿਆਨ ਐਕਟ ਦੇ ਸੈਕਸ਼ਨ 13 ਦੇ ਸਬ-ਸੈਕਸ਼ਨ (8) ਦੀਆਂ ਵਿਵਸਥਾਵਾਂ ਵੱਲ ਦਿਵਾਇਆ ਜਾਂਦਾ ਹੈ।

### ਅਚੱਲ ਜਾਇਦਾਦ ਦਾ ਵੇਰਵਾ

ਟਾਈਟਲ ਡੀਡ ਨੰ: 2020-21/31/1/91 ਮਿਤੀ 15.06.2020 ਅਨੁਸਾਰ ਸ੍ਰੀ ਰਾਜ ਸਿੰਘ ਪੁੱਤਰ ਸ੍ਰੀ ਇੰਦਰ ਸਿੰਘ ਦੀ ਮਲਕੀਅਤ ਜਾਇਦਾਦ ਰਕਬਾ 1 ਕਨਾਲ 0 ਮਰਲਾ, ਪਿੰਡ ਤਕੀਆ ਵਿਖੇ ਸਥਿਤ, ਤਹਿਸੀਲ ਸੁਲਤਾਨਪੁਰ ਲੋਧੀ, ਜ਼ਿਲ੍ਹਾ ਕਪੂਰਥਲਾ, ਹੱਦਬਸਤ ਨੰ: 185 ਨਾਲ ਸੰਬੰਧਤ ਸਭ ਕੁਝ।

ਮਿਤੀ : 13.11.2025, ਸਥਾਨ : ਕਪੂਰਥਲਾ (ਅਧਿਕਾਰਤ ਅਫਸਰ)

## Capital Small Finance Bank Ltd.

MIDAS Corporate Park, 3rd Floor, 37, G.T. Road, Jalandhar-144001, Punjab, India

### ਸਕਿਉਰਟਾਈਜੇਸ਼ਨ ਐਂਡ ਰੀਕੰਸਟਰੱਕਸ਼ਨ ਆਫ ਫਾਇਨੈਂਸ਼ੀਅਲ ਐੱਸਟਸ ਅਤੇ ਇਨਫੋਰਸਮੈਂਟ ਆਫ ਸਕਿਉਰਿਟੀ ਇੰਟਰੈੱਸਟ ਐਕਟ, 2002 ਦੇ ਸੈਕਸ਼ਨ 13 (2) ਅਧੀਨ ਨੋਟਿਸ

ਹੇਠਾਂ ਦਰਸਾਏ ਕਰਜ਼ਦਾਰਾਂ ਅਤੇ ਗਰੰਟਰਾਂ ਨੂੰ ਸਕਿਉਰਟਾਈਜੇਸ਼ਨ ਐਂਡ ਰੀਕੰਸਟਰੱਕਸ਼ਨ ਆਫ ਫਾਇਨੈਂਸ਼ੀਅਲ ਐੱਸਟਸ ਅਤੇ ਇਨਫੋਰਸਮੈਂਟ ਆਫ ਸਕਿਉਰਿਟੀ ਇੰਟਰੈੱਸਟ, 2002 ਦੇ ਸੈਕਸ਼ਨ 13 (2) ਅਧੀਨ ਮਿਤੀ 31.10.2025 ਨੂੰ ਨੋਟਿਸ ਭੇਜਿਆ ਗਿਆ ਸੀ, ਜੋ ਡਾਕ ਵਿਭਾਗ ਵੱਲੋਂ ਵਾਪਸ ਕਰ ਦਿੱਤਾ ਗਿਆ ਸੀ ਅਤੇ ਅਧਿਕਾਰਤ ਅਫਸਰ ਨੂੰ ਯਕੀਨ ਹੋ ਗਿਆ ਹੈ ਕਿ ਕਰਜ਼ਦਾਰ/ਗਰੰਟਰ ਨੋਟਿਸ ਦੀ ਤਾਮੀਲ ਤੋਂ ਕੰਨੀ ਕਤਰਾ ਰਹੇ ਹਨ। ਇਸ ਲਈ ਉਨ੍ਹਾਂ ਨੂੰ ਇਸ ਜਨਤਕ ਨੋਟਿਸ ਰਾਹੀਂ ਉਹੀ ਜਾਣਕਾਰੀ ਦਿੱਤੀ ਜਾ ਰਹੀ ਹੈ

1. (ਐੱਚ ਐੱਲ 'ਚ ਕਰਜ਼ਦਾਰ) : ਸ੍ਰੀ ਜਸਵੀਰ ਸਿੰਘ ਪੁੱਤਰ ਸ੍ਰੀ ਸੁਰਿੰਦਰ ਸਿੰਘ ਵਾਸੀ ਪਿੰਡ ਲੱਧੇਵਾਲੀ, ਡਾਕ: ਮਾਧੋਪੁਰ ਜੱਲੋਵਾਲ, ਤਹਿਸੀਲ ਨਕੋਦਰ, ਜਲੰਧਰ,ਪੰਜਾਬ-144623
2. (ਐੱਚ ਐੱਲ 'ਚ ਕਰਜ਼ਦਾਰ) : ਸ੍ਰੀਮਤੀ ਜਸਵਿੰਦਰ ਕੌਰ ਪਤਨੀ ਸ੍ਰੀ ਜਸਵੀਰ ਸਿੰਘ ਵਾਸੀ ਪਿੰਡ ਲੱਧੇਵਾਲੀ, ਡਾਕ: ਮਾਧੋਪੁਰ ਜੱਲੋਵਾਲ, ਤਹਿਸੀਲ ਨਕੋਦਰ, ਜਲੰਧਰ, ਪੰਜਾਬ-144623
3. (ਐੱਚ ਐੱਲ 'ਚ ਗਰੰਟਰ) : ਸ੍ਰੀ ਸੁਖਦੇਵ ਸਿੰਘ ਪੁੱਤਰ ਸ੍ਰੀ ਧਰਮ ਸਿੰਘ ਵਾਸੀ ਵਾਰਡ ਨੰ: 2, ਖਡੂਰ ਸਾਹਿਬ, ਤਰਨ ਤਾਰਨ, ਪੰਜਾਬ-143117

| ਮਨਜ਼ੂਰ ਸਹੂਲਤ ਦੀ ਕਿਸਮ/ਕਰਜ਼ਾ ਨੰਬਰ | ਰਕਮ ਮਨਜ਼ੂਰ | ਡਿਮਾਂਡ ਨੋਟਿਸ ਦੀ ਮਿਤੀ ਨੂੰ ਕੁੱਲ ਬਕਾਇਆ ਰਕਮ (1.10.2025 ਤੋਂ ਬਿਨਾਂ ਵਿਆਜ) |
|---|---|---|
| HL/121611000013 | Rs. 23,00,000/- | Rs. 22,67,530.77 |

ਪ੍ਰਾਇਮਰੀ ਸਕਿਉਰਿਟੀ : ਅਚੱਲ ਜਾਇਦਾਦ ਦਾ ਉੱਚਿਤ ਗਿਰਵੀਨਾਮਾ : ਬੈਨਾਮਾ ਦਸਤਾਵੇਜ਼ ਨੰ: 2021-22/31/1/1077 ਮਿਤੀ 25.01.2022 ਅਨੁਸਾਰ ਸ੍ਰੀਮਤੀ ਜਸਵਿੰਦਰ ਕੌਰ ਪਤਨੀ ਸ੍ਰੀ ਜਸਵੀਰ ਸਿੰਘ ਦੀ ਮਲਕੀਅਤ ਜਾਇਦਾਦ ਰਕਬਾ 3 ਮਰਲੇ 3 ਸਰਸਾਈ ਪਿੰਡ ਤਰਫ ਹਾਜ਼ੀ, ਹੱਦਬਸਤ ਨੰ: 137, ਤਹਿਸੀਲ ਸੁਲਤਾਨਪੁਰ ਲੋਧੀ, ਜ਼ਿਲ੍ਹਾ ਕਪੂਰਥਲਾ ਨਾਲ ਸੰਬੰਧਤ ਸਭ ਕੁਝ।

ਸਕਿਉਰਟਾਈਜੇਸ਼ਨ ਅਤੇ ਰੀਕੰਸਟਰੱਕਸ਼ਨ ਆਫ ਫਾਇਨੈਸ਼ੀਅਲ ਐੱਸਟਸ ਅਤੇ ਇਨਫੋਰਸਮੈਂਟ ਆਫ ਸਕਿਉਰਿਟੀ ਇੰਟਰੈੱਸਟ ਐਕਟ 2002 ਦੇ ਸੈਕਸ਼ਨ 13 ਤਹਿਤ ਬੈਂਕ ਇਸ ਜਨਤਕ ਨੋਟਿਸ ਰਾਹੀਂ ਤੁਹਾਨੂੰ ਬੈਂਕ ਦੇ ਵਹੀ ਖਾਤਿਆਂ 'ਚ ਤੁਹਾਡੇ ਵਿਰੁੱਧ ਸਾਰੀਆਂ ਬਕਾਇਆ ਰਕਮਾਂ ਇਸ ਦੀ ਬਰਾਂਚ ਤਲਵੰਡੀ ਚੌਧਰੀਆਂ 'ਚ, ਸਮੇਤ ਇਸ ਉਪਰ ਭਵਿੱਖੀ ਵਿਆਜ, ਸਮੇਂ-ਸਮੇਂ 'ਤੇ ਬੈਂਕ ਵੱਲੋਂ ਕੀਤੇ ਗਏ ਹੋਰ ਖਰਚਿਆਂ ਅਤੇ ਲਾਗਤਾਂ ਨਾਲ ਸਾਰੀਆਂ ਮੁਕੰਮਲ ਦੇਣਦਾਰੀਆਂ, ਇਸ ਨੋਟਿਸ ਦੀ ਮਿਤੀ ਤੋਂ 60 ਦਿਨਾਂ ਦੇ ਅੰਦਰ ਜਮ੍ਹਾਂ ਕਰਵਾਉਣ ਦਾ ਸੱਦਾ ਦਿੰਦਾ ਹੈ, ਅਸਫਲ ਰਹਿਣ 'ਤੇ ਤੁਹਾਡੇ ਜੋਖਮ ਅਤੇ ਲਾਗਤਾਂ 'ਤੇ ਬੈਂਕ ਐਕਟ (ਸੁਪਰਾ) ਅਧੀਨ ਮਿਲੇ ਅਧਿਕਾਰਾਂ ਦੀ ਵਰਤੋਂ ਕਰਦਿਆਂ ਹੇਠਾਂ ਦਰਸਾਏ ਸਾਰੇ ਜਾਂ ਕਿਸੇ ਇੱਕ ਢੰਗ ਨਾਲ ਸਕਿਉਰਡ ਕਰਜ਼ਾ ਵਸੂਲਣ ਲਈ ਕਾਰਵਾਈ ਕਰੇਗਾ: -

(ਏ) ਸਕਿਉਰਡ ਐੱਸਟਸ ਦੀ ਵਸੂਲੀ ਲਈ ਵਿਕਰੀ
(ਬੀ) ਸਕਿਉਰਡ ਐੱਸਟਸ ਦੇ ਪ੍ਰਬੰਧ ਨੂੰ ਆਪਣੇ ਹੱਥਾਂ ਵਿੱਚ ਲੈਣ ਸਮੇਤ ਸਕਿਉਰਡ ਐੱਸਟਸ ਦਾ ਕਬਜ਼ਾ ਲੈ ਕੇ ਤਬਦੀਲ ਕਰਨ ਦਾ ਅਧਿਕਾਰ ਸਮੇਤ ਸਕਿਉਰਡ ਐੱਸਟਸ ਦੀ ਵਸੂਲੀ ਲਈ ਵਿਕਰੀ ਰਾਹੀਂ ਤਬਦੀਲ ਕਰਨ ਦਾ ਅਧਿਕਾਰ
(ਸੀ) ਸਕਿਉਰਡ ਐੱਸਟਸ ਦੇ ਪ੍ਰਬੰਧ ਲਈ ਕਿਸੇ ਵਿਅਕਤੀ ਦੀ ਨਿਯੁਕਤੀ
(ਡੀ) ਕਿਸੇ ਸਮੇਂ ਵੀ ਲਿਖਤੀ ਨੋਟਿਸ ਰਾਹੀਂ, ਕਿਸੇ ਵਿਅਕਤੀ ਜਿਸ ਨੇ ਤੁਹਾਡੇ ਕੋਲੋਂ ਕੋਈ ਵੀ ਸਕਿਉਰਡ ਐੱਸਟਸ ਪ੍ਰਾਪਤ ਕੀਤਾ ਹੋਵੇ, ਬੈਂਕ ਨੂੰ ਅਦਾਇਗੀ ਲਈ ਸੱਦਣਾ।

ਅੱਗੇ ਕਿਰਪਾ ਕਰਕੇ ਧਿਆਨ ਦਿੱਤਾ ਜਾਵੇ ਕਿ ਜੇਕਰ ਕਰਜ਼ਦਾਰ/ਗਰੰਟਰ ਇਸ ਨੋਟਿਸ ਦੀ ਪ੍ਰਕਾਸ਼ਨਾ ਮਿਤੀ ਤੋਂ 60 ਦਿਨਾਂ ਦੇ ਅੰਦਰ ਸਾਰੀਆਂ ਮੁਕੰਮਲ ਦੇਣਦਾਰੀਆਂ ਅਦਾ ਕਰਨ 'ਚ ਅਸਫਲ ਰਹਿੰਦੇ ਹਨ ਅਤੇ ਬੈਂਕ (ਸੁਪਰਾ) ਐਕਟ ਦੇ ਸੈਕਸ਼ਨ 13 ਦੇ ਸਬ-ਸੈਕਸ਼ਨ 4 ਅਧੀਨ ਕੋਈ ਕਾਰਵਾਈ ਕਰਦਾ ਹੈ ਤਾਂ ਕਰਜ਼ਦਾਰ/ਗਰੰਟਰਾਂ ਨੂੰ ਬੈਂਕ ਵੱਲੋਂ ਸਹਿਣ ਕੀਤੀਆਂ ਜਾਣ ਵਾਲੀਆਂ ਸਾਰੀਆਂ ਲਾਗਤਾਂ, ਚਾਰਜਿਜ਼, ਖਰਚੇ ਅਦਾ ਕਰਨੇ ਪੈਣਗੇ। ਜੇਕਰ ਸਕਿਉਰਡ ਐੱਸਟਸ ਦੀ ਵਿਕਰੀ ਦੀ ਕਾਰਵਾਈ ਨਾਲ ਬੈਂਕ ਦੇ ਸਾਰੇ ਬਕਾਏ ਮੁਕੰਮਲ ਤੌਰ 'ਤੇ ਵਸੂਲ ਨਹੀਂ ਹੁੰਦੇ ਤਾਂ ਬੈਂਕ ਬਕਾਇਆ ਰਕਮ ਤੁਹਾਡੇ ਅਤੇ ਗਰੰਟਰਾਂ ਅਤੇ ਹੋਰ ਜ਼ਿੰਮੇਵਾਰ ਵਿਅਕਤੀਆਂ ਕੋਲੋਂ ਨਿੱਜੀ ਤੌਰ 'ਤੇ ਵਸੂਲੀ ਕਰਨ ਲਈ ਕਾਰਵਾਈ ਕਰੇਗਾ। ਇਹ ਨੋਟਿਸ ਬੈਂਕ ਨੂੰ ਪ੍ਰਾਪਤ ਅਧਿਕਾਰਾਂ, ਉਪਲਬਧ ਹੱਲ ਅਤੇ ਕਾਨੂੰਨੀ ਰੀਕੋਰਸ ਅਨੁਸਾਰ ਬਿਨਾਂ ਕਿਸੇ ਪੱਖਪਾਤ ਦੇ ਹੈ।

ਮਿਤੀ : 14.11.2025 (ਅਧਿਕਾਰਤ ਅਫਸਰ)

## ਕੋਰਟ ਨੋਟਿਸ




ਜ਼ਿਲ੍ਹਾ ਮੈਰਿਜ ਅਫਸਰ ਤਰਨ ਤਾਰਨ
V/S ਆਮ ਜਨਤਾ

ਵਿਸ਼ਾ: ਵਿਆਹ ਯੋਗਤਾ ਸਰਟੀਫਿਕੇਟ ਜਾਰੀ ਕਰਨ ਬਾਰੇ।
ਬਿਨੈਕਾਰ ਦਾ ਨਾਂਅ: ਹਰਜੀਤ ਕੌਰ, ਪਿਤਾ/ਪਤੀ ਦਾ ਨਾਮ: ਬੂਟਾ ਸਿੰਘ
ਪਤਾ: **VILLAGE PAHUWIND TEHSIL BHIKHIWIND DISTRICT TARN TARAN, Village Pahuwind / Tehsil-Bhikhiwind / District - Tarn Taran, Punjab**
ਉਪਰੋਕਤ ਪ੍ਰਾਰਥੀ ਨੇ ਵਿਆਹ ਯੋਗਤਾ ਸਰਟੀਫਿਕੇਟ ਜਾਰੀ ਕਰਨ ਲਈ ਸੇਵਾ ਕੇਂਦਰ ਵਿੱਚ ਆਪਣੇ ਪੁੱਤਰ ਦੇ ਲਈ ਬਿਨੈ ਪੱਤਰ ਦਿੱਤਾ ਹੈ, ਜਿਸ ਦੇ ਵੇਰਵੇ ਹੇਠ ਲਿਖੇ ਦਿੱਤੇ ਗਏ ਹਨ:-
ਨਾਮ: ਇੰਦਰਜੀਤ ਸਿੰਘ , ਪੱਕਾ ਪਤਾ: **VILLAGE PAHUWIND TEHSIL BHIKHIWIND DISTRICT TARN TARAN, Pahuwind Bhikhiwind, Tarn Taran, Punjab**
ਵਿਦੇਸ਼ੀ ਪਤਾ : **IREZZANO SUL NAVIGLIO VIA SAN CRISTOFORO ITALY** / ਇਰੇਜ਼ਾਨੋ ਸੁਲ ਨੇਵੀਗਲੀਓ ਵਾਇਆ ਸੈਨ ਕ੍ਰਿਸਟ੍ਰੋਫੋਰੋ ਇਟਲੀ
ਉਮਰ, ਜਨਮ ਮਿਤੀ : 25-(26/08/2000)

ਬਿਨੈਕਾਰ ਨੇ ਕਿਹਾ ਹੈ ਕਿ ਉਸ ਦੇ ਪੁੱਤਰ ਦਾ ਭਾਰਤ ਵਿਚ ਕੋਈ ਵਿਆਹੁਤਾ ਸੰਬੰਧ ਨਹੀਂ ਹੈ।


ਆਮ ਲੋਕਾਂ ਨੂੰ ਨੋਟਿਸ ਦਿੱਤਾ ਜਾਂਦਾ ਹੈ ਕਿ ਜੇ ਉਪਰੋਕਤ ਸਰਟੀਫਿਕੇਟ ਜਾਰੀ ਕਰਨ ਬਾਰੇ ਕਿਸੇ ਵੀ ਵਿਅਕਤੀ ਨੂੰ ਕੋਈ ਇਤਰਾਜ਼ ਹੈ ਤਾਂ ਉਹ ਵਿਅਕਤੀ ਜਾਂ ਉਸ ਦੇ ਨੁਮਾਇੰਦੇ ਇਸ ਨੋਟਿਸ ਦੇ ਜਾਰੀ ਹੋਣ ਤੋਂ 30 ਦਿਨਾਂ ਦੇ ਅੰਦਰ-ਅੰਦਰ ਆਪਣਾ ਇਤਰਾਜ਼ (ਸ਼ਿਕਾਇਤ) ਪੇਸ਼ ਕਰ ਸਕਦੇ ਹਨ। ਉਸ ਤੋਂ ਬਾਅਦ ਕੋਈ ਇਤਰਾਜ਼ ਨਹੀਂ ਮੰਨਿਆ ਜਾਵੇਗਾ।
ਇਹ ਇਸ਼ਤਿਹਾਰ ਮੇਰੇ ਦਸਤਖਤਾਂ ਹੇਠ ਅਦਾਲਤੀ ਮੋਹਰ ਨਾਲ ਮਿਤੀ 13.11.2025 ਨੂੰ ਜਾਰੀ ਹੋਇਆ।
ਨੰਬਰ **M.A/MCI/286-288** ਮਿਤੀ: 13/11/2025 ਸਹੀ/- ਜ਼ਿਲ੍ਹਾ ਮੈਰਿਜ ਅਫਸਰ, ਤਰਨ ਤਾਰਨ।

### ਕੋਰਟ ਨੋਟਿਸ, ਜ਼ਿਲ੍ਹਾ ਮੈਰਿਜ ਅਫ਼ਸਰ, ਜਲੰਧਰ V/S ਆਮ ਜਨਤਾ



**ਵਿਸ਼ਾ : ਵਿਆਹ ਯੋਗਤਾ ਸਰਟੀਫਿਕੇਟ ਜਾਰੀ ਕਰਨ ਬਾਰੇ।**
ਬਿਨੈਕਾਰ ਦਾ ਨਾਮ : ਸਤਿਆ ਪਿਤਾ/ਪਤੀ ਦਾ ਨਾਮ : ਚਰਨਜੀਤ
ਪਤਾ: Vpo Sikandarpur Jalandhar, Tehsil -Adampur/District-Jalandhar, Punjab
ਉਪਰੋਕਤ ਪ੍ਰਾਰਥੀ ਨੇ ਵਿਆਹ ਯੋਗਤਾ ਸਰਟੀਫਿਕੇਟ ਜਾਰੀ ਕਰਨ ਲਈ ਸੇਵਾ ਕੇਂਦਰ ਵਿੱਚ ਆਪਣੇ ਪੁੱਤਰ ਦੇ ਲਈ ਬਿਨੈ ਪੱਤਰ ਦਿੱਤਾ ਹੈ। ਜਿਸ ਦੇ ਵੇਰਵੇ ਹੇਠ ਲਿਖੇ ਦਿੱਤੇ ਗਏ ਹਨ।
ਨਾਮ : ਬਲਜਿੰਦਰ ਕੁਮਾਰ ਪੱਕਾ ਪਤਾ: Vpo Sikandarpur Jalandhar, Adampur, Jalandhar, Punjab
ਵਿਦੇਸ਼ੀ ਪਤਾ : Bucuresti Constantin Dragan Nr 27 Sectorul 3 Romania/ ਬੁਕੁਰੇਸਟੀ ਕਾਂਸਟੈਂਟਿਨ ਡ੍ਰੈਗਨ ਐਨ ਆਰ 27 ਸੈਕਟਰੂਲ 3 ਰੋਮਾਨੀਆ
ਉਮਰ/ਜਨਮ ਮਿਤੀ : 34-(19/04/1991)
ਬਿਨੈਕਾਰ ਨੇ ਕਿਹਾ ਹੈ ਕਿ ਉਸਦਾ ਭਾਰਤ ਵਿੱਚ ਕੋਈ ਵਿਆਹੁਤਾ ਸੰਬੰਧ ਨਹੀਂ ਹੈ।
ਆਮ ਲੋਕਾਂ ਨੂੰ ਨੋਟਿਸ ਦਿੱਤਾ ਜਾਂਦਾ ਹੈ ਕਿ ਜੇ ਉਪਰੋਕਤ ਸਰਟੀਫ਼ਿਕੇਟ ਜਾਰੀ ਕਰਨ ਬਾਰੇ ਕਿਸੇ ਵੀ ਵਿਅਕਤੀ ਨੂੰ ਕੋਈ ਇਤਰਾਜ਼ ਹੈ ਤਾਂ ਉਹ ਵਿਅਕਤੀ ਜਾਂ ਉਸਦੇ ਨੁਮਾਇੰਦੇ ਇਸ ਨੋਟਿਸ ਦੇ ਜਾਰੀ ਹੋਣ ਤੋਂ 30 ਦਿਨਾਂ ਦੇ ਅੰਦਰ–ਅੰਦਰ ਆਪਣੀ ਇਤਰਾਜ਼ (ਸ਼ਿਕਾਇਤ)ਪੇਸ਼ ਕਰ ਸਕਦੇ ਹਨ। ਉਸ ਤੋਂ ਬਾਅਦ14.112025 ਨੂੰ ਜਾਰੀ ਹੋਇਆ।
ਨੰਬਰ 90/ਨੰਬਰ/ਰੀਡਰ ਮਿਤੀ 14.11.2025 ਜ਼ਿਲਾ ਮੈਰਿਜ ਅਫ਼ਸਰ,ਜਲੰਧਰ,ਪੰਜਾਬ,ਭਾਰਤ

### ਕੋਰਟ ਨੋਟਿਸ, ਜ਼ਿਲ੍ਹਾ ਮੈਰਿਜ ਅਫ਼ਸਰ, ਜਲੰਧਰ V/S ਆਮ ਜਨਤਾ



**ਵਿਸ਼ਾ : ਵਿਆਹ ਯੋਗਤਾ ਸਰਟੀਫਿਕੇਟ ਜਾਰੀ ਕਰਨ ਬਾਰੇ।**
ਬਿਨੈਕਾਰ ਦਾ ਨਾਮ : ਧਰਮਵੀਰ ਪਿਤਾ/ਪਤੀ ਦਾ ਨਾਮ : ਸੋਹਣ ਲਾਲ
ਪਤਾ: Village Dalla Tehsil Phillaur District Jalandhar, Village - Dalla/ Tehsil - Sub-Tehsil - Nurmahal/District-Jalandhar, Punjab
ਉਪਰੋਕਤ ਪ੍ਰਾਰਥੀ ਨੇ ਵਿਆਹ ਯੋਗਤਾ ਸਰਟੀਫਿਕੇਟ ਜਾਰੀ ਕਰਨ ਲਈ ਸੇਵਾ ਕੇਂਦਰ ਵਿੱਚ ਆਪਣੇ ਭਰਾ ਦੇ ਲਈ ਬਿਨੈ ਪੱਤਰ ਦਿੱਤਾ ਹੈ। ਜਿਸ ਦੇ ਵੇਰਵੇ ਹੇਠ ਲਿਖੇ ਦਿੱਤੇ ਗਏ ਹਨ।
ਨਾਮ : ਰਜਿੰਦਰ ਕੁਮਾਰ ਪੱਕਾ ਪਤਾ: Village Dalla Tehsil Phillaur District Jalandhar, Dalla, Sub-Tehsil-Nurmahal, Jalandhar, Punjab
ਵਿਦੇਸ਼ੀ ਪਤਾ :Av Marquis De Sant Mori 31 39 21 08913 Badalona Barcelona Spain/ ਬਡਾਲੋਨਾ ਬਾਰਸੀਲੋਨਾ ਸਪੇਨ
ਉਮਰ/ਜਨਮ ਮਿਤੀ : 47-(13/02/1978)
ਬਿਨੈਕਾਰ ਨੇ ਕਿਹਾ ਹੈ ਕਿ ਉਸਦਾ ਭਾਰਤ ਵਿੱਚ ਕੋਈ ਵਿਆਹੁਤਾ ਸੰਬੰਧ ਨਹੀਂ ਹੈ।
ਆਮ ਲੋਕਾਂ ਨੂੰ ਨੋਟਿਸ ਦਿੱਤਾ ਜਾਂਦਾ ਹੈ ਕਿ ਜੇ ਉਪਰੋਕਤ ਸਰਟੀਫ਼ਿਕੇਟ ਜਾਰੀ ਕਰਨ ਬਾਰੇ ਕਿਸੇ ਵੀ ਵਿਅਕਤੀ ਨੂੰ ਕੋਈ ਇਤਰਾਜ਼ ਹੈ ਤਾਂ ਉਹ ਵਿਅਕਤੀ ਜਾਂ ਉਸਦੇ ਨੁਮਾਇੰਦੇ ਇਸ ਨੋਟਿਸ ਦੇ ਜਾਰੀ ਹੋਣ ਤੋਂ 30 ਦਿਨਾਂ ਦੇ ਅੰਦਰ–ਅੰਦਰ ਆਪਣੀ ਇਤਰਾਜ਼ (ਸ਼ਿਕਾਇਤ)ਪੇਸ਼ ਕਰ ਸਕਦੇ ਹਨ। ਉਸ ਤੋਂ ਬਾਅਦ10.112025 ਨੂੰ ਜਾਰੀ ਹੋਇਆ।
ਨੰਬਰ 91/ਨੰਬਰ/ਰੀਡਰ ਮਿਤੀ 10.11.2025 ਜ਼ਿਲਾ ਮੈਰਿਜ ਅਫ਼ਸਰ,ਜਲੰਧਰ,ਪੰਜਾਬ,ਭਾਰਤ

## PUBLIC NOTICE

It hereby informs to public at large that Karan Di Hatti has avail loan from AU SMALL FINANCE BANK LIMITED have its branch office at Mukherian. Karan Arora S/o Harish Chander owned Property i.e. Property Measuring 5 Marla Comprising Under Khasra No. 1138/1001 Min, 1138/1001 Min, 1138/1001 Min, Situated at Village Jhaj, Tehsil Mahilpur, District Hoshiarpur. That property is earlier owned by Avtar Singh S/o Sarwan Singh i.e. more than 15 Years and Avtar Singh S/o Sarwan Singh executed a sale deed for property area measuring 5 Marla in favour of Gurdeep Singh S/o Jasvir Singh vide Sale Deed No.668 dated 25.09.2019, which is duly mutated vide mutation no.1087 and Gurdeep Singh S/o Jasvir Singh executed a sale deed for property area measuring 5 Marla in favour of Indu Bala W/o Harish Chander vide Sale Deed No. 1254 dated 24.02.2020, which is duly mutated vide mutation no. 1090 and Indu Bala W/o Harish Chander executed a transfer deed for property area measuring 5 Marla in favour of Karan Arora S/o Harish Chander vide Transfer Deed No.368 dated 10.08.2022, which is duly mutated vide mutation no.1103. Earlier Sale Deed No.668 dated 25.09.2019 is lost and not traceable. There is no third party interest involve in owner and title is clear. If anybody have any Objection regarding the ownership of the property mention below then may contact to undersigned and anybody having claim or claiming any prior rights or interest in any manner in this property or has raised Loan by depositing the aforesaid document to any person/bank/corporation/financial institution may approach the Lalit Kakkar (Advocate) Off. : Chamber No. 24, New Courts, Jalandhar. M.No. 98761-07449 and submit objection within 7 days from the date of this notice. After the expiry of period of this no claim shall be entertained and such claim shall be deemed to be false, fake, frivolous, fraudulent and baseless claim and shall have no value in the eyes of law.

## PUBLIC NOTICE

It hereby informs to public at large that Chandandeep Singh has avail loan from AU SMALL FINANCE BANK LIMITED have its branch office at Mukherian. Chandandeep Singh S/o Malkit Singh alias Malkiat Sing owned Property i.e. Property Measuring 17 Marla 3 Sarsai Comprising Under Khasra No. 10//7/2, 10//13/2/2 Situated at Village Bub, Tehsil Sham Churasi, District Hoshiarpur. That property is earlier owned by Malkit Singh S/o Mehanga Ram under Khasra No.10//13/2/2, Sukhwinder Singh S/o Malkit Singh and Chandandeep Singh S/o Malkit Singh under Khasra No.10//7/2 i.e. more than 15 Years. That Chandandeep Singh S/o Malkit Singh executed a Transfer Deed for property area measuring 4.66 Marla (under Khasra No.10//7/2) in favour of Malkit Singh alias Malkiat Singh S/o Mehanga Ram vide Transfer Deed No. 2288 dated 18.07.2019, which is duly mutated vide mutation no. 1236.That Sukhwinder Singh S/o Malkit Singh alias Malkiat Singh and Malkit Singh alias Malkiat Singh S/o Mehanga Ram executed a Transfer deed for property area measuring 17 Marla 3 Sarsai in favour of Chandandeep Singh S/o Malkit Singh alias Malkiat Singh vide Transfer Deed No.620 dated 11.02.2025, which is duly mutated vide mutation no.1263. Earlier Sale Deed No. 2288 dated 18.07.2019 is lost and not traceable. There is no third party interest involve in owner and title is clear. If anybody have any Objection regarding the ownership of the property mention below then may contact to undersigned and anybody having claim or claiming any prior rights or interest in any manner in this property or has raised Loan by depositing the aforesaid document to any person/bank/corporation/financial institution may approach the Lalit Kakkar (Advocate) Off. : Chamber No. 24, New Courts, Jalandhar. M.No. 98761-07449 and submit objection within 7 days from the date of this notice. After the expiry of period of this no claim shall be entertained and such claim shall be deemed to be false, fake, frivolous, fraudulent and baseless claim and shall have no value in the eyes of law.

# ਰਾਜਪਾਲ ਨੇ ਸ੍ਰੀ ਗੁਰੂ ਤੇਗ ਬਹਾਦਰ ਜੀ ਦੀ ਮਹਾਨ ਕੁਰਬਾਨੀ ਦੀ ਕੀਤੀ ਸ਼ਲਾਘਾ



**ਚੰਡੀਗੜ੍ਹ (ਗੁਰਜੀਤ ਬਿੱਲਾ, ਕ੍ਰਿਸ਼ਨ ਗਰਗ)**- ਪੰਜਾਬ ਦੇ ਰਾਜਪਾਲ ਗੁਲਾਬ ਚੰਦ ਕਟਾਰੀਆ ਨੇ ਰਿਆਤ ਬਾਹਰਾ ਯੂਨੀਵਰਸਿਟੀ ਵਿਖੇ ਗੁਰੂ ਤੇਗ ਬਹਾਦਰ ਜੀ ਨੂੰ ਸ਼ਰਧਾ ਦੇ ਫੁੱਲ ਭੇਟ ਕੀਤੇ ਅਤੇ ਕਿਹਾ ਕਿ ਉਨ੍ਹਾਂ ਨੇ ਕਸ਼ਮੀਰੀ ਪੰਡਿਤਾਂ ਦੀ ਰੱਖਿਆ ਲਈ ਮਹਾਨ ਕੁਰਬਾਨੀ ਦਿੱਤੀ ਸੀ। ਰਿਆਤ ਬਾਹਰਾ ਯੂਨੀਵਰਸਿਟੀ ਵਿਖੇ ਧਰਮ ਰੱਖਿਅਕ ਯਾਤਰਾ ਦਾ ਸਵਾਗਤ ਕਰਦਿਆਂ, ਉਸ ਨੇ ਕਿਹਾ ਕਿ ਗੁਰੂ ਤੇਗ ਬਹਾਦਰ ਜੀ ਵੱਲੋਂ ਦਿੱਤੀ ਗਈ ਸਰਵੋਚ ਬਲੀਦਾਨ ਇਤਿਹਾਸ ਵਿੱਚ ਬੇਮਿਸਾਲ ਹੈ।ਰਾਜਪਾਲ ਨੇ ਕਿਹਾ ਕਿ ਸ੍ਰੀ ਗੁਰੂ ਤੇਗ ਬਹਾਦਰ ਸਾਹਿਬ ਜੀ ਦੀ ਸ਼ਹਾਦਤ ਮਨੁੱਖੀ ਅਧਿਕਾਰਾਂ ਅਤੇ ਧਰਮ ਦੀ ਆਜ਼ਾਦੀ ਦੀ ਰੱਖਿਆ ਲਈ ਇੱਕ ਸਦੀਵੀ ਪ੍ਰੇਰਨਾ ਹੈ।ਉਨ੍ਹਾਂ ਕਿਹਾ ਕਿ ਗੁਰੂ ਜੀ ਦੇ ਸ਼ਹੀਦੀ ਦਿਵਸ ਨੂੰ ਮਨਾਉਣ ਲਈ ਸਿਰਫ਼ ਪੰਜਾਬ ਵਿੱਚ ਹੀ ਨਹੀਂ ਸਗੋਂ ਪੂਰੇ ਦੇਸ਼ ਵਿੱਚ ਸਮਾਗਮ ਕਰਵਾਏ ਜਾ ਰਹੇ ਹਨ। ਰਾਜਪਾਲ ਨੇ ਦਿੱਲੀ ਸਿੱਖ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਪ੍ਰਧਾਨ ਹਰਮੀਤ ਸਿੰਘ ਕਾਲਕਾ ਅਤੇ ਹੋਰ ਅਹੁਦੇਦਾਰਾਂ ਨੂੰ ਸਨਮਾਨਤ ਵੀ ਕੀਤਾ।ਉਨ੍ਹਾਂ ਯਾਤਰਾ ਵਿੱਚ ਹਿੱਸਾ ਲੈਣ ਵਾਲੇ ਸ਼ਰਧਾਲੂਆਂ ਨੂੰ ਆਪਣੀਆਂ ਸ਼ੁਭਕਾਮਨਾਵਾਂ ਵੀ ਦਿੱਤੀਆਂ। ਇਸ ਮੌਕੇ ਯਾਤਰਾ ਵਿੱਚ ਹਿੱਸਾ ਲੈਣ ਵਾਲੇ ਸ਼ਰਧਾਲੂਆਂ ਨੂੰ ਰਿਆਤ ਬਾਹਰਾ ਯੂਨੀਵਰਸਿਟੀ ਵਿਖੇ ਲੰਗਰ ਵਰਤਾਇਆ ਗਿਆ। ਇਸ ਲੰਗਰ ਦਾ ਆਯੋਜਨ ਯੂਆਇਟਿਡ ਐਸੋਸੀਏਸ਼ਨ ਆਫ ਕਾਲਜਿਜ਼ ਪੰਜਾਬ,ਪੰਜਾਬ ਅਨਏਡਿਡ ਕਾਲਜਿਜ਼ ਐਸੋਸੀਏਸ਼ਨ, ਫੈਡਰੇਸ਼ਨ ਆਫ ਪ੍ਰਾਈਵੇਟ ਸਕੂਲਜ਼ ਪੰਜਾਬ, ਫੈਡਰੇਸ਼ਨ ਆਫ ਸੈਲਫ-ਫਾਈਨਾਂਸ ਕਾਲਜਿਜ਼ ਆਫ ਐਜੂਕੇਸ਼ਨ ਅਤੇ ਪੀ ਪੀ ਆਈ ਏ ਵੱਲੋਂ ਕੀਤਾ ਗਿਆ। ਇਸ ਮੌਕੇ ਮੌਜੂਦ ਪ੍ਰਮੁੱਖ ਵਿਅਕਤੀਆਂ ਵਿੱਚ ਸਤਨਾਮ ਸਿੰਘ ਸੰਧੂ,ਚੇਅਰਮੈਨ ਚੰਡੀਗੜ੍ਹ ਯੂਨੀਵਰਸਿਟੀ ਅਤੇ ਮੈਂਬਰ ਰਾਜ ਸਭਾ, ਡਾ ਅੰਸ਼ੂ ਕਟਾਰੀਆ , ਨਿਰਮਲ ਸਿੰਘ, ਸੁਸ਼ੀਲ ਬਾਂਸਲ,ਐੱਸ ਐੱਸ ਚੱਠਾ,ਕਮਲ ਤਿਵਾੜੀ, ਐਮ.ਐਸ ਚੱਠਾ, ਸੁਸ਼ੀਲ ਬਾਂਸਲ ਅਤੇ ਕਰਨਬੀਰ ਸਿੰਘ ਟਿਵਾਣਾ ਹਾਜ਼ਰ ਸਨ। ਸ੍ਰੀ ਗੁਰੂ ਤੇਗ ਬਹਾਦਰ ਸਾਹਿਬ ਜੀ ਅਤੇ ਉਹਨਾਂ ਦੇ ਤਿੰਨ ਸ਼ਰਧਾਲੂ ਸਾਥੀਆਂ-ਭਾਈ ਮਤੀ ਦਾਸ ਜੀ, ਭਾਈ ਸਤੀ ਦਾਸ ਜੀ ਅਤੇ ਭਾਈ ਦਿਆਲ ਜੀ ਦੇ 350ਵੇਂ ਸ਼ਹੀਦੀ ਪੁਰਬ ਨੂੰ ਸਮਰਪਿਤ ਧਰਮ ਰੱਖਿਅਕ ਯਾਤਰਾ ਗੁਰਦੁਆਰਾ ਗੁਰੂ ਨੰਦ ਕੇ ਮਹਿਲ, ਸ੍ਰੀ ਆਨੰਦਪੁਰ ਸਾਹਿਬ ਤੋਂ ਸ਼ੁਰੂ ਹੋਈ।

# ਸਾਂਝਾ ਫਰੰਟ ਵੱਲੋਂ ਭਲਕ ਦੀ ਰੈਲੀ 'ਚ ਪੈਨਸ਼ਨਰ ਹੋਣਗੇ ਸ਼ਾਮਲ



**ਜਲੰਧਰ (ਰਾਜੇਸ਼ ਥਾਪਾ)**- ਪੰਜਾਬ ਪੈਨਸ਼ਨਰਜ਼ ਵੈਲਫੇਅਰ ਐਸੋਸੀਏਸ਼ਨ ਦੀ ਮਾਸਿਕ ਮੀਟਿੰਗ ਪ੍ਰਧਾਨ ਮੋਹਣ ਸਿੰਘ ਭੱਟੀ ਦੀ ਪ੍ਰਧਾਨਗੀ ਹੇਠ ਕੀਤੀ ਗਈ। ਮੀਟਿੰਗ ਦੇ ਸ਼ੁਰੂ ਵਿੱਚ ਪਿਛਲੇ ਦਿਨਾਂ ਵਿੱਚ ਸਦੀਵੀ ਵਿਛੋੜਾ ਦੇ ਗਏ ਪੈਨਸ਼ਨਰ ਲੈਂਬਰ ਚੰਦ ਹੈੱਡ ਮਾਸਟਰ, ਸਾਬਕਾ ਵਿਧਾਇਕ ਤਰਲੋਚਨ ਸਿੰਘ ਸੂੰਢ ਆਦਿ ਦੇ ਪਰਵਾਰਾਂ ਨਾਲ ਗਹਿਰੇ ਦੁੱਖ ਦਾ ਪ੍ਰਗਟਾਵਾ ਕਰਦੇ ਹੋਏ ਮੋਨ ਧਾਰ ਕੇ ਸ਼ਰਧਾਂਜਲੀ ਭੇਟ ਕੀਤੀ ਗਈ। ਐਸੋਸੀਏਸ਼ਨ ਦੇ ਜਿਹਨਾਂ ਮੈਂਬਰਾਂ ਦਾ ਜਨਮ ਦਿਨ ਨਵੰਬਰ ਮਹੀਨੇ ਵਿੱਚ ਆਉਂਦਾ ਹੈ, ਉਹਨਾਂ ਨੂੰ ਜਨਮ ਦਿਨ ਦੀਆਂ ਮੁਬਾਰਕਾਂ ਦਿੰਦੇ ਹੋਏ, ਉਹਨਾਂ ਦੀ ਤੰਦਰੁਸਤੀ ਅਤੇ ਖੁਸ਼ੀਆਂ ਭਰਪੂਰ ਲੰਬੀ ਉਮਰ ਦੀ ਕਾਮਨਾ ਕੀਤੀ ਗਈ। ਮੀਟਿੰਗ ਦੀ ਸਮੁੱਚੀ ਕਾਰਵਾਈ ਨੂੰ ਐਸੋਸੀਏਸ਼ਨ ਦੇ ਜਨਰਲ ਸਕੱਤਰ ਕੁਲਦੀਪ ਸਿੰਘ ਕੌੜਾ ਨੇ ਚਲਾਇਆ। ਪ੍ਰੈੱਸ ਨੂੰ ਜਾਣਕਾਰੀ ਦਿੰਦੇ ਹੋਏ ਜਨਰਲ ਸਕੱਤਰ ਕੁਲਦੀਪ ਸਿੰਘ ਕੌੜਾ ਨੇ ਦੱਸਿਆ ਕਿ ਮੀਟਿੰਗ ਵਿੱਚ ਹਾਜ਼ਰ ਮੈਂਬਰਾਂ ਨੇ ਸਾਂਝੇ ਤੌਰ 'ਤੇ ਸਰਕਾਰ ਵੱਲੋਂ ਮੁਲਾਜ਼ਮਾਂ ਅਤੇ ਪੈਨਸ਼ਨਰਾਂ ਦੀਆਂ ਮੰਗਾਂ ਪ੍ਰਤੀ ਦਿਖਾਈ ਜਾ ਰਹੀ ਬੇਰੁਖ਼ੀ ਦੀ ਜ਼ੋਰਦਾਰ ਢੰਗ ਨਾਲ ਤਿੱਖੀ ਨਿੰਦਿਆ ਕਰਦੇ ਹੋਏ ਕਿਹਾ ਕਿ ਪੰਜਾਬ ਮੁਲਾਜ਼ਮ ਅਤੇ ਪੈਨਸ਼ਨਰਜ਼ ਸਾਂਝਾ ਫਰੰਟ ਵੱਲੋਂ 16 ਨਵੰਬਰ ਨੂੰ ਮੁੱਖ ਮੰਤਰੀ ਪੰਜਾਬ ਦੇ ਹਲਕੇ ਧੂਰੀ ( ਸੰਗਰੂਰ) ਵਿਖੇ ਕੀਤੀ ਜਾ ਰਹੀ ਸੂਬਾਈ ਰੈਲੀ ਵਿੱਚ ਪੈਨਸ਼ਨਰ ਵੱਧ ਚੜ੍ਹ ਕੇ ਸ਼ਮੂਲੀਅਤ ਕਰਨਗੇ। ਇਸ ਸਮੇਂ ਹੋਰਨਾਂ ਤੋਂ ਇਲਾਵਾ ਐਸੋਸੀਏਸ਼ਨ ਦੇ ਪ੍ਰਧਾਨ ਮੋਹਣ ਸਿੰਘ ਭੱਟੀ, ਜਨਰਲ ਸਕੱਤਰ ਕੁਲਦੀਪ ਸਿੰਘ ਕੌੜਾ, ਸੀਨੀਅਰ ਮੀਤ ਪ੍ਰਧਾਨ ਪ੍ਰਮੋਦ ਕੁਮਾਰ ਜੋਸ਼ੀ, ਐਡੀਟਰ ਕ੍ਰਿਸ਼ਨ ਗੋਪਾਲ ਚੋਪੜਾ, ਜੁਆਇੰਟ ਸਕੱਤਰ ਸਤਪਾਲ ਸਿੰਘ ਖੱਟਕੜ, ਵਿੱਤ ਸਕੱਤਰ ਗੁਰਨਾਮ ਸਿੰਘ ਸੈਣੀ, ਕੇ ਕੇ ਪਾਂਡੇ,ਅਸ਼ਵਨੀ ਕੁਮਾਰ ਆਦਿ ਪੈਨਸ਼ਨਰ ਸਾਥੀ ਹਾਜ਼ਰ ਸਨ।

# ਸੂਬੇ ਦੇ ਪੇਂਡੂ ਵਿਕਾਸ 'ਚ ਤੇਜੀ ਲਈ 332 ਕਰੋੜ ਦਾ ਇਤਿਹਾਸਕ ਫੰਡ ਜਾਰੀ : ਚੀਮਾ



**ਚੰਡੀਗੜ੍ਹ (ਗੁਰਜੀਤ ਬਿੱਲਾ)**- ਪੰਜਾਬ ਦੇ ਵਿੱਤ ਮੰਤਰੀ, ਐਡਵੋਕੇਟ ਹਰਪਾਲ ਸਿੰਘ ਚੀਮਾ ਨੇ ਇਥੇ ਪੰਜਾਬ ਦੇ ਪੇਂਡੂ ਖੇਤਰਾਂ ਵਿੱਚ ਜ਼ਮੀਨੀ ਪੱਧਰ 'ਤੇ ਵਿਕਾਸ ਨੂੰ ਤੇਜ਼ ਕਰਨ, ਜ਼ਰੂਰੀ ਸੇਵਾਵਾਂ ਨੂੰ ਬਿਹਤਰ ਬਣਾਉਣ ਅਤੇ ਸੂਬੇ ਦੀਆਂ ਗ੍ਰਾਮ ਪੰਚਾਇਤਾਂ ਨੂੰ ਸਸ਼ਕਤ ਬਣਾਉਣ ਲਈ ਵੱਖ-ਵੱਖ ਵਿਕਾਸ ਕਾਰਜਾਂ ਲਈ 332 ਕਰੋੜ ਰੁਪਏ ਦੀ ਮਹੱਤਵਪੂਰਨ ਕਿਸ਼ਤ ਜਾਰੀ ਕਰਨ ਦਾ ਐਲਾਨ ਕੀਤਾ। ਉਨ੍ਹਾਂ ਕਿਹਾ ਕਿ ਇਸੇ ਲੜੀ ਵਿੱਚ 334 ਕਰੋੜ ਰੁਪਏ ਦੀ ਅਗਲੀ ਕਿਸ਼ਤ ਦਸੰਬਰ ਦੇ ਅੰਤ ਤੱਕ ਜਾਂ ਜਨਵਰੀ ਦੇ ਪਹਿਲੇ ਹਫ਼ਤੇ ਜਾਰੀ ਕਰ ਦਿੱਤੀ ਜਾਵੇਗੀ, ਤਾਂ ਜੋ ਪੇਂਡੂ ਵਿਕਾਸ ਲਈ ਸਰੋਤਾਂ ਦਾ ਨਿਰੰਤਰ ਪ੍ਰਵਾਹ ਯਕੀਨੀ ਬਣਾਇਆ ਜਾ ਸਕੇ।ਇੱਥੇ ਪੰਜਾਬ ਭਵਨ ਵਿਖੇ ਪ੍ਰੈੱਸ ਕਾਨਫਰੰਸ ਨੂੰ ਸੰਬੋਧਨ ਕਰਦਿਆਂ ਵਿੱਤ ਮੰਤਰੀ ਹਰਪਾਲ ਸਿੰਘ ਚੀਮਾ ਨੇ ਕਿਹਾ ਕਿ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਦੀ ਅਗਵਾਈ ਵਾਲੀ ਪੰਜਾਬ ਸਰਕਾਰ ਨੇ ਸੂਬੇ ਦੀ ਵਾਗਡੋਰ ਸੰਭਾਲਣ ਦੇ ਪਹਿਲੇ ਦਿਨ ਤੋਂ ਹੀ ਵਿਕਾਸ ਕਾਰਜ ਸ਼ੁਰੂ ਕਰ ਦਿੱਤੇ ਸਨ ਅਤੇ ਇਸੇ ਲੜੀ ਵਿੱਚ ਇਸ ਕਿਸ਼ਤ ਦੀ ਵਰਤੋਂ ਪਿੰਡਾਂ ਵਿੱਚ ਸੈਨੀਟੇਸ਼ਨ ਬਾਕਸ ਸਥਾਪਤ ਕਰਨ ਸਮੇਤ ਗ੍ਰਾਮ ਪੰਚਾਇਤਾਂ ਦੇ ਵੱਖ-ਵੱਖ ਵਿਕਾਸ ਕਾਰਜਾਂ ਲਈ ਕੀਤੀ ਜਾਵੇਗੀ।ਜਾਰੀ ਕੀਤੇ ਗਏ ਫੰਡਾਂ ਦਾ ਵੇਰਵੇ ਦਿੰਦੇ ਹੋਏ ਵਿੱਤ ਮੰਤਰੀ ਨੇ ਕਿਹਾ ਕਿ 332 ਕਰੋੜ ਰੁਪਏ ਦੀ ਕੁੱਲ ਕਿਸ਼ਤ ਨੂੰ ਰਣਨੀਤਕ ਤੌਰ ਤੇ ਟਾਈਡ ਅਤੇ ਅਨਟਾਈਡ ਫੰਡਾਂ ਵਿੱਚ ਵੰਡਿਆ ਗਿਆ ਹੈ ਤਾਂ ਜੋ ਆਮ ਸਥਾਨਕ ਵਿਕਾਸ ਅਤੇ ਖਾਸ ਲਾਜ਼ਮੀ ਸੈਨੀਟੇਸ਼ਨ ਕਾਰਜਾਂ ਨੂੰ ਯਕੀਨੀ ਬਣਾਇਆ ਜਾ ਸਕੇ।

# ਤਲਵੰਡੀ ਗੋਨੀ ਵਿਖੇ ਖੁਸ਼ੀ ਦਾ ਮਾਹੌਲ



**ਭੋਗਪੁਰ (ਗੁਰਪ੍ਰੀਤ ਸਿੰਘ ਭੋਗਲ)**- ਦੀ ਲੈਂਡਮਾਰਕ ਸਕੂਲ ਭੋਗਪੁਰ ਦੇ ਵਿਦਿਆਰਥੀ ਗੋਬਿੰਦ ਸਿੰਘ ਨੇ ਇੰਟਰਨੈਸ਼ਨਲ ਕਰਾਟੇ ਚੈਂਪੀਅਨਸ਼ਿਪ ਜਿੱਤ ਕੇ ਕੀਤਾ ਸਕੂਲ ਦਾ ਨਾਮ ਰੋਸ਼ਨ ਕੀਤਾ। ਜਿਸ ਵਿੱਚ ਗੋਬਿੰਦ ਸਿੰਘ ਨੇ ਸਿਲਵਰ ਮੈਡਲ ਜਿੱਤਿਆ। ਕੋਬਰਾ ਕਰਾਟੇ ਸੈਂਟਰ ਵੱਲੋਂ ਮਲੇਸ਼ੀਆ ਵਿੱਚ ਕਰਾਟੇ ਚੈਂਪੀਅਨਸ਼ਿਪ ਕਰਵਾਈ ਗਈ, ਜਿਸ ਵਿੱਚ ਸਿੰਗਾਪੁਰ, ਉਜ਼ਬੇਕਿਸਤਾਨ, ਬੰਗਲਾਦੇਸ਼, ਸ਼੍ਰੀਲੰਕਾ, ਭਾਰਤ, ਇੰਡੋਨੇਸ਼ੀਆ, ਮਲੇਸ਼ੀਆ ਆਦਿ ਦੇਸ਼ਾਂ ਦੇ ਬੱਚਿਆਂ ਨੇ ਹਿੱਸਾ ਲਿਆ। ਕੋਚ ਜਤਿੰਦਰ ਕੁਮਾਰ, ਮੁੱਖ ਕੋਚ ਰੰਜੀਵ ਕੁਮਾਰ ਨਾਗਪਾਲ ਦੀ ਨਿਗਰਾਨੀ ਹੇਠ ਬੱਚਿਆਂ ਦੇ ਕਰਾਟੇ ਮੁਕਾਬਲੇ ਕਰਵਾਏ ਗਏ ਜਿਸ ਵਿੱਚ ਦੀ ਲੈਂਡਮਾਰਕ ਸਕੂਲ ਦੇ ਵਿਦਿਆਰਥੀਆਂ ਕਰਨਵੀਰ ਸਿੰਘ ਨੇ ਗੋਲਡ ਮੈਡਲ ਅਤੇ ਗੋਬਿੰਦ ਸਿੰਘ ਨੇ ਸਿਲਵਰ ਮੈਡਲ ਜਿੱਤਿਆ। ਸਕੂਲ ਦੇ ਚੇਅਰਮੈਨ ਇੰਜੀਨੀਅਰ ਸੁਖਵਿੰਦਰ ਸਿੰਘ ਅਤੇ ਪ੍ਰਿੰਸੀਪਲ ਸੋਨਮ ਸ਼ਰਮਾ ਨੇ ਬੱਚਿਆਂ ਦਾ ਏਅਰਪੋਰਟ 'ਤੇ ਸਵਾਗਤ ਕੀਤਾ। ਬੱਚਿਆਂ ਅਤੇ ਉਨਾਂ ਦੇ ਕੋਚ ਨੂੰ ਮੁਬਾਰਕਬਾਦ ਵੀ ਦਿੱਤੀ। ਇਸ ਮੌਕੇ ਭੋਗਪੁਰ ਦੇ ਇਲਾਕੇ ਵਿੱਚ ਖੁਸ਼ੀ ਦੀ ਲਹਿਰ ਪਾਈ ਗਈ, ਜਿੱਥੇ ਕਿ ਉਹਨਾਂ ਦੇ ਜੱਦੀ ਪਿੰਡ ਤਲਵੰਡੀ ਗੋਨੀ ਵਿਖੇ ਵਾਪਸ ਪਰਤਣ 'ਤੇ ਪਿੰਡ ਵਾਸੀਆਂ ਵਲੋਂ ਢੋਲ ਨਾਲ ਸਵਾਗਤ ਕੀਤਾ ਗਿਆ, ਬੱਚਿਆਂ ਨੇ ਆਪਣੇ ਮਾਤਾ ਪਿਤਾ ਦਾ ਵੀ ਅਸ਼ੀਰਵਾਦ ਪ੍ਰਾਪਤ ਕੀਤਾ ਅਤੇ ਗੁਰਦੁਆਰਾ ਸਾਹਿਬ ਵਿਖੇ ਨਤਮਸਤਕ ਹੋ ਕੇ ਅਰਦਾਸ ਬੇਨਤੀ ਵੀ ਕੀਤੀ ਗਈ।

# ਮਿੱਡ ਡੇ ਮੀਲ ਵਰਕਰਾਂ ਦਾ ਮਾਣ ਭੱਤਾ ਦੁੱਗਣਾ ਕਰਨ ਦੀ ਮੰਗ

**ਜਲੰਧਰ (ਰਾਜੇਸ਼ ਥਾਪਾ)**- ਸਰਕਾਰੀ ਸਕੂਲਾਂ ਵਿੱਚ ਪੜ੍ਹਦੇ ਬੱਚਿਆਂ ਨੂੰ ਦੁਪਹਿਰ ਦਾ ਭੋਜਨ ਬਣਾ ਕੇ ਖਵਾਉਣ ਵਾਲੀਆਂ ਮਿਡ ਡੇ ਮੀਲ ਵਰਕਰਾਂ ਦਾ ਮਾਣ ਭੱਤਾ ਸਿਰਫ਼ 1500/- ਰੁਪਏ ਜਾਰੀ ਕਰਨ ਦੀ ਤਿੱਖੀ ਨਿਖੇਧੀ ਕਰਦੇ ਹੋਏ ਮਿੱਡ ਡੇ ਮੀਲ ਵਰਕਰਜ਼ ਯੂਨੀਅਨ ਪੰਜਾਬ ਦੀ ਸੂਬਾ ਪ੍ਰਧਾਨ ਬਿਮਲਾ ਦੇਵੀ ਫਾਜ਼ਿਲਕਾ ਅਤੇ ਜਨਰਲ ਸਕੱਤਰ ਕਮਲਜੀਤ ਕੌਰ ਹੁਸ਼ਿਆਰਪੁਰ ਨੇ ਪ੍ਰੈੱਸ ਬਿਆਨ ਜਾਰੀ ਕਰਦੇ ਹੋਏ ਕਿਹਾ ਕਿ ਚੋਣਾਂ ਤੋਂ ਪਹਿਲਾਂ ਸਰਕਾਰ ਦੇ ਪ੍ਰਮੁੱਖ ਆਗੂਆਂ ਨੇ ਮਿੱਡ ਡੇ ਮੀਲ ਵਰਕਰਾਂ ਦਾ ਮਾਣ ਭੱਤਾ ਸਰਕਾਰ ਬਣਦੇ ਸਾਰ ਦੁੱਗਣਾ ਕਰਨ ਦਾ ਵਾਅਦਾ ਕੀਤਾ ਸੀ,ਪਰ ਲਗਾਤਾਰ ਸੰਘਰਸ਼ ਕਰਨ ਦੇ ਬਾਵਜੂਦ ਵੀ ਸਰਕਾਰ ਨੇ ਮਿੱਡ ਡੇ ਮੀਲ ਵਰਕਰਾਂ ਦਾ ਅਜੇ ਤੱਕ ਮਾਣ ਭੱਤਾ ਦੁੱਗਣਾ ਨਹੀਂ ਕੀਤਾ,ਉਲਟਾ 3000/- ਰੁਪਏ ਮਿਲਦੇ ਨਿਗੂਣੇ ਜਿਹੇ ਮਾਣ ਭੱਤੇ ਵਿੱਚੋਂ ਵੀ ਕਟੌਤੀ ਕਰਕੇ ਸਿਰਫ 1500/- ਰੁਪਏ ਮਾਣ ਭੱਤਾ ਭੇਜਣ ਦੀ ਨਿਖੇਧੀ ਕਰਦੇ ਹੋਏ ਮੰਗ ਕੀਤੀ ਕਿ ਮਾਣ ਭੱਤੇ ਦਾ ਬਕਾਇਆ 1500/- ਰੁਪਏ ਬਕਾਇਆ ਤੁਰੰਤ ਭੇਜਦੇ ਹੋਏ ਆਪਣੇ ਕੀਤੇ ਹੋਏ ਚੋਣ ਵਾਅਦੇ ਅਨੁਸਾਰ ਮਿੱਡ ਡੇ ਮੀਲ ਵਰਕਰਾਂ ਦਾ ਮਾਣ ਭੱਤਾ ਦੁੱਗਣਾ ਕਰਦੇ ਹੋਏ ਮਿੱਡ ਡੇ ਮੀਲ ਵਰਕਰਾਂ ਨੂੰ ਤੁਰੰਤ ਰਾਹਤ ਦੇਣ ਦੇ ਉਪਰਾਲੇ ਕੀਤੇ ਜਾਣ। ਆਗੂਆਂ ਨੇ ਮਿੱਡ ਡੇ ਮੀਲ ਵਰਕਰਾਂ ਨੂੰ ਅਪੀਲ ਵੀ ਕੀਤੀ ਕਿ 30 ਨਵੰਬਰ ਨੂੰ ਦੇਸ਼ ਭਗਤ ਯਾਦਗਾਰ ਹਾਲ ਜਲੰਧਰ ਵਿਖੇ ਜੋ ਸੂਬਾਈ ਜਥੇਬੰਦਕ ਕਨਵੈਨਸ਼ਨ ਕੀਤੀ ਜਾ ਰਹੀ ਹੈ,ਉਸ ਵਿੱਚ ਹਰ ਜ਼ਿਲ੍ਹੇ ਤੋਂ ਵੱਧ ਤੋਂ ਵੱਧ ਗਿਣਤੀ ਵਿੱਚ ਜ਼ਰੂਰ ਪਹੁੰਚੋ ਤਾਂ ਜੋ ਵਿਚਾਰ ਵਟਾਂਦਰਾ ਕਰਨ ਉਪਰੰਤ ਮਿੱਡ ਡੇ ਮੀਲ ਵਰਕਰਜ਼ ਯੂਨੀਅਨ ਦੀ ਨਵੇਂ ਸਿਰੇ ਤੋਂ ਚੋਣ ਕਰਦੇ ਹੋਏ ਅਗਲੇ ਤਿੱਖੇ ਸੰਘਰਸ਼ ਦਾ ਐਲਾਨ ਕੀਤਾ ਜਾ ਸਕੇ।ਇਸ ਸਮੇਂ ਹੋਰਨਾਂ ਤੋਂ ਇਲਾਵਾ ਪ੍ਰਵੀਨ ਬਾਲਾ ਫ਼ਤਹਿਗੜ੍ਹ ਸਾਹਿਬ, ਇਕਬਾਲ ਕੌਰ ਪਟਿਆਲਾ, ਮਮਤਾ ਸੈਦਪੁਰ ਕਪੂਰਥਲਾ, ਆਸ਼ਾ ਰਾਣੀ ਹੁਸ਼ਿਆਰਪੁਰ, ਕਮਲੇਸ਼ ਕੌਰ ਰੋਪੜ, ਕਰਮਜੀਤ ਰਾਏਸਰ, ਸਿਮਰਨਜੀਤ ਪਾਸਲਾ ਜਲੰਧਰ, ਜਸਵੀਰ ਕੌਰ ਤਰਨ ਤਾਰਨ, ਸਿੰਬਲ ਕੌਰ ਫਰੀਦਕੋਟ, ਰਿੰਪੀ ਰਾਣੀ ਨਵਾਂਸ਼ਹਿਰ, ਜਸਵੀਰ ਕੌਰ ਲੁਧਿਆਣਾ, ਸੰਤੋਸ਼ ਪਾਸੀਂ ਪਠਾਨਕੋਟ,ਕੁਲਵਿੰਦਰ ਕੌਰ ਮੋਹਾਲੀ ਆਦਿ ਤੋਂ ਇਲਾਵਾ ਮਿੱਡ ਡੇ ਮੀਲ ਵਰਕਰਜ਼ ਯੂਨੀਅਨ ਪੰਜਾਬ ਦੇ ਮੁੱਖ ਸਲਾਹਕਾਰ ਅਤੇ ਪ ਸ ਸ ਫ ਦੇ ਸੂਬਾ ਜਨਰਲ ਸਕੱਤਰ ਤੀਰਥ ਸਿੰਘ ਬਾਸੀ ਆਦਿ ਹਾਜ਼ਰ ਹੋਏ।

# ਪੰਜਾਬ ਮਨੁੱਖੀ ਅਧਿਕਾਰ ਕਮਿਸ਼ਨ ਨੇ ਬੇਲੋੜੀਆਂ ਫੀਸਾਂ ਦੇ ਮੁੱਦੇ 'ਤੇ ਦਿੱਤਾ ਦਖਲ

**ਚੰਡੀਗੜ੍ਹ** : ਨਿੱਜੀ ਸਕੂਲਾਂ ਵੱਲੋਂ ਵਿਭਾਗੀ ਪ੍ਰਵਾਨਗੀ ਤੋਂ ਬਿਨਾਂ ਮਾਪਿਆਂ ਤੋਂ ਵਸੂਲੀਆਂ ਜਾਂਦੀਆਂ ਬੇਲੋੜੀਆਂ ਫੀਸਾਂ 'ਚ ਕਟੌਤੀ ਕਰਾਉਣ ਲਈ ਪਟੀਸ਼ਨਰ ਸਤਨਾਮ ਸਿੰਘ ਗਿੱਲ ਦੀ ਸ਼ਿਕਾਇਤ ਤੇ ਪੰਜਾਬ ਰਾਜ ਮਨੁੱਖੀ ਅਧਿਕਾਰ ਕਮਿਸ਼ਨ ਚੰਡੀਗੜ੍ਹ ਨੇ ਦਖਲ ਦੇ ਦਿੱਤਾ ਹੈ। ਘੱਟ ਗਿਣਤੀ ਲੋਕ ਭਲਾਈ ਸੰਸਥਾ ਦੇ ਪ੍ਰਧਾਨ ਸਤਨਾਮ ਸਿੰਘ ਗਿੱਲ ਦੁਆਰਾ ਚੇਅਰਮੈਨ ਪੰਜਾਬ ਰਾਜ ਮਨੁੱਖੀ ਅਧਿਕਾਰ ਕਮਿਸ਼ਨ ਨੂੰ ਭੇਜੀ ਜਿਨ ਹਿੱਤ 'ਚ ਸ਼ਿਕਾਇਤ ਦਾ ਨੋਟਿਸ ਲੈਂਦਿਆਂ ਸੂਬੇ ਵਿਚਲੇ ਸਮੂਹ ਪ੍ਰਾਈਵੇਟ ਸਕੂਲਾਂ ਨੂੰ ਨਿਯਮਤ ਕਰਨ ਲਈ ਲਿਖਿਆ ਹੈ। ਪੂਰੇ ਮਾਮਲੇ ਤੇ ਜਾਣਕਾਰੀ ਦਿੰਦਿਆਂ ਪਟੀਸ਼ਨਰ ਗਿੱਲ ਨੇ ਦੱਸਿਆ ਕਿ ਵਿਭਾਗੀ ਪ੍ਰਵਾਨਗੀ ਦੇ ਬਿਨਾਂ ਮਾਪਿਆਂ ਤੋਂ ਵਸੂਲੀਆਂ ਜਾਂਦੀਆਂ ਬੇਲੋੜੀਆਂ ਫੀਸਾਂ ਦੇ ਮਾਮਲੇ 'ਚ ਮਾਪਿਆਂ ਨੂੰ ਵੱਡੀ ਰਾਹਤ ਦਿਵਾਉਣ ਅਤੇ ਪ੍ਰਭਾਵਿਤ ਸਕੂਲਾਂ ਵਿਰੁੱਧ ਨਿਯਮਾਂ ਅਨੁਸਾਰ ਐਕਸ਼ਨ ਕਰਵਾਉਣ ਲਈ ਲਿਖੇ ਪੱਤਰ ਤੋਂ ਬਾਅਦ ਜਨਤਕ ਹਿੱਤ 'ਚ ਫੈਸਲਾ ਲੈਂਦਿਆਂ ਪੰਜਾਬ ਰਾਜ ਮਨੁੱਖੀ ਅਧਿਕਾਰ ਕਮਿਸ਼ਨ ਦੇ ਡਬਲ ਬੈਂਚ ਨੇ ਸਕੱਤਰ ਸਕੂਲ ਤੇ ਉਚੇਰੀ ਸਿੱਖਿਆ ਨੂੰ ਲਿਖਿਆ ਹੈ ਕਿ ਪਟੀਸ਼ਨਰ ਕਰਤਾ ਦੀ ਪਟੀਸ਼ਨ ਦਾ ਨਿਪਟਾਰਾ ਕੀਤਾ ਜਾਵੇ। ਘੱਟ ਗਿਣਤੀ ਲੋਕ ਭਲਾਈ ਸੰਸਥਾ ਦੇ ਪ੍ਰਧਾਨ ਸਤਨਾਮ ਸਿੰਘ ਗਿੱਲ ਨੇ ਦੱਸਿਆ ਕਿ ਜਿਹੜੇ ਪ੍ਰਾਈਵੇਟ ਸਕੂਲਾਂ ਨੇ 25% ਕੋਟੇ ਦੀਆਂ ਨਿੱਜੀ ਵਿੱਤੀ ਖਾਤਰ ਵੇਚੀਆਂ ਹਨ ਉਹਨਾਂ ਸਕੂਲਾਂ ਦੀ ਸ਼ਨਾਖਤ ਕਰਕੇ ਉਨਾ ਖਿਲ਼ਾਫ ਅਪਰਾਧਕ ਮਾਮਲੇ ਦਰਜ ਕਰਵਾਏ ਜਾਣਗੇ। ਇੱਕ ਸਵਾਲ ਦੇ ਜਵਾਬ 'ਚ ਉਹਨਾਂ ਨੇ ਦੱਸਿਆ ਕਿ ਸਿੱਖਿਆ ਦਾ ਅਧਿਕਾਰ ਕਨੂੰਨ 2009 ਦੇ ਅਧਾਰਤ ਸਾਡੀ ਐਕਸ਼ਨ ਕਮੇਟੀ ਲੜਾਈ ਨੂੰ ਹੋਰ ਤਿੱਖਾ ਕਰੇਗੀ।



# ਕਰਨਾਟਕ ਮੰਡੀ ਬੋਰਡ ਦੇ ਵਫਦ ਵੱਲੋਂ ਪੰਜਾਬ ਦੀਆਂ ਮੰਡੀਆਂ ਦਾ ਦੌਰਾ



**ਐਸ.ਏ.ਐਸ. ਨਗਰ (ਮੋਹਾਲੀ), (ਗੁਰਜੀਤ ਬਿੱਲਾ)**- ਕਰਨਾਟਕਾ ਸਟੇਟ ਐਗਰੀਕਲਚਰਲ ਮਾਰਕੀਟਿੰਗ ਬੋਰਡ ਦੇ ਉੱਚ ਪੱਧਰੀ ਵਫਦ ਵੱਲੋਂ ਪੰਜਾਬ ਦੀਆਂ ਮੰਡੀਆਂ ਦੇ ਐੱਮ ਐੱਸ ਪੀ ਓਪਰੇਸ਼ਨ ਦੇਖਣ ਅਤੇ ਪੰਜਾਬ ਮੰਡੀ ਬੋਰਡ ਵੱਲੋਂ ਮੰਡੀਆਂ ਵਿੱਚ ਕੀਤੇ ਗਏ ਨਵੇਂ ਉਪਰਾਲਿਆਂ ਸਬੰਧੀ ਮੰਡੀ ਬੋਰਡ ਦੇ ਮੁੱਖ ਦਫ਼ਤਰ ਅਤੇ ਸੂਬੇ ਦੀਆਂ ਮੰਡੀਆਂ ਦਾ ਦੌਰਾ ਕੀਤਾ ਗਿਆ। ਇਸ ਦੌਰਾਨ ਪੰਜਾਬ ਮੰਡੀ ਬੋਰਡ ਦੇ ਚੇਅਰਮੈਨ ਸ. ਹਰਚੰਦ ਸਿੰਘ ਬਰਸਟ ਵੱਲੋਂ ਆਏ ਹੋਏ ਸਾਰੇ ਡੈਲੀਗੇਟਸ ਦਾ ਨਿੱਘਾ ਸੁਆਗਤ ਕੀਤਾ ਗਿਆ। ਇਸ ਮਗਰੋਂ ਮੰਡੀ ਬੋਰਡ ਦੇ ਅਧਿਕਾਰੀਆਂ ਵੱਲੋਂ ਪੰਜਾਬ ਦੀਆਂ ਮੰਡੀਆਂ ਵਿੱਚ ਚਲਦੇ ਐੱਮ ਐੱਸ ਪੀ ਓਪਰੇਸ਼ਨ ਅਤੇ ਮੰਡੀਆਂ ਵਿੱਚ ਚਲਦੇ ਨਵੇਂ ਉਪਰਾਲਿਆਂ ਬਾਰੇ ਵਿਸਥਾਰ ਵਿੱਚ ਦੱਸਿਆ ਗਿਆ।ਕਰਨਾਟਕਾ ਸਟੇਟ ਐਗਰੀਕਲਚਰਲ ਮਾਰਕੀਟਿੰਗ ਬੋਰਡ ਦੇ ਡੈਲੀਗੇਟਸ ਦੀ ਅਗਵਾਈ ਕਰ ਰਹੇ ਜਨਰਲ ਮੈਨੇਜਰ ਸ੍ਰੀ ਜੀ.ਕੇ. ਵੈਂਕਟੇਸ਼ ਵੱਲੋਂ ਪੰਜਾਬ ਮੰਡੀ ਬੋਰਡ ਦੇ ਮੰਡੀ ਸਿਸਟਮ ਨੂੰ ਪੂਰੇ ਭਾਰਤ ਦਾ ਸਭ ਤੋਂ ਵਧੀਆ ਮੰਡੀ ਸਿਸਟਮ ਦੱਸਿਆ ਗਿਆ।

# ਖਾਲਸਾ ਕਾਲਜ 'ਚ ਪਲੇਸਮੈਂਟ ਡਰਾਈਵ

**ਚਮਕੌਰ ਸਾਹਿਬ (ਗੁਰਵਿੰਦਰਪਾਲ ਸਿੰਘ ਬੌਬੀ)**- ਬੀਬੀ ਸ਼ਰਨ ਕੌਰ ਖਾਲਸਾ ਕਾਲਜ ਦੇ ਪਲੇਸਮੈਂਟ ਸੈੱਲ ਅਤੇ ਕੰਪਿਊਟਰ ਵਿਭਾਗ ਵੱਲੋਂ ਸਾਂਝੇ ਤੌਰ 'ਤੇ ਵੈੱਬ ਡਿਵੈਲਪਮੈਂਟ ਕੰਪਨੀ 'ਦ ਫੀਨਿਕਸ' ਕੰਪਨੀ ਵੱਲੋਂ ਪਲੇਸਮੈਂਟ ਡਰਾਈਵ ਦਾ ਸਫਲ ਆਯੋਜਨ ਕੀਤਾ ਗਿਆ। ਇਸ ਡਰਾਈਵ ਦਾ ਮੁੱਖ ਉਦੇਸ਼ ਵਿਦਿਆਰਥੀਆਂ ਨੂੰ ਰੁਜ਼ਗਾਰ ਦੇ ਮੌਕੇ ਪ੍ਰਦਾਨ ਕਰਨਾ ਅਤੇ ਉਨ੍ਹਾਂ ਨੂੰ ਉਦਯੋਗਿਕ ਤਜਰਬੇ ਨਾਲ ਜਾਣੂ ਕਰਵਾਉਣਾ ਸੀ। ਕੰਪਨੀ ਦੇ ਨੁਮਾਇੰਦੇ ਸੁਨੀਲ ਕੁਮਾਰ ਅਤੇ ਪੁਨਮ ਰਾਠੌਰ ਨੇ ਕਾਲਜ ਕੈਂਪਸ ਵਿਖੇ ਵਿਦਿਆਰਥੀਆਂ ਦਾ ਐਪਟੀਟਿਊਡ ਟੈਸਟ ਲੈਣ ਉਪਰੰਤ ਇੰਟਰਵਿਊ ਕੀਤੀਆਂ।ਪ੍ਰੋਗਰਾਮ ਦੀ ਸੁਚਾਰੂ ਸੰਜੋਚਨਾ ਪਲੇਸਮੈਂਟ ਸੈੱਲ ਦੇ ਕੋ-ਕੋਆਰਡੀਨੇਟਰ ਡਾ.ਅਮਨਜੋਤ ਅਤੇ ਕੰਪਿਊਟਰ ਵਿਭਾਗ ਦੀ ਮੁਖੀ ਡਾ.ਅੰਮ੍ਰਿਤਾ ਕੌਰ ਵੱਲੋਂ ਕੀਤਾ ਗਿਆ । ਇਸ ਪਲੇਸਮੈਂਟ ਡਰਾਈਵ ਦੌਰਾਨ ਕਾਲਜ ਦੇ ਵਿਦਿਆਰਥੀ ਅਰਮਾਨਪ੍ਰੀਤ ਸਿੰਘ ਟਿਵਾਣਾ ਦੀ ਚੋਣ ਕੰਪਨੀ ਵਿੱਚ ਕੀਤੀ ਗਈ। ਕਾਲਜ ਦੇ ਪ੍ਰਿੰਸੀਪਲ ਡਾ. ਬਲਜੀਤ ਸਿੰਘ ਨੇ ਕਿਹਾ ਕਿ ਇਹ ਡਰਾਈਵ ਵਿਦਿਆਰਥੀਆਂ ਦੇ ਭਵਿੱਖ ਨੂੰ ਸਵਾਰਨ ਲਈ ਇਕ ਮਹੱਤਵਪੂਰਨ ਕਦਮ ਹੈ।



# ਚੌਧਰੀ ਤਰਲੋਚਨ ਸਿੰਘ ਸੂੰਢ ਦੀ ਅੰਤਮ ਅਰਦਾਸ ਤੇ ਭੋਗ ਅੱਜ

**ਬੰਗਾ (ਅਵਤਾਰ ਕਲੇਰ)** ਬੰਗਾ ਹਲਕੇ ਤੋਂ ਸਾਬਕਾ ਵਿਧਾਇਕ ਚੌਧਰੀ ਤਰਲੋਚਨ ਸਿੰਘ ਸੂੰਢ ਦਾ ਤਰਨਤਾਰਨ ਜਿਮਨੀ ਚੋਣ ਦੇ ਪ੍ਰਚਾਰ ਦੌਰਾਨ ਅਚਾਨਕ ਦੇਹਾਂਤ ਹੋ ਗਿਆ ਸੀ। ਉਹਨਾਂ ਦੀ ਅੰਤਿਮ ਅਰਦਾਸ ਅਤੇ ਭੋਗ ਅੱਜ 15 ਨਵੰਬਰ ਨੂੰ ਦਾਨਾ ਮੰਡੀ ਬੰਗਾ ਵਿਖੇ ਹੋਵੇਗਾ। ਇਸ ਸਬੰਧੀ ਦਿੰਦਿਆਂ ਬਲਾਕ ਕਾਂਗਰਸ ਕਮੇਟੀ ਬੰਗਾ ਦੇ ਪ੍ਰਧਾਨ ਕੁਲਵਰਨ ਸਿੰਘ ਥਾਂਦੀਆ ਨੇ ਦੱਸਿਆ ਕਿ ਚੌਧਰੀ ਤਰਲੋਚਨ ਸਿੰਘ ਸੂੰਢ ਦੇ ਤੁਰ ਜਾਣ ਨਾਲ ਪਰਵਾਰ ਤੋਂ ਇਲਾਵਾ ਕਾਂਗਰਸ ਪਾਰਟੀ ਅਤੇ ਸਮੁੱਚੇ ਇਲਾਕੇ ਨੂੰ ਬਹੁਤ ਵੱਡਾ ਘਾਟਾ ਪਿਆ। ਇਸ ਪਰਵਾਰ ਦੇ ਬਜ਼ੁਰਗਾਂ ਚੌਧਰੀ ਜਗਤ ਰਾਮ ਸੂੰਢ ਸਾਬਕਾ ਕੈਬਨਿਟ ਮੰਤਰੀ ਪੰਜਾਬ ਸਰਕਾਰ ਨੇ ਦੇਸ਼ ਦੀ ਏਕਤਾ ਅਤੇ ਅਖੰਡਤਾ ਲਈ ਕੁਰਬਾਨੀ ਦਿੱਤੀ। ਚੌਧਰੀ ਤਰਲੋਚਨ ਸਿੰਘ ਸੂੰਢ ਦੋ ਵਾਰ ਹਲਕਾ ਬੰਗਾ ਤੋਂ ਵਿਧਾਇਕ ਰਹੇ। ਉਹਨਾਂ ਦੀ ਅੰਤਿਮ ਅਰਦਾਸ ਮੌਕੇ ਵੱਖ ਵੱਖ ਰਾਜਨੀਤਿਕ ਪਾਰਟੀਆਂ ਤੋਂ ਇਲਾਵਾ ਕਾਂਗਰਸ ਪਾਰਟੀ ਦੇ ਸੂਬਾਈ ਆਗੂ, ਮੈਂਬਰ ਪਾਰਲੀਮੈਂਟ, ਵਿਧਾਇਕ ਸ਼ਰਧਾਂਜਲੀਆਂ ਭੇਟ ਕਰਨਗੇ। ਇਸ ਮੌਕੇ ਸਤਵੀਰ ਸਿੰਘ ਪੱਲੀ ਝਿੱਕੀ, ਰਾਮਦਾਸ ਸਿੰਘ, ਕੁਲਵਰਨ ਸਿੰਘ ਥਾਂਦੀਆ,ਅਮਰਜੀਤ ਕਲਸੀ, ਦਰਵਜੀਤ ਸਿੰਘ ਪੂਨੀਆਂ, ਕਮਲਜੀਤ ਬੰਗਾ, ਅਮਰਜੀਤ ਕਲਸੀ,ਰਜਿੰਦਰ ਸ਼ਰਮਾ,ਡਾ ਨਰੰਜਣ ਪਾਲ ਆਦਿ ਹਾਜ਼ਰ ਸਨ।



# ਸ੍ਰੀ ਗੁਰੂ ਤੇਗ ਬਹਾਦਰ ਜੀ ਦੀ ਸ਼ਹੀਦੀ 'ਤੇ ਸੈਮੀਨਾਰ

**ਅਨੰਦਪੁਰ ਸਾਹਿਬ (ਅਰਵਿੰਦਰ ਸਿੰਘ ਬਿੰਦੀ)**- ਸਰਕਾਰੀ ਕਾਲਜ ਮਹੈਣ ਸ੍ਰੀ ਅਨੰਦਪੁਰ ਸਾਹਿਬ ਵਿਖੇ ਪੰਜਾਬ ਸਰਕਾਰ ਦੇ ਨਿਰਦੇਸ਼ਾਂ ਤੇ ਪ੍ਰਿੰਸੀਪਲ ਵਿਨੀਤਾ ਅਨੰਦ ਦੀ ਅਗਵਾਈ ਵਿਚ ਸ੍ਰੀ ਗੁਰੂ ਤੇਗ ਬਹਾਦਰ ਜੀ ਦੀ ਸਹੀਦੀ ਉਤੇ ਸੈਮੀਨਾਰ ਕਰਵਾਇਆ ਗਿਆ । ਪ੍ਰੋ: ਵਿਪਨ ਕੁਮਾਰ ਨੇ ਜਾਣਕਾਰੀ ਦਿੰਦੇ ਹੋਏ ਦੱਸਿਆ ਕਿ ਇਸ ਸੈਮੀਨਾਰ ਵਿਚ ਗੁਰੂ ਗੋਬਿੰਦ ਸਿੰਘ ਸਟੱਡੀ ਸਰਕਲ ਦੇ ਬਲਦੇਵ ਸਿੰਘ, ਦਲਜੀਤ ਸਿੰਘ ਤੇ ਗੁਰਪ੍ਰੀਤ ਕੌਰ ਬੁਲਾਰੇ ਦੇ ਤੌਰ 'ਤੇ ਹਾਜ਼ਰ ਹੋਏ। ਉਹਨਾਂ ਨੇ ਦੱਸਿਆ ਕਿ ਸ੍ਰੀ ਗੁਰੂ ਤੇਗ ਬਹਾਦਰ ਜੀ 16 ਅਪ੍ਰੈਲ 1664 ਈਸਵੀ ਨੂੰ ਗੁਰਗੱਦੀ ਉੱਤੇ ਬੈਠੇ ਸਨ। ਕੁੱਝ ਸਮੇਂ ਬਾਅਦ ਕਸਮੀਰ ਦੇ ਸੂਬੇਦਾਰ ਇਫਤਿਖਾਰ ਖਾਨ ਨੇ ਇਹ ਸੋਚ ਕੇ ਕਸ਼ਮੀਰੀ ਪੰਡਿਤਾਂ ਨੂੰ ਮੁਸਲਮਾਨ ਬਣਾਉਣ ਲਈ ਉਹਨਾਂ ਉੱਤੇ ਅੱਤਿਆਚਾਰ ਕਰਨੇ ਸ਼ੁਰੂ ਕਰ ਦਿੱਤੇ ਕਿ ਇਸ ਨਾਲ ਸਾਰੇ ਹਿੰਦੂ ਮੁਸਲਮਾਨ ਬਣ ਜਾਣਗੇ। ਕਸ਼ਮੀਰੀ ਪੰਡਿਤਾਂ ਨੇ ਸ੍ਰੀ ਅਨੰਦਪੁਰ ਸਾਹਿਬ ਵਿਖੇ ਆ ਕੇ ਸ੍ਰੀ ਗੁਰੂ ਤੇਗ ਬਹਾਦੁਰ ਜੀ ਤੋਂ ਮਦਦ ਮੰਗੀ । ਗੁਰੂ ਜੀ ਨੇ ਬਾਲਗ ਗੋਬਿੰਦ ਦੀ ਪ੍ਰੇਰਨਾ ਉਤੇ ਕਸ਼ਮੀਰੀ ਪੰਡਿਤਾਂ ਰਾਹੀ ਸੁਨੇਹਾ ਭੇਜਿਆ ਕਿ ਜੇਕਰ ਸਿੱਖਾਂ ਦੇ ਨੌਂਵੇ ਗੁਰੂ ਤੇਗ ਬਹਾਦਰ ਨੂੰ ਮੁਸਲਮਾਨ ਬਣਾ ਦਿੱਤਾ ਜਾਵੇ ਤਾਂ ਸਾਰੇ ਹਿੰਦੂ ਮੁਸਲਮਾਨ ਬਣ ਜਾਣਗੇ। ਇਸ ਤੋਂ ਪਿੱਛੋਂ ਗੁਰੂ ਜੀ ਨੂੰ ਆਗਰਾ ਤੋਂ ਭਾਈ ਸਤੀ ਦਾਸ , ਭਾਈ ਮਤੀ ਦਾਸ , ਭਾਈ ਦਿਆਲਾ ਸਮੇਤ ਗ੍ਰਿਫਤਾਰ ਕਰ ਲਿਆ ਗਿਆ। ਗੁਰੂ ਜੀ ਨੇ ਆਪਣਾ ਧਰਮ ਪਰਿਵਰਤਨ ਕਰਨ ਤੋ ਮਨਾਂ ਕਰ ਦਿੱਤਾ। ਗੁਰੂ ਜੀ ਦੇ ਸਾਹਮਣੇ ਭਾਈ ਮਤੀ ਦਾਸ ਨੂੰ ਆਰੇ ਨਾਲ ਚੀਰ ਕੇ ਸ਼ਹੀਦ ਕਰ ਦਿੱਤਾ ਗਿਆ। ਭਾਈ ਦਿਆਲਾ ਨੂੰ ਉਬਲਦੇ ਤੇਲ ਵਿਚ ਪਾ ਕੇ ਸ਼ਹੀਦ ਕਰ ਦਿੱਤਾ ਗਿਆ । ਭਾਈ ਸਤੀ ਦਾਸ ਨੂੰ ਨਾਲ ਬੰਨ ਕੇ ਜਲਾ ਕੇ ਸ਼ਹੀਦ ਕਰ ਦਿੱਤਾ। ਅੰਤ ਵਿੱਚ ਜਲਾਦ ਵਲੋਂ ਤਲਵਾਰ ਚਲਾ ਕੇ ਗੁਰੂ ਜੀ ਦਾ ਸੀਸ ਧੜ ਤੋਂ ਅਲੱਗ ਕਰ ਦਿੱਤਾ ਗਿਆ । ਭਾਈ ਜੈਤਾ ਜੀ ਨੇ ਗੁਰੂ ਜੀ ਦੇ ਸੀਸ ਨੂੰ ਅਨੰਦਪੁਰ ਸਾਹਿਬ ਤੱਕ ਪਹੁੰਚਾਇਆ । ਲੱਖੀ ਸ਼ਾਹ ਨੇ ਗੁਰੂ ਜੀ ਦੇ ਧੜ ਦਾ ਸੰਸਕਾਰ ਕੀਤਾ। ਗੁਰੂ ਜੀ ਨੇ ਆਪਣੀ ਇਸ ਸ਼ਹੀਦੀ ਨਾਲ ਹਿੰਦੂ ਧਰਮ ਦੀ ਰੱਖਿਆ ਕੀਤੀ , ਜਿਸ ਕਰਕੇ ਗੁਰੂ ਜੀ ਨੂੰ ਹਿੰਦ ਦੀ ਚਾਦਰ ਕਿਹਾ ਜਾਂਦਾ ਹੈ । ਇਸ ਮੌਕੇ ਪਿੰਡ ਮਹੈਣ ਦੇ ਪਤਵੰਤੇ ਸੱਜਣ ਸੁਮਨ, ਜਸਵੀਰ ਕੌਰ, ਆਸ਼ਾ ਰਾਣੀ , ਜਸਵਿੰਦਰ ਕੌਰ, ਓਮ ਪ੍ਰਕਾਸ਼ , ਬੱਗੂ ਅਤੇ ਦੇਸ ਰਾਜ ਮੌਜੂਦ ਸਨ।



# ਵਿਸ਼ੇਸ਼ ਬੱਚਿਆਂ ਦੇ 'ਵਿੰਗਜ਼' ਪ੍ਰੋਜੈਕਟ ਲਈ ਉਦਿਤ ਗੁਪਤਾ ਵੱਲੋਂ 1.25 ਲੱਖ ਦਾ ਯੋਗਦਾਨ

**ਹੁਸ਼ਿਆਰਪੁਰ (ਬਲਵੀਰ ਸਿੰਘ ਸੈਣੀ)**- ਜ਼ਿਲ੍ਹਾ ਰੈੱਡ ਕਰਾਸ ਸੁਸਾਇਟੀ ਹੁਸ਼ਿਆਰਪੁਰ ਵੱਲੋਂ ਵਿਸ਼ੇਸ਼ ਬੱਚਿਆਂ ਲਈ ਚਲਾਏ ਜਾ ਰਹੇ ਵਿਲੱਖਣ ਪ੍ਰੋਜੈਕਟ 'ਵਿੰਗਜ਼' ਨੂੰ ਇਕ ਪ੍ਰੇਰਨਾਦਾਇਕ ਯੋਗਦਾਨ ਮਿਲਿਆ। ਮੁਹਾਲੀ ਨਿਵਾਸੀ ਉਦਿਤ ਗੁਪਤਾ, ਜੋ ਕਿ ਅਜੇਸ਼ ਗੁਪਤਾ (ਐਸੋਸੀਏਟ ਵਾਈਸ ਪ੍ਰੈਜ਼ੀਡੈਂਟ, ਕੁਆਂਟਮ ਪੇਪਰ ਮਿੱਲਜ਼, ਸੈਲਾ ਖੁਰਦ) ਦੇ ਪੁੱਤਰ ਹਨ, ਨੇ ਪ੍ਰੋਜੈਕਟ ਲਈ 1.25 ਲੱਖ ਰੁਪਏ ਦਾ ਚੈੱਕ ਭੇਟ ਕੀਤਾ। ਉਦਿਤ ਗੁਪਤਾ, ਜੋ ਪਿਛਲੇ ਪੰਜ ਸਾਲਾਂ ਤੋਂ ਜਰਮਨੀ ਵਿਚ ਇਕ ਵੱਕਾਰੀ ਫਾਰਮਾਸਿਊਟੀਕਲ ਕੰਸਲਟੈਂਸੀ ਕੰਪਨੀ ਲਈ ਕੰਮ ਕਰ ਰਹੇ ਹਨ, ਇਸ ਪ੍ਰੋਜੈਕਟ ਵਿਚ ਯੋਗਦਾਨ ਪਾਉਣ ਲਈ ਵਿਸ਼ੇਸ਼ ਤੌਰ 'ਤੇ ਹੁਸ਼ਿਆਰਪੁਰ ਪਹੁੰਚੇ। ਉਨ੍ਹਾਂ ਇਸ ਪਹਿਲਕਦਮੀ ਬਾਰੇ ਆਪਣੇ ਪਿਤਾ ਅਜੇਸ਼ ਗੁਪਤਾ ਤੋਂ ਸੇਧ ਲਈ, ਜਿਨ੍ਹਾਂ ਦਾ ਉਦੇਸ਼ ਆਟਿਸਟਿਕ ਅਤੇ ਬੌਧਿਕ ਤੌਰ 'ਤੇ ਕਮਜ਼ੋਰ ਬੱਚਿਆਂ ਨੂੰ ਸਵੈ-ਨਿਰਭਰ ਬਣਨ ਲਈ ਸਿਖਲਾਈ ਦੇ ਕੇ ਉਨ੍ਹਾਂ ਨੂੰ ਸਸ਼ਕਤ ਬਣਾਉਣਾ ਹੈ। ਇਸ ਲਈ ਉਨ੍ਹਾਂ ਨਿੱਜੀ ਤੌਰ 'ਤੇ ਵਿੱਤੀ ਸਹਾਇਤਾ ਪ੍ਰਦਾਨ ਕੀਤੀ।ਇਸ ਮੌਕੇ ਆਪਣੇ ਵਿਚਾਰ ਸਾਂਝੇ ਕਰਦਿਆਂ ਉਦਿਤ ਗੁਪਤਾ ਨੇ ਕਿਹਾ ਕਿ ਜਦੋਂ ਉਨ੍ਹਾਂ ਨੂੰ ਵਿੰਗਜ਼ ਪ੍ਰੋਜੈਕਟ ਬਾਰੇ ਪਤਾ ਲੱਗਾ, ਤਾਂ ਉਨ੍ਹਾਂ ਨੂੰ ਇਹ ਜਾਣ ਕੇ ਖੁਸ਼ੀ ਹੋਈ ਕਿ ਇਹ ਪਹਿਲ ਵਿਸ਼ੇਸ਼ ਬੱਚਿਆਂ ਨੂੰ ਸਵੈ-ਨਿਰਭਰਤਾ ਵੱਲ ਮਾਰਗਦਰਸ਼ਨ ਕਰ ਰਹੀ ਹੈ। ਡਿਪਟੀ ਕਮਿਸ਼ਨਰ ਆਸ਼ਿਕਾ ਜੈਨ ਨੇ ਗੁਪਤਾ ਦੇ ਇਸ ਯੋਗਦਾਨ ਲਈ ਉਨ੍ਹਾਂ ਦੀ ਸ਼ਲਾਘਾ ਕੀਤੀ। ਉਨ੍ਹਾਂ ਕਿਹਾ ਕਿ ਮੁਹਾਲੀ ਜ਼ਿਲ੍ਹੇ ਨੇ ਵੀ ਇਸ ਪ੍ਰੋਜੈਕਟ ਨੂੰ ਅਪਣਾਇਆ ਹੈ ਅਤੇ ਜਲਦੀ ਹੀ ਖਰੜ ਪੌਲੀਟੈਕਨਿਕ ਕਾਲਜ ਵਿਖੇ ਇਕ ਵਿੰਗਜ਼ ਟੱਕ ਸ਼ਾਪ ਦੀ ਸਥਾਪਨਾ ਕੀਤੀ ਜਾਵੇਗੀ।ਆਸ਼ਿਕਾ ਜੈਨ ਨੇ ਕਿਹਾ ਕਿ ਦੇਸ਼ ਭਰ ਦੇ ਸਕੂਲਾਂ ਅਤੇ ਕਾਲਜਾਂ ਵਿਚ ਲਾਗੂ ਕੀਤਾ ਗਿਆ ਇਹ ਪ੍ਰੋਜੈਕਟ ਵਿਸ਼ੇਸ਼ ਵਰਗ ਵਾਲੇ ਬੱਚਿਆਂ ਨੂੰ ਰੁਜ਼ਗਾਰ ਦੇ ਮੌਕੇ ਪ੍ਰਦਾਨ ਕਰਨ ਵਿਚ ਵੱਡੀ ਭੂਮਿਕਾ ਨਿਭਾਅ ਸਕਦਾ ਹੈ। ਉਨ੍ਹਾਂ ਜ਼ਿਲ੍ਹਾ ਰੈੱਡ ਕਰਾਸ ਸੁਸਾਇਟੀ, ਹੁਸ਼ਿਆਰਪੁਰ ਦੇ ਸਕੱਤਰ ਮੰਗੇਸ਼ ਸੂਦ ਅਤੇ ਉਨ੍ਹਾਂ ਦੀ ਟੀਮ ਦੀ ਪ੍ਰਸ਼ੰਸਾ ਕਰਦਿਆਂ ਕਿਹਾ ਕਿ ਉਨ੍ਹਾਂ ਨੇ ਸੰਸਥਾ ਨੂੰ ਸਮਾਜ ਸੇਵਾ ਪ੍ਰਤੀ ਸੰਵੇਦਨਸ਼ੀਲਤਾ ਅਤੇ ਸਮਰਪਣ ਦੀ ਇਕ ਸ਼ਾਨਦਾਰ ਉਦਾਹਰਣ ਬਣਾਇਆ ਹੈ। ਡਿਪਟੀ ਕਮਿਸ਼ਨਰ ਨੇ ਲੋਕਾਂ ਨੂੰ ਅਪੀਲ ਕੀਤੀ ਕਿ ਉਹ ਰੈੱਡ ਕਰਾਸ ਹੁਸ਼ਿਆਰਪੁਰ ਦੇ ਉਪਰਾਲਿਆਂ ਵਿਚ ਹਿੱਸਾ ਲੈਣ ਤਾਂ ਜੋ ਵੱਧ ਤੋਂ ਵੱਧ ਲੋੜਵੰਦ ਲੋਕਾਂ ਨੂੰ ਸਹਾਇਤਾ ਅਤੇ ਸਨਮਾਨਜਨਕ ਜੀਵਨ ਦਾ ਮੌਕਾ ਪ੍ਰਦਾਨ ਕੀਤਾ ਜਾ ਸਕੇ।



# ਸ਼ਹੀਦੀ ਸ਼ਤਾਬਦੀ ਨੂੰ ਸਮਰਪਤ ਹਰਚੋਵਾਲ ਤੋਂ ਨਗਰ ਕੀਰਤਨ




**ਹੁਸ਼ਿਆਰਪੁਰ (ਬਲਵੀਰ ਸਿੰਘ ਸੈਣੀ)**- ਨੌਵੇਂ ਪਾਤਸ਼ਾਹ ਸ੍ਰੀ ਗੁਰੂ ਤੇਗ ਬਹਾਦਰ ਜੀ, ਭਾਈ ਮਤੀ ਦਾਸ ਜੀ ਭਾਈ ਸਤੀ ਦਾਸ ਜੀ ਤੇ ਭਾਈ ਦਿਆਲਾ ਜੀ ਦੀ 350 ਸਾਲਾ ਸ਼ਹੀਦੀ ਸ਼ਤਾਬਦੀ ਅਤੇ ਸਾਹਿਬ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦੇ 350 ਸਾਲਾ ਗੁਰਿਆਈ ਦਿਵਸ ਨੂੰ ਸਮਰਪਤ ਅਲੌਕਿਕ ਨਗਰ ਕੀਰਤਨ ਗੁਰਦੁਆਰਾ ਰਾਜਾ ਰਾਮ ਸਾਹਿਬ ਜੀ ਹਰਚੋਵਾਲ, ਗੁਰਦਾਸਪੁਰ ਤੋਂ ਆਰੰਭ ਹੋ ਕੇ ਗੁਰਦੁਆਰਾ ਸੀਸਗੰਜ ਸਾਹਿਬ ਵਿਖੇ 14 ਨਵੰਬਰ ਨੂੰ ਸੰਪੂਰਨ ਹੋਇਆ । ਇਸ ਨਗਰ ਕੀਰਤਨ ਦਾ ਪ੍ਰਬੰਧਕ ਕਮੇਟੀ ਗੁਰਦੁਆਰਾ ਸ੍ਰੀ ਹਰਿ ਜੀ ਸਹਾਇ ਮੁਹੱਲਾ ਟਿੱਬਾ ਸਾਹਿਬ ਹੁਸ਼ਿਆਰਪੁਰ, ਮੀਰੀ ਪੀਰੀ ਸੇਵਾ ਸਿਮਰਨ ਕਲੱਬ ਰਜਿ. ਹੁਸ਼ਿਆਰਪੁਰ, ਸ੍ਰੀ ਸੁਖਮਨੀ ਸਾਹਿਬ ਸੇਵਾ ਸੁਸਾਇਟੀ ਟਿੱਬਾ ਸਾਹਿਬ ਅਤੇ ਹੁਸ਼ਿਆਰਪੁਰ ਦੀਆਂ ਸਮੂਹ ਸੰਗਤਾਂ ਵੱਲੋਂ ਟਾਂਡਾ ਰੋਡ ਸ਼ਾਹੀ ਮਾਰਕੀਟ ਵਿਖੇ ਨਿੱਘਾ ਸਵਾਗਤ ਕੀਤਾ ਗਿਆ । ਗੁਰਦੁਆਰਾ ਸ੍ਰੀ ਹਰਿ ਜੀ ਸਹਾਇ ਟਿੱਬਾ ਸਾਹਿਬ ਹੁਸ਼ਿਆਰਪੁਰ ਵਿਖੇ ਇੱਕ ਮੀਟਿੰਗ ਦੌਰਾਨ ਦਰਸ਼ਨ ਸਿੰਘ ਪਲਾਹਾ ਪ੍ਰਧਾਨ ਅਤੇ ਜਸਵਿੰਦਰ ਸਿੰਘ ਪਰਮਾਰ ਮੁੱਖ ਪ੍ਰਬੰਧਕ ਤੇ ਜਨਰਲ ਸਕੱਤਰ ਸਿੱਖ ਵੈਲਫੇਅਰ ਸੁਸਾਇਟੀ ਹੁਸ਼ਿਆਰਪੁਰ, ਸਰਬਜੀਤ ਸਿੰਘ ਬਡਵਾਲ ਚੇਅਰਮੈਨ ਮੀਰੀ ਪੀਰੀ ਕਲੱਬ ਹੁਸ਼ਿਆਰਪੁਰ ਨੇ ਦੱਸਿਆ ਕਿ ਟਾਂਡਾ ਰੋਡ 'ਤੇ ਬਿਜਲੀ ਬੋਰਡ ਦਫਤਰ ਦੇ ਸਾਹਮਣੇ ਸ਼ਾਹੀ ਮਾਰਕੀਟ ਵਿਖੇ ਸ਼ਾਨਦਾਰ ਟੈਂਟ ਲਗਾਏ ਗਏ।

# ਮਟੌਰ ਸਕੂਲ ਵੱਲੋਂ ਵਿਦਿਆਰਥੀਆਂ ਦਾ ਵਿਦਿਅਕ ਟੂਰ

**ਸ੍ਰੀ ਅਨੰਦਪੁਰ ਸਾਹਿਬ (ਅਰਵਿੰਦਰ ਸਿੰਘ ਬਿੰਦੀ)**- ਪੀ ਐੱਮ ਸ੍ਰੀ ਸ਼ਹੀਦ ਸਿਪਾਹੀ ਪਰਗਨ ਸਿੰਘ ਸਰਕਾਰੀ ਹਾਈ ਸਕੂਲ ਮਟੌਰ ਵੱਲੋਂ 13 ਨਵੰਬਰ ਨੂੰ ਵਿਦਿਆਰਥੀਆਂ ਲਈ ਇੱਕ ਵਿਸ਼ਾਲ ਵਿਦਿਅਕ ਟੂਰ ਦਾ ਆਯੋਜਨ ਕੀਤਾ ਗਿਆ, ਜਿਸ ਵਿੱਚ 172 ਵਿਦਿਆਰਥੀਆਂ ਨੇ ਉਤਸ਼ਾਹਪੂਰਵਕ ਹਿੱਸਾ ਲਿਆ। ਇਸ ਟੂਰ ਦਾ ਉਦੇਸ਼ ਵਿਦਿਆਰਥੀਆਂ ਨੂੰ ਕਲਾਸਰੂਮ ਤੋਂ ਬਾਹਰ ਅਸਲ ਸਿੱਖਿਆ ਦੇ ਤਜਰਬੇ ਨਾਲ ਜੋੜਨਾ ਸੀ।ਸਵੇਰੇ 7 ਵਜੇ ਟੂਰ ਦੀ ਸ਼ੁਰੂਆਤ ਸਕੂਲ ਤੋਂ ਕੀਤੀ ਗਈ, ਜਿੱਥੇ ਮੁੱਖ ਅਧਿਆਪਕ ਨੇ ਬੱਸ ਨੂੰ ਫਲੈਗ ਓਫ ਕਰਕੇ ਵਿਦਿਆਰਥੀਆਂ ਨੂੰ ਸੁਰੱਖਿਆ ਤੇ ਅਨੁਸ਼ਾਸਨ ਦੇ ਨਿਰਦੇਸ਼ਾਂ ਨਾਲ ਰਵਾਨਾ ਕੀਤਾ। ਵਿਦਿਆਰਥੀਆਂ ਨੇ ਸਭ ਤੋਂ ਪਹਿਲਾਂ ਸਿੰਧੂ ਘਾਟੀ ਦੀ ਸਭਿਅਤਾ ਕੇਂਦਰ ਦਾ ਦਰਸ਼ਨ ਕੀਤਾ, ਜਿੱਥੇ ਉਨ੍ਹਾਂ ਨੇ ਇੰਡਸ ਵੈਲੀ ਸਿਵਿਲਾਈਜ਼ੇਸ਼ਨ ਨਾਲ ਸੰਬੰਧਿਤ ਪੁਰਾਤਨ ਨਮੂਨਿਆਂ-ਮੋਹਰਾਂ, ਮਿੱਟੀ ਦੇ ਬਰਤਨਾਂ ਅਤੇ ਖੋਜਾਂ-ਨੂੰ ਨੇੜੇ ਤੋਂ ਦੇਖਿਆ ਅਤੇ ਵਿਗਿਆਨਕ ਤਰੀਕੇ ਨਾਲ ਸਿੱਖਿਆ ਪ੍ਰਾਪਤ ਕੀਤੀ। ਇਸ ਤੋਂ ਬਾਅਦ ਰੂਪਨਗਰ ਵੈਟਲੈਂਡ ਦਾ ਦੌਰਾ ਕਰਵਾਇਆ ਗਿਆ। ਇੱਥੇ ਵਿਦਿਆਰਥੀਆਂ ਨੇ ਜੀਵ ਵਿਭਿੰਨਤਾ, ਪਾਣੀ ਪ੍ਰਣਾਲੀ ਅਤੇ ਪ੍ਰਾਕ੍ਰਿਤਿਕ ਸੰਤੁਲਨ ਬਾਰੇ ਵਿਸਥਾਰਪੂਰਵਕ ਜਾਣਕਾਰੀ ਪ੍ਰਾਪਤ ਕੀਤੀ। ਬੱਚਿਆਂ ਨੂੰ ਇਕੋਸਿਸਟਮ ਦੇ ਸੰਰੱਖਣ ਅਤੇ ਵਾਤਾਵਰਣ ਜਾਗਰੂਕਤਾ ਬਾਰੇ ਵੀ ਸਿੱਖਿਆ ਦਿੱਤੀ ਗਈ। ਰੂਪਨਗਰ ਦੇ ਪ੍ਰਾਚੀਨ ਤੇ ਇਤਿਹਾਸਕ ਸਥਾਨਾਂ ਦਾ ਵੀ ਦਰਸ਼ਨ ਕਰਵਾਇਆ ਗਿਆ, ਜਿੱਥੇ ਅਧਿਆਪਕਾਂ ਨੇ ਪੰਜਾਬ ਦੇ ਇਤਿਹਾਸ, ਧਾਰਮਿਕ ਪਰੰਪਰਾਵਾਂ ਅਤੇ ਸੱਭਿਆਚਾਰਕ ਵਿਰਾਸਤ ਨਾਲ ਜੋੜੀ ਮਹੱਤਵਪੂਰਨ ਜਾਣਕਾਰੀ ਸਾਂਝੀ ਕੀਤੀ। ਫਤਿਹਗੜ੍ਹ ਸਾਹਿਬ ਵਿਖੇ ਗੁਰਦੁਆਰਾ ਸਾਹਿਬ ਦੇ ਦਰਸ਼ਨ ਦੌਰਾਨ ਵਿਦਿਆਰਥੀਆਂ ਨੇ ਛੋਟੇ ਸਾਹਿਬਜ਼ਾਦਿਆਂ ਦੀ ਸ਼ਹਾਦਤ ਬਾਰੇ ਜਾਣਿਆ ਅਤੇ ਸਿੱਖ ਇਤਿਹਾਸ ਨਾਲ ਜੁੜੀ ਪ੍ਰੇਰਣਾ ਪ੍ਰਾਪਤ ਕੀਤੀ। ਇਹ ਦਰਸ਼ਨ ਬੱਚਿਆਂ ਲਈ ਆਤਮਿਕ ਤੌਰ ਤੇ ਵੀ ਅਰਥਪੂਰਨ ਸਾਬਤ ਹੋਏ।




# ਗਜ਼ਟਿਡ, ਨਾਨ-ਗਜ਼ਟਿਡ ਐੱਸ ਸੀ ਬੀ ਸੀ ਇੰਪਲਾਈਜ਼ ਵੈੱਲਫੇਅਰ ਫੈਡਰੇਸ਼ਨ ਪੰਜਾਬ ਦੀ ਮੀਟਿੰਗ

**ਟਾਂਡਾ ਉੜਮੁੜ (ਜਸਵਿੰਦਰ ਸੰਧੂ)**- ਪੰਜਾਬ ਸਰਕਾਰ ਵੱਲੋਂ ਅਨੁਸੂਚਿਤ ਜਾਤੀਆਂ ਅਤੇ ਪੱਛੜੀਆਂ ਸ਼੍ਰੇਣੀਆਂ ਦੇ ਮੁਲਾਜ਼ਮਾਂ ਅਤੇ ਸਮਾਜ ਦੇ ਪਿਛਲੇ ਸਮੇਂ ਤੋਂ ਲਟਕ ਰਹੀਆਂ ਸੰਵਿਧਾਨਕ ਮੰਗਾਂ ਨਾ ਮੰਨਣ ਸਬੰਧੀ ਗਜ਼ਟਿਡ ਨਾਨ ਗਜ਼ਟਿਡ ਐਸ ਸੀ ਬੀ ਸੀ ਇੰਪਲਾਈਜ਼ ਵੈਲਫੇਅਰ ਫੈਡਰੇਸ਼ਨ ਪੰਜਾਬ ਜੁਆਇੰਟ ਐਕਸ਼ਨ ਕਮੇਟੀ ਮੈਂਬਰਾਂ ਵਲੋਂ ਅੱਜ ਦਸ਼ਮੇਸ਼ ਨਗਰ ਟਾਂਡਾ ਵਿਖੇ ਰੋਸ ਮੀਟਿੰਗ ਰੱਖੀ ਗਈ। ਇਹ ਮੀਟਿੰਗ ਚੇਅਰਮੈਨ ਜਸਵੀਰ ਸਿੰਘ ਪਾਲ ਅਤੇ ਸੂਬਾ ਪ੍ਰਧਾਨ ਕੁਲਵਿੰਦਰ ਸਿੰਘ ਬੋਦਲ ਦੀ ਸਰਪ੍ਰਸਤੀ ਹੇਠ ਹੋਈ ਅਤੇ ਉਹਨਾਂ ਕਿਹਾ ਕਿ ਅਨੁਸੂਚਿਤ ਜਾਤੀਆਂ ਅਤੇ ਪੱਛੜੀਆਂ ਸ਼੍ਰੇਣੀਆਂ ਦੀ ਭਲਾਈ ਲਈ ਬਣੀਆਂ ਸੰਵਿਧਾਨਕ ਸੰਸਥਾਵਾਂ ਨੂੰ ਪੂਰਨ ਮਾਨਤਾ ਦਿੱਤੀ ਜਾਵੇ ਅਤੇ ਉਨ੍ਹਾਂ ਦੀਆਂ ਸਿਫਾਰਸ਼ਾਂ ਨੂੰ ਲਾਗੂ ਕਰਨ ਦੀ ਵਚਨਬੱਧਤਾ ਨੂੰ ਪੂਰਾ ਕੀਤਾ ਜਾਵੇ। 6ਵੇਂ ਕਮਿਸ਼ਨ ਵਿੱਚ ਸਮੂਹ ਮੁਲਾਜ਼ਮਾਂ ਨੂੰ 125% ਡੀ ਏ ਅਤੇ 20% ਵਾਧੇ ਦੀ ਦਰ ਨਾਲ ਤਨਖਾਹ ਫਿਕਸ ਕਰਕੇ ਪੇ ਕਮਿਸ਼ਨ ਲਾਗੂ ਹੋਣ ਦੀ ਮਿਤੀ ਤੋਂ ਅਦਾਇਗੀ ਕੀਤੀ ਜਾਵੇ। ਜੁਲਾਈ 2021 ਤੋਂ 3% ਡੀ ਏ ਦੀ ਕਿਸ਼ਤ ਜਾਰੀ ਕੀਤੀ ਜਾਵੇ। ਆਬਾਦੀ ਅਨੁਸਾਰ ਭਰਤੀ ਵਿੱਚ ਤਰੱਕੀਆਂ ਰਾਖਵਾਂਕਰਨ ਦਿੱਤਾ ਜਾਵੇ। ਬੋਰਡ ਅਤੇ ਕਾਰਪੋਰੇਸ਼ਨ ਦੇ ਕਰਮਚਾਰੀਆਂ ਨੂੰ ਵੀ ਇਸ ਦਾ ਲਾਭ ਦਿੱਤਾ ਜਾਵੇ। ਪਿਛਲੇ ਸਮੇਂ ਵਿੱਚ ਪੋਸਟ ਮੈਟ੍ਰਿਕ ਸਕਾਲਰਸ਼ਿਪ ਦੀ ਅਦਾਇਗੀ ਨਾ ਹੋਣ ਕਾਰਨ ਲੱਖਾਂ ਵਿਦਿਆਰਥੀਆਂ ਦੇ ਡਰਾਪ ਆਊਟ ਹੋਣ ਦੀਆਂ ਜ਼ਿੰਮੇਵਾਰ ਸਿੱਖਿਆ ਸੰਸਥਾਵਾਂ ਅਤੇ ਸਰਕਾਰੀ ਅਧਿਕਾਰੀਆਂ ਨੂੰ ਬਣਦੀ ਸਜ਼ਾ ਦੇਣੀ ਯਕੀਨੀ ਬਣਾਈ ਜਾਵੇ। ਬੇਰੁਜ਼ਗਾਰਾਂ ਨੂੰ ਰੁਜ਼ਗਾਰ ਦਿੱਤਾ ਜਾਵੇ, ਨਾ ਮਿਲਣ ਦੀ ਸੂਰਤ ਵਿੱਚ 3500 ਰੁਪਏ ਮਹੀਨਾ ਬੇਰੁਜ਼ਗਾਰੀ ਭੱਤਾ ਦਿੱਤਾ ਜਾਵੇ। ਚੋਣ ਵਾਅਦੇ ਅਨੁਸਾਰ 1000 ਰੁਪਏ ਮਹਿਲਾਵਾਂ ਨੂੰ ਮਹੀਨਾ ਮਾਰਚ 2022 ਤੋਂ ਦਿੱਤਾ ਜਾਵੇ। ਪੰਚਾਇਤੀ /ਸ਼ਾਮਲਾਟ ਦੀ ਕਰੀਬ 1 ਲੱਖ 67 ਏਕੜ ਜ਼ਮੀਨ ਦਾ 1/3 ਹਿੱਸਾ ਕਾਨੂੰਨ ਅਨੁਸਾਰ ਐਸ ਸੀ ਸਮਾਜ ਦੇ ਖੇਤੀ ਕਰਨ ਨੂੰ ਬੋਲੀ 'ਤੇ ਦਿੱਤਾ ਜਾਵੇ। ਫਰਜ਼ੀ ਬੋਲੀਕਾਰਾਂ ਅਤੇ ਇਸ ਦੇ ਦੋਸ਼ੀ ਅਧਿਕਾਰੀਆਂ ਨੂੰ ਬਣਦੀ ਸਜ਼ਾ ਦਿੱਤੀ ਜਾਵੇ। ਬੇਘਰਿਆਂ ਨੂੰ ਪੱਕੇ ਘਰ ਫਰੀ ਚ ਬਣਾ ਕੇ ਦਿੱਤੇ ਜਾਣ ਇਹ ਘਰ ਵਿਸ਼ਵ ਸਿਹਤ ਸੰਗਠਨ ਦੇ ਦਿਸ਼ਾ ਨਿਰਦੇਸ਼ਾਂ ਹੇਠ ਬਣਾਏ ਜਾਣ। ਘਰੇਲੂ ਮਜ਼ਦੂਰਾਂ ਦੀ ਸਮਾਜਿਕ ਸੁਰੱਖਿਆ ਲਈ ਭਲਾਈ ਸਕੀਮਾਂ ਬਣਾਈਆਂ ਜਾਣ। ਨਾਲ ਹੀ ਸਮੂਹ ਮੈਂਬਰਾਂ ਨੇ ਇਸ ਸੰਘਰਸ਼ ਵਿੱਚ ਵੱਧ ਤੋਂ ਵੱਧ ਯੋਗਦਾਨ ਪਾਉਣ ਲਈ ਜਨਤਾ ਨੂੰ ਅਪੀਲ ਕੀਤੀ ਅਤੇ ਅਗਲੀ ਰਣਨੀਤੀ ਦੀ ਤਿਆਰੀ ਲਈ ਵਿਚਾਰ ਵਟਾਂਦਰਾ ਕੀਤਾ ਗਿਆ। ਇਸ ਮੌਕੇ ਹੋਰਨਾਂ ਤੋਂ ਇਲਾਵਾ ਪ੍ਰਧਾਨ ਕੁਲਵੰਤ ਸਿੰਘ, ਰਿੰਕੂ ਭਾਟੀਆ, ਸੁਖਬੀਰ ਸਿੰਘ, ਰਾਜਪਾਲ ਸਿੰਘ, ਰਾਕੇਸ਼ ਰੋਸ਼ਨ, ਗੁਰਦੀਪ ਸਿੰਘ, ਬਲਜੀਤ ਸਿੰਘ, ਹਰੀਸ਼ ਭੱਟੀ, ਬਲਵਿੰਦਰ ਸਿੰਘ, ਸੰਜੀਵ ਕੁਮਾਰ, ਹਰਪ੍ਰੀਤ, ਬਲਦੇਵ ਸਿੰਘ, ਹਰਜੀਤ ਕੌਰ ਭਾਟੀਆ, ਅਮਨਦੀਪ ਕੌਰ, ਰੇਨੂ, ਮਾਲਤੀ, ਰਮਨਜੀਤ ਕੌਰ ਆਦਿ ਹਾਜ਼ਰ ਸਨ।



# ਆਰਟੀਫੀਸ਼ੀਅਲ ਇੰਟੈਲੀਜੈਂਸ ਐਂਡ ਮਾਡਰਨ ਹੈੱਲਥਕੇਅਰ ਦੇ ਯੁੱਗ 'ਚ ਰੇਡੀਓਗ੍ਰਾਫ਼ਰ ਦੀ ਭੂਮਿਕਾ ਵਿਸ਼ੇ 'ਤੇ ਦੂਜਾ ਰਾਸ਼ਟਰੀ ਸੀ ਐੱਮ ਈ

**ਆਦਮਪੁਰ (ਪਰਮਜੀਤ ਸਿੰਘ)**- ਸੰਤ ਬਾਬਾ ਮਲਕੀਤ ਸਿੰਘ (ਬਾਨੀ ਚਾਂਸਲਰ) ਅਤੇ ਸੰਤ ਬਾਬਾ ਦਿਲਾਵਰ ਸਿੰਘ ਜੀ (ਬ੍ਰਹਮ ਜੀ) ਦੇ ਆਸ਼ੀਰਵਾਦ ਨਾਲ, ਮਾਣਯੋਗ ਚਾਂਸਲਰ ਸੰਤ ਮਨਮੋਹਨ ਸਿੰਘ ਦੀ ਪ੍ਰੇਰਨਾ ਨਾਲ ਤੇ ਉਪ-ਕੁਲਪਤੀ ਡਾ.ਧਰਮਜੀਤ ਸਿੰਘ ਪਰਮਾਰ ਤੇ ਸ. ਹਰਦਮਨ ਸਿੰਘ ਮਿਨਹਾਸ (ਸਕੱਤਰ) ਦੀ ਅਗਵਾਈ ਵਿਚ 11 ਨਵੰਬਰ ਨੂੰ, ਸੰਤ ਬਾਬਾ ਭਾਗ ਸਿੰਘ ਯੂਨੀਵਰਸਿਟੀ ਦੇ ਜੀਵਨ ਵਿਗਿਆਨ ਅਤੇ ਸਿਹਤ ਵਿਗਿਆਨ ਵਿਭਾਗ ਦੇ ਰੇਡੀਓਲੋਜੀ ਵਿਭਾਗ ਨੇ ਇੰਡੀਅਨ ਸੋਸਾਇਟੀ ਆਫ਼ ਰੇਡੀਓਗ੍ਰਾਫ਼ਰਜ਼ ਐਂਡ ਟੈਕਨੋਲੋਜਿਸਟਸ ਦੇ ਸਹਿਯੋਗ ਨਾਲ 'ਪ੍ਰੀਸੀਜ਼ਨ ਐਂਡ ਕੰਪੈਸ਼ਨ: ਆਰਟੀਫੀਸ਼ੀਅਲ ਇੰਟੈਲੀਜੈਂਸ ਐਂਡ ਮਾਡਰਨ ਹੈਲਥਕੇਅਰ ਦੇ ਯੁੱਗ ਵਿੱਚ ਰੇਡੀਓਗ੍ਰਾਫ਼ਰ ਦੀ ਭੂਮਿਕਾ' ਵਿਸ਼ੇ 'ਤੇ ਦੂਜਾ ਰਾਸ਼ਟਰੀ ਸੀ ਐੱਮ ਈ ਆਯੋਜਿਤ ਕੀਤਾ ਗਿਆ । ਪ੍ਰੋਗਰਾਮ ਦੀ ਸ਼ੁਰੂਆਤ ਸ਼ਬਦ ਗਾਇਨ ਨਾਲ ਹੋਈ, ਇਸ ਤੋਂ ਬਾਅਦ ਉਦਘਾਟਨੀ ਸਮਾਰੋਹ ਹੋਇਆ, ਜਿਸਦੀ ਸ਼ੁਰੂਆਤ ਮਹਿਮਾਨਾਂ ਦੇ ਨਿੱਘੇ ਸਵਾਗਤ ਨਾਲ ਹੋਈ। ਡਾ. ਅਕਸ਼ ਸ਼ਰਮਾ ਨੇ ਸਵਾਗਤੀ ਭਾਸ਼ਣ ਦਿੱਤਾ, ਜਿਸ ਵਿੱਚ ਸਸੀ ਐੱਮ ਈ ਦੇ ਉਦੇਸ਼ਾਂ ਅਤੇ ਮਹੱਤਵ ਨੂੰ ਉਜਾਗਰ ਕੀਤਾ ਗਿਆ। ਇਸ ਤੋਂ ਬਾਅਦ ਡਾ. ਯੂਨਿਸ ਅਹਿਮਦ ਹਜਾਮ ਨੇ ਕਾਨਫਰੰਸ ਬਾਰੇ ਸੰਖੇਪ ਜਾਣਕਾਰੀ ਪੇਸ਼ ਕੀਤੀ। ਮਾਨਯੋਗ ਵਾਈਸ-ਚਾਂਸਲਰ, ਡਾ. ਧਰਮਜੀਤ ਸਿੰਘ ਪਰਮਾਰ ਮੁੱਖ ਸਰਪ੍ਰਸਤ ਵਜੋਂ ਸ਼ਾਮਲ ਹੋਏ ਅਤੇ ਪ੍ਰਬੰਧਕ ਟੀਮ ਦੀ ਦਿਲੋਂ ਪ੍ਰਸ਼ੰਸਾ ਕੀਤੀ। ਉਨ੍ਹਾਂ ਵਿਸ਼ੇਸ਼ ਤੌਰ 'ਤੇ ਮਹਿਮਾਨਾ ਦਾ ਸਨਮਾਨ ਕੀਤਾ, ਜਿਨ੍ਹਾਂ ਵਿੱਚ ਜੋਏ ਅੰਜ਼ਰ ਹਾਮਿਦ, ਪ੍ਰਧਾਨ, ਆਈ ਐੱਸ ਆਰ ਟੀ ਪੰਜਾਬ (ਮੁੱਖ ਮਹਿਮਾਨ), ਨਰਿੰਦਰ ਸ਼ਰਮਾ, ਸਕੱਤਰ, ਆਈ ਐੱਸ ਆਰ ਟੀ ਪੰਜਾਬ, ਮਨਜਿੰਦਰ ਧਨੋਆ, ਸੀਨੀਅਰ ਉਪ ਪ੍ਰਧਾਨ, ਆਈ ਐੱਸ ਆਰ ਟੀ ਪੰਜਾਬ, ਰਣਧੀਰ ਸਿੰਘ ਦੋਆਦ, ਆਈ ਐੱਸ ਆਰ ਟੀ ਖੇਤਰੀ ਕੋਆਰਡੀਨੇਟਰ, ਜੋਗਿੰਦਰ ਸਿੰਘ ਅਤੇ ਰਵਿੰਦਰ ਕੁਮਾਰ ਪੀ ਜੀ ਆਈ ਐੱਮ ਈ ਆਰ, ਚੰਡੀਗੜ੍ਹ ਅਤੇ ਅਬਦੁਲ ਵਾਜਿਦ ਭੱਟ ਅਤੇ ਰਾਜਾ ਓਵੈਸ ਸ਼ਾਮਿਲ ਸਨ। ਇਸੇ ਦੌਰਾਨ ਸੀ ਐੱਮ ਈ ਬਰੋਸ਼ਰ ਜਾਰੀ ਕੀਤਾ ਗਿਆ । ਜੋਏ ਅੰਜ਼ਰ ਹਾਮਿਦ ਨੇ ਆਧੁਨਿਕ ਸਿਹਤ ਸੰਭਾਲ ਵਿੱਚ ਰੇਡੀਓਗ੍ਰਾਫਰਾਂ ਦੀ ਵਿਕਸਤ ਹੋ ਰਹੀ ਭੂਮਿਕਾ ਅਤੇ ਡਾਇਗਨੌਸਟਿਕ ਇਮੇਜਿੰਗ 'ਤੇ ਆਰਟੀਫੀਸ਼ੀਅਲ ਇੰਟੈਲੀਜੈਂਸ ਦੇ ਪਰਿਵਰਤਨਸ਼ੀਲ ਪ੍ਰਭਾਵ 'ਤੇ ਗੱਲ ਕੀਤੀ। ਉਨ੍ਹਾਂ ਦੀਆਂ ਸੂਝਵਾਨ ਪੇਸ਼ਕਾਰੀਆਂ ਨੇ ਉੱਭਰ ਰਹੀਆਂ ਤਕਨਾਲੋਜੀਆਂ ਦੇ ਏਕੀਕਰਨ ਅਤੇ ਪੇਸ਼ੇਵਰਾਂ ਵਿੱਚ ਨਿਰੰਤਰ ਸਿੱਖਣ ਦੀ ਜ਼ਰੂਰਤ 'ਤੇ ਰੌਸ਼ਨੀ ਪਾਈ।ਤਕਨੀਕੀ ਸੈਸ਼ਨਾਂ ਦੌਰਾਨ ਮਾਹਿਰਾਂ ਨੇ ਰੇਡੀਓਲੋਜੀ ਅਤੇ ਇਮੇਜਿੰਗ ਤਕਨਾਲੋਜੀ ਦੇ ਵੱਖ-ਵੱਖ ਪਹਿਲੂਆਂ 'ਤੇ ਸੂਝਵਾਨ ਭਾਸ਼ਣ ਦਿੱਤੇ, ਮਾਹਿਰਾਂ ਨੇ ਉੱਨਤ ਰੇਡੀਓਲੋਜੀਕਲ ਪ੍ਰਕਿਰਿਆ ਵਿੱਚ ਆਰਟੀਫੀਸ਼ੀਅਲ ਇੰਟੈਲੀਜੈਂਸ ਦੀ ਭੂਮਿਕਾ 'ਤੇ ਜ਼ੋਰ ਦਿੱਤਾ।ਇਸ ਸਮਾਗਮ ਵਿੱਚ ਵੱਖ-ਵੱਖ ਯੂਨੀਵਰਸਿਟੀਆਂ ਅਤੇ ਕਾਲਜਾਂ ਦੇ ਲਗਭਗ 270 ਵਿਦਿਆਰਥੀਆਂ ਨੇ ਹਿੱਸਾ ਲਿਆ ਅਤੇ ਆਪਣੀ ਪ੍ਰਤਿਭਾ ਦਾ ਪ੍ਰਦਰਸ਼ਨ ਕਰਨ ਲਈ ਪੋਸਟਰ ਅਤੇ ਮਾਡਲ ਪੇਸ਼ ਕੀਤੇ।ਇਹ ਪ੍ਰੋਗਰਾਮ ਦੇ ਆਖਿਰ ਵਿਚ ਪੋਸਟਰ ਅਤੇ ਮਾਡਲ ਪੇਸ਼ਕਾਰੀਆਂ ਦੇ ਜੇਤੂਆਂ ਨੂੰ ਸਨਮਾਨਤ ਕੀਤਾ ਗਿਆ। ਪੁਰਸਕਾਰ ਪ੍ਰਾਪਤ ਕਰਨ ਵਾਲਿਆਂ ਨੂੰ ਉਨ੍ਹਾਂ ਦੀਆਂ ਸਬੰਧਤ ਸ਼੍ਰੇਣੀਆਂ ਵਿੱਚ ਉਨ੍ਹਾਂ ਦੇ ਸ਼ਾਨਦਾਰ ਯੋਗਦਾਨ ਅਤੇ ਉੱਤਮਤਾ ਲਈ ਪ੍ਰਸ਼ੰਸਾ ਕੀਤੀ ਗਈ।



# ਕਲੋਏ 'ਚ ਸਤਿਗੁਰੂ ਰਵਿਦਾਸ ਵਿਚਾਰਧਾਰਾ ਨੂੰ ਸਮਰਪਤ ਸੰਤ ਸਮਾਗਮ



**ਅੱਡਾ ਸਰਾਂ (ਜਸਵੀਰ ਕਾਜਲ)**- ਸਤਿਗੁਰੂ ਸ੍ਰੀ ਗੁਰੂ ਰਵਿਦਾਸ ਮਹਾਰਾਜ ਦੀ ਮਹਾਨ ਵਿਚਾਰਧਾਰਾ ਨੂੰ ਸਮਰਪਤ 9ਵਾਂ ਮਹਾਨ ਸੰਤ ਸੰਮੇਲਨ ਸਤਿਗੁਰੂ ਸ੍ਰੀ ਗੁਰੂ ਰਵਿਦਾਸ ਸਭਾ ਪਿੰਡ ਕਲੋਏ ਵੱਲੋਂ ਸ਼ਰਧਾ ਤੇ ਸਤਿਕਾਰ ਨਾਲ ਕਰਵਾਇਆ ਗਿਆ। ਡੇਰਾ ਸੱਚਖੰਡ ਬੱਲਾਂ ਦੇ ਮੌਜੂਦਾ ਗੱਦੀਨਸ਼ੀਨ ਸੰਤ ਨਿਰੰਜਨ ਦਾਸ ਮਹਾਰਾਜ ਦੀ ਸਰਪ੍ਰਸਤੀ ਹੇਠ ਹੋਏ ਇਸ ਸਮਾਗਮ ਦੌਰਾਨ ਸਭ ਤੋਂ ਪਹਿਲਾਂ ਸਤਿਗੁਰੂ ਸ੍ਰੀ ਗੁਰੂ ਰਵਿਦਾਸ ਮਹਾਰਾਜ ਦੀ ਅੰਮ੍ਰਿਤ ਬਾਣੀ ਦੇ ਭੋਗ ਪਾਏ ਗਏ ਤੇ ਸਰਬੱਤ ਦੇ ਭਲੇ ਦੀ ਅਰਦਾਸ ਕੀਤੀ ਗਈ । ਇਸ ਮੌਕੇ ਸੰਤ ਨਿਰੰਜਨ ਦਾਸ ਮਹਾਰਾਜ ਤੋਂ ਇਲਾਵਾ ਸੰਤ ਮਨਦੀਪ ਦਾਸ, ਸੰਤ ਪ੍ਰੀਤਮ ਦਾਸ ਸੰਗਤਪੁਰ ਵਾਲੇ, ਸੰਤ ਸੁਖਵਿੰਦਰ ਸਿੰਘ ਡੇਰਾ ਕਡਿਆਣਾ, ਸੰਤ ਸੁਖਵਿੰਦਰ ਦਾਸ ਢੱਡੇ, ਸੰਤ ਨਰੇਸ਼ ਗਿਰ ਨੰਗਲ ਖੂੰਗਾ, ਸੰਤ ਰਾਮ ਗਿਰ ਰਾਜਪੁਰ ਕੰਡੀ, ਸੰਤ ਪ੍ਰੇਮ ਦਾਸ ਰਜਪਾਲਵਾਂ, ਸੰਤ ਸੋਢੀ ਸ਼ਾਹ ਦਰਬਾਰ ਚੋਲੀਪੁਰ ਵਾਲੇ ਤੇ ਹੋਰ ਸੰਤ-ਮਹਾਪੁਰਸ਼ ਪਹੁੰਚ ਕੇ ਸਮੂਹ ਸੰਗਤ ਨੂੰ ਸ੍ਰੀ ਗੁਰੂ ਰਵਿਦਾਸ ਮਹਾਰਾਜ ਜੀ ਦੀ ਮਹਾਨ ਵਿਚਾਰਧਾਰਾ ਨਾਲ ਜੋੜਦੇ ਹੋਏ ਉਹਨਾਂ ਦੀ ਮਹਾਨ ਕ੍ਰਾਂਤੀਕਾਰੀ ਸੋਚ 'ਤੇ ਪਹਿਰਾ ਦਿੰਦੇ ਹੋਏ ਸੇਵਾ ਸਿਮਰਨ ਨਾਲ ਜੁੜਨ ਲਈ ਪ੍ਰੇਰਿਤ ਕੀਤਾ। ਸਟੇਜ ਸਕੱਤਰ ਦੀ ਭੂਮਿਕਾ ਨਿਭਾ ਰਹੇ ਪ੍ਰੋਫੈਸਰ ਸੋਮਨਾਥ ਫਗਵਾੜਾ ਨੇ ਦੱਸਿਆ ਕਿ ਸਤਿਗੁਰੂ ਸ੍ਰੀ ਗੁਰੂ ਰਵਿਦਾਸ ਮਹਾਰਾਜ ਦੀ ਵਿਚਾਰਧਾਰਾ ਨਾਲ ਸੰਬੰਧਤ ਚੱਲ ਰਹੇ ਸੰਤ ਸਮਾਗਮ ਦੌਰਾਨ 1 ਦਸੰਬਰ ਨੂੰ ਪਿੰਡ ਜੌਹਲ ਵਿਖੇ ਸਾਲਾਨਾ ਸੰਤ ਸਮਾਗਮ ਸਤਿਗੁਰੂ ਸ੍ਰੀ ਗੁਰੂ ਰਵਿਦਾਸ ਸਭਾ ਜੌਹਲ ਵੱਲੋਂ ਸ਼ਰਧਾ ਤੇ ਸਤਿਕਾਰ ਨਾਲ ਕਰਵਾਇਆ ਜਾਵੇਗਾ ਜਿਸ ਵਿੱਚ ਸੰਤ ਨਿਰੰਜਨ ਦਾਸ ਜੀ ਤੋਂ ਇਲਾਵਾ ਹੋਰ ਸੰਤ ਮਹਾਂਪੁਰਸ਼ ਪਹੁੰਚ ਕਰਕੇ ਸਮੂਹ ਸੰਗਤ ਨੂੰ ਸ੍ਰੀ ਗੁਰੂ ਰਵਿਦਾਸ ਮਹਾਰਾਜ ਜੀ ਦੀ ਅੰਮ੍ਰਿਤ ਬਾਣੀ ਦੁਆਰਾ ਨਿਹਾਲ ਕਰਨਗੇ। ਇਸ ਮੌਕੇ ਵਿਧਾਇਕ ਟਾਂਡਾ ਜਸਵੀਰ ਸਿੰਘ ਰਾਜਾ, ਯੂਥ ਆਗੂ ਸਰਬਜੀਤ ਸਿੰਘ ਮੋਮੀ ਨੇ ਸਮੂਹ ਸੰਗਤ ਨੂੰ ਸਤਿਗੁਰੂ ਸ੍ਰੀ ਰਵਿਦਾਸ ਮਹਾਰਾਜ ਦੀਆਂ ਸਿੱਖਿਆਵਾਂ ਨੂੰ ਆਪਣੇ ਜੀਵਨ ਵਿੱਚ ਅਪਣਾਉਣ ਲਈ ਪ੍ਰੇਰਿਤ ਕੀਤਾ। ਇਸ ਮੌਕੇ ਪ੍ਰਧਾਨ ਕਸ਼ਮੀਰ ਸਿੰਘ, ਸਰਪੰਚ ਅਜੈਬ ਸਿੰਘ, ਸਾਬਕਾ ਸਰਪੰਚ ਬਲਵੀਰ ਸਿੰਘ, ਜੱਸਾ ਸਿੰਘ ਕਲੋਏ, ਦਲਜੀਤ ਸਿੰਘ, ਸੁਖਵਿੰਦਰ ਸਿੰਘ ਮੂਨਕਾਂ, ਕਿਰਪਾਲ ਸਿੰਘ, ਸੁਖਬੀਰ ਸਿੰਘ, ਆਗਿਆ ਸਿੰਘ, ਠੇਕੇਦਾਰ ਪਰਵਿੰਦਰ ਸੋਢੀ, ਜੋਗਾ ਸਿੰਘ, ਪਰਮਜੀਤ ਕੌਰ, ਸਾਬਕਾ ਸਰਪੰਚ ਸੁਖਵਿੰਦਰ ਕੌਰ, ਮੰਨਾ ਕਲੋਏ, ਗੌਰਵ, ਮਨੀ ਸਿੰਘ, ਨਰਿੰਦਰ ਸਿੰਘ, ਸੋਹਣ ਸਿੰਘ, ਸੇਵਾ ਕੌਰ, ਸੁਰਿੰਦਰ ਕੌਰ, ਊਸ਼ਾ ਰਾਣੀ, ਹਰਦੀਪ ਕੌਰ, ਪ੍ਰਵੀਨ ਕੌਰ, ਜਤਿੰਦਰ ਬੱਧਣ ਤੇ ਹੋਰ ਸੇਵਾਦਾਰ ਵੀ ਹਾਜ਼ਰ ਸਨ।

15 Nov Page 9.qxd 11/14/2025 10:43 PM Page 1



## ਨਾਨਗਰਾਂ ਨੂੰ ਮਿਲੇਗੀ ਸੁਚਾਰੂ ਆਵਾਜਾਈ ਦੀ ਸਹੂਲਤ : ਬੈਂਸ

**ਨੰਗਲ, ਭਲਾਣ (ਹਰਭਜਨ ਢਿੱਲੋਂ)**- ਪੰਜਾਬ ਸਰਕਾਰ ਵੱਲੋਂ ਪਿੰਡ ਪੱਧਰ 'ਤੇ ਵਿਕਾਸ ਕਾਰਜਾਂ ਨੂੰ ਨਵੀਂ ਰਫ਼ਤਾਰ ਮਿਲ ਰਹੀ ਹੈ। ਇਸ ਕੜੀ ਤਹਿਤ ਹਰਜੋਤ ਸਿੰਘ ਬੈਂਸ ਕੈਬਨਿਟ ਮੰਤਰੀ ਸਿੱਖਿਆ ਅਤੇ ਸੂਚਨਾ ਤੇ ਲੋਕ ਸੰਪਰਕ ਵਿਭਾਗ, ਪੰਜਾਬ ਅਤੇ ਹਲਕਾ ਵਿਧਾਇਕ ਸ੍ਰੀ ਅਨੰਦਪੁਰ



ਸਾਹਿਬ ਨੇ ਨਾਨਗਰਾਂ ਪਿੰਡ ਦੀ ਫਿਰਨੀ ਦੀ ਨਵੀਨੀਕਰਨ ਕਾਰਜ ਦਾ ਉਦਘਾਟਨ ਕੀਤਾ। ਇਹ ਪ੍ਰੋਜੈਕਟ ਕੁੱਲ 2.67 ਕਰੋੜ ਰੁਪਏ ਦੀ ਲਾਗਤ ਨਾਲ 3.15 ਕਿਲੋਮੀਟਰ ਸੜਕ ਉੱਤੇ ਤਿਆਰ ਕੀਤਾ ਜਾ ਰਿਹਾ ਹੈ, ਜਿਸ ਨਾਲ ਪਿੰਡ ਵਾਸੀਆਂ ਨੂੰ ਸੁਚਾਰੂ ਆਵਾਜਾਈ ਦੀ ਸਹੂਲਤ ਪ੍ਰਾਪਤ ਹੋਵੇਗੀ। ਇਸ ਮੌਕੇ ਬੈਂਸ ਨੇ ਕਿਹਾ ਕਿ ਪੰਜਾਬ ਸਰਕਾਰ ਵੱਲੋਂ ਪਿੰਡਾਂ ਦੀ ਬੁਨਿਆਦੀ ਢਾਂਚੇ ਦੀ ਮਜ਼ਬੂਤੀ ਲਈ ਲਗਾਤਾਰ ਕਦਮ ਚੁੱਕੇ ਜਾ ਰਹੇ ਹਨ। ਉਨ੍ਹਾਂ ਨੇ ਕਿਹਾ ਕਿ ਨਾਨਗਰਾਂ ਪਿੰਡ ਦੀ ਫਿਰਨੀ ਪਿਛਲੇ ਕਈ ਸਾਲਾਂ ਤੋਂ ਖਰਾਬ ਹਾਲਤ ਵਿੱਚ ਸੀ, ਜਿਸ ਨਾਲ ਲੋਕਾਂ ਨੂੰ ਆਵਾਜਾਈ ਵਿੱਚ ਮੁਸ਼ਕਲਾਂ ਦਾ ਸਾਹਮਣਾ ਕਰਨਾ ਪੈਂਦਾ ਸੀ। ਇਸ ਸੜਕ ਦੇ ਨਵੀਨੀਕਰਨ ਨਾਲ ਨਾ ਸਿਰਫ ਪਿੰਡ ਅੰਦਰ ਆਉਣ-ਜਾਣ ਦਾ ਪ੍ਰਬੰਧ ਸੁਚਾਰੂ ਹੋਵੇਗਾ, ਸਗੋਂ ਖੇਤੀਬਾੜੀ ਨਾਲ ਜੁੜੇ ਕਿਸਾਨਾਂ ਨੂੰ ਵੀ ਆਪਣੀ ਫਸਲ ਮੰਡੀਆਂ ਤੱਕ ਲਿਜਾਣ ਵਿੱਚ ਸੁਵਿਧਾ ਮਿਲੇਗੀ।ਸ. ਬੈਂਸ ਨੇ ਪਿੰਡ ਵਾਸੀਆਂ ਦੀ ਮੰਗ ਅਨੁਸਾਰ 50 ਨਵੀਆਂ ਲਾਈਟਾਂ ਲਗਾਉਣ ਦਾ ਐਲਾਨ ਵੀ ਕੀਤਾ। ਉਨ੍ਹਾਂ ਨੇ ਕਿਹਾ ਕਿ ਇਹ ਲਾਈਟਾਂ ਪਿੰਡ ਦੇ ਮੁੱਖ ਰਸਤਿਆਂ ਅਤੇ ਆਲੇ ਦੁਆਲੇ ਸਥਾਪਿਤ ਕੀਤੀਆਂ ਜਾਣਗੀਆਂ, ਜਿਸ ਨਾਲ ਰਾਤ ਸਮੇਂ ਸੁਰੱਖਿਆ ਅਤੇ ਆਵਾਜਾਈ ਸੁਚਾਰੂ ਹੋਣਗੇ। ਇਸ ਮੌਕੇ ਹਰਪਾਲ ਸਿੰਘ ਸਰਪੰਚ, ਅਸ਼ਵਨੀ ਕੁਮਾਰ ਪੰਚ, ਰਛਪਾਲ ਪੰਚ, ਕਰਨੈਲ ਸਿੰਘ ਪੰਚ, ਦੀਪ ਮਾਲਾ ਪੰਚ, ਸਿਮਰਨ ਰਾਣਾ ਪੰਚ, ਪੂਜਾ ਦੇਵੀ ਪੰਚ, ਮਾਨਕਾ ਰਾਣੀ ਪੰਚ, ਬਲਵੀਰ ਕੌਰ ਪੰਚ, ਪੂਨਮ ਕੁਮਾਰੀ ਪੰਚ, ਰਾਕੇਸ਼ ਵਰਮਾ ਬਲਾਕ ਪ੍ਰਧਾਨ, ਪਿੰਕੀ ਭਨਾਮ, ਅਰਸ਼, ਚਾਨਾ, ਮਨਜੀਤ ਸੈਣੀ ਪੰਚ, ਸਰਪੰਚ, ਪਾਰਟੀ ਵਰਕਰ ਤੇ ਪਤਵੰਤੇ ਵੱਡੀ ਗਿਣਤੀ ਵਿਚ ਹਾਜ਼ਰ ਸਨ।

## ਨਗਰ ਨਿਗਮ ਫਗਵਾੜਾ ਨੇ ਸ਼ਹੀਦੀ ਸਮਾਗਮ ਲਈ ਨਗਰ ਕੀਰਤਨ ਦੇ ਰੂਟ ਦਾ ਲਿਆ ਜਾਇਜ਼ਾ


**ਫਗਵਾੜਾ (ਡਾ ਰਮਨ)**- ਸ੍ਰੀ ਗੁਰੂ ਤੇਗ ਬਹਾਦਰ ਜੀ ਦੇ 350ਵੇਂ ਸ਼ਹੀਦੀ ਸਮਾਗਮ ਮੌਕੇ ਫਗਵਾੜਾ ਵਿਖੇ ਨਗਰ ਕੀਰਤਨ ਦੀ ਆਮਦ ਲਈ ਨਗਰ ਨਿਗਮ ਫਗਵਾੜਾ ਦੇ ਅਧਿਕਾਰੀਆਂ ਨੇ ਨਗਰ



ਕੀਰਤਨ ਦੇ ਰੂਟ ਦਾ ਨਿਰੀਖਣ ਕੀਤਾ। ਇਹ ਨਿਰੀਖਣ ਫਗਵਾੜਾ ਨਗਰ ਨਿਗਮ ਕਮਿਸ਼ਨਰ ਡਾ. ਅਕਸ਼ਿਤਾ ਗੁਪਤਾ (ਆਈ ਏ ਐੱਸ) ਦੇ ਨਿਰਦੇਸ਼ਾਂ ਹੇਠ ਉੱਚ ਨਾਗਰਿਕ ਮਿਆਰਾਂ ਨੂੰ ਬਣਾਈ ਰੱਖਣ ਲਈ ਅਤੇ ਨਗਰ ਕੀਰਤਨ ਦੀ ਮਹੱਤਤਾ ਨੂੰ ਮੁੱਖ ਰੱਖਦੇ ਹੋਏ ਕੀਤਾ ਗਿਆ।ਸਹਾਇਕ ਕਮਿਸ਼ਨਰ ਸ੍ਰੀ ਅਨੀਸ਼ ਬਾਂਸਲ ਨੇ ਨਗਰ ਨਿਗਮ ਦੇ ਸਟਾਫ ਐੱਸ ਓ, ਗੁਰਿੰਦਰ ਸਿੰਘ, ਐੱਸ ਆਈ ਰਿਤੇਸ਼ ਸ਼ਰਮਾ, ਨਾਮਦੇਵ, ਜੇ ਈ ਰਾਕੇਸ਼ ਕੁਮਾਰ ਦੇ ਨਾਲ ਰੂਟ ਦਾ ਨਿਰੀਖਣ ਕੀਤਾ ਤੇ ਸਫਾਈ ਵਿਵਸਥਾ, ਸਟਰੀਟ ਲਾਈਟਾਂ ਅਤੇ ਸੁਰੱਖਿਆ ਉਪਾਵਾਂ ਨਾਲ ਸਬੰਧਤ ਪ੍ਰਬੰਧਾਂ ਦਾ ਜਾਇਜ਼ਾ ਲਿਆ ਤਾਂ ਜੋ ਨਗਰ ਕੀਰਤਨ ਨੂੰ ਸੁਚਾਰੂ ਅਤੇ ਸਨਮਾਨਜਨਕ ਢੰਗ ਨਾਲ ਯਕੀਨੀ ਬਣਾਇਆ ਜਾ ਸਕੇ।ਮੇਅਰ ਰਾਮਪਾਲ ਉੱਪਲ ਨੇ ਭਰੋਸਾ ਦਿੱਤਾ ਕਿ ਨਗਰ ਨਿਗਮ ਫਗਵਾੜਾ ਨਗਰ ਕੀਰਤਨ ਦਾ ਨਿੱਘਾ ਸਵਾਗਤ ਕਰਨ ਲਈ ਸਾਰੇ ਜ਼ਰੂਰੀ ਪ੍ਰਬੰਧ ਕਰੇਗਾ, ਜਿਸ ਵਿੱਚ ਨਿਗਮ ਵੱਲੋਂ ਸ਼ਰਧਾਲੂਆਂ ਲਈ ਇੱਕ ਸਾਫ਼, ਰੌਸ਼ਨ ਅਤੇ ਸੁਚੱਜਾ ਵਾਤਾਵਰਣ ਪੇਸ਼ ਕਰਨ ਦੀ ਵਚਨਬੱਧਤਾ ਨੂੰ ਉਜਾਗਰ ਕੀਤਾ ਗਿਆ ਹੈ।ਇਸ ਮੌਕੇ ਗੁਰਦੁਆਰਾ ਸੁਖਚੈਨਆਣਾ ਸਾਹਿਬ ਦੇ ਮੈਨੇਜਰ ਨਰਿੰਦਰ ਸਿੰਘ, ਹੈੱਡ ਗ੍ਰੰਥੀ ਸਰਦਾਰ ਬਲਵਿੰਦਰ ਸਿੰਘ ਅਤੇ ਬਲਜੀਤ ਸਿੰਘ ਛਾਬੜਾ (ਸੋਨੂੰ) ਹਾਜ਼ਰ ਸਨ।

## ਖੇਡ ਨਰਸਰੀ ਦੇ ਨਜ਼ਦੀਕ ਖੁੱਲ੍ਹੇ ਸ਼ਰਾਬ ਦੇ ਠੇਕੇ ਖਿਲਾਫ਼ ਲੋਕ ਇਕਜੁੱਟ ਹੋਏ

**ਤਲਵਾੜਾ, ਹੁਸ਼ਿਆਰਪੁਰ (ਬਲਵੀਰ ਸਿੰਘ ਸੈਣੀ)**- ਇੱਥੇ ਨਜ਼ਦੀਕੀ ਪਿੰਡ ਖਮਤਾ ਪੱਤੀ ਵਿਖੇ ਖੇਡ ਨਰਸਰੀ ਦੇ ਕੋਲ ਖੁੱਲ੍ਹੇ ਸ਼ਰਾਬ ਦੇ ਠੇਕੇ ਨੇ ਰਾਜ ਸਰਕਾਰ ਦੀ ਕਥਨੀ ਅਤੇ ਕਰਨੀ 'ਤੇ ਸਵਾਲ ਖੜ੍ਹੇ ਕਰ ਦਿੱਤੇ ਹਨ। ਪਿੰਡ ਭਵਨੌਰ ਅਤੇ ਖਮਤਾ ਪੱਤੀ





ਵਾਸੀ ਨਵੇਂ ਖੁੱਲ੍ਹੇ ਸ਼ਰਾਬ ਦੇ ਠੇਕੇ ਦਾ ਵਿਰੋਧ ਕਰ ਰਹੇ ਹਨ। ਅੱਜ ਪਿੰਡ ਵਾਸੀਆਂ ਦੇ ਵਫਦ ਨੇ ਠੇਕੇ ਦੇ ਵਿਰੋਧ ਵਿਚ ਵਿਧਾਇਕ ਕਰਮਬੀਰ ਘੁੰਮਣ ਨੂੰ ਮੰਗ ਪੱਤਰ ਸੌਂਪਿਆ। ਨੰਬਰਦਾਰ ਸੁਰਿੰਦਰ ਸਿੰਘ, ਸਾਬਕਾ ਫੌਜੀ ਸਮਿੰਦਰ ਸਿੰਘ, ਵਿਜੈ ਕੁਮਾਰ ਅਤੇ ਸੱਤਪਾਲ ਨੇ ਦੱਸਿਆ ਕਿ ਪਿਛਲੇ 10 -12 ਦਿਨਾਂ ਤੋਂ ਤਲਵਾੜਾ - ਦੌਲਤਪੁਰ ਰੋਡ 'ਤੇ ਪੈਂਦੇ ਪਿੰਡ ਖਮਤਾ ਪੱਤੀ ਅਤੇ ਭਵਨੌਰ ਦੀ ਹੱਦ 'ਤੇ ਨਵਾਂ ਸ਼ਰਾਬ ਦਾ ਠੇਕਾ ਖੋਲ੍ਹਿਆ ਗਿਆ ਹੈ। ਇਹ ਠੇਕਾ ਸਰਕਾਰ ਵੱਲੋਂ ਕਰੀਬ 85 ਲੱਖ ਦੀ ਲਾਗਤ ਨਾਲ ਬਣਾਈ ਖੇਡ ਨਰਸਰੀ ਤੋਂ ਮਹਿਜ਼ 100 ਮੀਟਰ ਦੀ ਦੂਰੀ 'ਤੇ ਹੈ। ਇਸ ਦੇ ਦੂਜੇ ਪਾਸੇ ਮਾਤਰ 50 ਮੀਟਰ ਦੀ ਦੂਰੀ 'ਤੇ ਮੰਦਰ ਅਤੇ ਖੇਡ ਗਰਾਊਂਡ ਹੈ। ਜਦਕਿ ਭਵਨੌਰ 'ਚ ਪਹਿਲਾਂ ਹੀ ਇੱਕ ਸ਼ਰਾਬ ਦਾ ਠੇਕਾ ਖੁੱਲ੍ਹਿਆ ਹੋਇਆ ਹੈ। ਜੋ ਕਿ ਨਵੇਂ ਠੇਕੇ ਤੋਂ ਮਹਿਜ਼ 500 ਮੀਟਰ ਦੀ ਦੂਰੀ 'ਤੇ ਸਥਿਤ ਹੈ। ਇੱਕ ਪਾਸੇ ਸਰਕਾਰ 'ਯੁੱਧ ਨਸ਼ਿਆਂ ਵਿਰੁੱਧ' ਮੁਹਿੰਮ ਤਹਿਤ ਕਰੋੜਾਂ ਰੁਪਏ ਲੋਕਾਂ ਨੂੰ ਜਾਗਰੂਕ ਕਰਨ 'ਤੇ ਖਰਚ ਕਰ ਰਹੀ ਹੈ। ਦੂਜੇ ਬੰਨੇ ਪਿੰਡਾਂ 'ਚ ਬਿਨ੍ਹਾਂ ਸਹਿਮਤੀ ਸ਼ਰਾਬ ਦੇ ਠੇਕੇ ਖੋਲ੍ਹਣ ਦੀਆਂ ਪ੍ਰਵਾਨਗੀਆਂ ਦਿੱਤੀਆਂ ਜਾ ਰਹੀਆਂ ਹਨ। ਪਿੰਡ ਵਾਸੀਆਂ ਨੇ ਠੇਕੇ ਨੂੰ ਬੰਦ ਕਰਵਾਉਣ ਲਈ ਕਰੀਬ 150 ਤੋਂ ਵੱਧ ਵਿਅਕਤੀਆਂ ਦੇ ਦਸਤਖ਼ਤ ਵਾਲੀ ਲਿਖਤੀ ਸ਼ਿਕਾਇਤ ਐਕਸਾਈਜ਼ ਕਮਿਸ਼ਨਰ, ਚੰਡੀਗੜ੍ਹ, ਡਿਪਟੀ ਕਮਿਸ਼ਨਰ ਹੁਸ਼ਿਆਰਪੁਰ ਅਤੇ ਐਸ ਡੀ ਐਮ ਮੁਕੇਰੀਆਂ ਨੂੰ ਭੇਜੀ ਹੈ। ਅੱਜ ਉਨ੍ਹਾਂ ਠੇਕਾ ਬੰਦ ਕਰਵਾਉਣ ਲਈ ਹਲਕਾ ਵਿਧਾਇਕ ਐਡ ਕਰਮਬੀਰ ਘੁੰਮਣ ਨੂੰ ਵੀ ਮੰਗ ਪੱਤਰ ਸੌਂਪਿਆ। ਵਿਧਾਇਕ ਘੁੰਮਣ ਨੇ ਲੋਕਾਂ ਨੂੰ ਜਲਦ ਬਣਦੀ ਕਾਰਵਾਈ ਕਰਨ ਦਾ ਭਰੋਸਾ ਦਿੱਤਾ।ਠੇਕਾ ਬੰਦ ਨਾ ਹੋਣ ਦੀ ਸੂਰਤ ਵਿਚ ਪਿੰਡ ਵਾਸੀਆਂ ਨੇ ਤਲਵਾੜਾ - ਦੌਲਤਪੁਰ ਸੜਕ ਮਾਰਗ ਜਾਮ ਕਰਕੇ ਧਰਨਾ ਪ੍ਰਦਰਸ਼ਨ ਕਰਨ ਦੀ ਚੇਤਾਵਨੀ ਦਿੱਤੀ ਹੈ।ਈਟੀਓ ਐਕਸਾਈਜ਼ ਭੁਪਿੰਦਰ ਸਿੰਘ ਨੇ ਮਾਮਲੇ ਦੀ ਜਾਂਚ ਕਰਵਾਉਣ ਉਪਰੰਤ ਟਿੱਪਣੀ ਕਰਨ ਦੀ ਗੱਲ ਕਹੀ।

## ਡਾਇਸਨ ਨੇ ਲਾਂਚ ਕੀਤੇ ਦੋ ਨਵੇਂ ਪਿਊਰੀਫਾਇਰ

**ਅੰਮ੍ਰਿਤਸਰ**- ਪ੍ਰੀਮੀਅਮ ਹੋਮ ਟੈਕਨੋਲੋਜੀ ਬ੍ਰਾਂਡ ਡਾਇਸਨ ਨੇ ਆਪਣੀ ਹਾਟ+ਕੂਲ ਪਿਊਰੀਫਾਇਰ ਰੇਂਜ ਵਿੱਚ ਦੋ ਨਵੇਂ ਮਾਡਲ ਡਾਇਸਨ ਪਿਊਰੀਫਾਇਰ ਹਾਟ+ਕੂਲ ਐੱਚ ਪੀ 2 ਡੀ-ਨਾਕਸ ਅਤੇ ਡਾਇਸਨ ਪਿਊਰੀਫਾਇਰ ਹਾਟ+ਕੂਲ ਐੱਚ ਪੀ 1 ਲਾਂਚ ਕੀਤੇ ਹਨ। ਇਹ ਸਮਾਰਟ ਪਿਊਰੀਫਾਇਰ ਨਾ ਸਿਰਫ ਹਵਾ ਨੂੰ 99.95 ਪ੍ਰਤੀਸ਼ਤ ਤੱਕ ਸਾਫ ਕਰਦੇ ਹਨ, ਸਗੋਂ ਸਰਦੀਆਂ ਵਿੱਚ ਹੀਟਰ ਅਤੇ ਗਰਮੀਆਂ ਵਿੱਚ ਕੂਲਰ ਵਾਂਗ ਵੀ ਕੰਮ ਕਰਦੇ ਹਨ। ਡਾਇਸਨ ਦੇ ਮੁਤਾਬਕ, ਨਵੀਂ ਰੇਂਜ ਵਿੱਚ ਕੰਪਨੀ ਦਾ ਹੁਣ ਤੱਕ ਦਾ ਸਭ ਤੋਂ ਅਡਵਾਂਸਡ ਗੈਸ ਕੈਪਚਰ ਸਿਸਟਮ ਦਿੱਤਾ ਗਿਆ ਹੈ, ਜੋ ਘਰਾਂ ਵਿੱਚ ਮੌਜੂਦ ਨਾਈਟ੍ਰੋਜਨ ਡਾਇਆਕਸਾਈਡ, ਫਾਰਮਲਡਿਹਾਈਡ, ਅਤੇ ਹੋਰ ਹਾਨਿਕਾਰਕ ਗੈਸਾਂ ਨੂੰ ਵੀ ਪ੍ਰਭਾਵਸ਼ਾਲੀ ਢੰਗ ਨਾਲ ਦੂਰ ਕਰਦਾ ਹੈ। ਐੱਚ ਪੀ 2 ਡੀ-ਨਾਕਸ ਮਾਡਲ ਵ੍ਹਾਈਟ/ਗੋਲਡ ਅਤੇ ਨਿਕਲ/ਗੋਲਡ ਰੰਗਾਂ ਵਿੱਚ 68,900 ਵਿੱਚ ਉਪਲਬਧ ਹੈ, ਜਦਕਿ ਐੱਚ ਪੀ 1 ਮਾਡਲ ਵ੍ਹਾਈਟ/ਸਿਲਵਰ ਅਤੇ ਨਿਕਲ/ਸਿਲਵਰ ਰੰਗਾਂ ਵਿੱਚ ?56,900 ਵਿੱਚ ਖਰੀਦਿਆ ਜਾ ਸਕਦਾ ਹੈ। ਦੋਵੇਂ ਪ੍ਰੋਡਕਟ ਡਾਇਸਨ ਡਾਟ ਇਨ ਅਤੇ ਦੇਸ਼-ਭਰ ਦੇ ਡਾਇਸਨ ਸਟੋਰਾਂ 'ਤੇ ਉਪਲਬਧ ਹਨ।

## ਆਸ਼ੂ ਮਾਰਕੰਡਾ ਨੇ ਵਿਧਾਇਕ ਧਾਲੀਵਾਲ ਨੂੰ ਜ਼ਿਲ੍ਹਾ ਪ੍ਰਧਾਨ ਬਣਨ 'ਤੇ ਸ਼ੁੱਭ-ਇੱਛਾਵਾਂ ਦਿੱਤੀਆਂ

**ਫਗਵਾੜਾ (ਡਾ. ਰਮਨ)**- ਯੂਥ ਕਾਂਗਰਸ ਜ਼ਿਲ੍ਹਾ ਕਪੂਰਥਲਾ ਦੇ ਸਾਬਕਾ ਮੀਤ ਪ੍ਰਧਾਨ ਆਸ਼ੂ ਮਾਰਕੰਡਾ ਨੇ ਫਗਵਾੜਾ ਦੇ ਵਿਧਾਇਕ ਬਲਵਿੰਦਰ ਸਿੰਘ ਧਾਲੀਵਾਲ ਨੂੰ ਦੂਸਰੀ ਵਾਰ ਜ਼ਿਲ੍ਹਾ ਕਾਂਗਰਸ ਕਮੇਟੀ ਦੇ ਪ੍ਰਧਾਨ ਚੁਣੇ ਜਾਣ 'ਤੇ ਫੁੱਲਾਂ ਦਾ



ਗੁਲਦਸਤਾ ਭੇਟ ਕਰਕੇ ਸ਼ੁੱਭ ਇੱਛਾਵਾਂ ਦਿੱਤੀਆਂ। ਉਹਨਾਂ ਦੇ ਨਾਲ ਸੀਨੀਅਰ ਕਾਂਗਰਸੀ ਆਗੂਆਂ ਤੇਜਿੰਦਰ ਬਾਵਾ, ਸ਼ੋਕੀ ਟੂਰਾ ਨਰੂੜ ਅਤੇ ਗੁਲਸ਼ਨ ਸ਼ਰਮਾ ਲੱਕੀ ਨੇ ਵੀ ਨਵ-ਨਿਯੁਕਤ ਜ਼ਿਲ੍ਹਾ ਪ੍ਰਧਾਨ ਨੂੰ ਆਪਣੀਆਂ ਸ਼ੁੱਭਕਾਮਨਾਵਾਂ ਦਿੱਤੀਆਂ। ਆਸ਼ੂ ਮਾਰਕੰਡਾ ਨੇ ਕਿਹਾ ਕਿ ਧਾਲੀਵਾਲ ਦੀ ਜ਼ਿਲ੍ਹਾ ਪ੍ਰਧਾਨ ਵਜੋਂ ਮੁੜ ਚੋਣ ਨੇ ਨਾ ਸਿਰਫ਼ ਫਗਵਾੜਾ ਸਗੋਂ ਪੂਰੇ ਕਪੂਰਥਲਾ ਜ਼ਿਲ੍ਹੇ ਵਿੱਚ ਕਾਂਗਰਸੀ ਵਰਕਰਾਂ ਅਤੇ ਸਮਰਥਕਾਂ ਵਿੱਚ ਨਵਾਂ ਜੋਸ਼ ਭਰ ਦਿੱਤਾ ਹੈ। ਤੇਜਿੰਦਰ ਬਾਵਾ ਨੇ ਵੀ ਕਿਹਾ ਕਿ ਕਾਂਗਰਸ ਪਾਰਟੀ ਦੀਆਂ ਨੀਤੀਆਂ ਅਤੇ ਪੰਜਾਬ ਅਤੇ ਕੇਂਦਰ ਸਰਕਾਰਾਂ ਦੀਆਂ ਅਸਫਲਤਾਵਾਂ ਨੂੰ ਜਨਤਾ ਦੇ ਸਾਹਮਣੇ ਲਿਆਂਦਾ ਜਾਵੇਗਾ। ਵੱਧ ਤੋਂ ਵੱਧ ਵੋਟਰਾਂ ਨੂੰ ਕਾਂਗਰਸ ਪਾਰਟੀ ਨਾਲ ਜੋੜ ਕੇ 2027 ਦੀਆਂ ਵਿਧਾਨ ਸਭਾ ਚੋਣਾਂ ਤੋਂ ਪਹਿਲਾਂ ਕਾਂਗਰਸ ਪਾਰਟੀ ਨੂੰ ਮਜ਼ਬੂਤ ਬਣਾਇਆ ਜਾਵੇਗਾ। ਸ਼ੋਕੀ ਟੋਰਾ ਅਤੇ ਗੁਲਸ਼ਨ ਸ਼ਰਮਾ ਲੱਕੀ ਨੇ ਕਿਹਾ ਕਿ ਵਿਧਾਇਕ ਧਾਲੀਵਾਲ ਦੀ ਖਾਸ ਖੂਬੀ ਇਹ ਹੈ ਕਿ ਉਹ ਛੋਟੇ ਤੋਂ ਛੋਟੇ ਵਰਕਰ ਨੂੰ ਵੀ ਪੂਰੀ ਮਹੱਤਤਾ ਦਿੰਦੇ ਹਨ ਅਤੇ ਉਤਸ਼ਾਹਤ ਕਰਦੇ ਹਨ।ਧਾਲੀਵਾਲ ਦੇ ਇਸ ਗੁਣ ਕਾਰਨ ਹੀ ਕਾਂਗਰਸ ਦੀ ਸਿਖਰਲੀ ਲੀਡਰਸ਼ਿਪ ਨੇ ਉਨ੍ਹਾਂ ਨੂੰ ਦੂਜੀ ਵਾਰ ਜ਼ਿਲ੍ਹਾ ਪ੍ਰਧਾਨ ਦੇ ਅਹੁਦੇ 'ਤੇ ਨਿਯੁਕਤ ਕੀਤਾ ਹੈ। ਉਨ੍ਹਾਂ ਨੇ ਆਲ ਇੰਡੀਆ ਕਾਂਗਰਸ ਕਮੇਟੀ ਦੀ ਚੇਅਰਪਰਸਨ ਸੋਨੀਆ ਗਾਂਧੀ, ਰਾਸ਼ਟਰੀ ਪ੍ਰਧਾਨ ਮਲਿਕਾਰੁਜਨ ਖੜਗੇ, ਸਾਬਕਾ ਪ੍ਰਧਾਨ ਰਾਹੁਲ ਗਾਂਧੀ, ਰਾਸ਼ਟਰੀ ਜਨਰਲ ਸਕੱਤਰ ਕੇ.ਸੀ. ਵੇਣੂਗੋਪਾਲ ਅਤੇ ਪੰਜਾਬ ਕਾਂਗਰਸ ਪ੍ਰਧਾਨ ਅਮਰਿੰਦਰ ਸਿੰਘ ਰਾਜਾ ਵੜਿੰਗ ਦਾ ਧਾਲੀਵਾਲ ਨੂੰ ਦੁਬਾਰਾ ਜ਼ਿਲ੍ਹਾ ਪ੍ਰਧਾਨ ਨਿਯੁਕਤ ਕਰਨ ਲਈ ਦਿਲੋਂ ਧੰਨਵਾਦ ਵੀ ਕੀਤਾ।

## ਬਾਲ ਦਿਵਸ ਮੌਕੇ ਬੱਚਿਆਂ ਵੱਲੋਂ ਰੰਗਾਰੰਗ ਪ੍ਰੋਗਰਾਮ ਪੇਸ਼



**ਅੱਡਾ ਸਰਾਂ (ਜਸਵੀਰ ਕਾਜਲ)**- ਬਾਲ ਦਿਵਸ ਤੇ ਬੀ ਐੱਨ ਡੀ ਸੀਨੀਅਰ ਸੈਕੰਡਰੀ ਸਕੂਲ ਕੰਧਾਲਾ ਜੱਟਾਂ ਵਿਖੇ ਵਿਸ਼ੇਸ਼ ਰੰਗਾਰੰਗ ਪ੍ਰੋਗਰਾਮ ਬੱਚਿਆਂ ਦੁਆਰਾ ਪੇਸ਼ ਕੀਤਾ ਗਿਆ। ਇਸ ਮੌਕੇ ਤੇ ਪ੍ਰਿੰਸੀਪਲ ਜੈ ਕ੍ਰਿਸ਼ਨ ਮਹਿਤਾ ਦੀ ਅਗਵਾਈ ਵਿਚ ਹੋਏ ਇਹਨਾਂ ਮੁਕਾਬਲਿਆਂ ਵਿਚ ਦੇਸ਼ ਭਗਤ, ਫੌਜੀ, ਵਿਵੇਕਾਨੰਦ, ਝਾਂਸੀ ਦੀ ਰਾਣੀ, ਧਾਰਮਿਕ ਅਤੇ ਸਮਾਜਿਕ ਸ਼ਖਸ਼ੀਅਤਾਂ ਆਦਿ ਨੇ ਸੁੰਦਰ ਪਹਿਰਾਵੇ ਪਾਉਣ ਵਾਲੇ ਵਿਦਿਆਰਥੀਆਂ ਨੂੰ ਸਨਮਾਨਿਤ ਕੀਤਾ। ਨਰਸਰੀ ਕਲਾਸ ਦੇ ਵਿਦਿਆਰਥੀਆਂ ਨੇ ਗੀਤ, ਯੂ ਕੇ ਜੀ ਅਤੇ ਐੱਲ ਕੇ ਜੀ ਕਲਾਸ ਦੇ ਵਿਦਿਆਰਥੀਆਂ ਨੇ ਡਾਂਸ, ਪਹਿਲੀ ਤੇ ਦੂਸਰੀ ਕਲਾਸ ਦੇ ਵਿਦਿਆਰਥੀਆਂ ਨੇ ਭੰਗੜਾ, ਸਕਿਟ ਅਤੇ ਗੀਤ ਪੇਸ਼ ਕੀਤੇ। ਪ੍ਰੋਗਰਾਮ ਦੇ ਅਖੀਰ ਵਿਚ ਦੂਸਰੀ ਅਤੇ ਤੀਸਰੀ ਕਲਾਸ ਦੇ ਵਿਦਿਆਰਥੀਆਂ ਨੇ ਸੁਰਮੇਦਾਰੀ, ਫੁਲਕਾਰੀ ਅਤੇ ਲੜਕਿਆਂ ਨੇ ਭੰਗੜਾ ਪੇਸ਼ ਕਰਕੇ ਆਪਣੀ -2 ਪ੍ਰਤਿਭਾ ਦੇ ਜੌਹਰ ਦਿਖਾਏ। ਇਸ ਮੌਕੇ ਤੇ ਇੰਜੀ: ਅਨਿਲ ਮਹਿਤਾ, ਮੈਡਮ ਇਚਾਰਜ ਰੁਕਸਾਨਾ, ਮੈਡਮ ਮਨਪ੍ਰੀਤ ਕੌਰ, ਮੈਡਮ ਅੰਜਲੀ ਸ਼ਰਮਾ, ਮੈਡਮ ਤਰਸੇਮ ਕੌਰ, ਮੈਡਮ ਨਰਿੰਦਰ ਕੌਰ, ਮੈਡਮ ਸੰਦੀਪ ਕੌਰ, ਮੈਡਮ ਅਮੀਸ਼ਾ, ਮੈਡਮ ਸਰਬਜੀਤ ਕੌਰ, ਮੈਡਮ ਦਿਕਸ਼ਾ, ਸੁਨੀਤਾ ਦੇਵੀ, ਮੈਡਮ ਸਵਾਤੀ, ਮਨਦੀਪ ਕੌਰ, ਡੀ.ਪੀ ਆਈ ਗੁਰਮੇਲ ਸਿੰਘ ਤੋਂ ਇਲਾਵਾ ਸਮੂਹ ਸਕੂਲ ਸਟਾਫ ਹਾਜ਼ਰ ਸੀ।

## ਨਿਰਮਲ ਕੁਟੀਆ ਟੂਟੋਮਜਾਰਾ ਵਿਖੇ 26ਵਾਂ ਸੰਤ ਸਮਾਗਮ 21 ਨੂੰ

**ਜੇਜੋਂ ਦੋਆਬਾ (ਨਿਰਮਲ ਸਿੰਘ ਮੁੱਗੋਵਾਲ)**- ਧੰਨ- ਧੰਨ ਸ੍ਰੀ ਗੁਰੂ ਤੇਗ ਬਹਾਦਰ ਜੀ ਦੇ 350 ਸਾਲਾ ਸ਼ਹੀਦੀ ਜੋੜ ਮੇਲੇ ਨੂੰ ਸਮਰਪਤ ਨਿਰਮਲ ਕੁਟੀਆ ਟੂਟੋਮਜਾਰਾ ਵਿਖੇ ਬ੍ਰਹਮਲੀਨ ਸੰਤ ਬਾਬਾ ਦਲੇਲ ਸਿੰਘ, ਸੰਤ ਬਾਬਾ ਸਤਨਾਮ ਅਤੇ ਬ੍ਰਹਮਲੀਨ ਸੰਤ ਬਾਬਾ ਜਗਦੇਵ ਸਿੰਘ ਮੋਨੀ ਦੀਆਂ



ਸਲਾਨਾ ਯਾਦਾਂ ਦੇ ਸੰਬੰਧ ਵਿੱਚ 26ਵਾਂ ਸਲਾਨਾ ਬਰਸੀ ਅਤੇ ਸੰਤ ਸਮਾਗਮ 21 ਨਵੰਬਰ ਨੂੰ ਕਰਵਾਇਆ ਜਾ ਰਿਹਾ ਹੈ। ਇਸ ਸਬੰਧੀ ਨਿਰਮਲ ਕੁਟੀਆ ਟੂਟੋਮਜਾਰਾ ਦੇ ਮੁੱਖ ਸੇਵਾਦਾਰ ਸੰਤ ਬਾਬਾ ਮੱਖਣ ਸਿੰਘ ਅਤੇ ਸੰਤ ਬਾਬਾ ਬਲਵੀਰ ਸਿੰਘ ਸ਼ਾਸਤਰੀ ਨੇ ਦੱਸਿਆ ਕਿ ਸਲਾਨਾ ਸਮਾਗਮ ਦੇ ਸੰਬੰਧ ਵਿੱਚ 20 ਨਵੰਬਰ ਨੂੰ ਵਿਸ਼ਾਲ ਨਗਰ ਕੀਰਤਨ ਸਜਾਇਆ ਜਾਵੇਗਾ। 15 ਨਵੰਬਰ ਨੂੰ ਸਜਾਏ ਜਾ ਰਹੇ ਰਾਤ ਦੇ ਦੀਵਾਨ ਵਿੱਚ 6 ਵਜੇ ਤੋਂ ਲੈ ਕੇ 9 ਵਜੇ ਤੱਕ ਸੰਤ ਬਾਬਾ ਬਲਵੀਰ ਸਿੰਘ ਜੀ ਹਰਿਆਣੇ ਭੁੰਗੇ ਵਾਲਿਆਂ ਦਾ ਕੀਰਤਨ ਜੱਥਾ ਕਥਾ ਕੀਰਤਨ ਰਾਹੀਂ ਸੰਗਤਾਂ ਨੂੰ ਉਸ ਸਰਬ ਸ਼ਕਤੀਮਾਨ ਪਰਮਾਤਮਾ ਨਾਲ ਜੋੜੇਗਾ। ਇਸ ਮੌਕੇ ਗੁਰੂ ਕੇ ਲੰਗਰ ਅਟੁੱਟ ਚੱਲਣਗੇ।

## ਜਰਨਲਿਸਟ ਪ੍ਰੈੱਸ ਕਲੱਬ ਮਹਿਲਾਵਾਂ ਨੂੰ ਇਨਸਾਫ਼ ਦਿਵਾਉਣ ਲਈ ਹਮੇਸ਼ਾ ਯਤਨਸ਼ੀਲ ਰਹੇਗਾ : ਅਮਰਪ੍ਰੀਤ ਕੌਰ



**ਕਾਲਾ ਸੰਘਿਆਂ (ਮਨਜੀਤ ਮਾਨ)**- ਜਰਨਲਿਸਟ ਪ੍ਰੈੱਸ ਕਲੱਬ ਪੰਜਾਬ ਦੇ ਸੂਬਾ ਪ੍ਰਧਾਨ ਮਨਜੀਤ ਮਾਨ ਦੀ ਅਗਵਾਈ ਹੇਠ ਚੱਲ ਰਹੇ ਵੂਮੈਨ ਸੈਲ, ਯੂਥ ਵਿੰਗ, ਐਨ ਆਰ ਆਈਜ਼ ਨੂੰ ਮਜ਼ਬੂਤ ਕਰਨ ਲਈ ਹਮੇਸ਼ਾ ਯਤਨਸ਼ੀਲ ਰਹਾਂਗੇ। ਇਥੇ ਇਨ੍ਹਾਂ ਵਿਚਾਰਾਂ ਦਾ ਪ੍ਰਗਟਾਵਾ ਜਰਨਲਿਸਟ ਪ੍ਰੈੱਸ ਕਲੱਬ ਪੰਜਾਬ ਦੇ ਜ਼ਿਲ੍ਹਾ ਜਲੰਧਰ ਦੇ ਪ੍ਰਧਾਨ ਅਮਰਪ੍ਰੀਤ ਕੌਰ ਨੇ ਕਰਦਿਆਂ ਕਿਹਾ ਕਿ ਉਹ ਹਮੇਸ਼ਾ ਮਹਿਲਾਵਾਂ ਦੇ ਹੱਕਾਂ ਵਾਸਤੇ ਤੇ ਜ਼ਬਰ ਜ਼ੁਲਮ ਤੇ ਧੱਕੇਸ਼ਾਹੀਆ ਤੇ ਵਧੀਕੀਆਂ ਦੇ ਖਿਲਾਫ ਹਮੇਸ਼ਾ ਸੰਘਰਸ਼ ਕਰਦੀ ਰਹਾਂਗੀ ਉਨ੍ਹਾਂ ਕਿਹਾ ਵੂਮੈਨ ਸੈਲ ਨੂੰ ਮਜ਼ਬੂਤ ਕਰਨ ਲਈ ਸੂਬੇ ਅੰਦਰ ਬਲਾਕ ਪੱਧਰ, ਜ਼ਿਲ੍ਹਾ ਪੱਧਰ ਤੇ ਪੰਜਾਬ ਪੱਧਰ ਤੇ ਮਹਿਲਾਵਾਂ ਨੂੰ ਘਰ ਘਰ ਜਾ ਕੇ ਜਾਗਰੂਕ ਕੀਤਾ ਜਾਵੇਗਾ। ਉਨ੍ਹਾਂ ਕਿਹਾ ਮਹਿਲਾਵਾਂ ਦੇ ਹੱਕਾਂ ਵਾਸਤੇ ਸੂਬੇ ਅੰਦਰ ਸੈਮੀਨਾਰ ਲਗਾਏ ਜਾਣਗੇ।

## 350 ਸਾਲਾ ਸ਼ਹੀਦੀ ਸ਼ਤਾਬਦੀ ਨੂੰ ਸਮਰਪਤ ਕੀਰਤਨ ਸਮਾਗਮ

**ਸ੍ਰੀ ਅਨੰਦਪੁਰ ਸਾਹਿਬ (ਅਰਵਿੰਦਰ ਸਿੰਘ ਬਿੰਦੀ)**- ਹਿੰਦ ਦੀ ਚਾਦਰ ਤਿਲਕ ਜੰਞੂ ਦੇ ਰਾਖੇ ਨੌਵੇਂ ਪਾਤਿਸ਼ਾਹ ਸਾਹਿਬ ਸ੍ਰੀ ਗੁਰੂ ਤੇਗ ਬਹਾਦਰ ਜੀ ਦੇ 350 ਸਾਲਾ ਸ਼ਹੀਦੀ ਸ਼ਤਾਬਦੀ ਨੂੰ ਸਮਰਪਤ ਇਸਤਰੀ ਸਤਿਸੰਗ ਸਭਾ ਸ੍ਰੀ ਅਨੰਦਪੁਰ ਸਾਹਿਬ



ਵਲੋਂ ਤਖਤ ਸ੍ਰੀ ਕੇਸਗੜ੍ਹ ਸਾਹਿਬ ਦੀ ਛਤਰ ਛਾਇਆ ਹੇਠ ਇਲਾਕੇ ਦੀਆਂ ਸੰਗਤਾਂ ਦੇ ਸਹਿਯੋਗ ਨਾਲ ਗੁਰਦੁਆਰਾ ਸੀਸ ਗੰਜ ਸਾਹਿਬ ਵਿਖੇ ਕੀਰਤਨ ਸਮਾਗਮ ਕਰਵਾਇਆ ਗਿਆ। ਇਸ ਕੀਰਤਨ ਸਮਾਗਮ ਵਿੱਚ ਜਿਥੇ ਪ੍ਰਸਿੱਧ ਕੀਰਤਨੀ ਜਥਾ ਬੀਬੀ ਜਸਪ੍ਰੀਤ ਕੌਰ ਲੁਧਿਆਣੇ ਵਾਲੇ, ਇਸਤਰੀ ਸਤਿਸੰਗ ਸਭਾ ਦੀਆਂ ਬੀਬੀਆਂ ਅਤੇ ਤਖਤ ਸ੍ਰੀ ਕੇਸਗੜ੍ਹ ਸਾਹਿਬ ਦੇ ਹਜ਼ੂਰੀ ਰਾਗੀ ਜਥੇ ਵਲੋਂ ਕੀਰਤਨ ਰਾਹੀਂ ਸੰਗਤਾਂ ਨੂੰ ਗੁਰੂ ਚਰਨਾਂ ਨਾਲ ਜੋੜਿਆ ਗਿਆ, ਉਥੇ ਹੀ ਭਾਈ ਚਰਨਜੀਤ ਸਿੰਘ ਪ੍ਰਿੰਸੀਪਲ ਸਿੱਖ ਮਿਸ਼ਨਰੀ ਕਾਲਜ ਅਤੇ ਗਿਆਨੀ ਜੋਗਿੰਦਰ ਸਿੰਘ ਹੈੱਡ ਗ੍ਰੰਥੀ ਤਖਤ ਸ੍ਰੀ ਕੇਸਗੜ੍ਹ ਸਾਹਿਬ ਵਲੋਂ ਸੰਗਤਾਂ ਨਾਲ ਗੁਰ ਇਤਿਹਾਸ ਦੀ ਸਾਂਝ ਪਾਈ ਗਈ। ਸਮਾਗਮ ਦੀ ਸਮਾਪਤੀ ਦੀ ਅਰਦਾਸ ਗਿਆਨੀ ਜੋਗਿੰਦਰ ਸਿੰਘ ਹੈੱਡ ਗ੍ਰੰਥੀ ਤਖਤ ਸ੍ਰੀ ਕੇਸਗੜ੍ਹ ਸਾਹਿਬ ਵੱਲੋਂ ਕੀਤੀ ਗਈ। ਇਸ ਮੌਕੇ ਇਸਤਰੀ ਸਤਿਸੰਗ ਸਭਾ ਵਲੋਂ ਗੁਰੂ ਕੇ ਲੰਗਰ ਅਟੁੱਟ ਵਰਤਾਏ ਗਏ। ਇਸ ਮੌਕੇ ਭਾਈ ਅਮਰਜੀਤ ਸਿੰਘ ਚਾਵਲਾ ਮੈਂਬਰ ਸ਼੍ਰੋਮਣੀ ਕਮੇਟੀ, ਮੈਨੇਜਰ ਮਲਕੀਤ ਸਿੰਘ, ਐਡੀਸ਼ਨਲ ਮੈਨੇਜਰ ਹਰਦੇਵ ਸਿੰਘ, ਮੀਤ ਮੈਨੇਜਰ ਜਸਵੀਰ ਸਿੰਘ, ਭਾਈ ਚਾਨਕ ਸਿੰਘ, ਭਾਈ ਮਨਦੀਪ ਸਿੰਘ, ਭਾਈ ਅਪਾਰ ਸਿੰਘ, ਜਥੇਦਾਰ ਸੰਤੋਖ ਸਿੰਘ, ਦਵਿੰਦਰ ਸਿੰਘ, ਤੇਜਪਾਲ ਸਿੰਘ, ਇਸਤਰੀ ਸਤਿਸੰਗ ਸਭਾ ਦੇ ਪ੍ਰਧਾਨ ਮਾਤਾ ਗੁਰਚਰਨ ਕੌਰ, ਬੀਬੀ ਤਜਿੰਦਰ ਕੌਰ, ਬੀਬੀ ਸੁਰਿੰਦਰਪਾਲ ਕੌਰ, ਬੀਬੀ ਮਨਜੀਤ ਕੌਰ, ਬੀਬੀ ਤਰਨਜੀਤ ਕੌਰ, ਬੀਬੀ ਸੁਰਿੰਦਰ ਕੌਰ, ਬੀਬੀ ਪਰਵਿੰਦਰ ਕੌਰ, ਬੀਬੀ ਬਲਬੀਰ ਕੌਰ, ਬੀਬੀ ਹਰਜੀਤ ਕੌਰ, ਬੀਬੀ ਸਤਨਾਮ ਕੌਰ, ਬੀਬੀ ਰਵਿੰਦਰ ਕੌਰ, ਬੀਬੀ ਜਸਵੰਤ ਕੌਰ, ਬੀਬੀ ਕੰਵਲ ਕੌਰ, ਬੀਬੀ ਗੁਰਜੀਤ ਕੌਰ, ਬੀਬੀ ਮਨਜੀਤ ਕੌਰ ਬੇਦੀ ਆਦਿ ਹਾਜ਼ਰ ਸਨ।

## ਯੁਵਾ ਵਿਕਾਸ ਮੋਰਚਾ ਨੇ ਫੂਕਿਆ ਮੋਦੀ ਤੇ ਸੋਮ ਪ੍ਰਕਾਸ਼ ਦਾ ਪੁਤਲਾ



**ਫਗਵਾੜਾ (ਡਾ. ਰਮਨ)**- ਯੁਵਾ ਵਿਕਾਸ ਮੋਰਚਾ ਪੰਜਾਬ ਵੱਲੋਂ ਪੰਜਾਬ ਯੂਨੀਵਰਸਿਟੀ ਚੰਡੀਗੜ੍ਹ ਦੀ ਸੈਨੇਟ ਨੂੰ ਭੰਗ ਕਰਕੇ ਕੇਂਦਰ ਦੇ ਅਧੀਨ ਕਰਨ ਅਤੇ ਯੂਨੀਵਰਸਿਟੀ ਦੇ ਵਿਦਿਆਰਥੀਆਂ ਵਲੋਂ ਸੈਨੇਟ ਦੀ ਚੋਣ ਕਰਵਾਉਣ ਦੀ ਮੰਗ ਨੂੰ ਲੈ ਕੇ ਕੀਤੇ ਰੋਸ ਮੁਜਾਹਰੇ ਦੌਰਾਨ ਬੇਰਹਿਮੀ ਨਾਲ ਲਾਠੀਚਾਰ ਕੀਤੇ ਜਾਣ ਦੇ ਰੋਸ ਵਜੋਂ ਫਗਵਾੜਾ ਵਿਖੇ ਸੂਬਾ ਪ੍ਰਧਾਨ ਅਨੂੰ ਸਹੋਤਾ ਅਤੇ ਜਰਲਨ ਸਕੱਤਰ ਪੰਜਾਬ ਅਸ਼ਵਨੀ ਸਹੋਤਾ ਦੀ ਅਗਵਾਈ ਹੇਠ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਅਤੇ ਸਾਬਕਾ ਕੇਂਦਰੀ ਮੰਤਰੀ ਸੋਮ ਪ੍ਰਕਾਸ਼ ਦਾ ਪੁਤਲਾ ਫੂਕਿਆ ਗਿਆ। ਇਸ ਮੌਕੇ ਜ਼ਿਲ੍ਹਾ ਕਪੂਰਥਲਾ ਕਾਂਗਰਸ ਕਮੇਟੀ ਦੇ ਸਕੱਤਰ ਸਰਦਾਰ ਕਰਮਜੀਤ ਸਿੰਘ ਬਿੱਟੂ ਵਿਸ਼ੇਸ਼ ਤੌਰ 'ਤੇ ਮੌਜੂਦ ਰਹੇ। ਉਹਨਾਂ ਮੰਗ ਕੀਤੀ ਕਿ ਸੈਨੇਟ ਕਮੇਟੀ ਦੀ ਚੋਣ ਦੀ ਤਰੀਕ ਦਾ ਜਲਦੀ ਐਲਾਨ ਕੀਤਾ ਜਾਵੇ ਅਤੇ ਉਸ ਵਿੱਚ ਰਾਖਵਾਂਕਰਣ ਵੀ ਕੀਤਾ ਜਾਵੇ। ਅਨੁ ਸਹੋਤਾ ਨੇ ਕਿਹਾ ਕਿ ਯੁਵਾ ਵਿਕਾਸ ਮੋਰਚਾ ਪੰਜਾਬ ਯੂਨੀਵਰਸਿਟੀ ਦੇ ਵਿਦਿਆਰਥੀਆਂ ਦੇ ਸੰਘਰਸ਼ ਵਿੱਚ ਤਨਦੇਹੀ ਦੇ ਨਾਲ ਸ਼ਾਮਲ ਹੈ। ਜਦੋਂ ਤੱਕ ਪੀ ਯੂ ਦੇ ਵਿਦਿਆਰਥੀਆਂ ਦੀ ਮੰਗ ਪੂਰੀ ਨਹੀਂ ਹੋਵੇਗੀ, ਕੇਂਦਰ ਸਰਕਾਰ ਦੇ ਖਿਲਾਫ ਸੰਘਰਸ਼ ਜਾਰੀ ਰਹੇਗਾ। ਇਸ ਮੌਕੇ ਜਥੇਦਾਰ ਮਹਿੰਦਰ ਸਿੰਘ ਚਹੇੜੂ, ਪੰਚ ਅਮਨਦੀਪ ਢੰਡਾ, ਸਤਿੰਦਰ ਸਿੰਘ ਸੱਤੀ, ਵਿਨੋਧ ਸੌਂਧੀ, ਪ੍ਰਧਾਨ ਕਾਲੀ, ਪ੍ਰਧਾਨ ਪੰਮ ਲਹੋਰਿਆ , ਪ੍ਰਧਾਨ ਨੋਨੀ , ਸਾਗਰ ਸ਼ਰਮਾ, ਜੱਗੀ ਪ੍ਰੇਮਪੁਰਾ, ਪਵਨ ਸਹੋਤਾ, ਸਰਪੰਚ ਬਲਵਿੰਦਰ ਕੁਮਾਰ ਬਘਾਣਾ ਆਦਿ ਹਾਜ਼ਰ ਸਨ।

## ਪ੍ਰਦੂਸ਼ਣ ਕੰਟਰੋਲ ਨੂੰ ਲੈ ਕੇ ਵਣ ਤੇ ਵਾਤਾਵਰਣ ਮੰਤਰੀ ਨੇ ਦਿੱਤੇ ਸਖਤ ਨਿਰਦੇਸ਼

**ਚੰਡੀਗੜ੍ਹ (ਕ੍ਰਿਸ਼ਨ ਗਰਗ)**- ਹਰਿਆਣਾ ਦੇ ਵਨ ਅਤੇ ਵਾਤਾਵਰਣ ਮੰਤਰੀ ਰਾਓ ਨਰਬੀਰ ਸਿੰਘ ਨੇ ਕਿਹਾ ਕਿ ਸੂਬਾ ਸਰਕਾਰ ਵਾਤਾਵਰਣ ਪ੍ਰਦੂਸ਼ਣ ਕੰਟਰੋਲ ਦੇ ਪ੍ਰਤੀ ਪੂਰੀ ਤਰ੍ਹਾ ਗੰਭੀਰ ਹੈ ਅਤੇ ਐਨਜੀਟੀ ਤੇ ਸੁਪਰੀਮ ਕੋਰਟ ਵੱਲੋਂ ਜਾਰੀ ਦਿਸ਼ਾ-ਨਿਰਦੇਸ਼ਾਂ ਅਨੁਰੂਪ ਸਖਤ ਕਾਰਵਾਈ ਯਕੀਨੀ ਕੀਤੀ ਜਾ ਰਹੀ ਹੈ। ਉਨ੍ਹਾਂ ਨੇ ਕਿਹਾ ਕਿ ਪ੍ਰਦੂਸ਼ਣ 'ਤੇ ਪ੍ਰਭਾਵੀ ਕੰਟਰੋਲ ਤਾਂ ਹੀ ਸੰਭਵ ਹੈ ਜਦੋਂ ਸਾਰੇ ਸਬੰਧਿਤ ਵਿਭਾਗ ਤਾਲਮੇਲ ਦੇ ਨਾਲ ਕੰਮ ਕਰਨ ਅਤੇ ਇਸ ਦੇ ਨਤੀਜੇ ਜਮੀਨੀ ਪੱਧਰ 'ਤੇ ਸਪਸ਼ਟ ਰੂਪ ਨਾਲ ਦਿਖਾਈ ਦੇਣ।ਵਨ ਅਤੇ ਵਾਤਾਵਰਣ ਮੰਤਰੀ ਰਾਓ ਨਰਬੀਰ ਸਿੰਘ ਇੱਥੇ ਬੁਲਾਈ ਗਈ ਹਰਿਆਣਾ ਰਾਜ ਪ੍ਰਦੂਸ਼ਣ ਕੰਟਰੋਲ ਬੋਰਡ ਦੀ ਉੱਚ ਪੱਧਰੀ ਮੀਟਿੰਗ ਦੀ ਅਗਵਾਈ ਕਰ ਰਹੇ ਸਨ।ਮੀਟਿੰਗ ਵਿੱਚ ਰਾਜ ਵਿੱਚ ਵਾਤਾਵਰਣ ਪ੍ਰਦੂਸ਼ਣ ਕੰਟਰੋਲ ਦੀ ਮੌਜੂਦਾ ਸਥਿਤੀ ਦੀ ਸਮੀਖਿਆ ਕੀਤੀ ਗਈ ਅਤੇ ਅੱਗੇ ਦੀ ਕਾਰਜ ਯੋਜਨਾ 'ਤੇ ਵਿਸਤਾਰ ਚਰਚਾ ਹੋਈ।ਮੰਤਰੀ ਨੇ ਨਿਰਦੇਸ਼ ਦਿੱਤੇ ਕਿ ਯਮੁਨਾ ਨਦੀ ਵਿੱਚ ਕਿਸੇ ਵੀ ਤਰ੍ਹਾ ਦਾ ਉਦਯੋਗਿਕ ਜਾਂ ਸੀਵਰੇਜ ਪ੍ਰਦੂਸ਼ਿਤ ਪਾਣੀ ਨਾ ਆਵੇ। ਇਸ ਦੇ ਲਈ ਯਮੁਨਾ ਕੈਚਮੈਂਟ ਖੇਤਰ ਦੀ 11 ਡ੍ਰੇਨਾਂ 'ਤੇ ਸਥਾਪਿਤ ਸੀ ਈ ਟੀ ਪੀ ਅਤੇ ਐੱਸ ਟੀ ਪੀ ਦੀ ਨਿਗਰਾਨੀ ਤਹਿਤ ਸੀ ਸੀ ਟੀ ਵੀ ਕੈਮਰੇ ਲਗਾਏ ਜਾਣ।

## ਸ੍ਰੀ ਗੁਰੂ ਨਾਨਕ ਦੇਵ ਜੀ ਦਾ ਪ੍ਰਕਾਸ਼ ਪੁਰਬ ਮਨਾਇਆ

**ਬੰਗਾ (ਅਵਤਾਰ ਕਲੇਰ)**- ਬੰਗਾ ਹਲਕੇ ਦੇ ਪਿੰਡ ਬਹੂਆ ਵਿਖੇ ਸ੍ਰੀ ਗੁਰੂ ਨਾਨਕ ਦੇਵ ਜੀ ਦਾ ਪ੍ਰਕਾਸ਼ ਪੁਰਬ ਬੜੀ ਸ਼ਰਧਾ ਭਾਵਨਾ ਨਾਲ ਮਨਾਇਆ ਗਿਆ। ਸ੍ਰੀ ਅਖੰਡ ਪਾਠ ਸਾਹਿਬ ਜੀ ਦੇ ਭੋਗ ਪਾਏ ਗਏ। ਭਾਈ ਜਸਵੰਤ ਸਿੰਘ ਅਤੇ ਕਵੀਸ਼ਰ ਰਵਿੰਦਰ ਸਿੰਘ ਬੰਬ ਵਲੋਂ ਸ੍ਰੀ ਗੁਰੂ ਨਾਨਕ ਦੇਵ ਜੀ ਦੇ ਜੀਵਨ ਤੇ ਚਾਨਣਾ ਪਾਇਆ, ਉਹਨਾਂ ਦੀਆਂ ਸਿੱਖਿਆਵਾਂ ਦਾ ਪ੍ਰਚਾਰ ਕੀਤਾ ਅਤੇ ਸੰਗਤਾਂ ਨੂੰ



ਬਾਣੀ ਨਾਲ ਜੋੜਿਆ। ਚਾਹ ਪਕੌੜੇ ਅਤੇ ਲੰਗਰ ਅਤੁੱਟ ਵਰਤਾਇਆ ਗਿਆ। ਪ੍ਰਬੰਧਕਾਂ ਵੱਲੋਂ ਸੇਵਾਦਾਰਾਂ ਨੂੰ ਸਿਰਪਾਓ ਨਾਲ ਸਨਮਾਨਤ ਕੀਤਾ। ਇਸ ਮੌਕੇ ਪ੍ਰਧਾਨ ਸੁਲੱਖਣ ਸਿੰਘ,ਮੀਤ ਪ੍ਰਧਾਨ ਹਰਪਾਲ ਸਿੰਘ, ਸੈਕਟਰੀ ਨਿਰਮਲ ਸਿੰਘ, ਸਰਵਣ ਸਿੰਘ , ਅਮਰਜੀਤ ਸਿੰਘ, ਗੁਰਮੀਤ ਸਿੰਘ, ਗੁਰਦਿਆਲ ਸਿੰਘ ਨੰਬਰਦਾਰ, ਰਘਬੀਰ ਸਿੰਘ, ਸੁਰਜੀਤ ਸਿੰਘ, ਜਸਪ੍ਰੀਤ ਜੱਸਾ, ਗੁਰਵਿੰਦਰ ਸਿੰਘ, ਪਰਵਿੰਦਰ ਸਿੰਘ ਸਾਬਕਾ ਸਰਪੰਚ, ਮੱਖਣ ਸਿੰਘ ਬੱਗਾ, ਲਖਵੀਰ ਸਿੰਘ ਕੈਨੇਡੀਅਨ, ਹਰਪਾਲ ਸਿੰਘ ਕੈਨੇਡੀਅਨ, ਰਸ਼ਪਾਲ ਸਿੰਘ ਕੈਨੇਡੀਅਨ ਤੋਂ ਇਲਾਵਾ ਸੰਗਤਾਂ ਹਾਜ਼ਰ ਸਨ।

## ਜਰਨਲਿਸਟ ਪ੍ਰੈੱਸ ਕਲੱਬ ਪੰਜਾਬ ਦੇ ਅਹੁਦੇਦਾਰਾਂ ਦੀ ਸੂਬਾ ਕਮੇਟੀ ਤੇ ਕੋਰ ਕਮੇਟੀ ਦੀ ਚੋਣ ਹੋਵੇਗੀ : ਮਾਨ/ ਸੰਗੋਜਲਾ

**ਕਪੂਰਥਲਾ (ਪ੍ਰੀਤ ਸੰਗੋਜਲਾ)** ਜਰਨਲਿਸਟ ਪ੍ਰੈੱਸ ਕਲੱਬ ਪੰਜਾਬ ਦੀ ਵਿਸ਼ੇਸ਼ ਮੀਟਿੰਗ ਮਨਜੀਤ ਮਾਨ ਸੂਬਾ ਪ੍ਰਧਾਨ ਅਤੇ ਪ੍ਰੀਤ ਸੰਗੋਜਲਾ ਜ਼ਿਲ੍ਹਾ ਪ੍ਰਧਾਨ ਕਪੂਰਥਲਾ ਦੇ ਦਿਸ਼ਾ ਨਿਰਦੇਸ਼ ਹੇਠ, ਐਡਵੋਕੇਟ ਹਰਜੀਤ ਸਿੰਘ ਫਜਲਾ ਬਾਦ ਦੇ ਨਿਜੀ ਦਫ਼ਤਰ ਜ਼ਿਲ੍ਹਾ ਕਚਹਿਰੀਆਂ



ਕਪੂਰਥਲਾ ਵਿਖੇ ਹੋਈ । ਮੀਟਿੰਗ ਵਿੱਚ ਪ੍ਰੈੱਸ ਕਲੱਬ ਦੀ ਚੜ੍ਹਦੀ ਕਲਾ ਲਈ ਮੀਟਿੰਗ ਦਾ ਅਗਾਜ ਕੀਤਾ ਗਿਆ । ਬਹੁਤ ਜਲਦ ਸੂਬਾ ਪੱਧਰੀ ਕਮੇਟੀ ਵਿੱਚ ਵਾਧਾ, ਕੋਰ ਕਮੇਟੀ ਦੀ ਚੋਣ ਤੇ ਜ਼ਿਲ੍ਹਾ ਜਲੰਧਰ ਦੀ ਜਲਦੀ ਮੀਟਿੰਗ ਕੀਤੀ ਜਾਵੇਗੀ। ਪ੍ਰੈੱਸ ਕਲੱਬ ਨੂੰ ਮਜ਼ਬੂਤ ਕਰਨ ਲਈ ਵਿਚਾਰ ਵਟਾਂਦਰਾ ਕੀਤਾ ਗਿਆ। ਮੀਟਿੰਗ ਵਿੱਚ ਵਿਸ਼ੇਸ਼ ਤੌਰ ਤੇ ਐਡਵੋਕੇਟ ਹਰਜੀਤ ਸਿੰਘ ਫਜਲਾ ਬਾਦ , ਬਰਿੰਦਰ ਚਾਨਾ ਸੀਨੀਅਰ ਆਗੂ, ਸੁਖਵਿੰਦਰ ਸਿੰਘ ਸੋਹੀ ਜ਼ਿਲ੍ਹਾ ਜਨਰਲ ਸਕੱਤਰ ਕਪੂਰਥਲਾ , ਜੋਗਿੰਦਰ ਸਿੰਘ ਜਾਤੀਕੇ ਜ਼ਿਲ੍ਹਾ ਚੇਅਰਮੈਨ ਕਪੂਰਥਲਾ, ਸੁਰਿੰਦਰ ਸਭਰਵਾਲ ,ਲਖਵਿੰਦਰ ਸਿੰਘ ਆਧੀ, ਰਾਜੇਸ਼ ਕਾਲੀਆ , ਸੰਦੀਪ ਮਾਨ ਆਦਿ ਹਾਜ਼ਰ ਸਨ ।

## ਸਰਕਾਰੀ ਪ੍ਰਾਇਮਰੀ ਸਕੂਲ ਚਿੱਟੀ ਵਿਖੇ ਬਾਲ ਦਿਵਸ ਮਨਾਇਆ

**ਕਾਲਾ ਸੰਘਿਆਂ (ਮਨਜੀਤ ਮਾਨ)**- ਸਰਕਾਰੀ ਪ੍ਰਾਇਮਰੀ ਸਮਾਰਟ ਸਕੂਲ ਚਿੱਟੀ ਵਿਖੇ ਹੈਡ ਟੀਚਰ ਰਿੰਪਲ ਸਰੋਏ ਦੀ ਦੇਖ ਰੇਖ ਹੇਠ ਆਜ਼ਾਦ ਭਾਰਤ ਦੇ ਪਹਿਲੇ ਪ੍ਰਧਾਨ ਮੰਤਰੀ ਪੰਡਿਤ ਜਵਾਹਰ ਲਾਲ ਨਹਿਰੂ ਦੇ ਜਨਮ



ਦਿਨ ਨੂੰ ਬਾਲ ਦਿਵਸ ਦੇ ਰੂਪ ਵਿੱਚ ਮਨਾਇਆ ਗਿਆ ਸ਼੍ਰੋਮਣੀ ਪੰਜਾਬੀ ਬਾਲ ਸਾਹਿਤ ਲੇਖਕ ਮਾਸਟਰ ਆਤਮਾ ਸਿੰਘ ਚਿੱਟੀ ਬੱਚਿਆਂ ਦੇ ਰੂਬਰੂ ਹੋਏ। ਬਾਲ ਦਿਵਸ ਦੀ ਮਹੱਤਤਾ ਦੱਸਦਿਆਂ ਉਹਨਾਂ ਨੇ ਬਾਲ ਕਵਿਤਾਵਾਂ ਤੇ ਗੀਤ ਸੁਣਾਏ। ਮਾਸਟਰ ਆਤਮਾ ਸਿੰਘ ਚਿੱਟੀ ਵੱਲੋਂ ਬੱਚਿਆਂ ਨੂੰ ਵਿੱਦਿਅਕ ਸਵਾਲ ਪੁੱਛ ਕੇ ਦਸ ਬੱਚਿਆਂ ਨੂੰ ਬਾਲ-ਰਸਾਲੇ ਤੇ ਪੈਨ ਦੇ ਕੇ ਸਨਮਾਨਤ ਕੀਤਾ ਗਿਆ। ਹੈਡ ਟੀਚਰ ਰਿੰਪਲ ਸਰੋਏ ਨੇ ਹਾਜ਼ਰੀਨ ਦਾ ਧੰਨਵਾਦ ਕੀਤਾ। ਬੱਚਿਆਂ ਵੱਲੋਂ ਰੰਗਾਰੰਗ ਪ੍ਰੋਗਰਾਮ ਵੀ ਪੇਸ਼ ਕੀਤਾ ਗਿਆ। ਇਸ ਮੌਕੇ ਹੋਰਨਾਂ ਤੋਂ ਇਲਾਵਾ ਮੈਡਮ ਸੁਨੀਤਾ ਰਾਣੀ, ਅਧਿਆਪਕ ਹਰਜੋਤ ਸਿੰਘ, ਮੈਡਮ ਮਨੀਤਾ ਦੁੱਗਲ, ਸਕੂਲ ਮੈਨੇਜਮੈਂਟ ਕਮੇਟੀ ਦੀ ਚੇਅਰਮੈਨ ਰੀਮਾ ਕਮੇਟੀ ਦੇ ਮੈਂਬਰਾਂ ਸਮੇਤ ਹਾਜ਼ਰ ਹੋਏ ।

## ਨਵੇਂ ਖੋਲ੍ਹੇ ਸੇਵਾ ਕੇਂਦਰ ਦਾ ਡਾਕਟਰ ਇਸ਼ਾਂਕ ਕੁਮਾਰ ਨੇ ਕੀਤਾ ਉਦਘਾਟਨ

**ਜੇਜੋਂ ਦੋਆਬਾ (ਨਿਰਮਲ ਸਿੰਘ ਮੁੱਗੋਵਾਲ)**- ਜੇਜੋਂ ਦੋਆਬਾ ਵਿਖੇ ਨਵੇਂ ਖੋਲ੍ਹੇ ਗਏ ਸੇਵਾ ਕੇਂਦਰ ਦਾ ਉਦਘਾਟਨ ਡਾਕਟਰ ਇਸ਼ਾਂਕ ਕੁਮਾਰ ਵਿਧਾਇਕ ਹਲਕਾ ਚੱਬੇਵਾਲ ਨੇ ਕੀਤਾ। ਇਸ ਸੇਵਾ ਕੇਂਦਰ ਵਿੱਚ ਪੰਜਾਬ ਸਰਕਾਰ ਦੀਆਂ ਸਾਰੀਆਂ ਹੀ ਸੇਵਾਵਾਂ ਅੱਜ ਤੋਂ ਚਾਲੂ ਹੋ ਗਈਆਂ ਹਨ। ਜਿਸ ਵਿੱਚ ਆਧਾਰ ਕਾਰਡ ਦੀ ਅਪਡੇਟਸ, ਨਵਾਂ ਬਣਾਉਣ, ਟ੍ਰਾਂਸਪੋਰਟ ਵਿਭਾਗ ਦੀਆਂ ਸਾਰੀਆਂ ਸੇਵਾਵਾਂ, ਸਭ ਤਰ੍ਹਾਂ ਦੇ ਸਰਟੀਫਿਕੇਟ, ਪੈਨਸ਼ਨਾਂ, ਬੁਢਾਪਾ ਪੈਨਸ਼ਨ, ਵਿਧਵਾ ਪੈਨਸ਼ਨ, ਚਾਈਲਡ



ਪੈਨਸ਼ਨ ਇਸ ਤੋਂ ਇਲਾਵਾ ਜੋ ਵੀ ਸਰਕਾਰੀ ਐਡਮਿਨਿਸਟ੍ਰੇਸ਼ਨ ਨਾਲ ਸੰਬੰਧਿਤ ਕੰਮਕਾਰ ਹਨ, ਇਸ ਸੇਵਾ ਕੇਂਦਰ ਵਿੱਚ ਚਾਲੂ ਹੋ ਗਏ ਹਨ। ਇਹ ਜਾਣਕਾਰੀ ਦਿੰਦੇ ਹੋਏ ਐਮ.ਐਲ.ਏ ਨੇ ਦੱਸਿਆ ਕਿ ਪੰਜਾਬ ਸਰਕਾਰ ਨੇ ਨੰਬਰ ਵੀ ਜਾਰੀ ਕੀਤਾ ਹੈ ਕਿ ਤੁਸੀਂ ਘਰ ਬੈਠੇ ਵੀ ਸੇਵਾ ਕੇਂਦਰ ਦੀ ਸੇਵਾ ਲੈ ਸਕਦੇ ਹੋ। ਇਸ ਮੌਕੇ ਹਾਜ਼ਰ ਸਰਪੰਚ ਪ੍ਰਵੀਨ ਸੋਨੀ ਜੇਜੋਂ ਨੇ ਆਏ ਸਾਰੇ ਐਡਮਿਨਿਸਟਰੇਸ਼ਨ ਅਤੇ ਲਾਗਲੇ ਪਿੰਡਾਂ ਦੇ ਪੰਚਾਂ ਸਰਪੰਚਾਂ ਦਾ ਧੰਨਵਾਦ ਕੀਤਾ। ਇਸ ਮੌਕੇ ਐਸ.ਐਚ.ਓ ਚੱਬੇਵਾਲ ਮਨਿੰਦਰ ਸਿੰਘ, ਬੀ.ਡੀ.ਪੀ.ਓ ਅਵਤਾਰ ਸਿੰਘ ਮਾਹਿਲਪੁਰ, ਮੈਡੀਕਲ ਅਫਸਰ ਹਰਪ੍ਰੀਤ ਬੰਗਾ ਜੇਜੋਂ, ਰੋਹਿਤ ਸ਼ਰਮਾ ਪੀ.ਐਨ.ਬੀ. ਬੈਂਕ ਮੈਨੇਜਰ ਏਪੀਓ ਰਮਨ ਕੁਮਾਰ, ਦਰਬਾਰ ਬਾਬਾ ਖਾਕੀ ਸ਼ਾਹ ਤੋਂ ਬਾਬਾ ਅਮਰੀਕ ਸ਼ਾਹ ਜੀ, ਰਾਮ ਕੁਮਾਰ ਐਰੀ ਯੂ.ਐਸ.ਏ, ਜਸਪਾਲ ਸਿੰਘ ਲੁਧਿਆਣਾ, ਰਜੇਸ਼ ਕੁਮਾਰ ਖੇਤੀਬਾੜੀ ਵਿਸਥਾਰ ਅਫਸਰ, ਪੁਲਸ ਚੌਂਕੀ ਇੰਚਾਰਜ ਮੰਨਾ ਸਿੰਘ, ਰਕੇਸ਼ ਕੁਮਾਰ ਸਰਪੰਚ ਲਲਵਾਣ, ਰੇਸ਼ਮ ਸਿੰਘ ਸਰਪੰਚ ਚੱਕ ਨਰਿਆਲ, ਰਾਮਪਾਲ ਸਰਪੰਚ ਹਰਜੀਆਣਾ, ਏ.ਐਸ. ਆਈ ਸੰਜੀਵ ਕੁਮਾਰ ਸੀ.ਆਈ.ਡੀ, ਬਲਾਕ ਪ੍ਰਧਾਨ ਅਦਿੱਤੇ ਸ਼ਰਮਾ, ਮੈਂਬਰ ਪੰਚਾਇਤ ਕੁਲਵਿੰਦਰ ਕੌਰ, ਮੈਂਬਰ ਪੰਚਾਇਤ ਰੇਨੂ ਬਾਲਾ, ਮੈਂਬਰ ਪੰਚਾਇਤ ਪਿੰਕੀ ਜੇਜੋ, ਰਸ਼ਪਾਲ ਸਿੰਘ ਸਰਪੰਚ ਬੱਦੋਵਾਲ, ਗੀਤੂ ਜੈਨ ਸਮੇਤ ਪਿੰਡ ਨਿਵਾਸੀ ਹਾਜ਼ਰ ਸਨ।

## ਪੰਜਾਬ ਸਟੇਟ ਬੈਡਮਿੰਟਨ ਚੈਂਪੀਅਨਸ਼ਿਪ ਸਮਾਪਤ

**ਜਲੰਧਰ (ਇਕਬਾਲ ਸਿੰਘ ਉੱਭੀ)**- ਰਾਇਜ਼ਾਦਾ ਹੰਸਰਾਜ ਸਟੇਡੀਅਮ ਜਲੰਧਰ 'ਚ ਹੋਈ ਜੂਨੀਅਰ ਤੇ ਸੀਨੀਅਰ ਪੰਜਾਬ ਸਟੇਟ ਬੈਡਮਿੰਟਨ ਚੈਂਪੀਅਨਸ਼ਿਪ ਵੀਰਵਾਰ ਨੂੰ ਉਤਸ਼ਾਹ ਨਾਲ ਸਮਾਪਤ ਹੋਈ। ਪੁਰਸ਼ ਇਕੱਲਾ ਕੈਟਾਗਰੀ 'ਚ ਪਟਿਆਲਾ ਦੇ ਸ਼ਿਖਰ ਰੱਲਨ ਨੇ ਅੰਮ੍ਰਿਤਸਰ ਦੇ ਅਧਯਨ ਕੱਕੜ ਨੂੰ ਫਾਈਨਲ 'ਚ ਹਰਾ ਕੇ ਖਿਤਾਬ ਜਿੱਤਿਆ। ਮਹਿਲਾ ਇਕੱਲਾ ਕੈਟਾਗਰੀ 'ਚ ਲੁਧਿਆਣਾ ਦੀ ਗੁਰਸਿਮਰਤ ਕੌਰ ਚਹਿਲ ਨੇ ਜਲੰਧਰ ਦੀ ਇਨਾਇਤ ਗੁਲਾਟੀ ਨੂੰ



ਰੋਮਾਂਚਕ ਮੁਕਾਬਲੇ 'ਚ ਹਰਾ ਕੇ ਖਿਤਾਬ ਆਪਣੇ ਨਾਮ ਕੀਤਾ। ਲੁਧਿਆਣਾ ਦੀ ਸਾਨਵੀ ਨੌਟਿਆਲ ਨੇ ਸ਼ਾਨਦਾਰ ਪ੍ਰਦਰਸ਼ਨ ਕਰਦਿਆਂ ਟ੍ਰਿਪਲ ਕ੍ਰਾਊਨ ਜਿੱਤਿਆ। ਉਸ ਨੇ ਗਰਲਜ਼ ਡਬਲਜ਼, ਮਿਕਸਡ ਡਬਲਜ਼ ਤੇ ਮਹਿਲਾ ਡਬਲਜ਼ ਤਿੰਨੋ ਖਿਤਾਬ ਆਪਣੇ ਨਾਮ ਕੀਤੇ। ਗੁਰਸਿਮਰਨ, ਮਾਨਿਆ ਤੇ ਮ੍ਰਿਦੁਲ ਝਾ ਨੇ ਵੀ ਆਪਣੇ-ਆਪਣੇ ਵਰਗਾਂ 'ਚ ਡਬਲ ਕ੍ਰਾਊਨ ਹਾਸਲ ਕੀਤਾ। ਜਗਸ਼ੇਰ ਖੰਗੂਰਾ ਨੇ ਜਲੰਧਰ ਦੇ ਵਿਰਨ ਸੇਠ ਨੂੰ ਹਰਾ ਕੇ ਬੌਇਜ਼ ਸਿੰਗਲਜ਼ ਦਾ ਖਿਤਾਬ ਜਿੱਤਿਆ। ਟੂਰਨਾਮੈਂਟ ਦੀ ਸਭ ਤੋਂ ਛੋਟੀ ਖਿਡਾਰਨ ਜਲੰਧਰ ਦੀ ਇਨਾਇਤ ਗੁਲਾਟੀ ਨੇ ਸਭ ਨੂੰ ਹੈਰਾਨ ਕਰਦਿਆਂ ਗਰਲਜ਼ ਤੇ ਮਹਿਲਾ ਇਕੱਲਾ ਦੋਵੇਂ ਵਰਗਾਂ 'ਚ ਰਜਤ ਤਗਮੇ ਜਿੱਤੇ। ਪੰਜਾਬ ਬੈਡਮਿੰਟਨ ਐਸੋਸੀਏਸ਼ਨ ਦੇ ਸਚਿਵ ਰਿਤਿਨ ਖੰਨਾ ਨੇ ਦੱਸਿਆ ਕਿ ਇਸ ਚਾਰ ਦਿਨਾਂ ਦੇ ਟੂਰਨਾਮੈਂਟ 'ਚ ਅੰਡਰ-19 ਤੇ ਸੀਨੀਅਰ ਕੈਟਾਗਰੀਆਂ ਵਿਚ 10 ਈਵੈਂਟਾਂ 'ਚ ਕੁੱਲ 350 ਮੁਕਾਬਲੇ ਖੇਡੇ ਗਏ। ਐਸ.ਡੀ.ਐਮ. ਆਦਮਪੁਰ ਵਿਵੇਕ ਮੋਦੀ ਮੁੱਖ ਮਹਿਮਾਨ ਵਜੋਂ ਸ਼ਾਮਲ ਹੋਏ ਤੇ ਜੇਤੂਆਂ ਨੂੰ ਇਨਾਮ ਵੰਡੇ। ਜੇਤੂ ਖਿਡਾਰੀ ਹੁਣ ਰਾਸ਼ਟਰੀ ਚੈਂਪੀਅਨਸ਼ਿਪ ਜੋ ਈਟਾਨਗਰ ਤੇ ਵਿਜੈਵਾੜਾ 'ਚ ਹੋਵੇਗੀ 'ਚ ਪੰਜਾਬ ਦਾ ਪ੍ਰਤੀਨਿਧਿਤਵ ਕਰਨਗੇ। ਜੇਤੂਆਂ ਨੂੰ ਐਸੋਸੀਏਸ਼ਨ ਵੱਲੋਂ ਨਕਦ ਇਨਾਮ ਤੇ ਹੋਰ ਆਕਰਸ਼ਕ ਤੋਹਫ਼ੇ ਦਿੱਤੇ ਗਏ। ਜ਼ਿਲ੍ਹਾ ਬੈਡਮਿੰਟਨ ਐਸੋਸੀਏਸ਼ਨ ਨੇ ਜੂਨੀਅਰ ਏਸ਼ੀਅਨ ਚੈਂਪੀਅਨਸ਼ਿਪ ਦੇ ਕਾਂਸੀ ਤਗਮਾ ਜੇਤੂ ਜਗਸ਼ੇਰ ਖੰਗੂਰਾ ਨੂੰ 21,000 ਦਾ ਨਕਦ ਇਨਾਮ ਦੇ ਕੇ ਸਨਮਾਨਤ ਕੀਤਾ। ਇਸੇ ਤਰ੍ਹਾਂ ਥਾਈਲੈਂਡ ਓਪਨ ਬਰਾਂਜ਼ ਮੈਡਲਿਸਟ ਅਭਿਨਵ ਠਾਕੁਰ ਨੂੰ ਵੀ ਉਸ ਦੇ ਉਤਕ੍ਰਿਸ਼ਟ ਪ੍ਰਦਰਸ਼ਨ ਲਈ ਸਨਮਾਨਿਆ ਗਿਆ। ਇਸ ਮੌਕੇ ਪੰਜਾਬ ਬੈਡਮਿੰਟਨ ਐਸੋਸੀਏਸ਼ਨ ਦੇ ਸੀਨੀਅਰ ਅਹੁਦੇਦਾਰ ਰਾਕੇਸ਼ ਖੰਨਾ, ਅਨੁਪਮ ਕੁਮਾਰੀਆ, ਨਰੇਸ਼ ਬੁਧੀਆ, ਧੀਰਜ ਸ਼ਰਮਾ, ਪਰਮਿੰਦਰ ਸ਼ਰਮਾ ਤੇ ਵਿਸ਼ਾਲ ਰੱਲਨ ਵੀ ਹਾਜ਼ਰ ਸਨ।

## ਜ਼ਿਲ੍ਹਾ ਖ਼ਜ਼ਾਨਾ ਦਫ਼ਤਰ ਵਿਖੇ ਤਿੰਨ ਰੋਜ਼ਾ ਪੈਨਸ਼ਨ ਸੇਵਾ ਮੇਲਾ ਸ਼ੁਰੂ



**ਹੁਸ਼ਿਆਰਪੁਰ (ਬਲਵੀਰ ਸਿੰਘ ਸੈਣੀ)**- ਪੰਜਾਬ ਸਰਕਾਰ ਵੱਲੋਂ ਸੂਬੇ ਦੇ ਪੈਨਸ਼ਨਰਾਂ ਦੀ ਸੁਵਿਧਾ ਲਈ ਤਿੰਨ ਰੋਜ਼ਾ 'ਪੈਨਸ਼ਨ ਸੇਵਾ ਮੇਲਾ' ਜ਼ਿਲ੍ਹਾ ਖ਼ਜ਼ਾਨਾ ਦਫ਼ਤਰ, ਪ੍ਰਬੰਧਕੀ ਬਲਾਕ, ਹੁਸ਼ਿਆਰਪੁਰ ਵਿਖੇ ਆਰੰਭ ਹੋ ਗਿਆ। ਮੇਲੇ ਦੇ ਪਹਿਲੇ ਦਿਨ ਵੱਡੀ ਗਿਣਤੀ ਵਿਚ ਪੈਨਸ਼ਨਰ ਅਤੇ ਵੱਖ-ਵੱਖ ਬੈਂਕਾਂ ਦੇ ਨੁਮਾਇੰਦੇ ਸ਼ਾਮਿਲ ਹੋਏ।ਇਸ ਸਮੇਂ ਡਾਇਰੈਕਟਰ ਖ਼ਜ਼ਾਨਾ ਤੇ ਲੇਖਾ ਅਰਵਿੰਦ ਕੁਮਾਰ ਉਚੇਚੇ ਤੌਰ 'ਤੇ ਪਹੁੰਚੇ ਅਤੇ ਸਮਾਗਮ ਦੀ ਸਮੀਖਿਆ ਕੀਤੀ। ਜ਼ਿਲ੍ਹਾ ਖ਼ਜ਼ਾਨਾ ਅਫ਼ਸਰ ਦੇਸ ਰਾਜ ਨੇ ਦੱਸਿਆ ਕਿ ਵਿੱਤ ਵਿਭਾਗ ਦੇ ਦਿਸ਼ਾ-ਨਿਰਦੇਸ਼ਾਂ ਹੇਠ ਪੰਜਾਬ ਰਾਜ ਦੇ ਪੈਨਸ਼ਨਰਾਂ ਦੇ ਆਨਲਾਈਨ ਲਾਈਫ ਸਰਟੀਫਿਕੇਟ ਅਤੇ ਈ-ਕੇ.ਵਾਈ.ਸੀ ਦਰਜ ਕਰਨ ਹਿੱਤ ਪੈਨਸ਼ਨ ਸੇਵਾ ਮੇਲੇ ਦੇ ਅੱਜ ਪਹਿਲੇ ਦਿਨ ਵੱਡੀ ਗਿਣਤੀ ਵਿਚ ਪੈਨਸ਼ਨਰ ਸ਼ਾਮਿਲ ਹੋਏ। ਇਸ ਮੌਕੇ ਵੱਖ-ਵੱਖ ਬੈਂਕਾਂ ਦੇ ਅਧਿਕਾਰੀ ਵੀ ਮੌਜੂਦ ਸਨ, ਜਿਸ ਨਾਲ ਪੈਨਸ਼ਨਰਾਂ ਨੂੰ ਇੱਕੋ ਛੱਤ ਹੇਠ ਲਾਈਫ ਸਰਟੀਫਿਕੇਟ ਅਤੇ ਈ-ਕੇ.ਵਾਈ.ਸੀ ਦਰਜ ਕਰਵਾਉਣ ਦੀ ਸਹੂਲਤ ਪ੍ਰਦਾਨ ਕੀਤੀ ਗਈ। ਉਨ੍ਹਾਂ 15 ਨਵੰਬਰ ਤੱਕ ਚੱਲਣ ਵਾਲੇ ਇਸ ਮੇਲੇ ਵਿਚ ਜ਼ਿਲ੍ਹੇ ਦੇ ਪੈਨਸ਼ਨਰਾਂ ਨੂੰ ਵੱਡੀ ਗਿਣਤੀ ਵਿਚ ਸ਼ਾਮਿਲ ਹੋਣ ਦੀ ਅਪੀਲ ਕੀਤੀ।

## ਪ੍ਰੈੱਸ ਕਲੱਬ ਵੱਲੋਂ ਹੜ੍ਹ ਪੀੜਤਾਂ ਲਈ 1.51 ਲੱਖ ਦੀ ਰਾਸ਼ੀ ਖਜ਼ਾਨਾ ਮੰਤਰੀ ਨੂੰ ਭੇਟ

**ਸਾਹਿਬਜ਼ਾਦਾ ਅਜੀਤ ਸਿੰਘ ਨਗਰ, (ਗੁਰਜੀਤ ਬਿੱਲਾ)**- ਮੋਹਾਲੀ ਪ੍ਰੈਸ ਕਲੱਬ ਨੇ ਪੰਜਾਬ ਦੇ ਹੜ੍ਹ ਪੀੜ੍ਹਤ ਪਰਵਾਰਾਂ ਦੀ ਮੱਦਦ ਲਈ 1.51 ਲੱਖ ਦੀ ਰਾਸ਼ੀ ਮੁੱਖ ਮੰਤਰੀ ਹੜ੍ਹ ਰਾਹਤ ਫੰਡ ਲਈ ਪੰਜਾਬ ਦੇ ਖਜ਼ਾਨਾ ਮੰਤਰੀ ਹਰਪਾਲ ਸਿੰਘ ਚੀਮਾ ਨੂੰ ਭੇਟ ਕੀਤੀ। ਖਜ਼ਾਨਾ ਮੰਤਰੀ ਹਰਪਾਲ ਸਿੰਘ ਚੀਮਾ ਮੋਹਾਲੀ ਪ੍ਰੈੱਸ ਕਲੱਬ ਵਿਚ ਮੋਹਾਲੀ ਦੇ ਵਿਧਾਇਕ ਸ. ਕੁਲਵੰਤ ਸਿੰਘ ਨਾਲ ਪਹੁੰਚੇ। ਉਨ੍ਹਾਂ ਮੋਹਾਲੀ ਪ੍ਰੈਸ ਕਲੱਬ ਦਾ ਧੰਨਵਾਦ ਕਰਦਿਆਂ ਕਿਹਾ ਕਿ ਕਲੱਬ ਵੱਲੋਂ ਹੜ੍ਹ ਪੀੜਤਾਂ ਨੂੰ ਦਿੱਤੀ ਇਹ ਸਹਾਇਤਾ ਵਿਲੱਖਣ ਪਹਿਲ ਹੈ ਅਤੇ ਅਜਿਹੇ ਛੋਟੇ-ਛੋਟੇ ਉਪਰਾਲੇ ਪੰਜਾਬ ਦੇ ਹੜ੍ਹ ਪੀੜਤਾਂ ਲਈ ਮੱਦਦਗਾਰ ਸਾਬਿਤ ਹੋ ਰਹੇ ਹਨ।ਇਸ ਮੌਕੇ ਖਜ਼ਾਨਾ ਮੰਤਰੀ ਨੇ ਮੋਹਾਲੀ ਪ੍ਰੈਸ ਕਲੱਬ ਵੱਲੋਂ ਮੋਹਾਲੀ ਪ੍ਰੈਸ ਕਲੱਬ ਬਣਾਉਣ ਲਈ ਦਿੱਤੇ ਮੰਗ ਪੱਤਰ ਦੇ ਜਵਾਬ ਵਿਚ ਕਿਹਾ ਕਿ ਅਗਲੇ ਦਿਨਾਂ ਵਿਚ ਉਹ ਪੰਜਾਬ ਦੇ ਹਾਊਸਿੰਗ ਅਤੇ ਅਰਬਨ ਵਿਭਾਗ ਦੇ ਮੰਤਰੀ, ਗਮਾਡਾ ਤੇ ਜ਼ਿਲ੍ਹੇ ਦੇ ਅਧਿਕਾਰੀਆਂ ਨਾਲ ਮੀਟਿੰਗ ਕਰਨਗੇ, ਜਿਸ ਵਿਚ ਹਲਕਾ ਵਿਧਾਇਕ ਕੁਲਵੰਤ ਸਿੰਘ ਵੀ ਵਿਸ਼ੇਸ਼ ਤੌਰ 'ਤੇ ਸ਼ਾਮਲ ਹੋਣਗੇ। ਮੋਹਾਲੀ ਦੇ ਐੱਮ ਐੱਲ ਏ ਕੁਲਵੰਤ ਸਿੰਘ ਨੇ ਕਿਹਾ ਕਿ ਗਮਾਡਾ ਕੋਲ ਜਨਤਕ ਸੇਵਾਵਾਂ ਲਈ ਜ਼ਮੀਨ





ਰਾਖਵੀਂ ਹੈ ਅਤੇ ਉਹ ਪ੍ਰੈੱਸ ਕਲੱਬ ਨੂੰ ਵੀ ਜ਼ਮੀਨ ਦੇ ਸਕਦੇ ਹਨ। ਉਨ੍ਹਾਂ ਕਿਹਾ ਕਿ ਮੋਹਾਲੀ 'ਚ ਪ੍ਰੈਸ ਕਲੱਬ ਬਨਣਾ ਚਾਹੀਦਾ ਹੈ ਤੇ ਉਹ ਪੂਰਾ ਜ਼ੋਰ ਲਗਾਉਣਗੇ।ਇਸ ਮੌਕੇ ਪ੍ਰੈਸ ਕਲੱਬ ਦੇ ਪ੍ਰਧਾਨ ਸ. ਸੁਖਦੇਵ ਸਿੰਘ ਪਟਵਾਰੀ ਤੇ ਜਨਰਲ ਸਕੱਤਰ ਗੁਰਮੀਤ ਸਿੰਘ ਸ਼ਾਹੀ ਨੇ ਖਜ਼ਾਨਾ ਮੰਤਰੀ ਤੇ ਵਿਧਾਇਕ ਨੂੰ ਅਪੀਲ ਕੀਤੀ ਕਿ ਉਹ ਪ੍ਰੈਸ ਦੀ ਹੱਬ ਬਣ ਰਹੇ ਸ਼ਹਿਰ ਮੋਹਾਲੀ ਵਿਚ ਜਲਦੀ ਪ੍ਰੈਸ ਕਲੱਬ ਬਣਾਉਣ ਤਾਂ ਕਿ ਪੱਤਰਕਾਰਾਂ ਤੇ ਲੋਕਾਂ ਨੂੰ ਵਧੀਆਂ ਸਹੂਲਤ ਮਿਲ ਸਕੇ। ਇਸ ਮੌਕੇ ਗੁਰਮੀਤ ਸਿੰਘ ਪੀ.ਸੀ.ਐਸ. ਮੁੱਖ ਮੰਤਰੀ ਫੀਲਡ ਅਫ਼ਸਰ, ਸੀਨੀਅਰ ਮੀਤ ਪ੍ਰਧਾਨ, ਸੁਸ਼ੀਲ ਗਰਚਾ, ਜੱਥੇਬੰਦਕ ਸਕੱਤਰ, ਨੀਲਮ ਠਾਕੁਰ, ਜਾਇੰਟ ਸਕੱਤਰ ਵਿਜੈ ਕੁਮਾਰ, ਕੈਸੀਅਰ, ਰਾਜੀਵ ਤਨੇਜਾ, ਮਾਇਆ ਰਾਮ, ਸੰਦੀਪ ਬਿੰਦਰਾ ਆਦਿ ਹਾਜ਼ਰ ਸਨ।

## ਸਟੂਡੈਂਟ ਆਰਗਨਾਈਜ਼ੇਸ਼ਨ ਆਫ਼ ਇੰਡੀਆ ਨੌਜਵਾਨਾਂ ਨੂੰ ਨਸ਼ਾ ਰਹਿਤ ਕਰਕੇ ਐੱਸ ਓ ਆਈ ਨਾਲ ਜੋੜੇਗੀ : ਜਸ਼ਨ



**ਟਾਂਡਾ ਉੜਮੁੜ (ਜਸਵਿੰਦਰ ਸੰਧੂ, ਓਂਕਾਰ ਸਿੰਘ)**- ਨਸ਼ਿਆਂ ਜਿਹੀਆਂ ਅਲਾਮਤਾਂ ਵਿੱਚ ਗਰਤ ਹੋ ਰਹੀ ਨੌਜਵਾਨ ਪੀੜ੍ਹੀ ਨੂੰ ਮੁੜ ਆਪਣੀ ਪੰਜਾਬੀ ਸੱਭਿਅਤਾ ਨਾਲ ਜੋੜਨ ਅਤੇ ਸਟੂਡੈਂਟ ਆਰਗਨਾਈਜੇਸ਼ਨ ਆਫ਼ ਇੰਡੀਆ ਦਾ ਹੋਰ ਵਿਸਥਾਰ ਕਰਨ ਸਬੰਧੀ ਸ਼੍ਰੋਮਣੀ ਅਕਾਲੀ ਦਲ ਬਾਦਲ ਐੱਸ ਓ ਆਈ ਦੇ ਜ਼ਿਲ੍ਹਾ ਪ੍ਰਧਾਨ ਜਸ਼ਨ ਗੋਰਾਇਆ ਦੀ ਅਗਵਾਈ ਵਿੱਚ ਲੱਖੀ ਪੈਲਸ ਟਾਂਡਾ ਵਿਖੇ ਇੱਕ ਸਮਾਰੋਹ ਦਾ ਆਯੋਜਨ ਕੀਤਾ ਗਿਆ ਜਿਸ ਵਿੱਚ ਭਾਰੀ ਗਿਣਤੀ ਵਿੱਚ ਨੌਜਵਾਨ ਵਰਕਰਾਂ ਨੇ ਭਾਗ ਲਿਆ। ਸਮਾਰੋਹ ਨੂੰ ਸੰਬੋਧਨ ਕਰਦੇ ਹੋਏ ਪ੍ਰਧਾਨ ਜਸ਼ਨ ਗੋਰਾਇਆ ਨੇ ਕਿਹਾ ਕਿ ਸਾਡੀ ਪਾਰਟੀ ਵੱਲੋਂ ਆਪਣੀਆਂ ਕਾਰਗੁਜ਼ਾਰੀਆਂ ਤੇ ਪ੍ਰਾਪਤੀਆਂ ਸਬੰਧੀ ਜਾਣਕਾਰੀ ਦੇਣ ਲਈ ਹਰ ਪਿੰਡ ਅਤੇ ਸ਼ਹਿਰ ਵਿੱਚ ਨੁੱਕੜ ਮੀਟਿੰਗਾਂ ਦਾ ਸਿਲਸਿਲਾ ਸ਼ੁਰੂ ਕੀਤਾ ਹੋਇਆ ਹੈ। ਉਨ੍ਹਾਂ ਕਿਹਾ ਕਿ ਨਸ਼ੀਆਂ ਜਿਹੀਆਂ ਅਲਾਮਤਾਂ ਵਿੱਚ ਗਰਤ ਹੋ ਰਹੀ ਨੌਜਵਾਨ ਪੀੜ੍ਹੀ ਨੂੰ ਨਸ਼ਾ ਰਹਿਤ ਕਰਕੇ ਸ਼੍ਰੋਮਣੀ ਅਕਾਲੀ ਦਲ ਬਾਦਲ ਐੱਸ ਓ ਆਈ ਨਾਲ ਜੋੜਿਆ ਜਾ ਰਿਹਾ ਹੈ ਤਾਂ ਜੋ ਉਹ ਨੌਜਵਾਨ ਆਪਣੇ ਪੰਜਾਬੀ ਵਿਰਸੇ ਨਾਲ ਜੁੜ ਕੇ ਆਪਣੇ ਪਰਵਾਰ ਦਾ ਪਾਲਣ ਪੋਸ਼ਣ ਕਰ ਸਕਣ। ਐੱਸ ਓ ਆਈ ਦਾ ਵਿਸਥਾਰ ਕਰਦੇ ਹੋਏ ਪ੍ਰਧਾਨ ਜਸ਼ਨ ਗੋਰਾਇਆ ਨੇ ਨਿਖਿਲ ਨੂੰ ਜ਼ਿਲ੍ਹਾ ਸੀਨੀਅਰ ਮੀਤ ਪ੍ਰਧਾਨ, ਹਰਕਰਨ ਧੂਤ, ਜੋਤ ਸਿੱਧੂ ਅਤੇ ਆਕਾਸ਼ਦੀਪ ਨੂੰ ਜ਼ਿਲ੍ਹਾ ਮੀਤ ਪ੍ਰਧਾਨ, ਜਸਪ੍ਰੀਤ ਨੂੰ ਜ਼ਿਲ੍ਹਾ ਜਨਰਲ ਸਕੱਤਰ, ਸੋਡੀ ਧੁਗਾ, ਪ੍ਰਭ ਬੀਰਮਪੁਰ, ਹਰਸ਼ਪਾਲ ਅਤੇ ਗੁਰਜੰਟ ਗੋਰਾਇਆ ਨੂੰ ਸਕੱਤਰ ਤੋਂ ਇਲਾਵਾ ਬਿਕਰਮ ਨੂੰ ਸੋਸ਼ਲ ਮੀਡੀਆ ਦਾ ਇੰਚਾਰਜ ਨਿਯੁਕਤ ਕਰਕੇ ਵਧਾਈ ਦਿੰਦੇ ਹੋਏ ਸਿਰੋਪਾਓ ਪਾ ਕੇ ਸਨਮਾਨਤ ਕੀਤਾ। ਨਵ-ਨਿਯੁਕਤ ਅਹੁਦੇਦਾਰਾਂ ਨੇ ਜਸ਼ਨ ਗੋਰਾਇਆਂ ਨੂੰ ਭਰੋਸਾ ਦਿੰਦੇ ਹੋਏ ਕਿਹਾ ਕਿ ਐਸ.ਓ.ਆਈ ਨੇ ਸਾਨੂੰ ਜਿਹੜੀਆਂ ਜਿੰਮੇਦਾਰੀਆਂ ਸੌਂਪੀਆਂ ਹਨ ਅਸੀਂ ਉਨ੍ਹਾਂ ਨੂੰ ਤਨ-ਮਨ-ਧਨ ਤਹਿਦਿਲਾਂ ਨਾਲ ਨਿਭਾਵਾਂਗੇ। ਸਮਾਰੋਹ ਦੇ ਆਖਿਰ ਵਿੱਚ ਜਸ਼ਨ ਗੋਰਾਇਆ ਨੇ ਆਏ ਹੋਏ ਸਾਰੇ ਮਹਿਮਾਨਾਂ ਦਾ ਧੰਨਵਾਦ ਕਰਦੇ ਹੋਏ ਨੌਜਵਾਨਾਂ ਨੂੰ ਆਪਣੀ ਐੱਸ ਓ ਆਈ ਨਾਲ ਜੁੜਨ ਲਈ ਪ੍ਰੇਰਿਤ ਕੀਤਾ ਤਾਂ ਜੋ ਸ਼੍ਰੋਮਣੀ ਅਕਾਲੀ ਦਲ ਬਾਦਲ ਨੂੰ ਹੋਰ ਮਜਬੂਤ ਕੀਤਾ ਜਾ ਸਕੇ।

## ਪੁਲਸ ਵੱਲੋਂ ਰੇਲਵੇ ਸਟੇਸ਼ਨ ਤੇ ਬੱਸ ਸਟੈਂਡ 'ਤੇ ਵਿਸ਼ੇਸ਼ ਚੈਕਿੰਗ



**ਮੋਗਾ (ਇਕਬਾਲ ਸਿੰਘ ਖਹਿਰਾ)**-ਮੋਗਾ ਪੁਲਸ ਵੱਲੋਂ ਸ਼ਹਿਰ ਮੋਗਾ ਦੇ ਰੇਲਵੇ ਸਟੇਸ਼ਨ ਤੇ ਬੱਸ ਸਟੈਂਡ 'ਤੇ ਵਿਸ਼ੇਸ਼ ਚੈਕਿੰਗ ਮੁਹਿੰਮ ਚਲਾਈ ਗਈ, ਜਿਸ ਦਾ ਮੁੱਖ ਉਦੇਸ਼ ਯਾਤਰੀਆਂ ਦੀ ਸੁਰੱਖਿਆ ਤੇ ਕਾਨੂੰਨ-ਵਿਵਸਥਾ ਨੂੰ ਮਜ਼ਬੂਤ ਕਰਨਾ ਸੀ।ਇਸ ਦੌਰਾਨ ਪੁਲਸ ਅਧਿਕਾਰੀਆਂ ਤੇ ਜਵਾਨਾਂ ਵੱਲੋਂ ਪਲੇਟਫਾਰਮਾਂ, ਵੇਟਿੰਗ ਏਰੀਆ, ਟਿਕਟ ਘਰ, ਪਾਰਕਿੰਗ ਸਥਾਨਾਂ ਤੇ ਹੋਰ ਸੰਵੇਦਨਸ਼ੀਲ ਥਾਵਾਂ ਦੀ ਬਰੀਕੀ ਨਾਲ ਜਾਂਚ ਕੀਤੀ ਗਈ।ਯਾਤਰੀਆਂ ਦੇ ਸਾਮਾਨ, ਪਛਾਣ ਪੱਤਰਾਂ ਤੇ ਸ਼ੱਕੀ ਵਿਅਕਤੀਆਂ ਦੀ ਪੁੱਛਗਿੱਛ ਕੀਤੀ ਗਈ ਤਾਂ ਜੋ ਕਿਸੇ ਵੀ ਅਣਚਾਹੀ ਘਟਨਾ ਨੂੰ ਰੋਕਿਆ ਜਾ ਸਕੇ।ਪੁਲਸ ਵੱਲੋਂ ਯਾਤਰੀਆਂ ਨੂੰ ਸੁਰੱਖਿਆ ਸਬੰਧੀ ਜਾਣਕਾਰੀ ਦਿੱਤੀ ਗਈ ਤੇ ਉਨ੍ਹਾਂ ਨੂੰ ਸਾਵਧਾਨ ਰਹਿਣ ਲਈ ਪ੍ਰੇਰਿਤ ਕੀਤਾ ਗਿਆ।ਇਸ ਮੌਕੇ ਐੱਸ.ਐੱਸ.ਪੀ. ਅਜੇ ਗਾਂਧੀ ਨੇ ਕਿਹਾ ਕਿ ਮੋਗਾ ਪੁਲਸ ਵੱਲੋਂ ਅਜਿਹੀਆਂ ਚੈਕਿੰਗ ਮੁਹਿੰਮਾਂ ਰੇਲਵੇ ਸਟੇਸ਼ਨ, ਬੱਸ ਅੱਡਿਆਂ ਤੇ ਹੋਰ ਜਨਤਕ ਸਥਾਨਾਂ 'ਤੇ ਨਿਰੰਤਰ ਤੌਰ 'ਤੇ ਕੀਤੀਆਂ ਜਾਂਦੀਆਂ ਰਹਿਣਗੀਆਂ, ਜਿਨ੍ਹਾਂ ਦਾ ਉਦੇਸ਼ ਲੋਕਾਂ ਵਿੱਚ ਸੁਰੱਖਿਆ ਦੀ ਭਾਵਨਾ ਮਜ਼ਬੂਤ ਕਰਨ ਮਾੜੇ ਅਨਸਰਾਂ ਨੂੰ ਕਾਬੂ ਕਰਕੇ ਜ਼ਿਲ੍ਹੇ ਵਿੱਚ ਅਮਨ ਸ਼ਾਂਤੀ ਨੂੰ ਬਹਾਲ ਕਰਨਾ ਹੈ।

## ਸੜਕ ਬਣਵਾਉਣ ਦੀ ਖੁਸ਼ੀ 'ਚ ਚੇਅਰਮੈਨ ਢਿੱਲੋਂ ਦਾ ਸਨਮਾਨ



**ਪਟਿਆਲਾ (ਰਾਜਿੰਦਰ ਸਿੰਘ ਥਿੰਦ)**-ਚੇਅਰਮੈਨ ਬਲਜਿੰਦਰ ਸਿੰਘ ਢਿੱਲੋਂ ਵੱਲੋਂ ਭਾਦਸੋਂ ਰੋਡ ਤੋਂ ਲੈ ਕੇ ਸਿਓਣਾ ਚੌਕ ਤੱਕ ਜਾਂਦੀ ਸੜਕ ਦਾ ਇੱਕ ਹਿੱਸਾ ਜੋ ਭਾਦਸੋਂ ਰੋਡ ਤੋਂ ਰਣਜੀਤ ਨਗਰ ਤੱਕ ਹੈ। ਪੰਜਾਬ ਮੰਡੀ ਬੋਰਡ ਨੇ ਇਹ ਸੜਕ 10 ਫੁੱਟ ਬਣਾਉਣੀ ਸੀ, ਪਰ ਇਸ ਨੂੰ ਵਧਾ ਕੇ ਚੇਅਰਮੈਨ ਬਲਜਿੰਦਰ ਸਿੰਘ ਢਿੱਲੋਂ ਤੇ ਜ਼ੈਲਦਾਰ ਗੁਰਜੀਤ ਸਿੰਘ ਵੱਲੋਂ 13 ਫੁੱਟ ਸੜਕ ਆਪਣੇ ਖਰਚੇ 'ਤੇ ਬਣਵਾਈ ਗਈ ਹੈ, ਜਿਸ ਨਾਲ ਸੜਕ ਦੀ ਚੌੜਾਈ ਵੱਧ ਕੇ 23 ਫੁੱਟ ਹੋ ਗਈ। ਇਸ ਖੁਸ਼ੀ ਵਿੱਚ ਰਣਜੀਤ ਨਗਰ ਇਲਾਕਾ ਨਿਵਾਸੀਆਂ ਵੱਲੋਂ ਚੇਅਰਮੈਨ ਬਲਜਿੰਦਰ ਸਿੰਘ ਢਿੱਲੋਂ ਤੇ ਸਮੁੱਚੀ ਟੀਮ ਨੂੰ ਸਨਮਾਨਤ ਕੀਤਾ ਗਿਆ। ਖੁਸ਼ੀ ਮਨਾਉਂਦੇ ਉਹਨਾਂ ਧੰਨਵਾਦ ਕੀਤਾ। ਸੀਨੀਅਰ ਆਗੂ ਖੁਸ਼ਵੰਤ ਸ਼ਰਮਾ ਤੇ ਇਲਾਕਾ ਨਿਵਾਸੀਆਂ ਨੇ ਦੱਸਿਆ ਕਿ ਇਸ ਤਰ੍ਹਾਂ ਦੇ ਰਾਜਨੀਤਕ ਲੋਕ ਬਹੁਤ ਘੱਟ ਹੁੰਦੇ, ਜੋ ਆਪਣੇ ਖਰਚੇ 'ਤੇ ਲੋਕ ਭਲਾਈ ਦੇ ਕੰਮ ਕਰਦੇ ਹਨ, ਜਿਸ ਦੀ ਇੱਕ ਮਿਸਾਲ ਚੇਅਰਮੈਨ ਬਲਜਿੰਦਰ ਸਿੰਘ ਢਿੱਲੋਂ ਬਣੇ ਹਨ। ਚੇਅਰਮੈਨ ਢਿੱਲੋਂ ਨੇ ਕਿਹਾ ਕਿ ਪੰਜਾਬ ਸਰਕਾਰ ਲੋਕਾਂ ਨੂੰ ਸਮਰਪਤ ਹੈ ਤੇ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਵੱਲੋਂ ਨਿਰਦੇਸ਼ ਅਨੁਸਾਰ ਸੜਕਾਂ ਦਾ ਜਾਲ ਵਿਛਾਇਆ ਜਾ ਰਿਹਾ ਹੈ। ਪਟਿਆਲਾ ਦਿਹਾਤੀ ਵਿਧਾਇਕ ਤੇ ਸਿਹਤ ਮੰਤਰੀ ਡਾ ਬਲਬੀਰ ਸਿੰਘ ਤੇ ਮੰਡੀ ਬੋਰਡ ਦੇ ਚੇਅਰਮੈਨ ਹਰਚੰਦ ਸਿੰਘ ਬਰਸਟ ਦੇ ਯਤਨਾਂ ਸਦਕਾ ਰਣਜੀਤ ਨਗਰ ਦੇ ਇਲਾਕਾ ਨਿਵਾਸੀਆਂ ਨੂੰ ਆਵਾਜਾਈ ਵਿੱਚ ਆ ਰਹੀ ਮੁਸ਼ਕਲ ਤੋਂ ਨਿਜਾਤ ਮਿਲੇਗੀ।

## ਧਾਰਮਿਕ ਪ੍ਰੀਖਿਆ 'ਚ ਬਾਲੀਆਂ ਸਕੂਲ ਨੇ ਇਤਿਹਾਸ ਸਿਰਜਿਆ



**ਸੰਗਰੂਰ (ਪ੍ਰਵੀਨ ਸਿੰਘ)**-ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਵੱਲੋਂ ਹਰ ਸਾਲ ਲਈ ਜਾਣ ਵਾਲੀ ਧਾਰਮਿਕ ਪ੍ਰੀਖਿਆ 'ਚੋਂ ਸਰਕਾਰੀ ਸੀਨੀਅਰ ਸੈਕੰਡਰੀ ਸਕੂਲ ਬਾਲੀਆਂ ਤੇ ਸਰਕਾਰੀ ਮਿਡਲ ਸਕੂਲ ਲੱਡੀ ਨੇ ਧਾਰਮਿਕ ਪ੍ਰੀਖਿਆ ਦਿੱਤੀ। ਪ੍ਰਿੰਸੀਪਲ ਹਰਦੇਵ ਕੁਮਾਰ ਭਲਵਾਨ ਨੇ ਦੱਸਿਆ ਕਿ ਪਿਛਲੇ 30 ਸਾਲਾਂ ਦੇ ਰਿਕਾਰਡ 'ਚ ਪਹਿਲੀ ਵਾਰ ਏਨੇ ਵਿਦਿਆਰਥੀਆਂ ਨੇ ਭਾਗ ਲਿਆ ਪ੍ਰਿੰਸੀਪਲ ਨੇ ਕਿਹਾ ਕਿ ਇਹ ਸਿਹਰਾ ਸਕੂਲ ਅਧਿਆਪਕ ਬਲਕਾਰ ਸਿੰਘ ਲੈਕਚਰਾਰ ਰਾਜਨੀਤੀ ਸ਼ਾਸਤਰ ਅਤੇ ਮੈਡਮ ਗੁਰਤੇਗ ਕੌਰ ਪੰਜਾਬੀ ਲੈਕਚਰਾਰ ਨੂੰ ਜਾਂਦਾ ਹੈ।ਉਨ੍ਹਾਂ ਸਰਕਾਰੀ ਮਿਡਲ ਸਕੂਲ ਲੱਡੀ ਦੇ ਅਧਿਆਪਕਾਂ ਦੀ ਵੀ ਪ੍ਰਸੰਸਾ ਕੀਤੀ, ਜਿਨ੍ਹਾਂ ਨੇ ਵਿਦਿਆਰਥੀਆਂ ਦੀ ਧਾਰਮਿਕ ਪ੍ਰੀਖਿਆ ਦੀ ਤਿਆਰੀ ਕਰਾਈ ਤੇ ਗੁਰੂ ਸਾਹਿਬਾਨ ਦੇ ਜੀਵਨ ਬਾਰੇ ਬੱਚਿਆਂ ਨੂੰ ਜਾਣੂ ਕਰਾਇਆ। ਧਾਰਮਿਕ ਪ੍ਰੀਖਿਆ ਦੇ ਸੰਚਾਲਕ ਜਸਵੀਰ ਸਿੰਘ ਪ੍ਰਚਾਰਕ ਸੁਪਰਡੈਂਟ ਤੇ ਪ੍ਰਚਾਰਕ ਗੁਰਵਿੰਦਰ ਸਿੰਘ ਸਹਾਇਕ ਵੱਲੋਂ ਸਕੂਲ ਦੇ ਪ੍ਰਬੰਧਾਂ ਦੀ ਸ਼ਲਾਘਾ ਕੀਤੀ ਗਈ।

## ਹਾਕੀ ਟੀਮ ਦਾ ਸ਼ਿੰਗਾਰ ਬਣੇ ਵਜੀਦਕੇ ਖੁਰਦ ਦੇ 3 ਹੋਣਹਾਰ ਖਿਡਾਰੀ



**ਮਹਿਲ ਕਲਾਂ (ਬਲਵਿੰਦਰ ਵਜੀਦਕੇ, ਪ੍ਰਦੀਪ ਲੋਹਗੜ੍ਹ)**-ਸਕੂਲੀ ਖੇਡਾਂ 'ਚ ਪਿੰਡਾਂ ਦੇ ਹਾਕੀ ਮੁਕਾਬਲੇ ਕਰਾਏ ਗਏ, ਜਿੱਥੇ ਪਹਿਲੀਆਂ ਪੁਜ਼ੀਸ਼ਨਾਂ ਹਾਸਲ ਕਾਰਨ ਵਾਲੀਆਂ ਟੀਮਾਂ 'ਚ ਖੇਡਦੇ ਖਿਡਾਰੀਆਂ ਦੀ ਕਾਰਗੁਜ਼ਾਰੀ ਦੇਖਦਿਆਂ ਪੰਜਾਬ ਖੇਡ ਵਿਭਾਗ ਵੱਲੋਂ ਜ਼ਿਲ੍ਹਾ ਬਰਨਾਲਾ ਹਾਕੀ ਟੀਮ (ਅੰਡਰ-17) ਦੀ ਚੋਣ ਕੀਤੀ ਗਈ।ਟੀਮ 'ਚ ਪਿੰਡ ਵਜੀਦਕੇ ਖੁਰਦ ਦੇ ਤਿੰਨ ਖਿਡਾਰੀ, ਜੋ ਸਰਕਾਰੀ ਸੈਕੰਡਰੀ ਸਕੂਲ ਹਮੀਦੀ ਵੱਲੋਂ ਖੇਡ ਰਹੇ ਹਨ। ਜਾਣਕਾਰੀ ਅਨੁਸਾਰ ਗਿਆਰ੍ਹਵੀਂ ਸ਼੍ਰੇਣੀ ਦੇ ਵਿਦਿਆਰਥੀ ਸੁਰਜੀਤ ਸਿੰਘ, ਦਿਲਪ੍ਰੀਤ ਸਿੰਘ ਤੇ ਇੰਦਰਜੀਤ ਸਿੰਘ ਜ਼ਿਲਾ ਬਰਨਾਲਾ ਦੀ ਹਾਕੀ ਟੀਮ ਵੱਲੋਂ ਜ਼ਿਲ੍ਹਾ ਮੋਗਾ ਵਿਖੇ ਕਰਾਏ ਜਾ ਰਹੇ ਸਟੇਟ ਪੱਧਰੀ ਮੁਕਾਬਲਿਆਂ 'ਚ ਜਿੱਥੇ ਸਰਕਾਰੀ ਸੀਨੀਅਰ ਸੈਕੰਡਰੀ ਸਕੂਲ ਹਮੀਦੀ ਦਾ ਨਾਂਅ ਰੌਸ਼ਨ ਕੀਤਾ, ਉੱਥੇ ਆਪਣੀ ਜਨਮ ਭੂਮੀ ਪਿੰਡ ਵਜੀਦਕੇ ਖੁਰਦ ਦਾ ਮਾਣ ਵੀ ਵਧਾਇਆ।ਹਾਕੀ ਪ੍ਰਮੋਟਰ ਹਰਪਾਲ ਸਿੰਘ ਪਾਲੀ ਨੇ ਦੱਸਿਆ ਕਿ ਗਰੀਬ ਪਰਵਾਰਾਂ ਨਾਲ ਸੰਬੰਧਤ ਇਹ ਹਾਕੀ ਖਿਡਾਰੀ ਲਗਾਤਾਰ ਜਿਥੇ ਪਿੰਡ ਵਜੀਦਕੇ ਖੁਰਦ ਦੀ ਹਾਕੀ ਟੀਮ ਅੰਡਰ-14 ਦੇ ਨਾਮੀ ਖਿਡਾਰੀ ਰਹੇ, ਉਥੇ ਅੰਡਰ-17 ਵਿੱਚ ਖੇਡਦੇ ਹੋਏ ਜ਼ਿਲ੍ਹਾ ਪੱਧਰੀ ਸਕੂਲੀ, ਖੇਡਾਂ ਵਤਨ ਪੰਜਾਬ ਦੀਆਂ ਤੇ ਪੇਂਡੂ ਹਾਕੀ ਖੇਡ ਮੁਕਾਬਲਿਆਂ 'ਚ ਪਹਿਲੀਆਂ ਪੁਜੀਸਨਾਂ ਹਾਸਲ ਕਰਕੇ ਬੱਲੇ-ਬੱਲੇ ਕਰਾਈ ਹੈ।ਇਸ ਕਰਕੇ ਪੰਜਾਬ ਸਰਕਾਰ ਤੇ ਖੇਡ ਵਿਭਾਗ ਨੂੰ ਇਨ੍ਹਾਂ ਹੋਣਹਾਰ ਹਾਕੀ ਖਿਡਾਰੀਆਂ ਦੇ ਵਿਕਾਸ ਵੱਲ ਵਿਸ਼ੇਸ ਧਿਆਨ ਦੇਣਾ ਚਾਹੀਦਾ ਹੈ।ਉਨ੍ਹਾਂ ਮੰਗ ਕੀਤੀ ਕਿ ਪੰਚਾਇਤੀ ਰਾਜ ਲੋਕ ਨਿਰਮਾਣ ਵਿਭਾਗ ਵੱਲੋਂ ਜਿਲਾ ਬਰਨਾਲਾ ਅੰਦਰ ਬਣਾਏ ਜਾਣ ਵਾਲੇ ਖੇਡ ਗਰਾਊਂਡਾਂ 'ਚ ਪਿੰਡ ਵਜੀਦਕੇ ਖੁਰਦ ਦਾ ਨਾਂਅ ਵੀ ਸ਼ਾਮਲ ਹੈ, ਇਸ ਲਈ ਇਸ ਸਟੇਡੀਅਮ ਦੇ ਨਿਰਮਾਣ ਕਾਰਜ ਜਲਦ ਸ਼ੁਰੂ ਕੀਤੇ ਜਾਣ ਤਾਂ ਜੁ ਹਾਕੀ ਖਿਡਾਰੀਆਂ ਸਮੇਤ ਹੋਰ ਖੇਡਾਂ ਵਿੱਚ ਰੁਚੀ ਰੱਖਣ ਵੱਲੇ ਖਿਡਾਰੀਆਂ ਨੂੰ ਵਧੀਆ ਮੌਕੇ ਪ੍ਰਦਾਨ ਹੋ ਸਕਣ।

## ਫੁੱਟਬਾਲ ਖਿਡਾਰੀਆਂ ਨੂੰ ਕੀਤਾ ਸਨਮਾਨਤ



**ਮਹਿਲ ਕਲਾਂ (ਪ੍ਰਦੀਪ ਸਿੰਘ ਲੋਹਗੜ੍ਹ)**-ਸਰਕਾਰੀ ਮਿਡਲ ਸਕੂਲ ਧਨੇਰ ਵਿਖੇ ਹੋਣਹਾਰ 30 ਖਿਡਾਰੀਆਂ ਨੂੰ ਜਰਸੀਆਂ ਸਟੱਡ, ਕੋਨ ਤੇ ਫੁੱਟਬਾਲ ਨਾਲ ਸਨਮਾਨਤ ਕੀਤਾ ਗਿਆ।ਆਗੂਆਂ ਨੇ ਕਿਹਾ ਕਿ ਜ਼ਿਲ੍ਹੇ 'ਚ ਫੁੱਟਬਾਲ ਟੀਮ ਵੱਲੋਂ ਵਧੀਆ ਪ੍ਰਦਰਸ਼ਨ ਕਰਨ ਸਦਕਾ ਖਿਡਾਰੀਆਂ ਦੀ ਹੌਸਲਾ ਅਫ਼ਜ਼ਾਈ ਕੀਤੀ ਗਈ ਹੈ ਤਾਂ ਜੁ ਉਤਸ਼ਾਹਤ ਹੋ ਕੇ ਖਿਡਾਰੀ ਹੋਰ ਵਧੀਆ ਪ੍ਰਦਰਸ਼ਨ ਕਰ ਸਕਣ।ਪੰਚ ਜਸਵਿੰਦਰ ਸਿੰਘ, ਜਸਪਾਲ ਸਿੰਘ ਨੇ ਜੇਤੂ ਖਿਡਾਰੀਆਂ ਨੂੰ ਵਧਾਈ ਦਿੰਦਿਆ ਕਿਹਾ ਕਿ ਖਸਤਾ ਹਾਲਤ 'ਚ ਪਏ ਪਿੰਡ ਦੇ ਖੇਡ ਸਟੇਡੀਅਮ ਨੂੰ ਵੀ ਆਉਣ ਵਾਲੇ ਸਮੇਂ 'ਚ ਸਮੁੱਚੇ ਖਿਡਾਰੀਆਂ ਦੀ ਸਹੂਲਤ ਲਈ ਅਪਡੇਟ ਕੀਤਾ ਜਾਵੇਗਾ ਤਾਂ ਜੁ ਨੌਜਵਾਨ ਨਸ਼ਿਆਂ ਤੇ ਹੋਰ ਅਲਾਮਤਾਂ ਤੋਂ ਬਚ ਗਰਾਊਂਡ ਨਾਲ ਜੁੜ ਕੇ ਖੇਡਾਂ 'ਚ ਪਿੰਡ ਧਨੇਰ ਦਾ ਨਾਂਅ ਰੌਸ਼ਨ ਕਰ ਸਕਣ।

## ਲੋੜਵੰਦ ਮਰੀਜ਼ਾਂ ਨੂੰ ਦਿੱਤੀ ਵਿੱਤੀ ਸਹਾਇਤਾ ਕੀਤੀ



**ਸ੍ਰੀ ਮੁਕਤਸਰ ਸਾਹਿਬ (ਸ਼ਮਿੰਦਰਪਾਲ/ਪੂਜਾ)**-ਡਾ. ਐਸ ਪੀ ਸਿੰਘ ਓਬਰਾਏ ਵੱਲੋਂ ਮਾਨਵਤਾ ਦੀ ਭਲਾਈ ਲਈ ਕੀਤੇ ਜਾ ਰਹੇ ਕਾਰਜਾਂ ਦੀ ਲੜੀ ਤਹਿਤ ਜੱਸਾ ਸਿੰਘ ਸੰਧੂ ਕੌਮੀ ਪ੍ਰਧਾਨ ਦੇ ਦਿਸ਼ਾ-ਨਿਰਦੇਸ਼ਾਂ ਅਨੁਸਾਰ ਸ੍ਰੀ ਗੁਰੂ ਤੇਗ ਬਹਾਦਰ ਜੀ, ਭਾਈ ਮਤੀ ਦਾਸ ਜੀ, ਭਾਈ ਸਤੀ ਦਾਸ ਜੀ, ਭਾਈ ਦਿਆਲਾ ਜੀ, ਬਾਬਾ ਜੈਤਾ ਜੀ ਆਦਿ ਮਹਾਨ ਸ਼ਹੀਦਾਂ ਦੀਆਂ ਸ਼ਹਾਦਤਾਂ ਨੂੰ ਸਮਰਪਤ (ਜਿਨ੍ਹਾਂ ਨੇ ਧਰਮ ਤੇ ਨੈਤਿਕਤਾ ਦੀ ਰੱਖਿਆ ਲਈ ਬਲੀਦਾਨ ਦਿੱਤਾ) 14 ਲੋੜਵੰਦ ਮਰੀਜ਼ਾਂ ਨੂੰ ਦਵਾਈਆਂ ਖਰੀਦਣ ਲਈ 17500 ਰੁਪਏ ਦੀ ਸਹਾਇਤਾ ਰਾਸ਼ੀ ਦਿੱਤੀ ਗਈ।ਅਰਵਿੰਦਰ ਪਾਲ ਸਿੰਘ ਚਾਹਲ ਬੂੜਾ ਗੁੱਜਰ ਜ਼ਿਲ੍ਹਾ ਪ੍ਰਧਾਨ ਨੇ ਦੱਸਿਆ ਕਿ ਇਨ੍ਹਾਂ ਸ਼ਹੀਦਾਂ ਦੀ ਯਾਦ ਨੂੰ ਸਮਰਪਤ ਸ੍ਰੀ ਮੁਕਤਸਰ ਸਾਹਿਬ ਵਿਖੇ ਲੰਮੇ ਸਮੇਂ ਤੋਂ ਵੱਖ-ਵੱਖ ਬਿਮਾਰੀਆਂ ਤੋਂ ਪੀੜਤ, ਪਰ ਦਵਾਈਆਂ ਖਰੀਦਣ ਤੋਂ ਅਸਮਰੱਥ ਮਰੀਜ਼ਾਂ ਨੂੰ ਦਵਾਈਆਂ ਖਰੀਦਣ ਲਈ ਡਾਕਟਰ ਦੀ ਪਰਚੀ ਦੇ ਹਿਸਾਬ ਨਾਲ ਦਵਾਈਆਂ ਖਰੀਦਣ ਲਈ ਸਹਾਇਤਾ ਰਾਸ਼ੀ ਦਿੱਤੀ ਗਈ।ਸਹਾਇਤਾ ਰਾਸ਼ੀ ਲੈਣ ਉਪਰੰਤ ਲੋੜਵੰਦਾਂ ਵੱਲੋਂ ਡਾ. ਓਬਰਾਏ ਦਾ ਧੰਨਵਾਦ ਕੀਤਾ ਗਿਆ ਅਤੇ ਕਿਹਾ ਕਿ ਡਾ. ਓਬਰਾਏ ਦੇ ਇਸ ਉਪਰਾਲੇ ਨਾਲ ਅਸੀਂ ਆਪਣੀਆਂ ਬਿਮਾਰੀਆਂ ਨੂੰ ਦੂਰ ਕਰਨ ਲਈ ਸਮਰੱਥ ਹੋ ਗਏ ਹਾਂ।



**ਭਰਤ ਰਾਮ ਰਾਜਸਥਾਨੀ ਤੇ ਉਸ ਦੇ ਭਰਾ ਅਮੀ ਚੰਦ ਉਮੀ ਵੱਲੋਂ ਆਪਣੀ ਹੀ ਸੂਪ ਵਾਲੀ ਰੇਹੜੀ 'ਤੇ ਭੁੱਲਿਆ ਹੋਇਆ ਮੋਬਾਈਲ ਫੋਨ ਗੁਰਜੀਤ ਸਿੰਘ ਪੁੱਤਰ ਲਖਵਿੰਦਰ ਸਿੰਘ ਵਾਸੀ ਰਣਸੀਂਹ ਕਲਾਂ ਨੂੰ ਵਾਪਸ ਕਰਕੇ ਇਮਾਨਦਾਰੀ ਦੀ ਮਿਸਾਲ ਕਾਇਮ ਕੀਤੀ। ਇਸ ਮੌਕੇ ਉਨ੍ਹਾਂ ਵਿਅਕਤੀਆਂ ਵੱਲੋਂ ਵਿਸ਼ੇਸ਼ ਤੌਰ 'ਤੇ ਇਨ੍ਹਾਂ ਦਾ ਧੰਨਵਾਦ ਕੀਤਾ ਗਿਆ।** (ਫੋਟੋ ਤੇ ਵੇਰਵਾ : ਲਵਲੀ ਮਾਛੀਕੇ, ਨਿਹਾਲ ਸਿੰਘ ਵਾਲਾ)

# ਵਰਲਡ 'ਵਰਸਿਟੀ ਵਿਖੇ ਸਿੱਖ ਗੁਰਦੁਆਰਾ ਐਕਟ ਸ਼ਤਾਬਦੀ ਨੂੰ ਸਮਰਪਤ ਕੌਮੀ ਸੈਮੀਨਾਰ



**ਸ੍ਰੀ ਫਤਿਹਗੜ੍ਹ ਸਾਹਿਬ (ਪ੍ਰਮੋਦ ਭਾਰਦਵਾਜ)**-ਸ੍ਰੀ ਗੁਰੂ ਗ੍ਰੰਥ ਸਾਹਿਬ ਵਰਲਡ ਯੂਨੀਵਰਸਿਟੀ ਫਤਿਹਗੜ੍ਹ ਸਾਹਿਬ ਦੇ ਸ੍ਰੀ ਗੁਰੂ ਗ੍ਰੰਥ ਸਾਹਿਬ ਧਰਮ ਅਧਿਐਨ ਵਿਭਾਗ ਤੇ ਰਾਜਨੀਤੀ ਵਿਗਿਆਨ ਵਿਭਾਗ ਵੱਲੋਂ ਸਿੱਖ ਗੁਰਦੁਆਰਾ ਐਕਟ 1925 ਦੀ ਸ਼ਤਾਬਦੀ ਨੂੰ ਸਮਰਪਤ 'ਸਿੱਖ ਗੁਰਦੁਆਰਾ ਐਕਟ 1925 : ਉਦੇਸ਼, ਪ੍ਰਾਪਤੀਆਂ ਤੇ ਸੰਭਾਵਨਾਵਾਂ' ਸਿਰਲੇਖ ਹੇਠ ਕੌਮੀ ਸੈਮੀਨਾਰ ਕੀਤਾ ਗਿਆ।ਸੈਮੀਨਾਰ ਦੀ ਪ੍ਰਧਾਨਗੀ ਕਰਦਿਆਂ ਵਾਈਸ ਚਾਂਸਲਰ ਪ੍ਰੋ. ਪਰਿਤਪਾਲ ਸਿੰਘ ਨੇ ਕਿਹਾ ਕਿ ਸਿੱਖ ਗੁਰਦੁਆਰਾ ਐਕਟ ਸਿੱਖ ਕੌਮ ਲਈ ਧਾਰਮਿਕ, ਸਭਿਆਚਾਰਕ ਤੇ ਸਮਾਜਿਕ ਪੱਖ ਤੋਂ ਬੇਹੱਦ ਮਹੱਤਵਪੂਰਨ ਹੈ। ਇਸ ਐਕਟ ਨੇ ਸਿੱਖ ਧਰਮ ਦੀ ਪ੍ਰਬੰਧਕੀ ਸੰਸਥਾ ਨੂੰ ਲੋਕਤਾਂਤਰਿਕ ਢਾਂਚਾ ਪ੍ਰਦਾਨ ਕੀਤਾ, ਜੋ ਅੱਜ ਵੀ ਪ੍ਰਸੰਗਿਕ ਹੈ।ਸੈਮੀਨਾਰ ਵਿੱਚ ਉਦਘਾਟਨੀ ਵਕਤਾ ਪ੍ਰੋ. ਕੇਹਰ ਸਿੰਘ ਸਾਬਕਾ ਚੇਅਰਮੈਨ ਪੰਜਾਬ ਸਕੂਲ ਸਿੱਖਿਆ ਬੋਰਡ ਨੇ ਵਿਸ਼ੇ ਨਾਲ ਜੁੜੇ ਇਤਿਹਾਸਕ ਤੇ ਸਿਧਾਂਤਕ ਪੱਖਾਂ 'ਤੇ ਚਾਨਣਾ ਪਾਇਆ।ਮਹਿਮਾਨ ਵਕਤਾ ਪ੍ਰੋ. ਦਲਜੀਤ ਸਿੰਘ ਸਾਬਕਾ ਵਾਈਸ ਚਾਂਸਲਰ ਰਿਆਤ ਬਾਹਰਾ ਯੂਨੀਵਰਸਿਟੀ ਨੇ ਗੁਰਦੁਆਰਾ ਐਕਟ ਦੇ ਕਾਨੂੰਨੀ ਪੱਖਾਂ ਦੀ ਵਿਸਥਾਰਪੂਰਵਕ ਵਿਵੇਚਨਾ ਕਰਦਿਆਂ ਸਮੇਂ ਦੀ ਲੋੜ ਅਨੁਸਾਰ ਐਕਟ ਵਿੱਚ ਲੋੜੀਂਦੀਆਂ ਸੋਧਾਂ ਦੀ ਜ਼ਰੂਰਤ 'ਤੇ ਵੀ ਜ਼ੋਰ ਦਿੱਤਾ।ਵਿਦਵਾਨ ਵਕਤਾ ਡਾ. ਗੁਰਤੇਜ ਸਿੰਘ, ਪ੍ਰਿੰਸੀਪਲ, ਸ੍ਰੀ ਗੁਰੂ ਤੇਗ ਬਹਾਦਰ ਖਾਲਸਾ ਗਰਲਜ਼ ਕਾਲਜ, ਅਕਤ ਨੇ ਇਸ ਐਕਟ ਦੇ ਸਿੱਖ ਧਾਰਮਿਕ ਜੀਵਨ ਤੇ ਸਮਾਜਕ ਚੇਤਨਾ 'ਤੇ ਪ੍ਰਭਾਵ ਬਾਰੇ ਵਿਸਤਾਰ ਨਾਲ ਵਿਚਾਰ ਸਾਂਝੇ ਕੀਤੇ।ਡੀਨ ਅਕਾਦਮਿਕ ਮਾਮਲੇ ਪ੍ਰੋ. ਸੁਖਵਿੰਦਰ ਸਿੰਘ ਬਿਲਿੰਗ ਨੇ ਵਿਸ਼ੇ ਬਾਰੇ ਆਪਣੇ ਵਿਚਾਰ ਪ੍ਰਗਟ ਕਰਦੇ ਹੋਏ ਕਿਹਾ ਕਿ ਇਸ ਤਰ੍ਹਾਂ ਦੇ ਵਿਸ਼ੇ ਅਕਾਦਮਿਕ ਜਗਤ ਨੂੰ ਸਿੱਖ ਇਤਿਹਾਸ ਤੇ ਧਾਰਮਿਕ ਕਾਨੂੰਨ ਦੇ ਅਧਿਐਨ ਨਾਲ ਜੋੜਦੇ ਹਨ।ਪ੍ਰੋ. ਜਮਸ਼ੀਦ ਅਲੀ ਖਾਨ, ਰਾਜਨੀਤੀ ਵਿਗਿਆਨ ਵਿਭਾਗ ਤੇ ਪ੍ਰੋ. ਅਮਿਤਾ ਕੌਸ਼ਲ ਮੁਖੀ ਕਾਨੂੰਨ ਵਿਭਾਗ ਨੇ ਸੈਮੀਨਾਰ ਵਿੱਚ ਆਪਣੀ ਵਿਸ਼ੇਸ਼ ਟਿੱਪਣੀ ਪੇਸ਼ ਕੀਤੀ ਤੇ ਐਕਟ ਦੇ ਸੰਦਰਭ ਵਿੱਚ ਸਿੱਖ ਕੌਮ ਦੇ ਪ੍ਰਮੁੱਖ ਮਹੱਤਵਪੂਰਨ ਪ੍ਰਸ਼ਨਾਂ 'ਤੇ ਚਰਚਾ ਕੀਤੀ।ਸੈਮੀਨਾਰ ਦੀ ਸ਼ੁਰੂਆਤ ਡਾ. ਹਰਦੇਵ ਸਿੰਘ ਮੁਖੀ ਸ੍ਰੀ ਗੁਰੂ ਗ੍ਰੰਥ ਸਾਹਿਬ ਧਾਰਮਿਕ ਅਧਿਐਨ ਵਿਭਾਗ ਵੱਲੋਂ ਸਾਰੇ ਮਹਿਮਾਨਾਂ ਦੇ ਸਵਾਗਤ ਨਾਲ ਹੋਈ।ਸਮਾਗਮ ਦੇ ਅੰਤ ਵਿੱਚ ਡਾ. ਰਮਨਦੀਪ ਕੌਰ, ਇੰਚਾਰਜ, ਰਾਜਨੀਤੀ ਵਿਗਿਆਨ ਵਿਭਾਗ ਵੱਲੋਂ ਧੰਨਵਾਦ ਮਤਾ ਪੇਸ਼ ਕੀਤਾ ਗਿਆ।ਇਸ ਮੌਕੇ ਯੂਨੀਵਰਸਿਟੀ ਦੇ ਸੀਨੀਅਰ ਪ੍ਰੋਫੈਸਰ ਜਸਪਾਲ ਕੌਰ ਕਾਂਗ, ਡਾ. ਕਿਰਨਦੀਪ ਕੌਰ ਅਸਿਸਟੈਂਟ ਪ੍ਰੋਫੈਸਰ, ਯੂਨੀਵਰਸਿਟੀ ਦੇ ਵੱਖ-ਵੱਖ ਵਿਭਾਗਾਂ ਦੇ ਅਧਿਆਪਕ ਤੇ ਵਿਦਿਆਰਥੀ ਵੱਡੀ ਗਿਣਤੀ ਵਿੱਚ ਸ਼ਾਮਲ ਹੋਏ।ਇਹ ਸੈਮੀਨਾਰ ਸਿੱਖ ਇਤਿਹਾਸ ਦੇ ਇੱਕ ਮਹੱਤਵਪੂਰਨ ਕਾਨੂੰਨੀ ਮੋੜ ਨੂੰ ਯਾਦ ਕਰਦੇ ਹੋਏ ਆਉਣ ਵਾਲੇ ਭਵਿੱਖ ਲਈ ਨਵੀਆਂ ਚਰਚਾਵਾਂ ਤੇ ਅਧਿਐਨ ਦੀਆਂ ਸੰਭਾਵਨਾਵਾਂ ਖੋਲ੍ਹਦਾ ਹੈ।

## ਨਸ਼ੇ ਵਾਲੇ ਟੀਕਿਆਂ ਸਮੇਤ ਦੋ ਗ੍ਰਿਫ਼ਤਾਰ

**ਸ੍ਰੀ ਫਤਿਹਗੜ੍ਹ ਸਾਹਿਬ (ਪ੍ਰਮੋਦ ਭਾਰਦਵਾਜ)**-ਸੀ ਆਈ ਏ ਸਟਾਫ ਸਰਹਿੰਦ ਦੀ ਇੱਕ ਟੀਮ ਵੱਲੋਂ ਨਸ਼ੇ ਲਈ ਵਰਤੇ ਜਾਣ ਵਾਲੇ ਟੀਕਿਆਂ ਸਮੇਤ ਦੋ ਨੌਜਵਾਨਾਂ ਨੂੰ ਗ੍ਰਿਫ਼ਤਾਰ ਕੀਤੇ ਜਾਣ ਦਾ ਸਮਾਚਾਰ ਹੈ।ਪ੍ਰਾਪਤ ਜਾਣਕਾਰੀ ਅਨੁਸਾਰ ਸਰਹਿੰਦ ਵਿਖੇ ਚੈਕਿੰਗ ਕਰ ਰਹੀ ਸੀਆਈਏ ਦੀ ਟੀਮ ਨੂੰ ਦੇਖ ਕੇ ਇਲੈਕਟ੍ਰਿਕ ਸਕੂਟਰ 'ਤੇ ਆ ਰਹੇ ਦੋ ਨੌਜਵਾਨਾਂ ਨੇ ਸਕੂਟਰ ਅਨਾਜ ਮੰਡੀ ਵੱਲ ਨੂੰ ਮੋੜ ਕੇ ਮੌਕੇ ਤੋਂ ਭੱਜਣ ਦੀ ਕੋਸ਼ਿਸ਼ ਕੀਤੀ, ਜਿਨ੍ਹਾਂ ਨੂੰ ਅਨਾਜ ਮੰਡੀ ਸਰਹਿੰਦ ਨਜ਼ਦੀਕ ਸ਼ੱਕ ਦੇ ਅਧਾਰ 'ਤੇ ਕਾਬੂ ਕਰਕੇ ਤਲਾਸ਼ੀ ਲਈ ਗਈ ਤਾਂ ਉਕਤ ਵਿਅਕਤੀਆਂ ਦੇ ਕਬਜ਼ੇ ਵਾਲੇ ਸਕੂਟਰ ਦੀ ਡਿੱਗੀ 'ਚੋਂ 30 ਟੀਕੇ ਬਿਊਪ੍ਰੇਨੋਰਫਿਨ ਤੇ 30 ਸ਼ੀਸ਼ੀਆਂ ਏਵਲ ਬਰਾਮਦ ਹੋਈਆਂ।

ਪੁਲਸ ਕਰਮਚਾਰੀਆਂ ਵੱਲੋਂ ਪੁੱਛੇ ਜਾਣ 'ਤੇ ਉਕਤ ਨੌਜਵਾਨਾਂ ਨੇ ਆਪਣੀ ਪਹਿਚਾਣ ਸੈਫ ਅਲੀ ਤੇ ਸਮੀਰ ਮੂਲ ਵਾਸੀ ਉੱਤਰ ਪ੍ਰਦੇਸ਼ ਹਾਲ ਵਾਸੀ ਸਰਹਿੰਦ ਵਜੋਂ ਦੱਸੀ।ਇਸ ਸਬੰਧੀ ਥਾਣਾ ਸਰਹਿੰਦ ਵਿਖੇ ਦਰਜ ਕਰਵਾਏ ਮੁਕੱਦਮੇ 'ਚ ਸੈਫ ਅਲੀ ਤੇ ਸਮੀਰ ਨੂੰ ਗ੍ਰਿਫ਼ਤਾਰ ਕਰਕੇ ਸਬ-ਇੰਸਪੈਕਟਰ ਸਤਵਿੰਦਰ ਸਿੰਘ ਵੱਲੋਂ ਮਾਮਲੇ ਦੀ ਤਫ਼ਤੀਸ਼ ਸ਼ੁਰੂ ਕਰ ਦਿੱਤੀ ਗਈ ਹੈ।

## ਮੁਫਤ ਸਕਿਉਰਟੀ ਗਾਰਡ ਟ੍ਰੇਨਿੰਗ ਤੇ ਟੀ ਏ ਆਰਮੀ ਭਰਤੀ ਦੀ ਫ਼ਿਜ਼ੀਕਲ ਸਿਖਲਾਈ ਸ਼ੁਰੂ

**ਫ਼ਾਜ਼ਿਲਕਾ (ਨਿਸ਼ਾ ਸ਼ਰਮਾ)**-ਪੰਜਾਬ ਸਰਕਾਰ ਦੇ ਰੁਜ਼ਗਾਰ ਉਤਪਤੀ ਤੇ ਟ੍ਰੇਨਿੰਗ ਵਿਭਾਗ ਦੇ ਅਦਾਰੇ ਸੀ-ਪਾਈਟ ਕੈਂਪ ਪਿੰਡ ਕਾਲਝਰਾਣੀ (ਲੰਬੀ-ਬਠਿੰਡਾ ਰੋਡ) ਜ਼ਿਲ੍ਹਾ ਬਠਿੰਡਾ ਵੱਲੋਂ ਪੰਜਾਬ ਦੇ ਨੌਜਵਾਨਾਂ ਨੂੰ ਸਕਿਊਰਟੀ ਗਾਰਡ ਟ੍ਰੇਨਿੰਗ ਕੋਰਸ ਕਰਾਉਣ ਲਈ ਰਜਿਸਟ੍ਰੇਸ਼ਨ ਸ਼ੁਰੂ ਕੀਤੀ ਜਾ ਰਹੀ ਹੈ।ਕੈਂਪ ਕਾਲਝਰਾਣੀ ਦੇ ਟ੍ਰੇਨਿੰਗ ਅਧਿਕਾਰੀ ਕੈਪਟਨ ਲਖਵਿੰਦਰ ਸਿੰਘ ਨੇ ਦੱਸਿਆ ਕਿ ਇਹ ਟ੍ਰੇਨਿੰਗ ਕੋਰਸ ਨਵੰਬਰ 2025 ਮਹੀਨੇ ਦੇ ਤੀਜੇ ਹਫ਼ਤੇ ਸੀ-ਪਾਈਟ ਕੈਂਪ, ਕਾਲਝਰਾਣੀ (ਬਠਿੰਡਾ) ਵਿਖੇ ਚਲਾਇਆ ਜਾਵੇਗਾ।ਇਹ ਟ੍ਰੇਨਿੰਗ ਕੋਰਸ ਕਰਨ ਵਾਸਤੇ ਉਮੀਦਵਾਰ ਨੇ 10ਵੀ, 12ਵੀ ਜਮਾਤ ਜਾਂ ਉੱਚ ਯੋਗਤਾ ਪਾਸ ਕੀਤੀ ਹੋਣੀ ਚਾਹੀਦੀ ਹੈ ਤੇ ਉਮਰ ਸੀਮਾਂ ਘੱਟ ਤੋਂ ਘੱਟ 21 ਸਾਲ ਹੋਣੀ ਚਾਹੀਦੀ ਹੈ।ਕੋਰਸ ਦੀਆਂ ਸੀਟਾਂ ਸੀਮਤ ਹਨ, ਫ਼ਾਜ਼ਿਲਕਾ, ਬਠਿੰਡਾ, ਸ੍ਰੀ ਮੁਕਤਸਰ ਸਾਹਿਬ ਤੇ ਜ਼ਿਲ੍ਹੇ ਦੇ ਯੁਵਕਾਂ ਨੂੰ ਅਪੀਲ ਕੀਤੀ ਜਾਂਦੀ ਹੈ ਕਿ ਆਪਣੀ ਰਜਿਸਟ੍ਰੇਸ਼ਨ ਪਹਿਲ ਦੇ ਆਧਾਰ 'ਤੇ ਕਰਾਉਣ।ਸਕਿਊਰਟੀ ਗਾਰਡ ਟ੍ਰੇਨਿੰਗ ਦਾ ਕੋਰਸ ਪੂਰਾ ਕਰਨ ਵਾਲੇ ਯੁਵਕਾਂ ਨੂੰ ਸਰਕਾਰ ਵੱਲੋਂ ਮਾਨਤਾ ਪ੍ਰਾਪਤ ਸਰਟੀਫਿਕੇਟ ਵੀ ਦਿੱਤਾ ਜਾਵੇਗਾ ਜੋ ਕਿ ਸਰਕਾਰੀ ਸੰਸਥਾ, ਅਰਧ-ਸਰਕਾਰੀ ਸੰਸਥਾ, ਵੱਡੀਆਂ ਇੰਡਸਟਰੀਜ਼ 'ਚ ਨੌਕਰੀ ਲੈਣ ਵਾਸਤੇ ਵੈਲਿਡ ਮੰਨਿਆ ਜਾਵੇਗਾ।ਕੋਰਸ ਪੂਰਾ ਹੋਣ ਉਪਰੰਤ ਵੱਖ-ਵੱਖ ਸਕਿਉਰਟੀ ਏਜੰਸੀਆਂ ਕੈਂਪ ਵਿਖੇ ਪਲੇਸਮੈਂਟ ਕੈਂਪ ਲਾਉਣ ਗਈਆਂ।ਕੋਰਸ ਦੌਰਨ ਨੌਜਵਾਨਾਂ ਦੇ ਰਿਹਾਇਸ਼, ਖਾਣ-ਪੀਣ ਦਾ ਖਰਚ ਪੰਜਾਬ ਸਰਕਾਰ ਦਾ ਹੋਵੇਗਾ ।ਬੇਰੋਜ਼ਗਾਰ ਯੁਵਕਾਂ ਲਈ ਇਹ ਬਹੁਤ ਵੀ ਵਧੀਆ ਅਤੇ ਮਹੱਤਵਪੂਰਨ ਕੋਰਸ ਹੈ, ਯੁਵਕ ਪੰਜਾਬ ਸਰਕਾਰ ਦੇ ਇਸ ਉਪਰਾਲੇ ਦਾ ਵੱਧ ਤੋਂ ਵੱਧ ਫ਼ਾਇਦਾ ਉਠਾਉਣ।

## ਨੌਵੇਂ ਪਾਤਸ਼ਾਹ ਦੇ ਸ਼ਹੀਦੀ ਜੋੜ ਮੇਲੇ ਦੀਆਂ ਆਰੰਭੀਆਂ ਤਿਆਰੀਆਂ, ਸੱਦੀ ਇਕੱਤਰਤਾ



**ਪਟਿਆਲਾ (ਰਾਜਿੰਦਰ ਥਿੰਦ)**-ਨੌਵੇਂ ਪਾਤਸ਼ਾਹ ਸ੍ਰੀ ਗੁਰੂ ਤੇਗ ਬਹਾਦਰ ਸਾਹਿਬ ਜੀ ਦੇ ਸ਼ਹੀਦੀ ਜੋੜ ਮੇਲ ਨੂੰ ਲੈ ਕੇ ਕਰਵਾਏ ਜਾਣ ਵਾਲੇ ਧਾਰਮਕ ਸਮਾਗਮਾਂ ਤੇ ਨਗਰ ਕੀਰਤਨ ਦੀਆਂ ਤਿਆਰੀਆਂ ਸਬੰਧੀ ਗੁਰਦੁਆਰਾ ਸ੍ਰੀ ਦੂਖਨਿਵਾਰਨ ਸਾਹਿਬ ਵਿਖੇ ਸਾਬਕਾ ਪ੍ਰਧਾਨ ਪ੍ਰੋ. ਕਿਰਪਾਲ ਸਿੰਘ ਬਡੂੰਗਰ, ਅੰਤ੍ਰਿੰਗ ਕਮੇਟੀ ਮੈਂਬਰ ਜਥੇਦਾਰ ਸੁਰਜੀਤ ਸਿੰਘ ਗੜ੍ਹੀ ਤੇ ਗੁਰਦੁਆਰਾ ਪ੍ਰਬੰਧਕ ਮੈਨੇਜਰ ਭਾਗ ਸਿੰਘ ਦੀ ਯੋਗ ਅਗਵਾਈ 'ਚ ਸ਼ਹਿਰ ਦੀਆਂ ਸਿੱਖ ਜਥੇਬੰਦੀਆਂ, ਪ੍ਰਚਾਰਕ ਸਾਹਿਬਾਨਾਂ ਤੋਂ ਇਲਾਵਾ ਸਿੱਖ ਸਭਾਵਾਂ, ਸ਼ਬਦੀ ਜੱਥਿਆਂ ਨਾਲ ਇਕੱਤਰਤਾ ਕੀਤੀ ਗਈ।ਇਕੱਤਰਤਾ ਦੌਰਾਨ ਹੈਡ ਗ੍ਰੰਥੀ ਭਾਈ ਪ੍ਰਨਾਮ ਸਿੰਘ, ਕਥਾਵਾਚਕ ਗਿਆਨੀ ਪ੍ਰਿਤਪਾਲ ਸਿੰਘ, ਮਾਲਵਾ ਜ਼ੋਨ ਦੇ ਪ੍ਰਚਾਰਕ ਇੰਚਾਰਜ ਭੋਲਾ ਸਿੰਘ ਆਦਿ ਵੀ ਉਚੇਚੇ ਤੌਰ 'ਤੇ ਸ਼ਾਮਲ ਸਨ।ਨੌਵੇਂ ਪਾਤਸ਼ਾਹ ਸ੍ਰੀ ਗੁਰੂ ਤੇਗ ਬਹਾਦਰ ਸਾਹਿਬ ਜੀ ਦੇ ਸ਼ਹੀਦੀ ਪੁਰਬ ਸਬੰਧੀ ਕਰਾਏ ਜਾਣ ਵਾਲੇ ਧਾਰਮਕ ਸਮਾਗਮਾਂ ਸਬੰਧੀ ਰੂਪ-ਰੇਖਾ ਉਲੀਕਣ ਤੋਂ ਇਲਾਵਾ 350 ਸਾਲਾ ਸ਼ਹੀਦੀ ਸ਼ਤਾਬਦੀ ਤੇ ਦਸਮੇਸ਼ ਪਿਤਾ ਦੇ ਗੁਰਤਾਗੱਦੀ ਦਿਵਸ ਨੂੰ ਸਮਰਪਤ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਵੱਲੋਂ ਅਸਾਮ ਤੋਂ ਆਏ ਰਹੇ ਨਗਰ ਕੀਰਤਨ ਦੇ ਸਵਾਗਤ ਸਬੰਧੀ ਦੀਰਘ ਵਿਚਾਰਾਂ ਕੀਤੀਆਂ ਗਈਆਂ।ਹੈੱਡ ਗ੍ਰੰਥੀ ਭਾਈ ਪ੍ਰਨਾਮ ਸਿੰਘ ਨੇ ਦੱਸਿਆ ਕਿ ਧਾਰਮਕ ਸਮਾਗਮ ਦੀ ਆਰੰਭਤਾ 23 ਨਵੰਬਰ ਤੋਂ ਹੋ ਰਹੀ ਹੈ ਤੇ 24 ਨਵੰਬਰ ਨੂੰ ਨਗਰ ਕੀਰਤਨ ਗੁਰਦੁਆਰਾ ਮੋਤੀ ਬਾਗ ਸਾਹਿਬ ਤੋਂ ਸਵੇਰੇ 11.00 ਵਜੇ ਆਰੰਭ ਕੀਤਾ ਜਾਵੇਗਾ ਤੇ 25 ਨਵੰਬਰ ਨੂੰ ਮਹਾਨ ਗੁਰਮਤਿ ਸਮਾਗਮ ਵੀ ਕਰਾਇਆ ਜਾ ਰਿਹਾ ਹੈ।ਕਥਾਵਾਚਕ ਗਿਆਨੀ ਪ੍ਰਿਤਪਾਲ ਸਿੰਘ ਨੇ ਵੀ ਸੰਗਤਾਂ ਨੂੰ ਅਪੀਲ ਕੀਤੀ ਕਿ ਅਸੀਂ ਸਾਰੇ ਬਹੁਤ ਵਡਭਾਗੇ ਹਾਂ ਕਿ ਗੁਰੂ ਸਾਹਿਬ ਦੇ ਚਰਨਛੋਹ ਅਸਥਾਨ 'ਤੇ ਅਜਿਹੇ ਮਹਾਨ ਗੁਰਮਤਿ ਸਮਾਗਮ ਹੋਣ ਜਾ ਰਹੇ ਹਨ ਤੇ ਨਗਰ ਕੀਰਤਨ ਵੀ ਪੁੱਜ ਰਿਹਾ ਹੈ ਇਸ ਕਰਕੇ ਕਰਕੇ ਸੰਗਤਾਂ ਇਨ੍ਹਾਂ ਸਮਾਗਮਾਂ ਵਿਚ ਸ਼ਮੂਲੀਅਤ ਕਰਕੇ ਗੁਰੂ ਸਾਹਿਬ ਦੀਆਂ ਖੁਸ਼ੀਆਂ ਪ੍ਰਾਪਤ ਕਰਨ।

# ਸੀਨੀਅਰ ਸਿਟੀਜ਼ਨ ਦੀ ਦੇਖਭਾਲ ਤੇ ਭਲਾਈ ਨਿਯਮ ਅਧੀਨ ਗਠਿਤ ਜ਼ਿਲ੍ਹਾ ਪੱਧਰੀ ਕਮੇਟੀ ਦੀ ਮੀਟਿੰਗ



**ਸੰਗਰੂਰ (ਪ੍ਰਵੀਨ ਸਿੰਘ)**

ਲਵਪ੍ਰੀਤ ਸਿੰਘ ਔਲਖ, ਸਹਾਇਕ ਕਮਿਸ਼ਨਰ (ਜ) ਦੀ ਪ੍ਰਧਾਨਗੀ ਹੇਠ ਸੀਨੀਅਰ ਸਿਟੀਜਨ/ਬਜ਼ੁਰਗਾਂ ਦੀ ਦੇਖਭਾਲ ਤੇ ਭਲਾਈ ਨਿਯਮ 2012 ਅਧੀਨ ਗਠਿਤ ਜ਼ਿਲ੍ਹਾ ਪੱਧਰੀ ਕਮੇਟੀ ਦੀ ਮੀਟਿੰਗ ਕਰਾਈ ਗਈ, ਜਿਸ ਵਿੱਚ ਕਮੇਟੀ ਦੇ ਮੈਂਬਰ ਵਜੋਂ ਵੱਖ-ਵੱਖ ਵਿਭਾਗਾਂ ਨੇ ਅਤੇ ਸੀਨੀਅਰ ਸਿਟੀਜਨ ਮੈਂਬਰਾਂ ਰਾਜਕੁਮਾਰ ਅਰੋੜਾ, ਸ੍ਰੀ ਮੋਹਨ ਲਾਲ ਸ਼ਰਮਾ, ਸ੍ਰੀਮਤੀ ਸੁਮਨ ਜ਼ਖ਼ਮੀ ਤੇ ਸ੍ਰੀਮਤੀ ਚੰਚਲ ਨੇ ਭਾਗ ਲਿਆ।ਮੀਟਿੰਗ 'ਚ ਬਜ਼ੁਰਗਾਂ ਨੂੰ ਹਸਪਤਾਲਾਂ ਵਿੱਚ ਸਹੂਲਤਾਂ ਬਾਰੇ ਵਿਚਾਰ ਵਟਾਂਦਰਾ ਕੀਤਾ ਗਿਆ ਤੇ ਆਦੇਸ਼ ਦਿੱਤੇ ਗਏ ਕਿ ਜਿਸ ਤਰ੍ਹਾਂ ਹਸਪਤਾਲਾਂ ਵਿੱਚ ਪਰਚੀ ਲਈ ਵੱਖ ਲਾਈਨ ਉਪਲਬਧ ਹੈ, ਉਸੇ ਤਰ੍ਹਾਂ ਮਰੀਜ਼ ਦੇਖਣ ਸਮੇਂ ਵੀ ਦੋ ਲਾਈਨਾਂ ਦਾ ਪ੍ਰਬੰਧ ਕੀਤਾ ਜਾਵੇ ਤਾਂ ਜੁ ਇੱਕ ਲਾਈਨ ਜਨਰਲ ਪਬਲਿਕ ਅਤੇ ਦੂਜੀ ਲਾਈਨ ਬਜ਼ੁਰਗਾਂ ਲਈ ਵਰਤੀ ਜਾ ਸਕੇ।ਬੈਂਕਾਂ ਵਿੱਚ ਬਜ਼ੁਰਗਾਂ ਨੂੰ ਪਹਿਲ ਦੇ ਆਧਾਰ ਉਤੇ ਡੀਲ ਕੀਤੇ ਜਾਣ ਬਾਰੇ ਹਦਾਇਤਾਂ ਕੀਤੀਆਂ ਗਈਆਂ।ਉਨ੍ਹਾਂ ਕਿਹਾ ਕਿ ਜੇਕਰ ਕੋਈ ਬਜ਼ੁਰਗ ਪੈਨਸ਼ਨ ਜਾਂ ਲਾਈਫ ਸਰਟੀਫਿਕੇਟ ਲਈ ਬੈਂਕ ਵਿੱਚ ਆਉਂਦਾ ਹੈ ਤਾਂ ਬੈਂਕ ਦੇ ਕਿਸੇ ਮੁਲਾਜ਼ਮ ਦੀ ਡਿਊਟੀ ਉਨ੍ਹਾਂ ਨੂੰ ਅਸਿਸਟ ਕਰਨ ਲਈ ਲਾਈ ਜਾਵੇ।ਨੈਸ਼ਨਲ ਐਲਡਰ ਹੈਲਪਲਾਈਨ ਬਾਰੇ ਲੋਕਾਂ ਨੂੰ ਜਾਗਰੂਕ ਕਰਨ ਦੀ ਲੋੜ ਹੈ ਤਾਂ ਜੁ ਇਸ ਨੰਬਰ ਉਤੇ ਫੋਨ ਕਰਕੇ ਬਜ਼ੁਰਗ ਆਪਣੀ ਪੈਨਸ਼ਨ ਜਾਂ ਕਿਸੇ ਹੋਰ ਸਬੰਧੀ ਜਾਣਕਾਰੀ ਲੈ ਸਕਦੇ ਹਨ।ਜ਼ਿਲ੍ਹੇ 'ਚ ਚਾਰ ਬਿਰਧ ਆਸ਼ਰਮ ਚਲਾਏ ਜਾ ਰਹੇ ਹਨ, ਉਨ੍ਹਾਂ ਦੀ ਸਿਹਤ ਦਾ ਖਿਆਲ ਰੱਖਣ ਲਈ ਸਮੇਂ-ਸਮੇਂ ਤੇ ਮੈਡੀਕਲ ਚੈਕ ਅਪ ਕਰਾਉਣਾ ਜ਼ਰੂਰੀ ਹੈ। ਇਸ ਸਬੰਧੀ ਸਿਵਲ ਸਰਜਨ ਦਫ਼ਤਰ ਨੂੰ ਆਦੇਸ਼ ਦਿੱਤੇ ਗਏ ਕਿ ਡਾਕਟਰਾਂ ਦੇ ਵਿਜ਼ਿਟ ਸਬੰਧੀ ਲੋੜੀਂਦੇ ਪ੍ਰਬੰਧ ਤੁਰੰਤ ਕੀਤੇ ਜਾਣ।ਪੁਲਸ ਮਹਿਕਮੇ ਅਧੀਨ ਕਮਿਊਨਿਟੀ ਪੁਲਸ ਅਫ਼ਸਰਾਂ ਨੂੰ ਬਜ਼ੁਰਗਾਂ ਦੀ ਸਮੱਸਿਆਵਾਂ ਦਾ ਹੱਲ ਕਰਨ ਲਈ ਨੋਡਲ ਅਫ਼ਸਰ ਨਿਯੁਕਤ ਕੀਤਾ ਗਿਆ ਹੈ।ਇਸ ਨਾਲ ਬਜ਼ੁਰਗਾਂ ਦੀ ਸਮੱਸਿਆਵਾਂ ਦਾ ਤੁਰੰਤ ਨਿਪਟਾਰਾ ਕੀਤਾ ਜਾਣਾ ਸੁਖਾਲਾ ਹੋ ਜਾਵੇਗਾ।ਮੀਟਿੰਗ 'ਚ ਮੌਜੂਦ ਮੈਂਬਰਾਂ ਦੀ ਮੰਗ ਅਨੁਸਾਰ ਫੈਸਲਾ ਲਿਆ ਗਿਆ ਕਿ ਲਾਈਫ਼ ਸਰਟੀਫਿਕੇਟ ਤੇ ਸੀਨੀਅਰ ਸਿਟੀਜਨ ਕਾਰਡ ਬਣਵਾਉਣ ਲਈ ਸੇਵਾ ਕੇਂਦਰ ਰਾਹੀਂ ਕੈਂਪ ਦਾ ਆਯੋਜਨ ਜਲਦ ਹੀ ਕੀਤਾ ਜਾਵੇਗਾ।ਬਜ਼ੁਰਗਾਂ ਪ੍ਰਤੀ ਨਵੀਂ ਪੀੜੀ ਨੂੰ ਜਾਗਰੂਕ ਕਰਨ ਦੇ ਮੰਤਵ ਨਾਲ ਹਦਾਇਤਾਂ ਕੀਤੀਆਂ ਗਈਆਂ ਕਿ ਇਸ ਸਬੰਧੀ ਸਕੂਲਾਂ ਦੀ ਇਕੱਠ ਹੁੰਦਾ ਸਵੇਰ ਦੀ ਅਸੈਂਬਲੀ 'ਚ ਸੰਦੇਸ਼ ਦਿੱਤੇ ਜਾਣੇ ਯਕੀਨੀ ਬਣਾਏ ਜਾਣ।

## ਅੰਡਰ-19 ਲੜਕੀਆਂ ਸਕੂਲ ਖੇਡਾਂ 'ਚ ਫ਼ਿਰੋਜ਼ਪੁਰ ਬਣਿਆ ਚੈਂਪੀਅਨ

### ਅਸੀਸਪ੍ਰੀਤ ਤੇ ਇਨਾਯਤ ਰਹੀਆਂ ਟੂਰਨਾਮੈਂਟ 'ਚ ਸਟਾਰ ਖਿਡਾਰਨਾਂ



**ਫ਼ਿਰੋਜ਼ਪੁਰ (ਗੁਰਬਚਨ ਸਿੰਘ)**-ਪੰਜਾਬ ਜ਼ਿਲ੍ਹਾ ਸਕੂਲ ਖੇਡਾਂ ਜਲੰਧਰ ਦੇ ਹੰਸ ਰਾਜ ਬੈਡਮਿੰਟਨ ਸਟੇਡੀਅਮ ਵਿਖੇ ਕਰਾਈਆਂ ਗਈਆਂ।ਇਨ੍ਹਾਂ ਖੇਡਾਂ ਵਿਚ ਪੰਜਾਬ ਦੇ ਹਰ ਇੱਕ ਜ਼ਿਲ੍ਹੇ ਦੀਆਂ ਵਿਦਿਆਰਥਣਾਂ ਨੇ ਭਾਗ ਲਿਆ। ਬੈਡਮਿੰਟਨ ਅੰਡਰ-19 ਖੇਡਾਂ ਵਿਚ ਜ਼ਿਲ੍ਹਾ ਫ਼ਿਰੋਜ਼ਪੁਰ ਦੀਆਂ ਖਿਡਾਰਣਾਂ ਨੇ ਗੋਲਡ ਮੈਡਲ ਜਿੱਤ ਕੇ ਪੰਜਾਬ ਸਕੂਲ ਖੇਡਾਂ ਵਿਚ ਪਹਿਲਾ ਦਰਜਾ ਹਾਸਲ ਕਰਕੇ ਜ਼ਿਲ੍ਹਾ ਫ਼ਿਰੋਜ਼ਪੁਰ ਦਾ ਨਾਂਅ ਉੱਚਾ ਕੀਤਾ।ਹੰਸ ਰਾਜ ਬੈਡਮਿੰਟਨ ਹਾਲ 'ਚ ਪੰਜਾਬ ਸਕੂਲ ਅੰਤਰ ਜ਼ਿਲ੍ਹਾ ਖੇਡਾਂ -69ਵੀਆਂ ਖੇਡਾਂ ਦੇ ਮੁਕਾਬਲੇ ਕਰਾਏ ਗਏ।ਇਨ੍ਹਾਂ ਖੇਡਾਂ ਵਿਚ 23 ਜ਼ਿਲ੍ਹਿਆਂ ਦੀਆਂ ਵਿਦਿਆਰਥਣਾਂ ਨੇ ਭਾਗ ਲਿਆ।ਜ਼ਿਲ੍ਹਾ ਫ਼ਿਰੋਜ਼ਪੁਰ ਦੀਆਂ ਪੰਜ ਖਿਡਾਰਣਾਂ ਨੇ ਇਨ੍ਹਾਂ ਖੇਡਾਂ ਵਿਚ ਭਾਗ ਲਿਆ, ਜਿਨ੍ਹਾਂ ਵਿੱਚ ਇਨਾਯਤ, ਅਸੀਸਪ੍ਰੀਤ ਕੌਰ, ਭਾਵਿਕਾ, ਭਾਵਯਾ ਸ਼ਰਮਾ ਤੇ ਰਿਧਮ ਨੇ ਭਾਗ ਲਿਆ।ਟੂਰਨਾਮੈਂਟ ਦੌਰਾਨ ਫ਼ਿਰੋਜ਼ਪੁਰ ਦੀਆਂ ਵਿਦਿਆਰਥਣਾਂ ਨੇ ਸਾਰੀਆਂ ਟੀਮਾਂ ਨੂੰ ਹਰਾ ਕੇ ਪੰਜਾਬ ਵਿਚ ਪਹਿਲਾ ਸਥਾਨ ਪ੍ਰਾਪਤ ਕੀਤਾ ਤੇ ਗੋਲਡ ਮੈਡਲ ਹਾਸਲ ਕੀਤਾ।ਜ਼ਿਲ੍ਹਾ ਫ਼ਿਰੋਜ਼ਪੁਰ ਵਿਖੇ ਬੈਡਮਿੰਟਨ ਲੜਕੀਆਂ ਅੰਡਰ-19 ਦੁਆਰਾ ਪਹਿਲੀ ਵਾਰ ਗੋਲਡ ਮੈਡਲ ਜਿੱਤ ਕੇ ਜ਼ਿਲ੍ਹੇ ਦਾ ਨਾਂਅ ਰੌਸ਼ਨ ਕੀਤਾ ਹੈ।ਇਸ ਤੋਂ ਪਹਿਲਾਂ ਫ਼ਿਰੋਜ਼ਪੁਰ ਦਾ ਸਕੂਲ ਖੇਡਾਂ 'ਚ ਅੰਡਰ-14 ਤੇ 17 ਸਕੂਲ ਖੇਡਾਂ 'ਚ ਗੋਲਡ ਮੈਡਲ ਨੈਸ਼ਨਲ ਖਿਡਾਰਨ ਸਵਰੀਤ ਕੌਰ ਲਿਆਂਦਾ ਗਿਆ ਸੀ।ਇਨ੍ਹਾਂ ਵਿੱਚੋਂ ਟੀਮ ਦੀਆਂ ਪ੍ਰਮੁੱਖ ਖਿਡਾਰਣਾਂ ਆਉਣ ਵਾਲੇ ਸਮੇਂ ਵਿਚ ਹੋਣ ਵਾਲੀ ਨੈਸ਼ਨਲ 'ਚ ਪੰਜਾਬ ਦੀ ਨੁਮਾਇੰਦਗੀ ਕਰਨਗੀਆਂ।

ਇਸ ਮੌਕੇ ਜ਼ਿਲ੍ਹਾ ਸਿੱਖਿਆ ਅਫਸਰ (ਸੈ.ਸਿ) ਤੇ ਪ੍ਰਿੰਸੀਪਲ ਰਾਜੀਵ ਹਾਂਡਾ ਨੇ ਵਿਸ਼ੇਸ਼ ਤੌਰ 'ਤੇ ਪਹੁੰਚ ਕੇ ਜੇਤੂਆਂ ਨੂੰ ਇਨਾਮ ਦਿੱਤੇ ਅਤੇ ਉਨ੍ਹਾਂ ਦੀ ਹੌਸਲਾ ਅਫ਼ਜ਼ਾਈ ਕੀਤੀ।ਸਟਾਰ ਖਿਡਾਰਣ ਇਨਾਇਤ ਦਾ ਫਿਰੋਜ਼ਪੁਰ ਅਕੈਡਮੀ ਪਹੁੰਚਣ 'ਤੇ ਉਨ੍ਹਾਂ ਦੇ ਕੋਚ ਜਸਵਿੰਦਰ ਸਿੰਘ ਨੇ ਉਨ੍ਹਾਂ ਦਾ ਭਰਵਾਂ ਸਵਾਗਤ ਕੀਤਾ।

## ਖੇਡਾਂ ਨਾਲ ਸਰੀਰਕ ਤੇ ਮਾਨਸਿਕ ਤੰਦਰੁਸਤੀ ਜ਼ਰੂਰੀ : ਸੰਧਵਾਂ



**ਫ਼ਰੀਦਕੋਟ (ਐਲਿਗਜੈਂਡਰ ਡਿਸੂਜਾ)**-ਪੰਜਾਬ ਵਿਧਾਨ ਸਭਾ ਦੇ ਸਪੀਕਰ ਕੁਲਤਾਰ ਸਿੰਘ ਸੰਧਵਾਂ ਨੇ ਕਿਹਾ ਕਿ ਸਰੀਰਕ ਤੇ ਮਾਨਸਿਕ ਤੰਦਰੁਸਤੀ ਲਈ ਖੇਡਾਂ ਬਹੁਤ ਜ਼ਰੂਰੀ ਹਨ।ਸਕੂਲ ਆਫ਼ ਐਮੀਨੈਂਸ, ਸਰਕਾਰੀ ਬਲਬੀਰ ਸੀਨੀਅਰ ਸੈਕੰਡਰੀ ਸਕੂਲ (ਲੜਕੇ) ਵਿੱਚ ਆਯੋਜਤ 69ਵੀਆਂ ਪੰਜਾਬ ਰਾਜ ਅੰਤਰ ਜ਼ਿਲ੍ਹਾ ਸਕੂਲ ਖੇਡਾਂ (ਸਾਲ 2025-26) ਵਿੱਚ ਮੁੱਖ ਮਹਿਮਾਨ ਵਜੋਂ ਸ਼ਾਮਲ ਹੋਏ।ਉਨ੍ਹਾਂ ਖਿਡਾਰੀਆਂ ਨੂੰ ਖੇਡਾਂ ਵਿੱਚ ਭਾਗ ਲੈਣ ਲਈ ਸ਼ੁਭਕਾਮਨਾਵਾਂ ਦਿੰਦਿਆਂ ਕਿਹਾ ਕਿ ਖੇਡਾਂ ਸਿਰਫ਼ ਸਰੀਰਕ ਤੰਦਰੁਸਤੀ ਹੀ ਨਹੀਂ ਦਿੰਦੀਆਂ, ਸਗੋਂ ਇਹ ਆਪਸੀ ਭਾਈਚਾਰੇ ਤੇ ਅਨੁਸ਼ਾਸਨ ਦੀ ਭਾਵਨਾ ਨੂੰ ਵੀ ਮਜ਼ਬੂਤ ਕਰਦੀਆਂ ਹਨ।ਸਪੀਕਰ ਨੇ ਖਿਡਾਰੀਆਂ ਨੂੰ ਸੱਚੀ ਖੇਡ ਆਤਮਾ ਨਾਲ ਖੇਡਣ ਤੇ ਆਪਣੀ ਪ੍ਰਤਿਭਾ ਰਾਹੀਂ ਪੰਜਾਬ ਦਾ ਨਾਂਅ ਰੌਸ਼ਨ ਕਰਨ ਲਈ ਪ੍ਰੇਰਤ ਕੀਤਾ।ਸੰਧਵਾਂ ਨੇ ਦੱਸਿਆ ਕਿ ਪੰਜਾਬ ਸਰਕਾਰ ਵੱਲੋਂ ਸਕੂਲ ਆਫ਼ ਐਮੀਨੈਂਸ ਮਾਡਲ ਰਾਹੀਂ ਵਿਦਿਆਰਥੀਆਂ ਨੂੰ ਵਿੱਦਿਅਕ ਤੇ ਖੇਡਾਂ ਦੇ ਖੇਤਰ ਵਿੱਚ ਬਰਾਬਰ ਮੌਕੇ ਪ੍ਰਦਾਨ ਕਰਨ ਲਈ ਕਈ ਉਪਰਾਲੇ ਕੀਤੇ ਜਾ ਰਹੇ ਹਨ।ਜ਼ਿਲ੍ਹਾ ਸਿੱਖਿਆ ਅਫ਼ਸਰ ਮੈਡਮ ਨੀਲਮ ਰਾਣੀ ਸਮੇਤ ਕੇਵਲ ਕੌਰ ਸਪੋਰਟਸ ਕੋਆਰਡੀਨੇਟਰ, ਕੁਲਦੀਪ ਸਿੰਘ ਲੈਕਚਰਾਰ ਅਤੇ ਹੋਰ ਕਈ ਮਹੱਤਵਪੂਰਨ ਸ਼ਖ਼ਸੀਅਤਾਂ ਤੇ ਵੱਡੀ ਗਿਣਤੀ ਵਿੱਚ ਸਕੂਲੀ ਬੱਚੇ ਹਾਜ਼ਰ ਸਨ।

# ਜ਼ਿਲ੍ਹੇ ਦੇ ਪੈਨਸ਼ਨਰ ਭਲਕੇ ਸਾਂਝੇ ਫਰੰਟ ਦੀ ਰੈਲੀ 'ਚ ਕਰਨਗੇ ਭਰਵੀਂ ਸ਼ਮੂਲੀਅਤ : ਰਾਊਕੇ



**ਮੋਗਾ (ਇਕਬਾਲ ਸਿੰਘ ਖਹਿਰਾ)**-ਗੌਰਮਿੰਟ ਪੈਨਸ਼ਨਰਜ਼ ਐਸੋਸੀਏਸ਼ਨ ਪੰਜਾਬ ਜ਼ਿਲ੍ਹਾ ਇਕਾਈ ਮੋਗਾ, ਸਬ ਡਵੀਜ਼ਨ ਮੋਗਾ 1 ਤੇ 2 ਦੀ ਮੀਟਿੰਗ ਸੁਤੰਤਰਤਾ ਸੈਨਾਨੀ ਭਵਨ ਮੋਗਾ ਵਿਖੇ ਸੁਖਦੇਵ ਸਿੰਘ ਰਾਊਕੇ ਦੀ ਪ੍ਰਧਾਨਗੀ ਹੇਠ ਹੋਈ। ਉਨ੍ਹਾਂ ਦੱਸਿਆ ਕਿ ਪੰਜਾਬ ਸਰਕਾਰ ਦੀ ਮੁਲਾਜ਼ਮਾਂ/ਪੈਨਸ਼ਨਰਾਂ ਦੀਆਂ ਮੰਗਾਂ ਨੂੰ ਅਣਗੌਲਿਆ ਕਰਨ ਤੇ ਵਾਰ ਵਾਰ ਮੀਟਿੰਗਾਂ ਅੱਗੇ ਪਾਉਣ ਕਰਕੇ ਮੁਲਾਜ਼ਮਾਂ ਤੇ ਪੈਨਸ਼ਨਰਾਂ ਵਿੱਚ ਭਾਰੀ ਰੋਸ ਪਾਇਆ ਜਾ ਰਿਹਾ ਹੈ, ਜਿਸ ਕਰਕੇ ਮੁਲਾਜ਼ਮ ਤੇ ਪੈਨਸ਼ਨਰ ਸਾਂਝੇ ਫਰੰਟ ਵੱਲੋਂ 16 ਨਵੰਬਰ ਨੂੰ ਵੱਲੋਂ ਧੂਰੀ ਵਿਖੇ ਮਹਾਂਰੈਲੀ ਕਰਕੇ ਆਪਣੀਆਂ ਮੰਗਾਂ ਦੀ ਪ੍ਰਾਪਤੀ ਲਈ ਤਿੱਥੇ ਸੰਘਰਸ਼ ਦਾ ਬਿਗੁਲ ਵਜਾਇਆ ਜਾਵੇਗਾ।ਸਰਬਜੀਤ ਸਿੰਘ ਦੌਧਰ ਨੇ ਸਟੇਜ ਦੀ ਕਾਰਵਾਈ ਬਾਖੂਬੀ ਨਿਭਾਈ।ਪ੍ਰੈੱਸ ਸਕੱਤਰ ਗਿਆਨ ਸਿੰਘ ਸਾਬਕਾ ਡੀ ਪੀ ਆਰ ਓ ਨੇ ਦੱਸਿਆ ਕਿ 16 ਨਵੰਬਰ ਨੂੰ ਮਹਾਂਰੈਲੀ 'ਤੇ ਜਾਣ ਲਈ, ਜ਼ਿਲ੍ਹੇ ਵਿੱਚੋਂ ਤਿੰਨ ਬੱਸਾਂ ਵੱਖ ਵੱਖ ਥਾਵਾਂ ਤੋਂ ਰਵਾਨਾ ਹੋਣਗੀਆਂ। ਪ੍ਰੇਮ ਕੁਮਾਰ, ਬਲਵੀਰ ਸਿੰਘ, ਜਗਜੀਤ ਸਿੰਘ ਰਖਰਾ ਨੇ ਦੱਸਿਆ ਕਿ ਮੋਗਾ ਤੋਂ ਚੱਕੀ ਵਾਲੀ ਗਲੀ ਦੇ ਸਾਹਮਣਿਓ ਬੱਸ 8 ਵਜੇ ਰਵਾਨਾ ਹੋਵੇਗੀ। ਜਸਵੰਤ ਸਿੰਘ ਕੋਟਲਾ, ਅਮਰਜੀਤ ਮਾਣੂਕੇ, ਸੁਰਿੰਦਰ ਰਾਮ ਕੁੱਸਾ ਨੇ ਦੱਸਿਆ ਕਿ ਬਾਘਾ ਪੁਰਾਣਾ ਸਬ ਡਵੀਜ਼ਨ ਵਾਲੀ ਬੱਸ 7 ਵਜੇ ਸਮਾਲਸਰ, 7.10 ਤੇ ਲੰਡੇ, 7. 20 ਤੇ ਰੋਡੇ, 7-30 ਤੇ ਰਾਜਿਆਣਾ ਹੁੰਦੀ ਹੋਈ 7.40 ਤੇ ਬਾਘਾ ਪੁਰਾਣਾ ਪਹੁੰਚੇਗੀ 7.50 ਤੇ ਬਾਘਾਪੁਰਾਣਾ ਤੋਂ ਰਵਾਨਾ ਹੋਵੇਗੀ 8 ਵਜੇ ਨੱਥੋਕੇ, 8.10 ਫੂਲੇ ਵਾਲਾ ਪੁਲ, 8.20 'ਤੇ ਮਾਣੂਕੇ ਹੁੰਦੀ ਹੋਈ ਧੂਰੀ ਮਹਾਂ ਰੈਲੀ ਤੇ 11 ਵਜੇ ਪਹੁੰਚੇਗੀ।ਬਿੱਕਰ ਸਿੰਘ ਮਾਛੀਕੇ, ਜੋਰਾਵਰ ਸਿੰਘ, ਸੂਬਾ ਪ੍ਰਧਾਨ ਭਜਨ ਸਿੰਘ ਗਿੱਲ ਨੇ ਦੱਸਿਆ ਕਿ ਨਿਹਾਲ ਸਿੰਘ ਵਾਲਾ ਸਬ ਡਵੀਜਨ ਦੀ ਬੱਸ 7.30 ਵਜੇ ਦੀਨਾ ਕਾਂਗੜ ਤੋਂ ਚੱਲੇਗੀ।ਨਾਇਬ ਸਿੰਘ, ਬਲੌਰ ਸਿੰਘ, ਮਨਜੀਤ ਸਿੰਘ ਤੇ ਸੂਬਾ ਪ੍ਰਧਾਨ ਭਜਨ ਸਿੰਘ ਗਿੱਲ, ਖਜਾਨਾ ਦਫ਼ਤਰ ਦੇ ਸੀਨੀਅਰ ਸਹਾਇਕ ਜਸਵਿੰਦਰ ਸਿੰਘ ਤੇ ਕਮਲਪ੍ਰੀਤ ਸਿੰਘ ਨੇ ਦੱਸਿਆ ਕਿ ਖਜ਼ਾਨਾ ਦਫ਼ਤਰ ਵਿੱਚ ਤਿੰਨ ਦਿਨ 15 ਨਵੰਬਰ ਤੱਕ ਇੱਕ ਪੈਨਸ਼ਨਰ ਮੇਲਾ ਲਗਾਇਆ ਜਾ ਰਿਹਾ ਹੈ, ਜਿਸ ਵਿੱਚ ਪੈਨਸ਼ਨਰਾਂ ਤੇ ਫੈਮਲੀ ਪੈਨਸ਼ਨਰਾਂ ਦੇ ਈ ਕੇ ਵਾਈ ਸੀ ਤੇ ਈ ਡਿਜੀਟਲ ਲਾਈਵ ਸਾਰਟੀਫਿਕੇਟ ਅੱਪਡੇਟ ਕੀਤੇ ਜਾਣਗੇ। ਜ਼ਿਲ੍ਹੇ ਦੇ ਸਮੂਹ ਪੈਨਸ਼ਨਰਾਂ ਨੂੰ ਇਸ ਮੇਲੇ ਵਿੱਚ ਵੱਡੀ ਗਿਣਤੀ ਵਿੱਚ ਸ਼ਿਰਕਤ ਕਰਨ ਦੀ ਅਪੀਲ ਨੀਤੀ ਗਈ।ਮੀਟਿੰਗ ਵਿੱਚ ਪਿਛਲੇ ਸਮੇਂ ਵਿੱਛੜ ਚੁੱਕੇ ਪੈਨਸ਼ਨਰਾਂ ਫੈਮਲੀ ਪੈਨਸ਼ਨਰਾਂ ਤੇ ਉਨ੍ਹਾਂ ਦੇ ਰਿਸ਼ਤੇਦਾਰਾਂ ਨੂੰ ਸ਼ਰਧਾਂਜਲੀ ਭੇਟ ਕੀਤੀ ਗਈ।ਅੱਜ ਦੀ ਮੀਟਿੰਗ ਵਿੱਚ ਅਮਰ ਸਿੰਘ ਰਣੀਆਂ, ਸਮਸ਼ੇਰ ਸਿੰਘ, ਸੁਖਮੰਦਰ ਸਿੰਘ, ਬਲਦੇਵ ਸਿੰਘ, ਰਾਮ ਜੀ ਦਾਸ, ਜੋਰਾਵਰ ਸਿੰਘ, ਤੇਜਾ ਸਿੰਘ ਘੱਲ ਕਲਾਂ, ਇੰਦਰਜੀਤ ਸਿੰਘ ਮੋਗਾ, ਪ੍ਰੀਤਮ ਸਿੰਘ ਕੈਂਥ, ਬਚਿੱਤਰ ਸਿੰਘ ਸਿੰਘਾਵਾਲਾ, ਦਰਸ਼ਨ ਸਿੰਘ ਮੱਲ੍ਹੀ, ਧਰਮਕੋਟ ਗੁਰਦੀਪ ਸਿੰਘ ਦਾਉਧਰ ਸਮੇਤ ਬਹੁਤ ਸਾਰੇ ਆਗੂਆਂ ਨੇ ਵਿਚਾਰ ਰੱਖੇ।

## ਬਰਸਟ ਨੇ ਪੰਜਾਬ ਮੰਡੀ ਬੋਰਡ ਕਰਮਚਾਰੀ ਯੂਨੀਅਨ ਦੀਆਂ ਮੰਗਾਂ ਦਾ ਮੌਕੇ 'ਤੇ ਹੀ ਕੀਤਾ ਨਿਪਟਾਰਾ



**ਸਮਾਣਾ (ਗੁਰਪਿਆਰ ਸਿੰਘ ਥੰਲ)**-ਪੰਜਾਬ ਮੰਡੀ ਬੋਰਡ ਦੇ ਚੇਅਰਮੈਨ ਹਰਚੰਦ ਸਿੰਘ ਬਰਸਟ ਨੇ ਮਹੱਤਵਪੂਰਨ ਕਦਮ ਚੁੱਕਦਿਆਂ ਪੰਜਾਬ ਮੰਡੀ ਬੋਰਡ ਕਰਮਚਾਰੀ ਯੂਨੀਅਨ ਦੀਆਂ ਮੰਗਾਂ ਦਾ ਮੌਕੇ 'ਤੇ ਹੀ ਨਿਪਟਾਰਾ ਕਰ ਦਿੱਤਾ।ਇਸ ਫ਼ੈਸਲੇ ਲਈ ਯੂਨੀਅਨ ਦੇ ਨੁਮਾਇੰਦਿਆਂ ਨੇ ਚੇਅਰਮੈਨ ਦਾ ਤਹਿ ਦਿਲੋਂ ਧੰਨਵਾਦ ਕੀਤਾ।ਹਰਚੰਦ ਸਿੰਘ ਬਰਸਟ ਨਾਲ ਮੁੱਖ ਦਫ਼ਤਰ ਵਿਖੇ ਪੰਜਾਬ ਮੰਡੀ ਬੋਰਡ ਕਰਮਚਾਰੀ ਯੂਨੀਅਨ ਦੇ ਨੁਮਾਇੰਦਿਆਂ ਵੱਲੋਂ ਮੁਲਾਕਾਤ ਕੀਤੀ ਗਈ।ਮੁਲਾਜ਼ਮਾਂ ਦੀਆਂ ਮੰਗਾਂ ਬਾਰੇ ਵਿਸਥਾਰ ਨਾਲ ਚਰਚਾ ਕੀਤੀ ਗਈ।ਯੂਨੀਅਨ ਵੱਲੋਂ ਮੁਲਾਜ਼ਮਾਂ ਦੀਆਂ ਮੰਗਾਂ ਬਾਰੇ ਚੇਅਰਮੈਨ, ਪੰਜਾਬ ਮੰਡੀ ਬੋਰਡ ਨੂੰ ਜਾਣੂ ਕਰਵਾਇਆ ਗਿਆ।ਚੇਅਰਮੈਨ ਵੱਲੋਂ ਮੰਗਾਂ ਨੂੰ ਗੰਭੀਰਤਾ ਨਾਲ ਸੁਣਦਿਆਂ ਮੌਕੇ 'ਤੇ ਹੀ ਹੱਲ ਕਰ ਦਿੱਤਾ ਗਿਆ। ਬਰਸਟ ਨੇ ਕਿਹਾ ਕਿ ਕਰਮਚਾਰੀਆਂ ਦੀਆਂ ਚਿੰਤਾਵਾਂ 'ਤੇ ਧਿਆਨ ਦੇਣਾ ਤੇ ਉਨ੍ਹਾਂ ਨੂੰ ਗੰਭੀਰਤਾ ਨਾਲ ਲਿਆ ਗਿਆ ਹੈ ਤੇ ਇਹ ਫ਼ੈਸਲਾ ਬੋਰਡ ਦੀ ਕਾਰਗੁਜ਼ਾਰੀ ਹੋਰ ਬਿਹਤਰ ਬਣਾਉਣ ਵੱਲ ਇੱਕ ਹੋਰ ਕਦਮ ਹਨ।ਉਨ੍ਹਾਂ ਕਿਹਾ ਕਿ ਕਰਮਚਾਰੀ ਦੀਆਂ ਹੋਰ ਜਾਇਜ਼ ਮੰਗਾਂ ਦੀ ਭਲਾਈ ਲਈ ਹਰੇਕ ਯਤਨ ਕੀਤਾ ਜਾਵੇਗਾ।ਉਹ ਹਮੇਸ਼ਾ ਤੋਂ ਹੀ ਮੁਲਾਜ਼ਮਾਂ ਦੇ ਹੱਕ ਵਿੱਚ ਖੜੇ ਰਹੇ ਹਨ।

## ਬਲਾਕ ਪੱਧਰੀ ਸਾਇੰਸ ਪ੍ਰਦਰਸ਼ਨੀ 'ਚ ਐੱਸ ਐੱਸ ਡੀ ਸਕੂਲ ਦੇ ਵਿਦਿਆਰਥੀ ਛਾਏ



**ਮਾਛੀਵਾੜਾ ਸਾਹਿਬ (ਜਗਦੀਸ਼ ਰਾਏ, ਸ਼ੈਂਕੀ ਸ਼ਰਮਾ)**-ਸਿੱਖਿਆ ਵਿਭਾਗ ਪੰਜਾਬ ਵੱਲੋਂ ਜਾਰੀ ਦਿਸ਼ਾ ਨਿਰਦੇਸ਼ਾਂ ਅਨੁਸਾਰ ਸਰਕਾਰੀ ਸੀਨੀਅਰ ਸੈਕੰਡਰੀ ਸਕੂਲ ਪੰਜ ਗਰਾਈਆਂ ਵਿਖੇ ਕਰਵਾਏ ਵਿਗਿਆਨ ਮੇਲੇ ਵਿੱਚ ਵੱਖ-ਵੱਖ ਸ਼੍ਰੇਣੀ ਵਰਗ ਤਹਿਤ ਇਥੋਂ ਦੇ ਐੱਸ ਐੱਸ ਡੀ ਸਰਕਾਰੀ ਸੀਨੀਅਰ ਸੈਕੰਡਰੀ ਸਕੂਲ ਦੇ ਵਿਦਿਆਰਥੀਆਂ ਨੇ ਸ਼ਾਨਦਾਰ ਪ੍ਰਾਪਤੀਆਂ ਕਰਕੇ ਇਲਾਕੇ ਦਾ ਨਾਮ ਰੌਸ਼ਨ ਕੀਤਾ ਹੈ। ਇਸ ਸਬੰਧੀ ਜਾਣਕਾਰੀ ਦਿੰਦਿਆਂ ਸਕੂਲ ਦੇ ਕਾਰਜਕਾਰੀ ਪ੍ਰਿੰਸੀਪਲ ਨਿਰੰਜਨ ਕੁਮਾਰ ਨੇ ਦੱਸਿਆ ਕਿ ਦਸਵੀਂ ਸ਼੍ਰੇਣੀ ਵਿੱਚੋਂ ਤਿੰਨ ਸੋਨੂੰ ਕੁਮਾਰ, ਵੰਸ਼ ਕੁਮਾਰ ਤੇ ਵਰੁਣ ਕੁਮਾਰ ਨੇ ਵੱਖ ਵੱਖ ਥੀਮ ਰਾਹੀਂ ਪਹਿਲਾ ਸਥਾਨ ਹਾਸਲ ਕੀਤਾ, ਜਦਕਿ ਨੌਵੀਂ ਸ਼੍ਰੇਣੀ ਦੇ ਵਿਦਿਆਰਥੀ ਅਭਿਜੋਤ ਨੇ ਦੂਸਰਾ ਸਥਾਨ ਹਾਸਲ ਕੀਤਾ।ਇਸੇ ਤਰ੍ਹਾਂ ਅੱਠਵੀਂ ਸ਼੍ਰੇਣੀ ਵਰਗ ਦੇ ਤਹਿਤ ਸੁਖਵਿੰਦਰ ਕੁਮਾਰ ਪਹਿਲੇ ਤੇ ਰਣਵੀਰ ਕੁਮਾਰ ਦੂਜੇ ਸਥਾਨ 'ਤੇ ਰਿਹਾ। ਇਨ੍ਹਾਂ ਸਾਰੇ ਵਿਦਿਆਰਥੀਆਂ ਨੂੰ ਸਕੂਲ ਦੇ ਕਾਰਜਕਾਰੀ ਪ੍ਰਿੰਸੀਪਲ ਨਿਰੰਜਨ ਕੁਮਾਰ ਨੇ ਸਵੇਰ ਦੀ ਸਭਾ ਦੌਰਾਨ ਸਰਟੀਫਿਕੇਟ ਤੇ ਮੈਡਲਾਂ ਨਾਲ ਸਨਮਾਨਤ ਕੀਤਾ। ਇਸ ਮੌਕੇ ਸਾਇੰਸ ਅਧਿਆਪਕ ਸੰਜੇ ਕੁਮਾਰ, ਗੁਰਪ੍ਰੀਤ ਕੌਰ, ਮਨੋਜ ਜੋਸ਼ੀ, ਸੰਗੀਤਾ ਰਾਣੀ ਤੇ ਟੈਰੇਸਾ ਦੇ ਨਾਲ ਨਾਲ ਸਕੂਲ ਦਾ ਹੋਰ ਸਟਾਫ ਮੌਜੂਦ ਸੀ।

## ਭਸੌੜ ਆਯੁਰਵੈਦਿਕ ਕੈਂਪ 'ਚ 248 ਮਰੀਜ਼ਾਂ ਦੀ ਜਾਂਚ




**ਧੂਰੀ (ਮਨੋਹਰ ਸੱਗੂ, ਬਿੰਨੀ ਗਰਗ, ਮੋਹਿਤ ਗਰਗ)**-ਸਿਹਤ ਵਿਭਾਗ ਵੱਲੋਂ ਡਾਇਰੈਕਟਰ ਆਯੁਰਵੇਦਾ ਦੇ ਦਿਸ਼ਾ ਨਿਰਦੇਸ਼ਾਂ ਅਨੁਸਾਰ ਮੁੱਢਲਾ ਸਿਹਤ ਕੇਂਦਰ ਪਿੰਡ ਭਸੌੜ ਵਿਖੇ ਵਿਸ਼ਾਲ ਆਯੁਰਵੈਦਿਕ ਕੈਂਪ ਲਗਾਇਆ ਗਿਆ, ਜਿਸ ਦਾ ਉਦਘਾਟਨ ਪੰਜਾਬ ਵਕਫ਼ ਬੋਰਡ ਦੇ ਮੈਂਬਰ ਡਾ: ਅਨਵਰ ਭਸੌੜ ਨੇ ਕੀਤਾ।ਕੈਂਪ 'ਚ ਡਾ: ਮਲਕੀਤ ਸਿੰਘ ਘੱਗਾ ਜ਼ਿਲ੍ਹਾ ਆਯੁਰਵੈਦਿਕ ਤੇ ਯੂਨਾਨੀ ਅਫ਼ਸਰ ਸੰਗਰੂਰ ਨੇ ਵਿਸ਼ੇਸ਼ ਮਹਿਮਾਨ ਵਜੋਂ ਸ਼ਿਰਕਤ ਕੀਤੀ।ਹੋਰਨਾਂ 'ਚ ਡਾ: ਜਸਦੀਪ ਸਿੰਘ ਐੱਸ ਐੱਮ ਓ ਸ਼ੇਰਪੁਰ ਤੇ ਤਰਸੇਮ ਸਿੰਘ ਬੀ ਈ ਈ ਸ਼ੇਰਪੁਰ ਸ਼ਾਮਲ ਹੋਏ।ਕੈਂਪ ਦੌਰਾਨ ਆਯੁਰਵੈਦਿਕ ਵਿਭਾਗ ਵੱਲੋਂ ਡਾਕਟਰ ਅਕਮਲ, ਡਾਕਟਰ ਮੁਹੰਮਦ ਸ਼ਹੀਦ ਤੇ ਡਾਕਟਰ ਫਰਹਾ ਨੇ 248 ਮਰੀਜ਼ਾਂ ਦੀ ਸਿਹਤ ਜਾਂਚ ਕਰਕੇ ਦਵਾਈਆਂ ਮੁਫ਼ਤ ਦਿੱਤੀਆਂ ਅਤੇ ਡਾ: ਮੁਹੰਮਦ ਅਕਮਲ ਨੇ ਹਿਜ਼ਾਮਾ ਦੁਆਰਾ 67 ਮਰੀਜ਼ਾਂ ਦਾ ਇਲਾਜ ਕੀਤਾ।ਹੋਰਨਾਂ 'ਚ ਜਗਤਾਰ ਸਿੰਘ, ਕਰਮਜੀਤ ਪਾਲ, ਰਣਬੀਰ ਸਿੰਘ, ਮੁਹੰਮਦ ਹਫਾਨ, ਗ੍ਰਾਮ ਪੰਚਾਇਤ, ਆਸ਼ਾ ਵਰਕਰਾਂ, ਆਂਗਣਵਾੜੀ ਵਰਕਰਾਂ ਵੱਲੋਂ ਸਹਿਯੋਗ ਕੀਤਾ ਗਿਆ। ਕੈਂਪ ਦੌਰਾਨ ਯੋਗਾ ਇੰਸਟਕਟਰ ਚਮਨਪ੍ਰੀਤ ਕੌਰ ਤੇ ਸੁਖਦੀਪ ਸਿੰਘ ਨੇ ਮਰੀਜ਼ਾਂ ਨੂੰ ਯੋਗਾ ਕਰਵਾਇਆ, ਜਦੋਂਕਿ ਸਿਹਤ ਵਰਕਰ ਮਨਪ੍ਰੀਤ ਸਿੰਘ ਦਾ ਕੈਂਪ ਦੀ ਸਫ਼ਲਤਾ ਲਈ ਵਿਸ਼ੇਸ਼ ਯੋਗਦਾਨ ਰਿਹਾ।

## ਭੁੱਲਰ ਨੇ ਹੜ੍ਹ ਪੀੜਤਾਂ ਨੂੰ 4.85 ਕਰੋੜ ਦੀ ਮੁਆਵਜ਼ਾ ਰਾਸ਼ੀ ਦੇ ਮਨਜ਼ੂਰੀ ਪੱਤਰ ਸੌਂਪੇ



**ਫਿਰੋਜ਼ਪੁਰ (ਅਸ਼ੋਕ ਸ਼ਰਮਾ)**-ਵਿਧਾਇਕ ਫ਼ਿਰੋਜ਼ਪੁਰ ਸ਼ਹਿਰੀ ਰਣਬੀਰ ਸਿੰਘ ਭੁੱਲਰ ਵੱਲੋਂ ਪਿੰਡ ਬੰਡਾਲਾ ਵਿਖੇ ਪਹੁੰਚ ਕੇ ਪਿੰਡ ਦੇ ਹੜ੍ਹ ਪੀੜਤ ਪਰਿਵਾਰਾਂ ਨੂੰ 4 ਕਰੋੜ 85 ਲੱਖ ਰੁਪਏ ਮੁਆਵਜ਼ਾ ਰਾਸ਼ੀ ਦੇ ਪ੍ਰਵਾਨਗੀ ਪੱਤਰ ਸੌਂਪੇ ਗਏ। ਇਸ ਮੌਕੇ ਤਹਿਸੀਲਦਾਰ ਫਿਰੋਜ਼ਪੁਰ ਹਰਮਿੰਦਰ ਸਿੰਘ ਵੀ ਵਿਸ਼ੇਸ਼ ਤੌਰ 'ਤੇ ਹਾਜ਼ਰ ਸਨ। ਇਸ ਮੌਕੇ ਵਿਧਾਇਕ ਰਣਬੀਰ ਸਿੰਘ ਭੁੱਲਰ ਨੇ ਦੱਸਿਆ ਕਿ ਪੰਜਾਬ ਸਰਕਾਰ ਦੇ ਦਿਸ਼ਾ ਨਿਰਦੇਸ਼ਾਂ ਅਨੁਸਾਰ ਲਗਾਤਾਰ ਹੜ੍ਹ ਪੀੜਤ ਪਰਵਾਰਾਂ ਨੂੰ ਦਿੱਤੀ ਜਾ ਰਹੀ ਰਾਸ਼ੀ ਦੇ ਮਨਜ਼ੂਰੀ ਪੱਤਰ ਜਾਰੀ ਕੀਤੇ ਜਾ ਰਹੇ ਹਨ। ਉਨ੍ਹਾਂ ਦੱਸਿਆ ਕਿ ਅੱਜ 732 ਹੜ੍ਹ ਪੀੜਤਾਂ ਨੂੰ ਕੁੱਲ 4 ਕਰੋੜ 85 ਲੱਖ ਰੁਪਏ ਦੀ ਮੁਆਵਜ਼ਾ ਰਾਸ਼ੀ ਦੇ ਮਨਜ਼ੂਰੀ ਪੱਤਰ ਜਾਰੀ ਕਰ ਦਿੱਤੇ ਗਏ ਹਨ। ਉਨ੍ਹਾਂ ਕਿਹਾ ਕਿ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਦੀ ਅਗਵਾਈ ਹੇਠ ਪੰਜਾਬ ਸਰਕਾਰ ਔਖੇ ਸੌਖੇ ਵੇਲੇ ਹਮੇਸ਼ਾ ਆਪਣੇ ਲੋਕਾਂ ਦੇ ਨਾਲ ਖੜ੍ਹੀ ਹੈ। ਹੜ੍ਹਾਂ ਦੌਰਾਨ ਜਿਨ੍ਹਾਂ ਪਰਵਾਰਾਂ ਨੂੰ ਨੁਕਸਾਨ ਪਹੁੰਚਿਆ ਹੈ, ਉਨ੍ਹਾਂ ਦੀ ਮੱਦਦ ਲਈ ਸਰਕਾਰ ਵੱਲੋਂ ਪੂਰੇ ਤੌਰ ਤੇ ਸੰਵੇਦਨਸ਼ੀਲ ਰੁਖ ਅਪਣਾਇਆ ਗਿਆ ਹੈ। ਉਨ੍ਹਾਂ ਕਿਹਾ ਕਿ ਜ਼ਿਲ੍ਹੇ ਵਿੱਚ ਹਰੇਕ ਹੜ੍ਹ ਪ੍ਰਭਾਵਿਤ ਪਰਵਾਰ ਨੂੰ ਮੁਆਵਜ਼ਾ ਯਕੀਨੀ ਬਣਾਇਆ ਜਾਵੇਗਾ। ਵਿਧਾਇਕ ਨੇ ਕਿਹਾ ਕਿ ਸਰਕਾਰ ਦਾ ਮਕਸਦ ਸਿਰਫ਼ ਆਰਥਿਕ ਸਹਾਇਤਾ ਦੇਣਾ ਹੀ ਨਹੀਂ, ਸਗੋਂ ਪ੍ਰਭਾਵਿਤ ਪਰਿਵਾਰਾਂ ਨੂੰ ਮੁੜ ਖੁਸ਼ਹਾਲ ਜੀਵਨ ਵੱਲ ਲਿਜਾਣਾ ਵੀ ਹੈ। ਇਸ ਮੌਕੇ ਵਿਜੇ ਪਟਵਾਰੀ, ਗੁਰਦੇਵ ਸਿੰਘ ਸਰਪੰਚ, ਨਿਸ਼ਾਨ ਸਿੰਘ, ਸਤਨਾਮ ਸਿੰਘ ਸਰਪੰਚ, ਰਾਜ ਬਹਾਦਰ ਸਿੰਘ, ਗੁਰਬੇਜ ਸਿੰਘ, ਦਲੇਰ ਸਿੰਘ ਸਰਪੰਚ, ਮਨਪ੍ਰੀਤ ਸਿੰਘ ਹਾਜ਼ਰ ਸਨ।

## ਨਵਦੀਪ ਸਿੰਘ ਜ਼ਿਲ੍ਹਾ ਕਾਂਗਰਸ ਕਮੇਟੀ ਫ਼ਰੀਦਕੋਟ ਦੇ ਮੁੜ ਪ੍ਰਧਾਨ ਨਿਯੁਕਤ



**ਫ਼ਰੀਦਕੋਟ (ਐਲਿਗਜੈਂਡਰ ਡਿਸੂਜਾ)**-ਆਗਾਮੀ ਸਿਆਸੀ ਚੁਣੌਤੀਆਂ ਤੇ 'ਮਿਸ਼ਨ-2027' ਨੂੰ ਮੁੱਖ ਰੱਖਦਿਆਂ ਕਾਂਗਰਸ ਹਾਈ ਕਮਾਂਡ ਨੇ ਇੱਕ ਵਾਰ ਫਿਰ ਸੀਨੀਅਰ ਆਗੂ ਨਵਦੀਪ ਸਿੰਘ ਬੱਬੂ ਬਰਾੜ ਨੂੰ ਜ਼ਿਲ੍ਹਾ ਕਾਂਗਰਸ ਕਮੇਟੀ ਫ਼ਰੀਦਕੋਟ ਦੀ ਕਮਾਨ ਸੌਂਪੀ ਹੈ।ਬਰਾੜ ਦੀ ਇਹ ਦੂਜੀ ਵਾਰ ਨਿਯੁਕਤੀ ਹੈ, ਜਿਸ ਨੂੰ ਪਾਰਟੀ ਵੱਲੋਂ ਉਨ੍ਹਾਂ ਦੇ ਪਿਛਲੇ ਕਾਰਜਕਾਲ, ਮਿਹਨਤ ਤੇ ਸੰਗਠਨ ਪ੍ਰਤੀ ਸਮਰਪਣ 'ਤੇ ਪੂਰਾ ਭਰੋਸਾ ਜਤਾਉਣ ਵਜੋਂ ਦੇਖਿਆ ਜਾ ਰਿਹਾ ਹੈ।ਆਪਣੀ ਨਵੀਂ ਜ਼ਿੰਮੇਵਾਰੀ ਸੰਭਾਲਣ ਮੌਕੇ ਨਵ-ਨਿਯੁਕਤ ਪ੍ਰਧਾਨ ਬੱਬੂ ਬਰਾੜ ਨੇ ਸਮੁੱਚੀ ਕਾਂਗਰਸ ਲੀਡਰਸ਼ਿਪ ਦਾ ਤਹਿ ਦਿਲੋਂ ਧੰਨਵਾਦ ਕੀਤਾ।ਉਨ੍ਹਾਂ ਖਾਸ ਤੌਰ 'ਤੇ ਕਾਂਗਰਸ ਪ੍ਰਧਾਨ ਸ੍ਰੀ ਮਲਿਕਰਜੁਨ ਖੜਗੇ, ਸ੍ਰੀ ਰਾਹੁਲ ਗਾਂਧੀ, ਪੰਜਾਬ ਪ੍ਰਦੇਸ਼ ਕਾਂਗਰਸ ਦੇ ਪ੍ਰਧਾਨ ਸ੍ਰ. ਅਮਰਿੰਦਰ ਸਿੰਘ ਰਾਜਾ ਵੜਿੰਗ ਤੇ ਸੀਨੀਅਰ ਆਗੂਆਂ ਜਿਵੇਂ ਕਿ ਸ੍ਰ. ਪ੍ਰਤਾਪ ਸਿੰਘ ਬਾਜਵਾ, ਸ੍ਰ. ਚਰਨਜੀਤ ਸਿੰਘ ਚੰਨੀ ਤੇ ਸ੍ਰ. ਸੁਖਜਿੰਦਰ ਸਿੰਘ ਰੰਧਾਵਾ ਸਮੇਤ ਹੋਰਨਾਂ ਦਾ ਆਭਾਰ ਪ੍ਰਗਟ ਕੀਤਾ। ਬਰਾੜ ਨੇ ਪਾਰਟੀ ਦੇ ਭਰੋਸੇ 'ਤੇ ਖਰਾ ਉਤਰਨ ਦਾ ਸੰਕਲਪ ਲੈਂਦਿਆਂ ਐਲਾਨ ਕੀਤਾ ਕਿ ਮੈਂ ਜ਼ਿਲ੍ਹਾ ਫ਼ਰੀਦਕੋਟ ਵਿੱਚ ਕਾਂਗਰਸ ਪਾਰਟੀ ਦੇ ਹਰ ਵਰਕਰ ਨੂੰ ਇਕੱਠਾ ਕਰਾਂਗਾ ਤੇ ਜਨਹਿੱਤ ਦੇ ਹਰੇਕ ਮੋਰਚੇ 'ਤੇ ਪਾਰਟੀ ਦੀ ਆਵਾਜ਼ ਨੂੰ ਮਜ਼ਬੂਤ ਕਰਾਂਗਾ।ਉਨ੍ਹਾ ਜ਼ੋਰ ਦੇ ਕੇ ਕਿਹਾ ਕਿ ਉਹ ਹਮੇਸ਼ਾ ਲੋਕਾਂ ਦੀ ਭਲਾਈ ਤੇ ਸਮਾਜਿਕ ਨਿਆਂ ਲਈ ਆਵਾਜ਼ ਉਠਾਉਂਦੇ ਰਹੇ ਹਨ ਤੇ ਅੱਗੇ ਵੀ ਉਠਾਉਂਦੇ ਰਹਿਣਗੇ।ਉਨ੍ਹਾਂ ਸਮੂਹ ਸਾਥੀਆਂ, ਆਗੂਆਂ ਤੇ ਵਰਕਰਾਂ ਦਾ ਧੰਨਵਾਦ ਕੀਤਾ, ਜਿਨ੍ਹਾਂ ਨੇ ਹਮੇਸ਼ਾ ਉਨ੍ਹਾਂ ਨੂੰ ਪਿਆਰ, ਸਹਿਯੋਗ ਤੇ ਵਿਸ਼ਵਾਸ ਦਿੱਤਾ ਹੈ।

## ਐੱਮ ਏ ਐੱਮ ਸਕੂਲ 'ਚ ਕੈਰੀਅਰ ਗਾਈਡੈਂਸ ਸੈਮੀਨਾਰ



**ਸਮਰਾਲਾ (ਸੁਰਜੀਤ ਸਿੰਘ)**-ਮੈਕਸ ਆਰਥਰ ਮੈਕਾਲਿਫ ਪਬਲਿਕ ਸਕੂਲ ਵੱਲੋਂ ਪੀ.ਐਮ.ਸ੍ਰੀ ਸਕੂਲ ਯੋਜਨਾ ਅਧੀਨ ਕੈਰੀਅਰ ਅਵੇਅਰਸ ਤੇ ਕੌਂਸਲਿੰਗ ਸੈਸ਼ਨ ਆਯੋਜਤ ਕੀਤਾ ਗਿਆ, ਜਿਸਦਾ ਦਾ ਮਕਸਦ ਵਿਦਿਆਰਥੀਆਂ ਨੂੰ ਭਵਿੱਖ ਵਿੱਚ ਰੁਚੀ ਅਨੁਸਾਰ ਸਹੀ ਕੈਰੀਅਰ ਦੀ ਚੋਣ ਕਰਨ ਬਾਰੇ ਜਾਗਰੂਕ ਕਰਨਾ ਸੀ।ਸਰਕਾਰੀ ਸੀਨੀਅਰ ਸੈਕੰਡਰੀ ਸਕੂਲ (ਗਰਲਜ਼) ਦੀਆਂ ਵਿਦਿਆਰਥਣਾਂ ਨੇ ਵੀ ਭਾਗ ਲਿਆ।ਸਕੂਲ ਪ੍ਰਿੰਸੀਪਲ ਡਾ. ਮੋਨਿਕਾ ਮਲਹੋਤਰਾ ਨੇ ਆਏ ਮਹਿਮਾਨਾਂ ਨੂੰ 'ਜੀ ਆਇਆਂ' ਕਹਿ ਕੇ ਸਵਾਗਤ ਕੀਤਾ। ਪਹਿਲੇ ਸੈਸ਼ਨ ਦੌਰਾਨ ਮਿਸ ਚਰਨਪ੍ਰੀਤ ਕੌਰ ਨੇ ਵਿਦਿਆਰਥੀਆਂ ਨੂੰ ਵੱਖ-ਵੱਖ ਖੇਤਰਾਂ ਵਿੱਚ ਮੌਜੂਦ ਕੈਰੀਅਰ ਮੌਕਿਆਂ ਬਾਰੇ ਦਿੰਦਿਆਂ ਕਿ ਉਹ ਆਪਣੀ ਰੁਚੀ ਤੇ ਟੀਚਿਆਂ ਦੀ ਪਛਾਣ ਕਰਨ ਦੀ ਪ੍ਰੇਰਣਾ ਕਰਨ।ਉਨ੍ਹਾਂ ਸਫ਼ਲਤਾ ਲਈ ਗਿਆਨ ਪ੍ਰਾਪਤ ਕਰਨ ਦੇ ਨਾਲ-ਨਾਲ ਸਕਿਲ ਡਿਵੈਲਪਮੈਂਟ, ਵਿਸ਼ਵਾਸ ਤੇ ਨਿਰੰਤਰ ਮਿਹਨਤ ਦੀ ਲੋੜ 'ਤੇ ਵੀ ਜ਼ੋਰ ਦਿੱਤਾ।ਦੂਜੇ ਸੈਸ਼ਨ ਦੀ ਅਗਵਾਈ ਕਰਦਿਆਂ ਮਿਸ ਅਰਸ਼ਦੀਪ ਕੌਰ ਨੇ ਵਿਦਿਆਰਥੀਆਂ ਨੂੰ ਇਨਫਰਮੇਸ਼ਨ ਟੈਕਨਾਲੋਜੀ ਤੇ ਆਰਟੀਫੀਸ਼ਲ ਇੰਟੈਲੀਜੈਂਸ ਬਾਰੇ ਜਾਣਕਾਰੀ ਦਿੰਦਿਆਂ ਭਵਿੱਖ 'ਚ ਡਿਜ਼ੀਟਲ ਲਿਟਰੇਸੀ, ਕੋਡਿੰਗ ਤੇ ਏ.ਆਈ ਟੈਕਨੋਲੋਜੀ ਦੀ ਭੂਮਿਕਾ ਦੀ ਮਹੱਤਤਾ ਬਾਰੇ ਜਾਣੂ ਕਰਾਇਆ।ਪੂਰੇ ਸੈਸ਼ਨ ਤੋਂ ਬਾਅਦ ਮਹਿਮਾਨ ਅਧਿਆਪਕਾਂ ਤੇ ਵਿਦਿਆਰਥੀਆਂ ਨੂੰ ਸਕੂਲ ਦੇ ਆਈ.ਟੀ ਤੇ ਕੈਮਿਸਟਰੀ ਲੈਬਜ਼ ਦਾ ਦੌਰਾ ਵੀ ਕਰਾਇਆ ਗਿਆ, ਜਿੱਥੇ ਉਨ੍ਹਾਂ ਵਿਗਿਆਨਕ ਤੇ ਤਕਨੀਕੀ ਪ੍ਰੋਜੈਕਟਾਂ ਨੂੰ ਬੜੀ ਦਿਲਚਸਪੀ ਨਾਲ ਦੇਖਦਿਆਂ ਪ੍ਰੈਕਟੀਕਲ ਰਾਹੀਂ ਸਿੱਖਣ ਦਾ ਅਨੁਭਵ ਵੀ ਪ੍ਰਾਪਤ ਕੀਤਾ।

# ਪੁਲਸ ਧੱਕੇਸ਼ਾਹੀਆਂ ਖਿਲਾਫ ਜਨਤਕ ਜਥੇਬੰਦੀਆਂ ਨੇ ਕੀਤਾ ਡੀ ਐੱਸ ਪੀ ਦਫਤਰ ਅੱਗੇ ਰੋਸ ਪ੍ਰਦਰਸ਼ਨ

ਅਜਨਾਲਾ (ਸੁਖਜਿੰਦਰ ਸਿੰਘ ਰਾਜੂ)-ਜਨਤੰਕ ਜਥੇਬੰਦੀਆਂ ਵੱਲੋਂ ਵਿਰਸਾ ਸਿੰਘ ਟਪਿਆਲਾ ਤੇ ਦੇਸਾਂ ਸਿੰਘ ਭਿੰਡੀ ਔਲਖ ਸੀਨੀਅਰ ਆਗੂ ਜਮਹੂਰੀ ਕਿਸਾਨ ਸਭਾ ਪੰਜਾਬ, ਔਰਤ ਮੁਕਤੀ ਮੋਰਚਾ ਦੀ ਪ੍ਰਧਾਨ ਅਜੀਤ ਕੌਰ ਕੋਟ ਰਜ਼ਾਦਾ, ਜੱਗਾ ਸਿੰਘ ਡੱਲਾ ਪ੍ਰਧਾਨ ਸ਼ਹੀਦ ਭਗਤ ਸਿੰਘ ਨੌਜਵਾਨ ਸਭਾ ਤੇ ਕਾਲਾ ਸਿੰਘ ਆਗੂ ਦਿਹਾਤੀ ਮਜ਼ਦੂਰ ਸਭਾ ਦੀ ਅਗਵਾਈ 'ਚ ਅਜਨਾਲਾ ਪੁਲਿਸ ਪ੍ਰਸ਼ਾਸਨ ਦੀਆਂ ਧੱਕੇਸ਼ਾਹੀਆ ਤੇ ਬੇਇਨਸਾਫ਼ੀਆਂ ਵਿਰੁੱਧ ਅਜਨਾਲਾ ਸ਼ਹਿਰ ਦੇ ਬਜ਼ਾਰਾਂ ਵਿੱਚ ਲੋਕ ਸਮਰਥਨ ਪ੍ਰਾਪਤ ਕਰਨ ਲਈ ਰੋਹ ਭਰਿਆ ਪ੍ਰਦਰਸ਼ਨ ਕਰਨ ਉਪਰੰਤ ਡੀ ਐੱਸ ਪੀ ਅਜਨਾਲਾ ਦੇ ਦਫ਼ਤਰ ਸਾਹਮਣੇ ਵਿਸ਼ਾਲ ਧਰਨਾ ਦਿੱਤਾ ਤੇ ਮੁਜ਼ਾਹਰਾ ਕੀਤਾ ਜਿਸ ਵਿੱਚ ਪੁਲਿਸ ਪ੍ਰਸ਼ਾਸਨ ਦੇ ਸਤਾਏ ਹੋਏ ਸੈਂਕੜੇ ਕਿਸਾਨਾਂ, ਮਜ਼ਦੂਰਾਂ, ਨੌਜਵਾਨਾਂ, ਔਰਤਾਂ ਤੇ ਹੋਰ ਮਿਹਨਤਕਸ਼ ਲੋਕਾਂ ਨੇ ਹੱਥਾਂ ਵਿਚ ਆਪਣੀ ਜੱਥੇਬੰਦੀਆਂ ਦੇ ਝੰਡੇ ਚੁੱਕ ਕੇ ਸ਼ਮੂਲੀਅਤ ਕੀਤੀ! ਇਸ ਖਚਾਖਚ ਭਰੇ ਧਰਨੇ ਨੂੰ ਸੰਬੋਧਨ ਕਰਦਿਆਂ ਜਮਹੂਰੀ ਕਿਸਾਨ ਸਭਾ ਦੇ ਸੂਬਾ ਪ੍ਰਧਾਨ ਡਾ. ਸਤਨਾਮ ਸਿੰਘ ਅਜਨਾਲਾ ਤੇ ਕਿਸਾਨ ਸਭਾ ਦੇ ਸੂਬਾ ਕਮੇਟੀ ਮੈਂਬਰ ਕੁਲਵੰਤ ਸਿੰਘ ਮੱਲੂਨੰਗਲ ਨੇ ਦੱਸਿਆ ਕਿ ਅਜਨਾਲਾ ਇਲਾਕੇ ਵਿੱਚ ਅਮਨ-ਕਨੂੰਨ ਦੀ ਸਥਿਤੀ ਲਗਾਤਾਰ ਖਰਾਬ ਹੋ ਰਹੀ ਹੈ ਕਾਤਲ, ਗੈਂਗਸਟਰ, ਬਲਾਤਕਾਰੀਆਂ ਤੇ ਲੱਠਮਾਰਾਂ ਲਈ ਆਮ ਲੋਕਾਂ ਦਾ ਜਿਊਣਾ, ਰਹਿਣਾ ਮੁਸ਼ਕਲ ਕੀਤਾ ਹੋਇਆ ਹੈ ! ਇਨ੍ਹਾਂ ਆਗੂਆਂ ਨੇ ਦੱਸਿਆ ਕਿ ਅਜਿਹਾ ਪੁਲਿਸ ਪ੍ਰਸ਼ਾਸਨ ਦੀ ਮਿਲੀਭੁਗਤ ਤੋਂ ਬਗੈਰ ਨਹੀਂ ਹੋ ਸਕਦਾ ਜਿਸ ਕਾਰਨ ਪੁਲਸ ਅਧਿਕਾਰੀਆਂ ਵਿਰੁੱਧ ਲੋਕਾਂ ਦਾ ਗੁੱਸਾ ਚੌਥੇ ਅਸਮਾਨ ਤੇ ਪਹੁੰਚ ਗਿਆ ਹੈ। ਉਕਤ ਆਗੂਆਂ ਨੇ ਜ਼ੋਰਦਾਰ ਮੰਗ ਕੀਤੀ ਕਿ ਜੱਗਾ ਸਿੰਘ ਨੂੰ ਜਾਨੋਂ ਮਾਰਨ ਦੇ ਪੱਕੇ ਇਰਾਦੇ ਨਾਲ ਇਸ ਦੇ ਸਿਰ 'ਚ ਗੰਭੀਰ ਸੱਟਾਂ ਲਾਉਣ ਵਾਲਿਆਂ ਨੂੰ ਤੁਰੰਤ ਗ੍ਰਿਫ਼ਤਾਰ ਕਰਕੇ



ਅਤੇ ਸਖ਼ਤ ਸਜ਼ਾਵਾਂ ਦਿੱਤੀਆਂ ਜਾਣ ਅਤੇ ਉਸਦਾ ਖੋਹਿਆ ਮੋਟਰਸਾਈਕਲ ਤੇ ਹੋਰ ਸਾਮਾਨ ਬਰਾਮਦ ਕਰਕੇ ਇਸ ਐਫਆਈਆਰ 105/ 2025 'ਚ ਤੋੜੀ ਗਈ ਧਾਰਾ 303 ਮੁੜ ਬਹਾਲ ਕੀਤੀ ਜਾਵੇ। ਇਸ ਤਰ੍ਹਾਂ ਐੱਫ ਆਈ ਆਰ ਨੰਬਰ 128/ 2025 'ਚ ਨਾਮਜ਼ਦ ਬਲਾਤਕਾਰੀਆਂ ਨੂੰ ਤੁਰੰਤ ਗ੍ਰਿਫ਼ਤਾਰ ਕਰਕੇ ਕਰੜੀਆਂ ਤੋਂ ਕਰੜੀਆਂ ਸਜ਼ਾਵਾਂ ਦਿੱਤੀਆਂ ਜਾਣ! ਹੋਰਨਾਂ ਤੋਂ ਇਲਾਵਾ ਸਤਵਿੰਦਰ ਸਿੰਘ ਉਠੀਆਂ, ਬਲਕਾਰ ਸਿੰਘ ਜੋਸ਼ ਨੇ ਧਰਨੇ ਵਿੱਚ ਪੁਲਸ ਵਿਰੁੱਧ ਗੁੱਸਾ ਜ਼ਾਹਿਰ ਕਰਦਿਆਂ ਪੁਰਜ਼ੋਰ ਮੰਗ ਕੀਤੀ ਕਿ ਪਿੰਡ ਜੋਸ਼ ਦੇ ਜੱਗਜੀਤ ਸਿੰਘ ਤੇ ਹੋਰਨਾਂ ਵਿਰੁੱਧ ਬਣਾਇਆ ਸਰਾਸਰ ਝੂਠਾ ਮੁਕੱਦਮਾ ਨੰਬਰ 2/2023 ਝੂਠੇ ਕੇਸ ਨੂੰ ਰੱਦ ਕੀਤਾ ਜਾਵੇ ਅਤੇ ਭੌਂ ਤੇ ਰੇਤ ਮਾਫੀਆ ਦੇ ਮੁਕੱਦਮਾ ਨੰਬਰ 71/ 25 ਥਾਣਾ ਰਮਦਾਸ ਦੇ ਨਾਮਜ਼ਦ ਦੋਸ਼ੀਆਂ ਜਸਕਰਨ ਸਿੰਘ ਤੇ ਗੁਰਸ਼ਰਨ ਸਿੰਘ ਵਾਸੀ ਕਮੀਰਪੁਰ ਤੇ ਸੁਖਦੇਵ ਸਿੰਘ ਉਰਫ ਵੇਹਰੂ ਤੇ ਅਣਪਛਾਤੇ ਤਿੰਨ ਦੋਸ਼ੀਆਂ ਨੂੰ ਗ੍ਰਿਫ਼ਤਾਰ ਕਰਕੇ ਸਖ਼ਤ ਸਜ਼ਾਵਾਂ ਦਿੱਤੀਆਂ ਜਾਣ। ਧਰਨੇ ਵਿੱਚ ਸ਼ਾਮਿਲ ਸਮੂਹ ਆਗੂਆਂ ਨੇ ਅੱਗੇ ਦੱਸਿਆ ਕਿ ਪੀੜਿਤ ਲੜਕੀ ਹਰਮੇਸ਼ ਕੌਰ ਵਾਸੀ ਫੱਤੇਵਾਲ ਦੇ ਬਲਾਤਕਾਰੀਆਂ ਨੂੰ ਤੁਰੰਤ ਗ੍ਰਿਫ਼ਤਾਰ ਕੀਤਾ ਜਾਵੇ ਐੱਸ ਪੀ ਹੈੱਡਕੁਆਰਟਰ ਸਰਦਾਰ ਅਜੀਤਪਾਲ ਸਿੰਘ ਉਚੇਚੇ ਤੌਰ ਤੇ ਅਜਨਾਲਾ ਵਿਖੇ ਧਰਨਾ ਸਥਾਨ ਵਿੱਚ ਪਹੁੰਚੇ ਅਤੇ ਉਨਾਂ ਨੇ ਧਰਨਾਕਾਰੀ ਆਗੂਆਂ ਨਾਲ ਡਾ. ਸਤਨਾਮ ਸਿੰਘ ਅਜਨਾਲਾ, ਕੁਲਵੰਤ ਸਿੰਘ ਮੱਲੂਨੰਗਲ, ਜੱਗਾ ਸਿੰਘ ਡੱਲਾ, ਕਾਲਾ ਸਿੰਘ ਤੇ ਸ਼ਮਸ਼ੇਰ ਸਿੰਘ ਡੱਲਾ ਨਾਲ ਲੰਬੀ ਗੱਲਬਾਤ ਕਰਨ ਸਮੇਂ ਉਨਾਂ ਨੂੰ ਯਾਦ ਪੱਤਰ ਦੇ ਸਾਰੇ 13 ਕੇਸਾਂ ਉਪਰ ਵਿਸਥਾਰਪੂਰਵਕ ਬਹਿਸ ਕਰਦਿਆਂ ਬਹੁਤਿਆਂ ਕੇਸਾਂ ਨਾਲ ਸਬੰਧਤ ਐੱਸ ਐੱਚ ਓ ਹਰਚੰਦ ਸਿੰਘ ਨੂੰ ਉਦੇਸ਼ ਦਿੱਤੇ ਕਿ ਜੱਗਾ ਸਿੰਘ ਡੱਲਾ ਦੇ ਕੇਸ ਵਿੱਚ ਨਾਮਜ਼ਦ ਦੋਸ਼ੀਆਂ, ਬਲਾਤਕਾਰੀਆਂ ਤੇ ਹੋਰ ਸੰਗੀਨ ਜੁਰਮਾਂ ਵਿਚ ਲੋੜੀਂਦੇ ਮੁਜ਼ਰਮਾ ਨੂੰ ਤੁਰੰਤ ਗਿਰਫਤਾਰ ਕਰਨ ਦੇ ਉਦੇਸ਼ ਦਿੱਤੇ! ਐੱਸ ਪੀ ਹੈੱਡਕੁਆਰਟਰ ਸਰਦਾਰ ਅਜੀਤਪਾਲ ਸਿੰਘ ਨੇ ਬਾਕੀ ਕੇਸਾਂ ਵਿੱਚ ਵੀ ਆਗੂਆਂ ਨੂੰ ਪੂਰਾ ਪੂਰਾ ਯਕੀਨ ਦਿਵਾਇਆ ਕਿ ਸਬੰਧਿਤ ਦੋਸ਼ੀਆਂ ਨੂੰ ਗ੍ਰਿਫ਼ਤਾਰ ਕਰਕੇ ਛੇਤੀ ਤੋਂ ਛੇਤੀ ਇਨਸਾਫ ਦਿਵਾਇਆ ਜਾਵੇਗਾ।

# ਪੀ ਐੱਸ ਈ ਬੀ ਇੰਪਲਾਈਜ਼ ਫੈਡਰੇਸ਼ਨ ਏਟਕ ਜਥੇਬੰਦੀ ਦੀ ਚੋਣ

## * ਮਨਜਿੰਦਰ ਸਿੰਘ ਪ੍ਰਧਾਨ ਅਤੇ ਸਵਿੰਦਰ ਸਿੰਘ ਸਕੱਤਰ ਬਣੇ

ਤਰਨ ਤਾਰਨ (ਪ੍ਰਿਤਪਾਲ ਸਿੰਘ)-ਬਿਜਲੀ ਕਾਮਿਆਂ ਦੀ ਸਿਰਮੌਰ ਜਥੇਬੰਦੀ ਪੀਐੱਸਈਬੀ ਇੰਪਲਾਈਜ਼ ਫੈਡਰੇਸ਼ਨ ਏਟਕ ਪੰਜਾਬ ਦੇ ਸੂਬਾ ਪੱਧਰੀ ਫੈਸਲੇ ਤਹਿਤ ਪਾਵਰਕਾਮ ਦੀ ਸਬ-ਡਵੀਜ਼ਨ ਖਡੂਰ ਸਾਹਿਬ ਵਿਖੇ ਸਬ-ਡਵੀਜ਼ਨ ਦੀ ਚੋਣ ਕਰਨ ਲਈ ਭਰਵੀਂ ਇਕੱਤਰਤਾ ਮੇਜਰ ਸਿੰਘ ਨਾਗੋਕੇ ਦੀ ਪ੍ਰਧਾਨਗੀ ਹੇਠ ਹੋਈ ਜਿਸ ਵਿੱਚ ਜਥੇਬੰਦੀ ਦੇ ਸੂਬਾ ਪ੍ਰਧਾਨ ਗੁਰਪ੍ਰੀਤ ਸਿੰਘ ਗੰਡੀਵਿੰਡ, ਜ਼ੋਨ ਆਗੂ ਕੁਲਵਿੰਦਰ ਸਿੰਘ



ਬਾਗੜੀਆ, ਸਰਕਲ ਸਕੱਤਰ ਪੂਰਨ ਦਾਸ ਤੋਂ ਇਲਾਵਾ ਪਾਵਰਕਾਮ ਐਂਡ ਟ੍ਰਾਂਸਕੋ ਪੈਨਸ਼ਨਰਜ਼ ਯੂਨੀਅਨ ਪੰਜਾਬ (ਸਬੰਧਤ ਏਟਕ) ਦੇ ਸਰਕਲ ਆਗੂ ਤਰਸੇਮ ਸਿੰਘ ਨੇ ਸ਼ਮੂਲੀਅਤ ਕੀਤੀ।ਇਸ ਮੌਕੇ ਹਾਜ਼ਰੀਨ ਨੂੰ ਸੰਬੋਧਨ ਕਰਦਿਆਂ ਗੰਡੀਵਿੰਡ ਨੇ ਪੰਜਾਬ ਸਰਕਾਰ ਦੇ ਮੁਲਾਜ਼ਮ ਅਤੇ ਪੈਨਸ਼ਨਰ ਮਸਲਿਆਂ ਪ੍ਰਤੀ ਧਾਰਨ ਕੀਤੇ ਰੁੱਖੇ ਰਵੱਈਏ ਦੀ ਜ਼ੋਰਦਾਰ ਨਿੰਦਾ ਕਰਦੇ ਹੋਏ ਸਰਕਾਰ ਵੱਲੋਂ ਬਿਜਲੀ ਨਿਗਮ ਦੀਆਂ ਜਾਇਦਾਦਾਂ ਵੇਚਣ ਅਤੇ ਬਿਜਲੀ ਬਿੱਲ-2025 ਦੇ ਲੋਕ ਵਿਰੋਧੀ ਘਾਤਕ ਖਰੜੇ ਦੇ ਮਾਰੂ ਪ੍ਰਭਾਵਾਂ ਤੋਂ ਹਾਜ਼ਰੀਨ ਨੂੰ ਜਾਣੂ ਕਰਵਾ ਕੇ ਹਾਕਮਾਂ ਦੀਆਂ ਪੂੰਜੀਪਤੀਆਂ ਦੇ ਹਿੱਤ ਪੂਰਨ ਵਾਲੀਆਂ ਨੀਤੀਆਂ ਵਿਰੁੱਧ ਸੰਘਰਸ਼ਾਂ ਦੇ ਪਿੜ ਮੱਲਣ ਦਾ ਸੱਦਾ ਦਿੰਦੇ ਹੋਏ 16 ਨਵੰਬਰ ਨੂੰ ਮੁੱਖ ਮੰਤਰੀ ਦੇ ਹਲਕੇ ਧੂਰੀ ਵਿਖੇ ਪੰਜਾਬ ਮੁਲਾਜ਼ਮ ਅਤੇ ਪੈਨਸ਼ਨਰ ਸਾਂਝਾ ਫਰੰਟ ਦੇ ਸੱਦੇ ਤੇ ਕੀਤੀ ਜਾ ਰਹੀ ਮਹਾਂ ਰੈਲੀ ਵਿੱਚ ਵਹੀਰਾਂ ਘੱਤ ਕੇ ਪਹੁੰਚਣ ਦਾ ਸੱਦਾ ਦਿੱਤਾ।

ਇਸ ਮੌਕੇ ਬੁਲਾਰਿਆਂ ਨੇ 16 ਪ੍ਰਤੀਸ਼ਤ ਮਹਿਗਾਈ ਭੱਤਾ ਜਾਰੀ ਨਾ ਕਰਨ, ਪੁਰਾਣੀ ਪੈਨਸ਼ਨ ਸਕੀਮ ਲਾਗੂ ਨਾ ਕਰਨ ਸਮੇਤ ਕੱਚੇ ਕਾਮੇ ਪੱਕੇ ਨਾ ਕਰਨ ਲਈ ਪੰਜਾਬ ਸਰਕਾਰ ਦਾ ਜ਼ੋਰਦਾਰ ਪਿੱਟ ਸਿਆਪਾ ਕੀਤਾ ਅਖੀਰ 'ਤੇ ਸਬ ਡਵੀਜ਼ਨ ਪ੍ਰਧਾਨ ਤਰਜੀਤ ਸਿੰਘ ਨਾਗੋਕੇ ਵੱਲੋਂ ਪੁਰਾਣੀ ਸਬ ਡਵੀਜ਼ਨ ਕਮੇਟੀ ਭੰਗ ਕਰਨ ਉਪਰੰਤ ਸਰਕਲ ਸਕੱਤਰ ਪੂਰਨ ਦਾਸ ਨੇ ਸੱਤ ਮੈਂਬਰੀ ਨਵੀਂ ਕਮੇਟੀ ਦਾ ਪੈਨਲ ਹਾਜ਼ਰੀਨ ਸਾਹਮਣੇ ਰੱਖਿਆ। ਜਿਸ ਵਿੱਚ ਪ੍ਰਧਾਨ ਮਨਜਿੰਦਰ ਸਿੰਘ ਵੈਰੋਵਾਲ, ਸੀਨੀ :ਮੀਤ ਪ੍ਰਧਾਨ ਭੁਪਿੰਦਰ ਸਿੰਘ ਸਰਪੰਚ, ਮੀਤ ਪ੍ਰਧਾਨ ਭੁਪਿੰਦਰ ਸਿੰਘ ਮੁਰਾਦਪੁਰ, ਸਕੱਤਰ ਸਵਿੰਦਰ ਸਿੰਘ ਵੈਰੋਵਾਲ, ਖਜਾਨਚੀ ਬਲਜੀਤ ਸਿੰਘ ਹੋਠੀਆਂ, ਸਹਾਇਕ ਖਜਾਨਚੀ ਜਗਦੀਪ ਸਿੰਘ ਅਤੇ ਜਥੇਬੰਦਕ ਸਕੱਤਰ ਦਲਜੀਤ ਸਿੰਘ ਦੇ ਨਾਂਅ ਅਹੁਦੇਦਾਰਾਂ ਦੇ ਰੂਪ ਵਿੱਚ ਹਾਜ਼ਰੀਨ ਦੇ ਸਨਮੁਖ ਪੇਸ਼ ਕੀਤੇ ਜਿਨ੍ਹਾਂ ਨੂੰ ਸਾਥੀਆਂ ਨੇ ਨਾਅਰਿਆਂ ਦੀ ਗੂੰਜ ਵਿੱਚ ਪ੍ਰਵਾਨ ਕੀਤਾ।

ਨਵੀਂ ਚੁਣੀ ਕਮੇਟੀ ਦੇ ਪ੍ਰਧਾਨ ਮਨਜਿੰਦਰ ਸਿੰਘ ਨੇ ਪੂਰੀ ਕਮੇਟੀ ਦੀ ਤਰਫੋਂ ਜਥੇਬੰਦੀ ਦਾ ਕੰਮ ਵੱਧ ਚੜ੍ਹ ਕੇ ਕਰਨ ਦਾ ਲੀਡਰਸ਼ਿਪ ਨੂੰ ਭਰੋਸਾ ਦਿਵਾਇਆ।ਇਸ ਮੌਕੇ ਸ਼ੰਗਾਰਾ ਸਿੰਘ ਰਾਮਪੁਰੀਆ, ਮਨਜੀਤ ਸਿੰਘ ਖੇਲਾ, ਗੁਰਪਾਲ ਸਿੰਘ ਬਿੱਲੂ ਆਦਿ ਨੇ ਵੀ ਵਿਚਾਰ ਪੇਸ਼ ਕੀਤੇ।

# ਗੁ. ਬਾਬਾ ਰਾਜਾ ਰਾਮ ਤੋਂ ਨਗਰ ਕੀਰਤਨ ਅਗਲੇ ਪੜਾਅ ਸ੍ਰੀ ਅਨੰਦਪੁਰ ਸਾਹਿਬ ਲਈ ਰਵਾਨਾ

ਕਾਦੀਆਂ (ਯਾਦਵਿੰਦਰ ਸਿੰਘ ਮਲਹੋਤਰਾ)-ਨੌਵੇਂ ਪਾਤਸ਼ਾਹ ਸ੍ਰੀ ਗੁਰੂ ਤੇਗ ਬਹਾਦਰ ਸਾਹਿਬ ਜੀ ਭਾਈ ਮਤੀ ਦਾਸ ਜੀ ਭਾਈ ਸਤੀ ਦਾਸ ਜੀ ਅਤੇ ਭਾਈ ਦਿਆਲਾ ਜੀ ਅਤੇ 350 ਸਾਲਾ ਸ਼ਤਾਬਦੀ ਅਤੇ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦੇ 350 ਸਾਲਾ ਗੁਰਿਆਈ ਦਿਵਸ ਨੂੰ ਸਮਰਪਿਤ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਹਜ਼ੂਰੀ ਹੇਠ ਅਤੇ ਬਾਬਾ ਬਲਵਿੰਦਰ ਸਿੰਘ ਅਗਵਾਈ ਹੇਠ ਗੁਰਦੁਆਰਾ ਬਾਬਾ ਰਾਜਾ ਰਾਮ ਤੋਂ ਇੱਕ ਵਿਸ਼ਾਲ ਨਗਰ ਕੀਰਤਨ ਹਰਚੋਵਾਲ ਤੋਂ ਅਨੰਦਪੁਰ ਸਾਹਿਬ ਲਈ ਰਵਾਨਾ ਹੋਇਆ।ਇਹ ਨਗਰ ਕੀਰਤਨ ਹਰਚੋਵਾਲ ਤੋਂ ਲਾਈਟਾਂ ਵਾਲਾ ਚੌਕ, ਪੁਲ ਪੁਖਤਾ, ਟਾਂਡਾ ਔੜਾ, ਜਲੰਧਰ ਰੋਡ ਤੋਂ ਹੁਸ਼ਿਆਰਪੁਰ ਸ਼ਹਿਰ ਦੇ ਅੰਦਰ ਕਚਹਿਰੀ ਚੌਕ ਤੋਂ ਹੁੰਦਾ ਹੋਇਆ ਦੁਧਹਿਰ ਦਾ ਵਿਸ਼ਰਾਮ ਗੁਰਦੁਆਰਾ ਸਾਹਿਬ ਖੱਡਿਆਲਾ ਸੈਣੀਆਂ, ਅਤੇ ਫਿਰ ਗੜ੍ਹਸ਼ੰਕਰ ਰੋਡ ਮਾਹਲਪੁਰ ਤੋਂ ਤਖ਼ਤ ਸ੍ਰੀ ਕੇਸਗੜ੍ਹ ਸਾਹਿਬ ਸ੍ਰੀ ਅਨੰਦਪੁਰ ਸਾਹਿਬ ਤੋਂ ਹੁੰਦਾ ਹੋਇਆ ਗੁਰਦੁਆਰਾ ਸੀਸਗੰਜ ਸਾਹਿਬ ਸ੍ਰੀ ਅਨੰਦਪੁਰ ਸਾਹਿਬ ਰੋਪੜ ਵਿਖੇ ਸ਼ਾਮ ਨੂੰ ਸੰਪਨ ਹੋਵੇਗਾ।ਇਸ ਮੌਕੇ ਸ੍ਰੀ ਹਰਗੋਬਿੰਦਪੁਰ ਸਾਹਿਬ ਤੋਂ ਸਮਾਜਸੇਵੀ ਹਰਵਿੰਦਰਪਾਲ ਸਿੰਘ ਸਾਬਕਾ ਪ੍ਰਧਾਨ ਐੱਸ ਸੀ ਵਿੰਗ ਪੰਜਾਬ, ਵਿਧਾਇਕ ਐਡਵੋਕੇਟ ਅਮਰਪਾਲ ਸਿੰਘ, ਹਲਕਾ ਇੰਚਾਰਜ ਰਾਜਨਬੀਰ ਸਿੰਘ ਘੁਮਾਣ, ਡਾਕਟਰ ਕੇ ਜੇ ਸਿੰਘ ਆਪ ਪਾਰਟੀ ਸੀਨੀਅਰ ਆਗੂ, ਸਰਪੰਚ ਕੈਪਟਨ ਧਰਮਿੰਦਰ ਸਿੰਘ ਹਰਚੋਵਾਲ ਵੱਲੋਂ ਪੰਜ ਪਿਆਰਿਆਂ ਨੂੰ ਸਿਰੋਪਾਓ ਦੇ ਕੇ ਸਨਮਾਨਿਤ ਕੀਤਾ ਗਿਆ।ਇਸ ਮੌਕੇ ਵੱਡੀ ਗਿਣਤੀ ਵਿਚ ਸੰਗਤਾਂ ਆਪਣੀ ਬੱਸਾਂ ਗੱਡੀਆਂ ਰਾਹੀਂ ਨਗਰ ਕੀਰਤਨ ਵਿੱਚ ਸ਼ਾਮਿਲ ਹੋਈਆਂ।ਇਸ ਮੌਕੇ ਸਮਾਜਸੇਵੀ ਹਰਵਿੰਦਰਪਾਲ ਸਿੰਘ ਅਤੇ ਸਵਰਗਵਾਸੀ ਪਰਮਾ ਨੰਦ ਸ਼ਰਮਾ ਦੇ ਪਰਵਾਰ ਮੰਗਤ ਰਾਮ ਸ਼ਰਮਾ ਵੱਲੋਂ ਬੱਸਾਂ ਖੜ੍ਹੀਆਂ ਗਈਆਂ।ਇਸ ਮੌਕੇ ਸਾਬਕਾ ਡਾਇਰੈਕਟਰ ਮਾਰਕੀਟ ਕਮੇਟੀ ਬਟਾਲਾ ਮੁਖਵੰਤ ਸਿੰਘ ਕਾਹਲੋਂ, ਪ੍ਰੋ ਬਲਜੀਤ ਸਿੰਘ, ਬਿਕਰਮਜੀਤ ਸਿੰਘ ਕਾਹਲੋਂ, ਸੁਭਪ੍ਰੀਤ ਸਿੰਘ ਕਾਹਲੋਂ, ਸਿਮਰਜੀਤ ਸਿੰਘ ਰਿੰਕੂ, ਮਾਸਟਰ ਮਨਪ੍ਰੀਤ ਸਿੰਘ ਕਾਹਲੋਂ, ਬਲਰਾਜ ਸਿੰਘ ਰਿਆੜ, ਸੈਕਟਰੀ ਹਰਪ੍ਰੀਤ ਸਿੰਘ, ਸੈਕਟਰੀ ਸੁਖਚੈਨ ਸਿੰਘ, ਯੂਥ ਪ੍ਰਧਾਨ ਹਰਮਨਦੀਪ



ਸਿੰਘ ਰਿਆੜ, ਐਡਵੋਕੇਟ ਗੁਰੇਵ ਕਾਲੀਆਂ, ਤਵਿੰਦਰ ਸਿੰਘ ਰਿਆੜ, ਮਾਸਟਰ ਸੁਖਵਿੰਦਰ ਸਿੰਘ ਰਿਆੜ, ਬੱਗੋ ਹਰਚੋਵਾਲ, ਮਾਸਟਰ ਕੁਲਵਿੰਦਰ ਸਿੰਘ, ਕਰਮ ਸਿੰਘ ਮੈਂਬਰ ਪੰਚਾਇਤ, ਸੈਕਟਰੀ ਸੁਖਚੇਨ ਸਿੰਘ, ਹੀਰਾ ਸਿੰਘ, ਕੁਲਵਿੰਦਰ ਸਿੰਘ ਮੰਜਿਆ ਵਾਲਾ, ਗੁਰਮੁੱਖ ਸਿੰਘ ਕਾਲਾ, ਦਮਨਦੀਪ ਸਿੰਘ ਜੋਬਨਜੀਤ ਸਿੰਘ, ਜਗੀਰ ਸਿੰਘ, ਗੁਰਦੇਵ ਸਿੰਘ ਸੰਨੀ, ਜਤਿੰਦਰ ਬਬਨ ਸਿੰਘ, ਹਰਜੀਤ ਕੌਰ, ਸ਼ਰਨਜੀਤ ਕੌਰ, ਪਰਮਜੀਤ ਕੌਰ, ਸੰਦੀਪ ਕੌਰ, ਸੁੱਚਾ ਸਿੰਘ, ਕੁਲਵੰਤ ਸਿੰਘ ਮਨੀਮ, ਸੁਖਬੀਰ ਸਿੰਘ, ਸਰਵਨ ਸਿੰਘ, ਹਰਭਾਲ ਸਿੰਘ, ਕਰਨਬੀਰ ਸਿੰਘ ਐਗਰੀਕਲਚਰ, ਬਲਰਾਜ ਸਿੰਘ, ਕੁੰਵਰਪ੍ਰਤਾਪ ਸਿੰਘ, ਗੁਰਜੀਤ ਕੌਰ ਬਚਿੱਤਰ ਸਿੰਘ, ਮਿੱਤਰ ਸਿੰਘ ਮੈਂਬਰ, ਦਲੇਰ ਸਿੰਘ ਸੈਕਟਰੀ, ਹਰਭਜਨ ਸਿੰਘ ਸੂਬੇਦਾਰ, ਚਮਕੌਰ ਸਿੰਘ, ਸਿਕੰਦਰ ਸਿੰਘ, ਬਿੱਕਰ ਸਿੰਘ, ਜੋਬਨ ਦੁੱਬਈ, ਸੁਖਮਨਜੀਤ ਸਿੰਘ ਨਿਊਜ਼ੀਲੈਂਡ ਅਵਤਾਰ ਸਿੰਘ ਬਿੱਟੂ, ਰਾਜਤਿੰਦਰ ਸਿੰਘ ਭਾਟੀਆ, ਰਾਜੀਵ ਕੁਮਾਰ ਮੈਂਬਰ, ਸੰਜੀਤ ਸੋਨੂੰ ਬ੍ਰਾਹਮਣ, ਪਾਲ ਸਿੰਘ ਹਰਜੋਤ ਸਿੰਘ ਆਦਿ ਹਾਜ਼ਰ ਸਨ।

# ਸੰਧੂ ਦੀ ਜਿੱਤ ਨੇ '27 'ਚ ਮੁੜ ਆਪ ਦੀ ਹੀ ਸਰਕਾਰ ਬਣਨ ਦਾ ਮੁੱਢ ਬੰਨ੍ਹਿਆ: ਗਿੱਲ

ਅਜਨਾਲਾ (ਸੁੱਖਤਿੰਦਰ ਸਿੰਘ ਰਾਜੂ)-ਤਰਨ ਤਾਰਨ ਦੀ ਜ਼ਿਮਨੀ ਚੋਣ ਵਿੱਚ ਆਮ ਆਦਮੀ ਪਾਰਟੀ ਦੀ ਹੋਈ ਇਤਿਹਾਸਿਕ ਜਿੱਤ ਨਾਲ ਜਿੱਥੇ ਵਿਰੋਧੀਆਂ ਦੀ ਕਰਾਰੀ ਹਾਰ ਹੋਈ ਹੈ ਉੱਥੇ ਇਸ ਜਿੱਤ ਨੇ 2027 'ਚ ਮੁੜ ਤੋਂ ਆਮ ਆਦਮੀ ਪਾਰਟੀ ਦੀ ਸਰਕਾਰ ਬਣਨ ਦਾ ਮੁੱਢ ਬੰਨ੍ਹ ਦਿੱਤਾ ਹੈ। ਇਨ੍ਹਾਂ ਸ਼ਬਦਾਂ ਦਾ ਪ੍ਰਗਟਾਵਾ ਆਮ ਆਦਮੀ ਪਾਰਟੀ ਦੇ ਫਾਊਂਡਰ ਮੈਂਬਰ ਗੁਰਜੰਟ ਸਿੰਘ ਗਿੱਲ ਨੇ ਸਾਥੀਆਂ ਸਮੇਤ ਗੱਲਬਾਤ ਦੌਰਾਨ ਕੀਤਾ। ਉਨ੍ਹਾਂ ਕਿਹਾ ਕਿ ਤਰਨ ਤਾਰਨ ਦੇ ਲੋਕਾਂ ਨੇ ਆਮ ਆਦਮੀ ਪਾਰਟੀ ਦੀ ਸਰਕਾਰ ਦੌਰਾਨ ਪੰਜਾਬ ਦੇ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਵੱਲੋਂ ਕੀਤੇ ਕੰਮਾਂ ਤੇ ਮੋਹਰ ਲਾ ਕੇ ਇਹ ਸਾਬਿਤ ਕਰ ਦਿੱਤਾ ਹੈ ਕਿ ਪੰਜਾਬ ਦੇ ਲੋਕ ਆਮ ਆਦਮੀ ਪਾਰਟੀ ਨਾਲ ਚਟਾਨ ਵਾਂਗ ਖੜੇ ਹਨ ਅਤੇ ਉਹ ਆਮ ਆਦਮੀ ਪਾਰਟੀ ਦੀਆਂ ਨੀਤੀਆਂ ਤੋਂ ਪੂਰੀ ਤਰ੍ਹਾਂ ਖੁਸ਼ ਹਨ।ਉਨ੍ਹਾਂ ਕਿਹਾ ਕਿ ਆਮ ਆਦਮੀ ਪਾਰਟੀ ਦੀ ਸਰਕਾਰ ਵਲੋ ਪਿਛਲੇ ਸਾਢੇ ਤਿੰਨ ਸਾਲਾਂ ਦੇ ਕਾਰਜਕਾਲ ਦੌਰਾਨ ਲੈ ਕੇ ਇਤਿਹਾਸਿਕ ਫੈਸਲਿਆਂ ਨੇ ਪੰਜਾਬ ਨੂੰ ਮੁੜ ਤੋਂ ਲੀਹਾਂ ਤੇ



ਲਿਆ ਕੇ ਖੜਾ ਕਰ ਦਿੱਤਾ ਹੈ ਤੇ ਪੰਜਾਬ ਹੁਣ ਹਰ ਪਾਸਿਓਂ ਖੁਸ਼ਹਾਲੀ ਦੇ ਰਾਹ ਤੇ ਚੱਲ ਪਿਆ ਹੈ।ਉਨ੍ਹਾਂ ਅੱਗੇ ਕਿਹਾ ਕਿ ਤਰਨ ਤਾਰਨ ਦੀ ਇਸ ਜ਼ਿਮਨੀ ਚੋਣ ਨੇ ਵਿਰੋਧੀ ਪਾਰਟੀਆਂ ਨੂੰ ਸ਼ੀਸ਼ਾ ਵਿਖਾ ਦਿੱਤਾ ਕਿ ਲੋਕ ਹੁਣ ਤੁਹਾਡੀਆਂ ਝੂਠੀਆਂ ਗੱਲਾਂ ਵਿੱਚ ਆਉਣ ਵਾਲੇ ਨਹੀਂ, ਲੋਕ ਪੰਜਾਬ ਦਾ ਵਿਕਾਸ ਤੇ ਖੁਸ਼ਹਾਲੀ ਚਾਹੁੰਦੇ ਹਨ ਜਿਹੜੀ ਕਿ ਸਿਰਫ ਤੇ ਸਿਰਫ ਆਮ ਆਦਮੀ ਪਾਰਟੀ ਹੀ ਕਰ ਸਕਦੀ ਹੈ।ਇਸ ਮੌਕੇ ਬਲਾਕ ਪ੍ਰਭਾਰੀ ਗੁਰਸ਼ਰਨਪ੍ਰੀਤ ਸਿੰਘ ਸੰਧੂ ਮਾਨਾਵਾਲਾ ਅਤੇ ਰਾਜਾਸਾਂਸੀ ਹਲਕੇ ਦਾ ਮੀਡੀਆ ਕੋਆਰਡੀਨੇਟਰ ਸ਼ਿਵ ਕੁਮਾਰ ਚੁਗਾਵਾਂ ਆਦ ਹਾਜ਼ਰ ਸਨ।

# ਤਰਨ ਤਾਰਨ ਜ਼ਿਮਨੀ ਚੋਣ 'ਚ ਆਪ ਦੀ ਜਿੱਤ ਵਿਕਾਸ ਦੇ ਕੰਮਾਂ ਦੀ ਜਿੱਤ : ਸ਼ੈਰੀ ਕਲਸੀ

ਬਟਾਲਾ, (ਤਰਲੋਕ ਬੱਗਾ, ਡਾ. ਮਲਵਿੰਦਰ ਸਿੰਘ)-ਆਪ ਪਾਰਟੀ ਦੇ ਸੁਪਰੀਮੋ ਅਰਵਿੰਦ ਕੇਜਰੀਵਾਲ ਅਤੇ ਪੰਜਾਬ ਦੇ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਵਲੋਂ ਲੋਕਹਿੱਤ ਵਿੱਚ ਲਏ ਗਏ ਇਤਿਹਾਸਕ ਫੈਸਲਿਆਂ ਅਤੇ ਵਿਕਾਸ ਕੰਮਾਂ 'ਤੇ ਤਰਨਤਾਰਨ ਵਾਸੀਆਂ ਨੇ ਜਿੱਤ ਦੀ ਮੋਹਰ ਲਾਈ ਹੈ ਅਤੇ ਪਾਰਟੀ ਉਮੀਦਵਾਰ ਹਰਮੀਤ ਸਿੰਘ ਸੰਧੂ ਦੀ ਇਤਿਹਾਸਕ ਅਤੇ ਸ਼ਾਨਦਾਰ ਜਿੱਤ ਹੋਈ ਹੈ।ਇਹ ਪ੍ਰਗਟਾਵਾ ਕਰਦਿਆਂ ਪੰਜਾਬ ਦੇ ਕਾਰਜਕਾਰੀ ਪ੍ਰਧਾਨ ਅਤੇ ਬਟਾਲਾ ਦੇ ਨੌਜਵਾਨ ਵਿਧਾਇਕ ਅਮਨਸ਼ੇਰ ਸਿੰਘ ਸ਼ੈਰੀ ਕਲਸੀ ਨੇ ਕਿਹਾ ਕਿ ਤਰਨਤਾਰਨ ਜ਼ਿਮਨੀ ਚੋਣ ਵਿੱਚ ਆਪ ਪਾਰਟੀ ਦੇ ਉਮੀਦਵਾਰ ਦੀ ਜਿੱਤ ਨੇ 2027 ਵਿੱਚ ਹੋਣ ਵਾਲੀਆਂ ਚੋਣਾਂ ਲਈ ਆਪ ਪਾਰਟੀ ਦਾ ਮੁੱਢ ਬੰਨ੍ਹ ਦਿੱਤਾ ਹੈ ਤੇ ਲੋਕਾਂ ਨੇ ਦੱਸ ਦਿੱਤਾ ਹੈ ਕਿ ਉਹ ਆਪ ਪਾਰਟੀ ਦੇ ਨਾਲ ਡੱਟ ਕੇ ਖੜੇ ਹਨ।ਵਿਧਾਇਕ ਸ਼ੈਰੀ ਕਲਸੀ ਨੇ ਦੱਸਿਆ ਕਿ ਉਨ੍ਹਾਂ ਦੀ ਡਿਊਟੀ ਪਾਰਟੀ ਹਾਈਕਮਾਂਡ ਵਲੋਂ ਤਰਨਤਾਰਨ ਜ਼ਿਮਨੀ ਚੋਣ ਵਿੱਚ ਪਾਰਟੀ ਦੇ ਉਮੀਦਵਾਰ ਦੇ ਹੱਕ ਵਿੱਚ ਚੋਣ ਪ੍ਰਚਾਰ ਲਈ ਲਗਾਈ ਗਈ ਸੀ ਤੇ ਉਨ੍ਹਾਂ ਵੇਖਿਆ ਕਿ ਤਰਨਤਾਰਨ ਵਾਸੀਆਂ ਵਲੋਂ ਆਪ ਪਾਰਟੀ ਵਲੋਂ ਸਾਢੇ ਤਿੰਨ ਸਾਲ ਦੀ ਕਾਰਗੁਜ਼ਾਰੀ ਤੇ ਪਿਛਲੀਆਂ ਪਾਰਟੀਆਂ ਦੀ ਸਾਲਾਂਬੱਧੀ ਕਾਰਗੁਜ਼ਾਰੀ ਦਾ ਮੁਲਾਂਕਣ ਕੀਤਾ ਗਿਆ, ਜਿਸ ਵਿੱਚ ਆਪ ਪਾਰਟੀ ਵਲੋਂ ਕੀਤੇ ਗਏ ਕੰਮ ਭਾਰੀ ਪਏ ਤੇ ਲੋਕਾਂ ਆਮ ਆਦਮੀ ਪਾਰਟੀ ਦੇ ਪੱਖ ਵਿੱਚ ਆਪਣਾ ਫੈਸਲਾ ਸੁਣਾਇਆ ਹੈ।ਵਿਧਾਇਕ ਸ਼ੈਰੀ ਕਲਸੀ ਨੇ ਦੱਸਿਆ ਕਿ ਪੰਜਾਬ ਸਰਕਾਰ ਵਲੋਂ ਹਰੇਕ ਵਰਗ ਦੇ ਲੋਕਾਂ ਲਈ 600 ਯੂਨਿਟ ਬਿਜਲੀ ਮਾਫ ਕੀਤੀ ਗਈ, ਆਮ ਆਦਮੀ ਕਲੀਨਿਕ ਖੋਲ੍ਹੇ, ਸਕੂਲ ਆਫ ਐਮੀਨੈਂਸ ਖੋਲ੍ਹੇ, ਅਧਿਆਪਕਾ ਦਾ ਵਿਦੇਸ਼ੀ ਟੂਰ, ਮੈਰਿਟ ਤੇ ਪਾਰਦਰਸ਼ੀ ਦੇ ਆਧਾਰ ਤੇ ਸਰਕਾਰੀ ਨੌਕਰੀਆਂ ਦਿੱਤੀਆਂ, ਹੜਾਂ ਕਾਰਨ ਪ੍ਰਭਾਵਿਤ ਫਸਲ ਦਾ ਤੁਰੰਤ ਮੁਆਵਜ਼ਾ, ਭ੍ਰਿਸ਼ਟਾਚਾਰ ਵਿਰੁੱਧ ਜ਼ੀਰੋ ਟਾਲਰੈਂਸ, ਅਪਰਾਧੀਆਂ ਤੇ ਗੈਂਗਸਟਰ ਵਿਰੁੱਧ ਸਖਤ ਕਾਰਵਾਈ, ਮਿਆਦ ਪੁਗਾ ਚੁੱਕੇ ਟੋਲ ਪਲਾਜ਼ਾ ਬੰਦ ਕੀਤੇ, ਨੌਜਵਾਨਾਂ ਨੂੰ ਖੇਡਾਂ ਵੱਲ ਪ੍ਰੇਰਿਤ ਕਰਨ ਲਈ 'ਖੇਡਾਂ ਵਤਨ ਪੰਜਾਬ' ਦੀਆਂ ਕਰਵਾਈਆਂ, ਸ਼ਹੀਦਾਂ ਦੇ ਪਰਿਵਾਰਕ ਮੈਂਬਰਾਂ ਨੂੰ 1 ਕਰੋੜ ਰੁਪਏ ਦੀ ਮਾਲੀ ਸਹਾਇਤਾ, ਕਿਸਾਨਾਂ ਨੂੰ ਸਹਾਇਕ ਕਿੱਤਿਆਂ ਤੇ ਫਸਲੀ ਵਿਭਿੰਨਤਾ ਵੱਲ ਉਤਸ਼ਾਹਤ ਕੀਤਾ, ਕਣਕ ਤੇ ਝੋਨੇ ਦੀ ਫਸਲ ਦੀ ਨਿਰਵਿਘਨ ਖਰੀਦ, ਚੁਕਾਈ ਤੇ ਅਦਾਇਗੀ ਕੀਤੀ, ਖੇਤੀਬਾੜੀ ਨੀਤੀ ਬਣਾਉਣ ਲਈ ਕਿਸਾਨਾਂ ਨਾਲ ਮਿਲਣੀ ਕੀਤੀ, ਲੋਕਾਂ ਦੇ ਘਰਾਂ ਤੱਕ ਪਹੁੰਚ ਕਰਕੇ ਉਨਾਂ ਦੇ ਦੁੱਖ ਤਕਲੀਫਾਂ ਦੂਰ ਕਰਨੀਆਂ ਅਤੇ ਇਸ ਤਰ੍ਹਾਂ ਦੇ ਹੋਰ ਲੋਕ ਹਿੱਤ ਲਈ ਲਏ ਫੈਸਲੇ ਕੀਤੇ ਨੇ ਆਮ ਆਦਮੀ ਪਾਰਟੀ ਨੂੰ ਦੂਜੀਆਂ ਰਵਾਇਤੀ ਪਾਰਟੀਆਂ ਤੋਂ ਵੱਖ ਕੀਤਾ ਹੈ ਜਿਸ ਸਦਕਾ ਤਰਨਤਾਰਨ ਜ਼ਿਮਨੀ ਵਿੱਚ ਆਪ ਪਾਰਟੀ ਨੇ ਸੀਟ ਜਿੱਤ ਕੇ ਇਤਿਹਾਸ ਰਚਿਆ ਹੈ।ਉਨ੍ਹਾਂ ਤਰਨਤਾਰਨ ਦੇ ਵੋਟਰਾਂ ਦਾ ਧੰਨਵਾਦ ਕਰਦਿਆਂ ਕਿਹਾ ਕਿ ਪੰਜਾਬ ਸਰਕਾਰ ਲੋਕਪੱਖੀ ਫੈਸਲੇ ਤੇ ਸੂਬੇ ਨੂੰ ਵਿਕਾਸ ਪੱਖੋਂ ਬੁਲੰਦੀਆਂ 'ਤੇ ਲਿਜਾਣ ਲਈ ਦ੍ਰਿੜ੍ਹ ਸੰਕਲਪ ਤੇ ਵਚਨਬੱਧ ਹੈ।

# ਬਿਹਾਰ 'ਚ ਭਾਜਪਾ-ਐੱਨ ਡੀ ਏ ਗਠਜੋੜ ਨੂੰ ਇਤਿਹਾਸਕ ਜਿੱਤ ਮਿਲੀ : ਚੁੱਘ

ਛੇਹਰਟਾ, (ਮਨੋਜ ਕੁਮਾਰ)-ਭਾਜਪਾ ਵਰਕਰਾਂ ਨੇ ਬਿਹਾਰ ਵਿਚ ਐੱਨਡੀਏ ਦੀ ਇਤਿਹਾਸਕ ਜਿੱਤ ਤੇ ਜੰਮੂ-ਕਸ਼ਮੀਰ ਵਿਚ ਨਗਰੋਟਾ ਉਪ-ਚੋਣ ਵਿਚ ਸ਼ਾਨਦਾਰ ਜਿੱਤ ਦਾ ਅੰਮ੍ਰਿਤਸਰ ਵਿਚ ਪਾਰਟੀ ਦੇ ਰਾਸ਼ਟਰੀ ਜਨਰਲ ਸਕੱਤਰ ਤਰੁਣ ਚੁੱਘ ਦੇ ਲਾਹੌਰੀ ਗੇਟ ਦਫ਼ਤਰ ਵਿਚ ਮਨਾਇਆ। ਵਰਕਰਾਂ ਨੇ ਢੋਲ ਤੇ ਮਠਿਆਈਆਂ ਨਾਲ ਜਿੱਤ ਦੀ ਖ਼ੁਸ਼ੀ ਮਨਾਈ। ਤਰੁਣ ਚੁੱਘ ਨੇ



ਕਿਹਾ ਕਿ ਬਿਹਾਰ ਤੇ ਜੰਮੂ-ਕਸ਼ਮੀਰ ਦਾ ਇਹ ਫ਼ਤਵਾ ਸਿਰਫ਼ ਰਾਜਾਂ ਦੀ ਰਾਜਨੀਤੀ ਤਕ ਸੀਮਤ ਨਹੀਂ ਹੈ, ਸਗੋਂ ਇਹ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਦੀ ਅਗਵਾਈ ਹੇਠ ਪਿਛਲੇ 11 ਸਾਲਾਂ ਵਿਚ ਪੂਰੇ ਦੇਸ਼ ਦੇ ਬਦਲਦੇ ਸਿਆਸੀ ਤੇ ਸਮਾਜਿਕ ਸਰੂਪ ਦਾ ਪ੍ਰਤੀਕ ਹੈ। ਇਹ ਦਰਸਾਉਂਦਾ ਹੈ ਕਿ ਅੱਜ ਦੇਸ਼ ਦਾ ਹਰ ਨਾਗਰਿਕ ਵਿਕਾਸ, ਸਥਿਰਤਾ ਤੇ ਪਾਰਦਰਸ਼ਤਾ ਨੂੰ ਪਹਿਲ ਦਿੰਦਾ ਹੈ।

ਚੁੱਘ ਨੇ ਪ੍ਰਧਾਨ ਮੰਤਰੀ ਨਰਿੰਦਰ ਮੋਦੀ, ਮੁੱਖ ਮੰਤਰੀ ਨਿਤੀਸ਼ ਕੁਮਾਰ, ਐੱਨਡੀਏ ਦੇ ਸਾਰੇ ਨੇਤਾਵਾਂ ਤੇ ਬੂਥ ਪੱਧਰ ਤੋਂ ਲੈ ਕੇ ਬਿਹਾਰ ਦੇ ਹਰ ਭਾਜਪਾ ਵਰਕਰ ਨੂੰ ਦਿਲੋਂ ਵਧਾਈ ਦਿੱਤੀ, ਜਿਨ੍ਹਾਂ ਨੇ ਦਿਨ-ਰਾਤ ਇਸ ਜਿੱਤ ਲਈ ਮਿਹਨਤ ਕੀਤੀ। ਇਸ ਮੌਕੇ ਭਾਜਪਾ ਦੇ ਵਾਰਡ ਨੰ. 68 ਦੇ ਕੌਂਸਲਰ ਵਿਕਾਸ ਗਿੱਲ, ਭਾਜਪਾ ਦੇ ਜ਼ਿਲ੍ਹਾ ਮੀਤ ਪ੍ਰਧਾਨ ਚੰਦਰ ਸ਼ੇਖਰ ਸ਼ਰਮਾ, ਸਰਬਜੀਤ ਸਿੰਘ ਸ਼ੰਟੀ, ਲਵਿੰਦਰ ਬੰਟੀ, ਰਾਜੇਸ਼ ਮਹਿਤਾ, ਤਰੁਣ ਅਰੋੜਾ, ਵਿਸ਼ਾਲ ਸ਼ੂਰ, ਗੌਤਮ ਉਮਟ, ਪ੍ਰਦੀਪ ਖੰਨਾ, ਯੁਵਾ ਮੋਰਚਾ ਦੇ ਸਕੱਤਰ ਸੰਜੀਵ ਸ਼ਰਮਾ, ਸੰਜੀਵ ਅਰੋੜਾ, ਅਰੁਣ ਖੰਨਾ, ਹਰਸ਼ ਖੰਨਾ, ਰਾਜੇਸ਼ ਬੰਟੂ, ਇੰਦਰਜੀਤ ਆਰੀਆ, ਪ੍ਰਦੀਪ ਵਰਮਾ, ਰੋਹਿਤ ਭੋਲੂ, ਸੰਜੇ ਖੰਨਾ, ਵਰੁਣ ਅਗਰਵਾਲ, ਹਰੀਸ਼ ਮਹਾਜਨ, ਰਿੰਕੂ, ਅੰਸ਼ੁਲ ਖੰਨਾ, ਅੰਕੁਸ਼ ਖੰਨਾ, ਅੰਕਿਤ ਖੰਨਾ, ਕਾਰਤਿਕ ਮਹਾਜਨ, ਰਾਹੁਲ ਹਰਿੰਦਰ ਕੁਮਾਰ, ਅਮਿਤ ਕੁਮਾਰ ਆਦਿ ਹਾਜ਼ਰ ਸਨ।

# ਫੋਰਟਿਸ ਅੰਮ੍ਰਿਤਸਰ 'ਚ ਪਹਿਲੀ ਵਾਰ ਐਡਵਾਂਸਡ ਐਂਟਰੋਸਕੋਪੀ ਦੀ ਸ਼ੁਰੂਆਤ

ਅੰਮ੍ਰਿਤਸਰ : ਫੋਰਟਿਸ ਐਸਕਾਰਟਸ ਹਸਪਤਾਲ, ਅੰਮ੍ਰਿਤਸਰ ਨੇ ਪੰਜਾਬ ਵਿੱਚ ਪਹਿਲੀ ਵਾਰ ਐਡਵਾਂਸਡ ਐਂਟਰੋਸਕੋਪੀ ਤਕਨਾਲੋਜੀ ਦੀ ਸ਼ੁਰੂਆਤ ਕਰ ਦਿੱਤੀ ਹੈ।ਇਹ ਅਤਿ ਆਧੁਨਿਕ ਪ੍ਰਕਿਰਿਆ ਡਾਕਟਰਾਂ ਨੂੰ ਛੋਟੀ ਆਂਤ ਦੀ ਪੂਰੀ ਜਾਂਚ, ਨਿਦਾਨ ਅਤੇ ਇਲਾਜ ਇੱਕੋ ਸੈਸ਼ਨ ਵਿੱਚ ਕਰਨ ਦੀ ਸਮਰੱਥਾ ਦਿੰਦੀ ਹੈ।ਰਵਾਇਤੀ ਐਂਡੋਸਕੋਪੀ ਅਤੇ ਕੋਲੋਨੋਸਕੋਪੀ ਜਿੱਥੇ ਛੋਟੀ ਆਂਤ ਦੇ ਸਿਰਫ ਕੁਝ ਹਿੱਸਿਆਂ ਤੱਕ ਹੀ ਪਹੁੰਚ ਸਕਦੀਆਂ ਹਨ, ਉੱਥੇ ਐਂਟਰੋਸਕੋਪੀ ਪੂਰੀ ਛੇ ਮੀਟਰ ਲੰਬੀ ਅੰਤੜੀ ਨੂੰ ਸਾਫ਼-ਸੁਥਰੇ ਹਾਈ-ਰੈਜ਼ੋਲੂਸ਼ਨ ਵਿਊ ਵਿੱਚ ਵੇਖਣ ਦੀ ਸਹੂਲਤ ਦਿੰਦੀ ਹੈ। ਇਹ ਤਕਨਾਲੋਜੀ ਕਈ ਮਾਮਲਿਆਂ ਵਿੱਚ ਗੇਮ-ਚੇਂਜਰ ਸਿੱਧ ਹੋ ਰਹੀ ਹੈ। ਕੈਪਸੂਲ ਐਂਡੋਸਕੋਪੀ ਸਿਰਫ ਤਸਵੀਰਾਂ ਲੈਂਦੀ ਹੈ, ਪਰ ਇਹ ਐਡਵਾਂਸਡ ਸਕੋਪ ਟਿਊਮਰ ਹਟਾਉਣ, ਖ਼ੂਨ ਰੋਕਣ, ਸਟੈਂਟ ਲਗਾਉਣ ਅਤੇ ਹੋਰ ਜਟਿਲ ਪ੍ਰਕਿਰਿਆਵਾਂ ਬਿਨਾਂ ਓਪਨ ਸਰਜਰੀ ਦੇ ਕਰਨ ਦੀ ਯੋਗਤਾ ਰੱਖਦੀ ਹੈ।ਪ੍ਰਕਿਰਿਆ ਦਰਦ ਰਹਿਤ ਹੁੰਦੀ ਹੈ ਅਤੇ ਸਿਰਫ 45 ਮਿੰਟ ਤੋਂ ਇੱਕ ਘੰਟਾ ਲੱਗਦਾ ਹੈ।ਮਰੀਜ਼ ਕੁਝ ਘੰਟਿਆਂ ਵਿੱਚ ਖਾਣਾ ਖਾ ਸਕਦੇ ਹਨ ਅਤੇ ਉਸੇ ਦਿਨ ਘਰ ਜਾ ਸਕਦੇ ਹਨ।ਡਾ. ਅਸੀਮ ਵਾਟਸ ਦੇ ਮੁਤਾਬਕ ਇਹ ਤਕਨਾਲੋਜੀ ਕਰੋਹਨ ਦੀ ਬਿਮਾਰੀ, ਛੋਟੀ ਆਂਤ ਵਿਚ ਖ਼ੂਨ ਵਹਿਣਾ ਅਤੇ ਅੰਦਰਲੇ ਮੁਸ਼ਕਲ ਸਥਾਨਾਂ 'ਤੇ ਮੌਜੂਦ ਟਿਊਮਰ ਦੀ ਪਛਾਣ ਅਤੇ ਇਲਾਜ ਲਈ ਬਹੁਤ ਲਾਭਕਾਰੀ ਹੈ।ਹਸਪਤਾਲ ਪਹਿਲਾਂ ਹੀ ਕਈ ਸਫਲ ਕੇਸ ਕਰ ਚੁੱਕਾ ਹੈ, ਜਿਵੇਂ ਕਿ 15 ਸੈਂਟੀਮੀਟਰ ਦਾ ਸਟੈਂਟ ਲਗਾਉਣਾ ਅਤੇ ਛੋਟੀ ਅੰਤੜੀ ਵਿੱਚ ਕੈਂਸਰ ਦੀ ਪਛਾਣ ਕਰਨਾ, ਜੋ ਹੋਰ ਤਰੀਕਿਆਂ ਨਾਲ ਸੰਭਵ ਨਹੀਂ ਸੀ।

# ਪੀਐੱਮਸ੍ਰੀ ਸਰਕਾਰੀ ਸੀਨੀਅਰ ਸੈਕੰਡਰੀ ਸਕੂਲ ਕਾਦੀਆਂ 'ਚ ਸਪੋਰਟਸ ਡੇ ਮਨਾਇਆ

ਕਾਦੀਆਂ (ਯਾਦਵਿੰਦਰ ਸਿੰਘ ਮਲਹੋਤਰਾ)-ਪੀ. ਐੱਮ. ਸ਼੍ਰੀ ਸਰਕਾਰੀ ਸੀਨੀਅਰ ਸੈਕੰਡਰੀ ਸਕੂਲ ਕਾਦੀਆਂ ਵਿਚ ਸਪੋਰਟਸ ਡੇ ਮਨਾਇਆ ਗਿਆ, ਜਿਸ ਵਿਚ ਵਿਦਿਆਰਥੀਆਂ ਨੇ ਉਤਸ਼ਾਹ ਨਾਲ ਹਿੱਸਾ ਲਿਆ।ਸਕੂਲ ਦੀ ਪ੍ਰਿੰਸੀਪਲ ਡਾ.



ਸੁਨੀਤਾ ਕੌਸ਼ਲ ਨੇ ਦੱਸਿਆ ਕਿ ਇਸ ਮੌਕੇ ਵਿਦਿਆਰਥੀਆਂ ਦੀਆਂ ਕਈ ਤਰ੍ਹਾਂ ਦੀਆਂ ਖੇਡਾਂ ਕਰਵਾਈਆਂ ਗਈਆਂ ਅਤੇ ਦੌੜ ਮੁਕਾਬਲੇ ਵਿਚ ਵਿਦਿਆਰਥੀਆਂ ਨੇ ਹਿੱਸਾ ਲਿਆ।ਉਨ੍ਹਾਂ ਦੱਸਿਆ ਕਿ ਬੱਚਿਆਂ ਨੂੰ ਖੇਡਾਂ ਵੱਲ ਪ੍ਰੇਤਿ ਕਰਨ ਲਈ ਸਕੂਲ ਵਿਚ ਇਹ ਸਪੋਰਟਸ ਡੇ ਮਨਾਇਆ ਗਿਆ ਹੈ।ਖੇਡਾਂ ਸ਼ੁਰੂ ਕਰਨ ਤੋਂ ਪਹਿਲਾਂ ਬੱਚਿਆਂ ਨੂੰ ਖੇਡਾਂ ਦੇ ਨਿਯਮਾਂ ਬਾਰੇ ਦੱਸਿਆ ਗਿਆ। ਸਕੂਲ ਦੇ ਡੀ. ਪੀ. ਈ. ਅਧਿਆਪਕ ਗੁਰਮੇਜ ਸਿੰਘ ਦਾ ਸਪੋਰਟਸ ਡੇ ਅਯੋਜਨ ਵਿੱਚ ਅਹਿਮ ਭੂਮਿਕਾ ਨਿਭਾਈ ਗਈ।ਜੇਤੂ ਬੱਚਿਆਂ ਨੂੰ ਹੌਂਸਲਾ ਅਫਜ਼ਾਈ ਦੇਣ ਲਈ ਸਕੂਲ ਵੱਲੋਂ ਉਨ੍ਹਾਂ ਨੂੰ ਵਿਸ਼ੇਸ਼ ਤੌਰ 'ਤੇ ਸਨਮਾਨਿਤ ਕੀਤਾ ਗਿਆ।ਸਕੂਲ ਦੇ ਸਾਰੇ ਵਿਦਿਆਰਥੀਆਂ ਨੂੰ ਰਿਫਰੈਸ਼ਮੈਂਟ ਵੀ ਦਿੱਤੀ ਗਈ।ਸਕੂਲ ਪ੍ਰਿੰਸੀਪਲ ਡਾ ਕੌਸ਼ਲ ਨੇ ਇਸ ਮੌਕੇ ਕਿਹਾ ਕਿ ਪੜ੍ਹਾਈ ਦੇ ਨਾਲ ਨਾਲ ਖੇਡਾਂ ਵੀ ਅਤੀ ਜ਼ਰੂਰੀ ਹਨ।ਉਨ੍ਹਾਂ ਕਿਹਾ ਕਿ ਖੇਡਾਂ ਜਿੱਥੇ ਬੱਚਿਆਂ ਨੂੰ ਅਨੁਸ਼ਾਸਨ ਸਿਖਾਉਂਦੀਆਂ ਹਨ, ਉਥੇ ਅੱਗੇ ਵਧਣ ਲਈ ਵੀ ਖੇਡਾਂ ਤੋਂ ਪ੍ਰੇਰਨਾ ਮਿਲਦੀ ਹੈ।ਉਨ੍ਹਾਂ ਕਿਹਾ ਕਿ ਸਕੂਲ ਵਿਚ ਅਜਿਹੀਆਂ ਗਤੀਵਿਧੀਆਂ ਕਰਵਾਉਣੀਆਂ ਬਹੁਤ ਜ਼ਰੂਰੀ ਹਨ ਤਾਂ ਜੋ ਬੱਚਿਆਂ ਵਿਚ ਛੁਪੀ ਪ੍ਰਤਿਭਾ ਨੂੰ ਪਛਾਣ ਕੇ ਉਸ ਨੂੰ ਅੱਗੇ ਲਿਆਉਂਦਾ ਜਾ ਸਕੇ।ਉਨ੍ਹਾਂ ਕਿਹਾ ਕਿ ਅਜਿਹੀਆਂ ਗਤੀਵਿਧੀਆਂ ਨਾਲ ਬੱਚਿਆਂ ਵਿਚ ਮੁਕਾਬਲੇ ਦਾ ਭਾਵਨਾ ਪੈਦਾ ਹੁੰਦੀ ਹੈ ਅਤੇ ਉਨ੍ਹਾਂ ਵਿਚ ਸੈਲਫ਼ ਕਾਨਫੀਡੈਂਸ ਵੀ ਪੈਦਾ ਹੁੰਦਾ ਹੈ।ਇਸ ਸਮੇਂ ਸਕੂਲ ਦਾ ਸਮੂਹ ਸਟਾਫ ਹਾਜ਼ਰ ਸੀ।

# ਫਿਰੋਜ਼ਪੁਰ-ਪੱਟੀ ਰੇਲ ਪ੍ਰੋਜੈਕਟ ਨੂੰ ਮਨਜ਼ੂਰੀ ਮਿਲਣ 'ਤੇ ਗੁਰਜੀਤ ਸਿੰਘ ਔਜਲਾ ਵੱਲੋਂ ਕੇਂਦਰ ਦਾ ਧੰਨਵਾਦ

ਅੰਮ੍ਰਿਤਸਰ, (ਜਸਬੀਰ ਸਿੰਘ ਪੱਟੀ, ਕੰਵਲਜੀਤ ਸਿੰਘ ਸੰਸਦ ਮੈਂਬਰ ਗੁਰਜੀਤ ਸਿੰਘ ਔਜਲਾ ਨੇ ਕੇਂਦਰ ਸਰਕਾਰ ਵੱਲੋਂ ਫਿਰੋਜ਼ਪੁਰ-ਪੱਟੀ ਰੇਲ ਪ੍ਰੋਜੈਕਟ ਨੂੰ ਮਨਜ਼ੂਰੀ ਦੇਣ ਤੇ ਖੁਸ਼ੀ ਜ਼ਾਹਰ ਕਰਦਿਆਂ ਕੇਂਦਰ ਸਰਕਾਰ ਅਤੇ ਰੇਲ ਮੰਤਰੀ ਅਸ਼ਵਨੀ ਵੈਸ਼ਣਵ ਅਤੇ ਸਟੇਟ ਮੰਤਰੀ ਰਵਨੀਤ ਸਿੰਘ ਬਿੱਟੂ ਦਾ ਵਿਸ਼ੇਸ਼ ਧੰਨਵਾਦ ਕੀਤਾ। ਔਜਲਾ



ਨੇ ਕਿਹਾ ਕਿ ਇਹ ਪ੍ਰੋਜੈਕਟ ਅੰਮ੍ਰਿਤਸਰ ਅਤੇ ਆਸ-ਪਾਸ ਦੇ ਇਲਾਕਿਆਂ ਦੇ ਲੋਕਾਂ ਲਈ ਵੱਡੇ ਲਾਭ ਵਾਲਾ ਸਾਬਤ ਹੋਵੇਗਾ। ਸੰਸਦ ਮੈਂਬਰ ਔਜਲਾ ਨੇ ਦੱਸਿਆ ਕਿ ਉਹ ਇਸ ਪ੍ਰੋਜੈਕਟ ਲਈ ਕਈ ਵਾਰ ਲੋਕ ਸਭਾ ਵਿੱਚ ਆਵਾਜ਼ ਉਠਾ ਚੁੱਕੇ ਹਨ ਅਤੇ ਰੇਲ ਮੰਤਰੀ ਨਾਲ ਮੁਲਾਕਾਤ ਦੌਰਾਨ ਵੀ ਸਭ ਤੋਂ ਪਹਿਲਾਂ ਇਹੀ ਮੰਗ ਰੱਖੀ ਸੀ। "ਮੈਂ ਇਸ ਸਬੰਧੀ ਕਈ ਵਾਰ ਪੱਤਰ ਲਿਖੇ ਅਤੇ ਮੰਗ ਪੱਤਰ ਵੀ ਦਿੱਤਾ ਸੀ। ਅੱਜ ਇਹ ਮਿਹਨਤ ਰੰਗ ਲਿਆਈ ਹੈ ਅਤੇ ਅੰਮ੍ਰਿਤਸਰ ਦੇ ਲੋਕਾਂ ਲਈ ਖੁਸ਼ੀ ਦਾ ਸਮਾਂ ਹੈ," ਉਨ੍ਹਾਂ ਨੇ ਕਿਹਾ। ਉਨ੍ਹਾਂ ਕਿਹਾ ਕਿ ਇਸ ਪ੍ਰੋਜੈਕਟ ਦੇ ਆਉਣ ਨਾਲ ਇਲਾਕੇ ਵਿੱਚ ਰੋਜ਼ਗਾਰ, ਵਪਾਰ ਅਤੇ ਸੈਰ-ਸਪਾਟੇ ਨੂੰ ਵੱਡਾ ਉਤਸ਼ਾਹ ਮਿਲੇਗਾ। "ਇਹ ਪ੍ਰੋਜੈਕਟ ਗੁਰੂ ਨਗਰੀ ਦੀ ਆਰਥਿਕ ਮਜ਼ਬੂਤੀ ਵੱਲ ਇੱਕ ਵੱਡਾ ਕਦਮ ਹੈ," ਔਜਲਾ ਨੇ ਕਿਹਾ। ਉਨ੍ਹਾਂ ਅੱਗੇ ਕਿਹਾ ਕਿ ਮੈਨੂੰ ਮਾਣ ਹੈ ਕਿ ਮੈਂ ਲੋਕਾਂ ਦੀ ਆਵਾਜ਼ ਬਣ ਸਕਿਆ ਅਤੇ ਮੇਰਾ ਹਮੇਸ਼ਾ ਮਕਸਦ ਲੋਕਾਂ ਲਈ ਤੇ ਗੁਰੂ ਨਗਰੀ ਦੇ ਵਿਕਾਸ ਲਈ ਆਵਾਜ਼ ਬਣਨਾ ਹੈ। ਔਜਲਾ ਨੇ ਕਿਹਾ ਕਿ ਉਹ ਅਗਲੇ ਸਮੇਂ ਵਿੱਚ ਵੀ ਅੰਮ੍ਰਿਤਸਰ ਲਈ ਹੋਰ ਵਿਕਾਸ ਪ੍ਰੋਜੈਕਟ ਲਿਆਂਦਿਆਂ ਲੋਕਾਂ ਦੀਆਂ ਉਮੀਦਾਂ 'ਤੇ ਖਰੇ ਉਤਰਣ ਦੀ ਕੋਸ਼ਿਸ਼ ਕਰਦੇ ਰਹਿਣਗੇ। ਮੇਰੀ ਕੋਸ਼ਿਸ਼ ਹੈ ਕਿ ਗੁਰੂ ਨਗਰੀ ਨੂੰ ਆਧੁਨਿਕ ਸੁਵਿਧਾਵਾਂ ਨਾਲ ਸਜਾਇਆ ਜਾਵੇ ਤੇ ਇਥੋਂ ਦੇ ਲੋਕਾਂ ਨੂੰ ਉਹੀ ਸਹੂਲਤਾਂ ਮਿਲਣ ਜੋ ਦੇਸ਼ ਦੇ ਵੱਡੇ ਸ਼ਹਿਰਾਂ ਵਿੱਚ ਹਨ।

ਅੰਤ ਵਿੱਚ ਔਜਲਾ ਨੇ ਕਿਹਾ ਕਿ ਫਿਰੋਜ਼ਪੁਰ-ਪੱਟੀ ਰੇਲ ਪ੍ਰੋਜੈਕਟ ਦੀ ਮਨਜ਼ੂਰੀ ਇਕ ਇਤਿਹਾਸਕ ਪਲ ਹੈ ਜੋ ਪੰਜਾਬ ਦੇ ਵਿਕਾਸ ਨੂੰ ਨਵੀਂ ਦਿਸ਼ਾ ਦੇਵੇਗਾ ਅਤੇ ਅੰਮ੍ਰਿਤਸਰ ਨੂੰ ਤਰੱਕੀ ਦੇ ਨਵੇਂ ਪੱਧਰ 'ਤੇ ਲੈ ਜਾਵੇਗਾ।

# ਸ਼ਹੀਦੀ ਸ਼ਤਾਬਦੀ ਨੂੰ ਸਮਰਪਿਤ ਬਾਬਾ ਬਕਾਲਾ ਵਿਖੇ ਕੀਰਤਨ ਦਰਬਾਰ

ਬਿਆਸ (ਪਰਮਜੀਤ ਸਿੰਘ ਰੱਖੜਾ)-ਸ੍ਰੀ ਗੁਰੂ ਤੇਗ ਬਹਾਦਰ ਜੀ ਦੇ 350 ਸਾਲਾ ਸ਼ਹੀਦੀ ਦਿਹਾੜੇ ਨੂੰ ਸਮਰਪਿਤ ਕੀਰਤਨ ਦਰਬਾਰ ਬਾਬਾ ਬਕਾਲਾ ਸਾਹਿਬ ਵਿਖੇ ਕਰਵਾਇਆ ਗਿਆ ਜਿਸ ਵਿੱਚ ਸੰਗਤਾਂ ਨੇ ਲੰਬਾ ਸਮਾਂ ਇਲਾਹੀ ਬਾਣੀ ਦਾ ਆਨੰਦ ਮਾਣਿਆ। ਡੀਸੀ ਦਲਵਿੰਦਰਜੀਤ ਸਿੰਘ ਦੀ ਅਗਵਾਈ ਹੇਠ ਏਡੀਸੀ ਸ਼ਹਿਰੀ ਵਿਕਾਸ ਅਮਨਦੀਪ ਕੌਰ ਅਤੇ ਐੱਸਡੀਐੱਮ ਅਮਨਪ੍ਰੀਤ ਸਿੰਘ ਨੇ ਆਪਣੀ ਟੀਮ ਨਾਲ ਸੇਵਾ ਕਰਕੇ ਸਮਾਗਮ ਨੂੰ ਨੇਪਰੇ ਚਾੜ੍ਹਿਆ।ਸਮਾਗਮ ਦੌਰਾਨ ਭਾਈ ਗੁਰਪ੍ਰੀਤ ਸਿੰਘ ਲਾਂਡਰਾਂ ਵਾਲਿਆਂ ਦੇ ਜੱਥੇ ਨੇ



ਢਾਡੀ ਵਾਰਾਂ ਸੁਣਾ ਕੇ ਅਤੇ ਕੀਰਤਨ ਦਰਬਾਰ ਦੌਰਾਨ ਹਜ਼ੂਰੀ ਰਾਗੀ ਸ੍ਰੀ ਦਰਬਾਰ ਸਾਹਿਬ ਭਾਈ ਰਾਜੇਸ਼ ਸਿੰਘ ਦੇ ਕੀਰਤਨੀ ਜਥੇ ਨੇ ਸੰਗਤਾਂ ਨੂੰ ਗੁਰੂ ਸਾਹਿਬ ਦੀ ਲਾਸਾਨੀ ਸ਼ਹਾਦਤ ਨੂੰ ਸਿਜਦਾ ਕਰਦਿਆਂ ਬਾਣੀ ਸਿਮਰਨ ਕੀਤਾ।ਇਸ ਦੌਰਾਨ ਹਲਕਾ ਵਿਧਾਇਕ ਦਲਬੀਰ ਸਿੰਘ ਟੌਂਗ ਨੇ ਨੌਵੇਂ ਪਾਤਸ਼ਾਹ, ਭਾਈ ਮਤੀ ਦਾਸ, ਭਾਈ ਸਤੀ ਦਾਸ ਤੇ ਭਾਈ ਦਿਆਲਾ ਜੀ ਵੱਲੋਂ ਧਰਮ ਦੀ ਰਾਖੀ ਅਤੇ ਮਨੁੱਖੀ ਅਧਿਕਾਰਾਂ ਦੀ ਸਰਬਉਚ ਕੁਰਬਾਨੀ ਬਾਰੇ ਵਿਚਾਰ ਸਾਂਝੇ ਕੀਤੇ।ਉਨ੍ਹਾਂ ਸੰਗਤਾਂ ਨੂੰ ਗੁਰੂ ਸਾਹਿਬ ਦੇ ਮਹਾਨ ਜੀਵਨ ਤੋਂ ਸੇਧ ਲੈਣ ਲਈ ਪ੍ਰੇਰਿਤ ਕੀਤਾ।ਇਸ ਮੌਕੇ ਡਿਪਟੀ ਕਮਿਸ਼ਨਰ ਦਵਿੰਦਰਜੀਤ ਸਿੰਘ, ਏਡੀਸੀ ਅਮਨਦੀਪ ਕੌਰ, ਐੱਸਡੀਐੱਮ ਅਮਨਪ੍ਰੀਤ ਸਿੰਘ, ਨਗਰ ਕੌਂਸਲ ਪ੍ਰਧਾਨ ਸੁਰਜੀਤ ਸਿੰਘ ਕੰਗ, ਸਤੀਰਥ ਪਾਲ ਸਿੰਘ, ਜ਼ਿਲ੍ਹਾ ਸਿੱਖਿਆ ਅਧਿਕਾਰੀ ਕੰਵਲਜੀਤ ਸਿੰਘ ਅਤੇ ਪਾਰਟੀ ਦੇ ਸੀਨੀਅਰ ਆਗੂ ਵੀ ਮੌਜੂਦ ਸਨ।ਪ੍ਰਬੰਧਕਾਂ ਵੱਲੋਂ ਪ੍ਰਸ਼ਾਸਨਿਕ ਤੇ ਹੋਰ ਸ਼ਖਸੀਅਤਾਂ ਨੂੰ ਸਨਮਾਨਿਤ ਕੀਤਾ ਗਿਆ।

# ਗੈਂਗਸਟਰ ਮਡਿਊਲ ਦੇ 3 ਕਾਰਕੁਨ 2 ਅਤਿ-ਆਧੁਨਿਕ ਪਿਸਤੌਲਾਂ ਸਮੇਤ ਕਾਬੂ

ਅੰਮ੍ਰਿਤਸਰ (ਨਰਿੰਦਰ ਜੀਤ ਸਿੰਘ)-ਮੁੱਖ ਮੰਤਰੀ ਭਗਵੰਤ ਸਿੰਘ ਮਾਨ ਦੇ ਦਿਸ਼ਾ-ਨਿਰਦੇਸ਼ਾਂ ਅਨੁਸਾਰ ਪੰਜਾਬ ਨੂੰ ਸੁਰੱਖਿਅਤ ਸੂਬਾ ਬਣਾਉਣ ਲਈ ਚੱਲ ਰਹੀ ਮੁਹਿੰਮ ਦੌਰਾਨ ਇੱਕ ਵੱਡੀ ਸਫਲਤਾ ਪ੍ਰਾਪਤ ਕਰਦਿਆਂ ਸਟੇਟ ਸਪੈਸ਼ਲ ਆਪ੍ਰੇਸ਼ਨ ਸੈੱਲ (ਐੱਸਐੱਸਓਸੀ) ਅੰਮ੍ਰਿਤਸਰ ਨੇ ਕਾਊਂਟਰ ਇੰਟੈਲੀਜੈਂਸ ਪਠਾਨਕੋਟ ਨਾਲ ਸਾਂਝੇ ਆਪ੍ਰੇਸ਼ਨ ਵਿੱਚ ਤਿੰਨ ਕਾਰਕੁਨਾਂ ਨੂੰ ਗ੍ਰਿਫ਼ਤਾਰ ਕਰਕੇ ਇੱਕ ਗੈਂਗਸਟਰ ਮਾਡਿਊਲ ਦਾ ਪਰਦਾਫਾਸ਼ ਕੀਤਾ ਹੈ ਅਤੇ ਉਨ੍ਹਾਂ ਦੇ ਕਬਜ਼ੇ ਵਿੱਚੋਂ ਦੋ ਮੈਗਜ਼ੀਨ ਅਤੇ 15 ਜ਼ਿੰਦਾ ਕਾਰਤੂਸਾਂ ਸਮੇਤ ਦੋ .30 ਬੋਰ ਸਟਾਰ-ਮਾਰਕ ਪਿਸਤੌਲ ਬਰਾਮਦ ਕੀਤੇ ਹਨ। ਇਹ ਜਾਣਕਾਰੀ ਡਾਇਰੈਕਟਰ ਜਨਰਲ ਆਫ਼ ਪੁਲਿਸ (ਡੀਜੀਪੀ) ਪੰਜਾਬ ਗੌਰਵ ਯਾਦਵ ਨੇ ਦਿੱਤੀ।ਗ੍ਰਿਫ਼ਤਾਰ ਕੀਤੇ ਗਏ ਵਿਅਕਤੀਆਂ ਦੀ ਪਛਾਣ ਯੂਸਫ਼ ਮਸੀਹ ਉਰਫ਼ ਐੱਮਪੀ, ਵਾਸੀ ਧਰਮਕੋਟ ਬੱਗਾ, ਬਟਾਲਾ, ਸੈਮੂਅਲ ਮਸੀਹ ਉਰਫ਼ ਅੰਕਿਤ ਉਰਫ਼ ਅੰਕੀ, ਵਾਸੀ ਪਿੰਡਾ ਰੋੜੀ, ਬਟਾਲਾ ਅਤੇ ਸਾਹਿਬਜੀਤ ਸਿੰਘ ਉਰਫ਼ ਸਾਬੀ, ਵਾਸੀ ਹਰੂਵਾਲ, ਬਟਾਲਾ ਵਜੋਂ ਹੋਈ ਹੈ।ਦੋ ਹਥਿਆਰ ਬਰਾਮਦ ਕਰਨ ਤੋਂ ਇਲਾਵਾ ਪੁਲਸ ਟੀਮਾਂ ਨੇ ਉਨ੍ਹਾਂ ਦੀ ਮਾਰੂਤੀ ਸਵਿਫਟ ਕਾਰ, ਜਿਸਦਾ ਰਜਿਸਟ੍ਰੇਸ਼ਨ ਨੰਬਰ ਪੀਬੀ02ਡੀਕਿਉ0314 ਸੀ, ਜਿਸਦੀ ਵਰਤੋਂ ਉਹ ਅਪਰਾਧਿਕ ਗਤੀਵਿਧੀਆਂ ਨੂੰ ਅੰਜਾਮ ਦੇਣ ਲਈ ਕਰ ਰਹੇ ਸਨ, ਨੂੰ ਵੀ ਜ਼ਬਤ ਕਰ ਲਿਆ ਹੈ।

# ਹਰਮੀਤ ਸਿੰਘ ਸੰਧੂ ਵੱਲੋਂ 12091 ਵੋਟਾਂ ਦੇ ਫ਼ਰਕ ਨਾਲ ਜਿੱਤ ਦਰਜ

ਤਰਨ ਤਾਰਨ (ਪ੍ਰਿਤਪਾਲ ਸਿੰਘ)-ਵਿਧਾਨ ਸਭਾ ਹਲਕਾ 021-ਤਰਨ ਤਾਰਨ ਦੀ ਜ਼ਿਮਨੀ ਚੋਣ ਦੇ ਐਲਾਨੇ ਗਏ ਨਤੀਜੇ ਵਿੱਚ ਆਮ ਆਦਮੀ ਪਾਰਟੀ ਦੇ ਉਮੀਦਵਾਰ ਹਰਮੀਤ ਸਿੰਘ ਸੰਧੂ 12091 ਵੋਟਾਂ ਨਾਲ ਜੇਤੂ ਰਹੇ ਹਨ। ਉਨ੍ਹਾਂ ਨੂੰ ਕੁੱਲ 42649 ਵੋਟਾਂ ਪਈਆਂ ਹਨ।



ਵਿਧਾਨ ਸਭਾ ਹਲਕਾ ਤਰਨ ਤਾਰਨ ਦੇ ਰਿਟਰਨਿੰਗ ਅਫ਼ਸਰ ਗੁਰਮੀਤ ਸਿੰਘ ਵੱਲੋਂ ਵੋਟਾਂ ਦੀ ਗਿਣਤੀ ਤੋਂ ਬਾਅਦ ਜੇਤੂ ਉਮੀਦਵਾਰ ਹਰਮੀਤ ਸਿੰਘ ਸੰਧੂ ਨੂੰ ਜਿੱਤ ਦਾ ਸਰਟੀਫਿਕੇਟ ਦਿੱਤਾ ਗਿਆ।ਵੋਟਾਂ ਦੀ ਗਿਣਤੀ ਜਨਰਲ ਅਬਜ਼ਰਵਰ ਪੁਸ਼ਪਾ ਸਤਿਆਨੀ, ਆਈਏਐੱਸ ਅਤੇ ਜ਼ਿਲ੍ਹਾ ਚੋਣ ਅਧਿਕਾਰੀ-ਕਮ-ਡਿਪਟੀ ਕਮਿਸ਼ਨਰ ਤਰਨ ਤਾਰਨ ਰਾਹੁਲ ਆਈਏਐੱਸ ਦੀ ਹਾਜ਼ਰੀ ਵਿੱਚ ਮੁਕੰਮਲ ਹੋਈ।ਜਾਣਕਾਰੀ ਦਿੰਦੇ ਰਿਟਰਨਿੰਗ ਅਫ਼ਸਰ ਗੁਰਮੀਤ ਸਿੰਘ ਨੇ ਦੱਸਿਆ ਕਿ ਆਮ ਆਦਮੀ ਪਾਰਟੀ ਦੇ ਉਮੀਦਵਾਰ ਹਰਮੀਤ ਸਿੰਘ ਸੰਧੂ ਨੂੰ ਕੁੱਲ 42649 ਵੋਟਾਂ ਪਈਆਂ ਅਤੇ ਉਨ੍ਹਾਂ ਦੀ ਲੀਡ 12091 ਵੋਟਾਂ ਦੀ ਰਹੀ। ਉਨ੍ਹਾਂ ਦੱਸਿਆ ਕਿ ਦੂਸਰੇ ਸਥਾਨ ਉੱਪਰ ਸ਼੍ਰੋਮਣੀ ਅਕਾਲੀ ਦਲ ਦੀ ਉਮੀਦਵਾਰ ਸੁਖਵਿੰਦਰ ਕੌਰ ਰਹੇ ਅਤੇ ਉਨ੍ਹਾਂ ਨੂੰ 30558 ਵੋਟਾਂ ਪਈਆਂ।ਅਜ਼ਾਦ ਉਮੀਦਵਾਰ ਮਨਦੀਪ ਸਿੰਘ ਖ਼ਾਲਸਾ 19620 ਵੋਟਾਂ ਲੈ ਕੇ ਤੀਸਰੇ ਸਥਾਨ ਉਪਰ ਰਹੇ।ਜ਼ਿਮਨੀ ਚੋਣ ਦੌਰਾਨ ਇੰਡੀਅਨ ਨੈਸ਼ਨਲ ਕਾਂਗਰਸ ਦੇ ਉਮੀਦਵਾਰ ਕਰਨਬੀਰ ਸਿੰਘ ਨੂੰ 15078 ਵੋਟਾਂ ਪਈਆਂ ਅਤੇ ਉਹ ਚੌਥੇ ਸਥਾਨ ਉੱਪਰ ਰਹੇ।

ਭਾਰਤੀ ਜਨਤਾ ਪਾਰਟੀ ਦੇ ਉਮੀਦਵਾਰ ਹਰਜੀਤ ਸਿੰਘ ਸੰਧੂ 6239 ਵੋਟਾਂ ਲੈ ਕੇ 5ਵੇਂ ਸਥਾਨ ਉਪਰ ਰਹੇ।ਅਜ਼ਾਦ ਉਮੀਦਵਾਰ ਮਨਦੀਪ ਸਿੰਘ 873 ਵੋਟਾਂ ਪਈਆਂ।ਅਜ਼ਾਦ ਉਮੀਦਵਾਰ ਹਰਬਰਿੰਦਰ ਕੌਰ ਉਸਮਾ ਨੂੰ 547 ਵੋਟਾਂ, ਆਜ਼ਾਦ ਉਮੀਦਵਾਰ ਨੀਟੂ ਸ਼ਟਰਾਂ ਵਾਲੇ ਨੂੰ 464 ਵੋਟਾਂ, ਆਜ਼ਾਦ ਉਮੀਦਵਾਰ ਵਿਜੇ ਕੁਮਾਰ ਨੂੰ 457 ਵੋਟਾਂ, ਆਜ਼ਾਦ ਉਮੀਦਵਾਰ ਜਸਵੰਤ ਸਿੰਘ ਸੋਹਲ ਨੂੰ 147 ਵੋਟਾਂ, ਸੱਚੋ ਸੱਚ ਪਾਰਟੀ ਦੇ ਸ਼ਾਮ ਲਾਲ ਗਾਂਧੀ ਨੂੰ 123 ਵੋਟਾਂ, ਆਜ਼ਾਦ ਉਮੀਦਵਾਰ ਅਰੁਨ ਕੁਮਾਰ ਖੁਰਮੀ ਰਾਜਪੂਤ ਨੂੰ 113 ਵੋਟਾਂ, ਆਜ਼ਾਦ ਉਮੀਦਵਾਰ ਹਰਪਾਲ ਸਿੰਘ ਭੰਗੂ ਨੂੰ 104 ਵੋਟਾਂ, ਆਜ਼ਾਦ ਉਮੀਦਵਾਰ ਐਡਵੋਕੇਟ ਕੋਮਲਪ੍ਰੀਤ ਸਿੰਘ ਨੂੰ 68 ਅਤੇ ਇੰਡੀਅਨ ਜਸਟਿਸ ਪਾਰਟੀ ਦੇ ਉਮੀਦਵਾਰ ਨਾਇਬ ਸਿੰਘ ਨੂੰ 64 ਵੋਟਾਂ ਪਈਆਂ। 609 ਵੋਟਾਂ ਨੋਟਾ ਨੂੰ ਪਈਆਂ।

# ਬਜਾਜ ਫਿਨਸਰਵ ਐਸੇਟ ਮੈਨੇਜਮੈਂਟ ਵੱਲੋਂ ਬੈਂਕਿੰਗ ਤੇ ਫਾਇਨੈਂਸ਼ੀਅਲ ਸਰਵਿਸਿਜ਼ ਫੰਡ ਲਾਂਚ

ਲੁਧਿਆਣਾ:ਬਜਾਜ ਫਿਨਸਰਵ ਐਸੇਟ ਮੈਨੇਜਮੈਂਟ ਲਿਮਿਟੇਡ ਨੇ ਆਪਣਾ ਬਜਾਜ ਫਿਨਸਰਵ ਬੈਂਕਿੰਗ ਅਤੇ ਫਾਇਨੈਂਸ਼ਲ ਸਰਵਿਸਿਜ਼ ਫੰਡ ਲਾਂਚ ਕਰਨ ਦਾ ਐਲਾਨ ਕੀਤਾ ਹੈ ਜੋ ਕਿ ਬੈਂਕਿੰਗ ਅਤੇ ਫਾਇਨੈਂਸ਼ੀਅਲ ਸਰਵਿਸਿਜ਼ ਖੇਤਰ ਵਿੱਚ ਨਿਵੇਸ਼ ਕਰਨ ਵਾਲੀ ਇੱਕ ਖੁੱਲ੍ਹਾ ਅੰਤ ਇਕਵਿਟੀ ਸਕੀਮ ਹੈ।ਇਸ ਦਾ ਨਵਾਂ ਫੰਡ ਆਫਰ (ਐੱਨਐੱਫਓ) 10 ਨਵੰਬਰ 2025 ਤੋਂ ਖੁੱਲ੍ਹੇਗਾ ਅਤੇ 24 ਨਵੰਬਰ 2025 ਨੂੰ ਬੰਦ ਹੋਵੇਗਾ।ਫੰਡ ਨੂੰ ਨਿਫਟੀ ਫਾਇਨੈਂਸ਼ੀਅਲ ਸਰਵਿਸਿਜ਼ ਨਾਲ ਬੈਂਚਮਾਰਕ ਕੀਤਾ ਗਿਆ ਹੈ।ਭਾਰਤ ਦਾ ਬੈਂਕਿੰਗ ਅਤੇ ਫਾਇਨੈਂਸ਼ੀਅਲ ਸਰਵਿਸਿਜ਼ (ਬੀਐੱਫ ਐੱਸ ਆਈ) ਖੇਤਰ ਬੇਮਿਸਾਲ ਗਤੀ ਨਾਲ ਬਦਲ ਰਿਹਾ ਹੈ, ਪਰੰਪਰਾਗਤ ਬੈਂਕਿੰਗ ਤੋਂ ਪਰੇ ਜਾ ਕੇ ਇਸ ਵਿੱਚ ਐੱਨਬੀਐੱਫਸੀ, ਬੀਮਾ ਕੰਪਨੀਆਂ, ਏਐੱਮਸੀ, ਕੈਪਿਟਲ ਮਾਰਕੀਟ ਇੰਟਰਮੀਡੀਅਰੀ ਅਤੇ ਆਧੁਨਿਕ ਫਿਨਟੈਕ ਸ਼ਾਮਲ ਹਨ।


AXIS BANK

**Retail Asset Center:** "2nd Floor, Sbb Loan Center, Sco 221, Sector 12, Karnal, Haryana-132001

**Corporate Office:-** "Axis House", C-2, Wadia International Centre, Pandurang Budhkar Marg, Worli, Mumbai – 400025

**Registered Office:** rishul", 3rd Floor Opp. Samartheshwar Temple Law Garden, Ellisbridge Ahmedabad- 380006

**ਅਚੱਲ ਜਾਇਦਾਦ ਦੀ ਵਿਕਰੀ ਵਾਸਤੇ ਈ-ਨਿਲਾਮੀ ਵਿਕਰੀ ਨੋਟਿਸ**

ਸਕਿਊਰਟੀ ਇੰਟਰੈਸਟ (ਇਨਫੋਰਸਮੈਂਟ) ਰੂਲਜ਼, 2002 ਦੇ ਰੂਲ 8 (6) ਦੀਆਂ ਵਿਵਸਥਾਵਾਂ ਨਾਲ ਪੜ੍ਹੇ ਜਾਂਦੇ ਸਕਿਊਰਟਾਈਜੇਸ਼ਨ ਐਂਡ ਰੀਕੰਸਟਰੱਕਸ਼ਨ ਆਫ ਫਾਇਨੈਂਸ਼ੀਅਲ ਐੱਸਟਸ ਅਤੇ ਇਨਫੋਰਸਮੈਂਟ ਆਫ ਸਕਿਊਰਟੀ ਇੰਟਰੈਸਟ ਐਕਟ 2002 ਤਹਿਤ ਅਚੱਲ ਐੱਸਟਸ ਦੀ ਵਿਕਰੀ ਲਈ ਈ-ਨਿਲਾਮੀ ਵਿਕਰੀ ਨੋਟਿਸ

ਆਮ ਜਨਤਾ ਅਤੇ ਖਾਸ ਕਰ ਕਰਜ਼ਦਾਰਾਂ ਅਤੇ ਗਰੰਟਰਾਂ ਨੂੰ ਨੋਟਿਸ ਦਿੱਤਾ ਜਾਂਦਾ ਹੈ ਕਿ ਹੇਠਾਂ ਦਰਸਾਈ ਅਚੱਲ ਜਾਇਦਾਦ ਸਕਿਉਰਡ ਕ੍ਰੈਡਿਟਰ ਕੋਲ ਰਹਿਣ/ਚਾਰਜ਼ਡ ਹੈ, ਜਿਸ ਦਾ ਭੌਤਿਕ ਕਬਜ਼ਾ ਐਕਸਿਸ ਬੈਂਕ ਲਿਮਿਟਡ ਦੇ ਅਧਿਕਾਰਤ ਅਫਸਰ ਸਕਿਉਰਡ ਕ੍ਰੈਡੀਟਰ ਵੱਲੋਂ ਪ੍ਰਾਪਤ ਕਰ ਲਿਆ ਗਿਆ ਹੈ, ਦੀ ਵਿਕਰੀ ਰੁਪਏ 5,15,36,188/- (ਪੰਜ ਕਰੋੜ ਪੰਦਰਾਂ ਲੱਖ ਛੱਤੀ ਹਜ਼ਾਰ ਇੱਕ ਸੌ ਅਠਾਸੀ ਰੁਪਏ ਕੇਵਲ) ਜੋ ਸਕਿਉਰਡ ਕ੍ਰੈਡੀਟਰ 1. ਸਿਧੀ ਵਿਨਾਇਕ ਏਜੰਸੀ (ਇਸ ਦੇ ਮਾਲਕ ਰਾਹੀਂ), ਸ੍ਰੀ ਅਜੇ ਸ਼ਰਮਾ (2) ਸ੍ਰੀ ਅਜੇ ਸ਼ਰਮਾ ਪੁੱਤਰ ਸ੍ਰੀ ਮੰਨਾ ਲਾਲ ਸ਼ਰਮਾ (3) ਸ੍ਰੀਮਤੀ ਮੰਜੂ ਸ਼ਰਮਾ ਪਤਨੀ ਸ੍ਰੀ ਅਜੇ ਸ਼ਰਮਾ ਦੀ ਵਸੂਲੀ ਲਈ "ਜਿਵੇਂ ਹੈ ਜਿੱਥੇ ਹੈ", "ਜਿਵੇਂ ਹੈ ਜੋ ਹੈ" ਅਤੇ "ਉੱਥੇ ਜੋ ਵੀ ਹੈ" ਦੇ ਅਧਾਰ 'ਤੇ 22 ਦਸੰਬਰ 2025 ਨੂੰ ਕੀਤੀ ਜਾਵੇਗੀ। ਜ਼ਰੂਰੀ ਵੇਰਵਿਆਂ ਲਈ ਕਿਰਪਾ ਕਰਕੇ ਨਿਲਾਮੀ ਸਾਰਣੀ ਦਾ ਹਵਾਲਾ ਲਿਆ ਜਾਵੇ।

| | |
|---|---|
| ਜਾਣਕਾਰੀ 'ਚ ਜੋਖਮ (ਜੇਕਰ ਕੋਈ ਹੈ) | ਕੋਈ ਨਹੀਂ |
| ਰਾਖਵੀਂ ਕੀਮਤ (ਰੁਪਏ 'ਚ) | ਰੁਪਏ 2,90,00,000/- (ਦੋ ਕਰੋੜ ਨੱਬੇ ਲੱਖ ਕੇਵਲ) |
| ਬਿਆਨਾ ਰਕਮ ਡਿਪਾਜ਼ਟ (ਰੁਪਏ 'ਚ) | ਰੁਪਏ 29,00,000/- (ਉਨੱਤੀ ਲੱਖ ਕੇਵਲ) ਰਾਹੀਂ ਡੀ ਡੀ/ਪੀ ਓ 'ਐਕਸਿਸ ਬੈਂਕ ਲਿਮਿਟਡ ਦੇ ਨਾਂਅ, ਲੁਧਿਆਣਾ ਵਿਖੇ ਅਦਾਇਗੀਯੋਗ। |
| ਬੋਲੀ ਵਾਧਾ ਰਕਮ | ਰੁਪਏ 50,000/- (ਪੰਜਾਹ ਹਜ਼ਾਰ ਕੇਵਲ) |
| ਈ ਐੱਮ ਡੀ ਨੂੰ ਬੋਲੀਆਂ/ਟੈਂਡਰ ਜਮ੍ਹਾਂ ਕਰਵਾਉਣ ਲਈ ਅੰਤਮ ਮਿਤੀ, ਸਮਾਂ ਅਤੇ ਸਥਾਨ | 20 ਦਸੰਬਰ 2025 ਨੂੰ 5 ਵਜੇ ਸ਼ਾਮ ਤੱਕ, ਵਿਖੇ ਐਕਸਿਸ ਬੈਂਕ ਲਿਮਿਟਡ ਰਿਟੇਲ ਐੱਸਟ ਸੈਂਟਰ, ਦੂਸਰੀ ਅਤੇ ਤੀਸਰੀ ਮੰਜ਼ਲ, ਜਾਇਦਾਦ ਨੰ. 7-ਈ, ਮਲਹਾਰ ਰੋਡ, ਸਰਾਭਾ ਨਗਰ, ਲੁਧਿਆਣਾ-141001 |
| ਜਨਤਕ ਈ-ਨੀਲਾਮੀ ਲਈ ਮਿਤੀ, ਸਮਾਂ ਅਤੇ ਸਥਾਨ | 22 ਦਸੰਬਰ 2025 ਨੂੰ 10 ਵਜੇ ਸਵੇਰ ਤੋਂ 12 ਵਜੇ ਦੁਪਹਿਰ ਦਰਮਿਆਨ ਵੈੱਬਪੋਰਟਲ https://www.bankeauctions.com ਉਪਰ 5 ਮਿੰਟ ਹਰੇਕ ਲਈ ਅਸੀਮਤ ਵਾਧਿਆਂ ਨਾਲ। ਈ-ਨਿਲਾਮੀ ਬੋਲੀ ਫਾਰਮ, ਘੋਸ਼ਣਾ ਆਦਿ ਰੱਖਦੇ ਈ-ਨਿਲਾਮੀ ਟੈਂਡਰ ਦਸਤਾਵੇਜ਼ ਉਪਰੋਕਤ ਦਰਸਾਏ ਸਰਵਿਸ ਪ੍ਰੋਵਾਈਡਰ ਦੀ ਵੈੱਬਸਾਈਟ 'ਤੇ ਉਪਲੱਬਧ ਹਨ। |

**ਸਾਰਣੀ-ਜਾਇਦਾਦ ਦਾ ਵੇਰਵਾ**

ਸਨਅਤੀ ਜਾਇਦਾਦ ਦਾ ਉਚਿਤ ਗਿਰਵੀਨਾਮਾ ਰਕਬਾ 3 ਕਨਾਲ-6-1/4 ਮਰਲਾ, 2002 ਵਰਗ ਗਜ਼ ਖਸਰਾ ਨੰ. 38//1, 9/2, 10, 11, 12/2, 26 ਖੱਤਾ ਨੰ. 199/209, 200/210, 201/211,202/212, 193/203 ਜਮ੍ਹਾਂਬੰਦੀ ਸਾਲ 2011-12 ਅਨੁਸਾਰ ਨੇੜੇ ਪ੍ਰਿੰਸ ਫੂਡ ਐਗਰੋ ਇੰਡਸਟਰੀ ਪਿੰਡ ਨੂਰਵਾਲਾ ਜੈਨ ਹੌਜਰੀ ਕੰਪਲੈਕਸ ਸਥਾਨ ਵਜੋਂ ਜਾਣੇ ਜਾਂਦੇ, ਲੁਧਿਆਣਾ ਪੰਜਾਬ ਸੇਲ ਡੀਡ ਨੰ. 22211, 21-3-2018 ਨੂੰ ਰਜਿਸਟਰਡ ਮਾਲਕ ਸ੍ਰੀ ਅਜੇ ਕੁਮਾਰ ਪੁੱਤਰ ਸ੍ਰੀ ਮੰਨਾ ਲਾਲ ਸ਼ਰਮਾ, ਪੂਰਬ : ਸੜਕ 30' ਚੌੜੀ +18', ਪੱਛਮ : ਹੋਰ ਮਾਲਕ/ਵਿਕਰੇਤਾ 198', ਉੱਤਰ : ਹੋਰ ਮਾਲਕ/ਵਿਕਰੇਤਾ 92'-6'', ਦੱਖਣ ਹੋਰ ਮਾਲਕ/ਗੁਆਂਢੀ 92'-6

ਵਿਕਰੀ ਦੀਆਂ ਵਿਸਥਾਰਤ ਸ਼ਰਤਾਂ ਅਤੇ ਨਿਯਮਾਂ ਲਈ ਕ੍ਰਿਪਾ ਕਰਕੇ ਸਕਿਉਰਡ ਕ੍ਰੈਡਿਟਰ ਦੀ ਵੈੱਬਸਾਈਟ https://www.axisbank.com/auction-retail ਅਤੇ ਬੈਂਕ ਪ੍ਰਮਾਣਿਤ ਸਰਵਿਸ ਪ੍ਰੋਵਾਈਡਰ ਮੈਸ: ਸੀ-1 ਇੰਡੀਆ ਪ੍ਰਾਈਵੇਟ ਲਿਮਿਟਡ ਦੇ ਵੈੱਬ ਪੋਰਟਲ https://www.bankeauctions.com ਦਾ ਹਵਾਲਾ ਲਿਆ ਜਾਵੇ। ਈ-ਨਿਲਾਮੀ ਬੈਂਕ ਦੇ ਪ੍ਰਮਾਣਿਤ ਸਰਵਿਸ ਪ੍ਰੋਵਾਈਡਰ ਮੈਸ: ਸੀ-1 ਇੰਡੀਆ ਪ੍ਰਾਈਵੇਟ ਲਿਮਿਟਡ ਦੇ ਵੈੱਬ ਪੋਰਟਲ https://www.bankeauctions.com ਰਾਹੀਂ ਆਨਲਾਈਨ ਕੀਤੀ ਜਾਵੇਗੀ। ਹੋਰ ਸਹਾਇਤਾ ਲਈ ਚਾਹਵਾਨ ਬੋਲੀਕਾਰ ਸ੍ਰੀ ਸੁਮੀਤ ਕੁਮਾਰ (ਮੋਬਾਇਲ ਨੰ. 96462-23355) ਅਤੇ ਪ੍ਰਵੀਨ ਕੁਮਾਰ ਯਾਦਵ (ਮੋਬਾਇਲ ਨੰ. 99142-20078) ਬੈਂਕ ਦੇ ਅਧਿਕਾਰਤ ਅਫਸਰ ਨਾਲ ਦਫਤਰੀ ਸਮੇਂ ਸਵੇਰੇ 9.30 ਵਜੇ ਤੋਂ ਸ਼ਾਮ ਦੇ 6.00 ਵਜੇ ਤੱਕ ਸੰਪਰਕ ਕਰ ਸਕਦੇ ਹਨ।

ਇਸ ਨੋਟਿਸ ਨੂੰ ਕਰਜ਼ਦਾਰਾਂ ਲਈ ਸਕਿਊਰਟੀ ਇੰਟਰੈਸਟ (ਇਨਫੋਰਸਮੈਂਟ) ਰੂਲ, 2002 ਦੇ ਰੂਲ 8 (6) ਤਹਿਤ 30 ਦਿਨਾਂ ਦਾ ਨੋਟਿਸ ਮੰਨਿਆ ਜਾਵੇ।

ਮਿਤੀ : 15.11.2025, ਸਥਾਨ : ਲੁਧਿਆਣਾ, ਤੁਹਾਡਾ ਸ਼ੁੱਭਚਿੰਤਕ ਵਾਸਤੇ ਐਕਸਿਸ ਬੈਂਕ ਲਿਮਿਟਡ (ਅਧਿਕਾਰਤ ਅਫਸਰ)


# ਸੇਂਟ ਕਬੀਰ ਸਕੂਲ 'ਚ ਬਾਲ ਦਿਵਸ ਮੌਕੇ 'ਟੈਲੇਂਟ ਹੰਟ' ਪ੍ਰੋਗਰਾਮ ਕਰਵਾਇਆ

ਧਾਰੀਵਾਲ, (ਮਨਦੀਪ ਸਿੰਘ ਵਿੱਕੀ)-ਸੇਂਟ ਕਬੀਰ ਪਬਲਿਕ ਸਕੂਲ ਸੁਲਤਾਨਪੁਰ (ਗੁਰਦਾਸਪੁਰ) ਵਿੱਚ ਬਾਲ ਦਿਵਸ ਬਹੁਤ ਹੀ ਦਿਲ ਖਿੱਚਵੇਂ ਅੰਦਾਜ ਵਿੱਚ ਮਨਾਇਆ ਗਿਆ। ਇਸ ਮੌਕੇ ਪ੍ਰਿੰਸੀਪਲ ਐੱਸ. ਬੀ. ਨਾਯਰ ਦੀ ਸਰਪ੍ਰਸਤੀ ਹੇਠ 'ਟੈਲੇਂਟ ਹੰਟ' ਪ੍ਰੋਗਰਾਮ ਦਾ ਆਯੋਜਨ ਕੀਤਾ ਗਿਆ ਜਿਸ ਦਾ ਮਕਸਦ ਵਿਦਿਆਰਥੀ ਦੇ




ਹੁਨਰ ਨੂੰ ਪ੍ਰਤੱਖ ਕਰਨਾ ਤੇ ਹਰ ਖੇਤਰ ਵਿੱਚ ਕਾਮਯਾਬ ਕਰਨਾ ਹੈ। ਪ੍ਰੋਗਰਾਮ ਦੇ ਸ਼ੁਰੂਆਤੀ ਵਿੱਚ ਪੰਜਾਬੀ ਵਿਭਾਗ ਦੇ ਅਧਿਆਪਕਾਂ ਅਤੇ ਵਿਦਿਆਰਥੀਆਂ ਨੇ ਪ੍ਰਾਰਥਨਾ ਕੀਤੀ। ਉਪਰੰਤ ਅਧਿਆਪਕਾ ਸ਼ਰਨਜੀਤ ਕੌਰ ਨੇ ਬਾਲ ਦਿਵਸ ਦੀ ਮਹੱਤਤਾ ਸਬੰਧੀ ਆਪਣੇ ਵਿਚਾਰ ਪੇਸ਼ ਕੀਤੇ। ਅੰਗਰੇਜ਼ੀ ਵਿਭਾਗ ਦੇ ਅਧਿਆਪਕਾ ਮੋਨਿਕਾ ਅਤੇ ਅਮਿਤ ਸਿੰਘ ਦੁਆਰਾ ਪ੍ਰੋਗਰਾਮ ਨੂੰ ਅੱਗੇ ਤੋਰਿਆ ਗਿਆ। ਪ੍ਰੋਗਰਾਮ ਦਾ ਸ਼ੁਭ ਆਰੰਭ ਵਿਦਿਆਰਥੀਆਂ ਨੇ ਸਬਦ ਦੀਆਂ ਧੁੰਨਾਂ ਨਾਲ ਕੀਤਾ। ਇਸ ਮਗਰੋਂ ਵਿਦਿਆਰਥੀਆਂ ਨੇ ਆਪਣੀ ਮਨਚਾਹੀ ਯੋਗਤਾ ਅਤੇ ਇੱਛਾ ਦੇ ਅਨੁਸਾਰ ਸਬਦ ਕੀਰਤਨ, ਗੁਰਬਾਣੀ ਦਾ ਉਚਾਰਨ, ਕਵਿਤਾ, ਸ਼ਾਇਰੀ, ਸੱਭਿਆਚਾਰਕ ਗੀਤ, ਡਾਂਸ ਦੀ ਪੇਸਕਾਰੀ ਕੀਤੀ। ਇਸ ਮੌਕੇ ਅਧਿਆਪਕਾਂ ਦੁਆਰਾ ਵਿਦਿਆਰਥੀਆਂ ਦੀ ਜਿੰਦਗੀ ਨਾਲ ਸਬੰਧਿਤ ਕੋਰੀਓਗਰਾਫੀ ਵੀ ਪੇਸ ਕੀਤੀ ਗਈ। ਪ੍ਰੋਗਰਾਮ ਦੇ ਅੰਤ ਵਿੱਚ ਪ੍ਰਿੰਸੀਪਲ ਐਸ ਬੀ ਨਾਯਰ ਅਤੇ ਪ੍ਰਬੰਧਕ ਨਵਦੀਪ ਕੌਰ ਤੇ ਕੁਲਦੀਪ ਕੌਰ ਦੁਆਰਾ ਸਾਰੇ ਵਿਦਿਆਰਥੀਆਂ ਨੂੰ ਬਾਲ ਦਿਵਸ ਦੀਆਂ ਸ਼ੁੱਭਕਾਮਨਾਵਾਂ ਦਿੱਤੀਆਂ, ਵਿਦਿਆਰਥੀਆਂ ਨੂੰ ਪੈਨ ਪੈਨਸਿਲਾਂ ਅਤੇ ਬਿਸਕੁਟ ਵੰਡੇ ਅਤੇ ਹਮੇਸ਼ਾ ਆਪਣੀ ਜ਼ਿੰਦਗੀ ਨੂੰ ਸਹੀ ਦਿਸਾ ਦੇਣ ਦੀ ਗੁਜਾਰਿਸ ਕੀਤੀ ਤਾਂ ਕਿ ਉਹ ਆਪਣਾ ਮਨ ਚਾਹਿਆ ਭਵਿੱਖ ਦੇਖ ਸਕਣ। ਇਸ ਮੌਕੇ ਸਕੂਲ ਦੇ ਸਮੂਹ ਸਟਾਫ ਮੈਂਬਰ ਅਤੇ ਵਿਦਿਆਰਥੀ ਹਾਜ਼ਰ ਸਨ।

# ਪੁੱਡਾ ਨੇ ਅਣ-ਅਧਿਕਾਰਤ ਉਸਾਰੀ ਦਾ ਕੰਮ ਰੁਕਵਾਇਆ

ਅੰਮ੍ਰਿਤਸਰ, (ਨਰਿੰਦਰ ਜੀਤ ਸਿੰਘ)-ਪੰਜਾਬ ਸਰਕਾਰ ਵੱਲੋਂ ਜਾਰੀ ਦਿਸ਼ਾ ਨਿਰਦੇਸ਼ਾਂ ਤਹਿਤ ਏਡੀਏ ਦੇ ਮੁੱਖ ਪ੍ਰਸ਼ਾਸਕ ਨਿਤੇਸ਼ ਕੁਮਾਰ ਜੈਨ, ਆਈਏਐੱਸ ਅਤੇ ਵਧੀਕ ਮੁੱਖ ਪ੍ਰਸ਼ਾਸਕ ਇਨਾਯਤ, ਪੀਸੀਐੱਸ ਵੱਲੋਂ ਜਾਰੀ ਹੁਕਮਾਂ ਦੀ ਪਾਲਣਾ ਕਰਦੇ ਹੋਏ ਜ਼ਿਲ੍ਹਾ ਟਾਊਨ ਪਲਾਨਰ (ਰੈਗੂਲੇਟਰੀ) ਗੁਰਸੇਵਕ ਸਿੰਘ ਔਲਖ ਦੀ ਅਗਵਾਈ ਹੇਠ ਏਡੀਏ ਦੇ ਰੈਗੂਲੇਟਰੀ ਵਿੰਗ ਵੱਲੋਂ ਅੰਮ੍ਰਿਤਸਰ-ਅਜਨਾਲਾ ਨੈਸ਼ਨਲ ਹਾਈਵੇਅ ਉਪਰ ਪਿੰਡ ਹੇਰ ਵਿਖੇ ਲਿਵਾਸਾ ਹਸਪਤਾਲ ਦੇ ਸਾਹਮਣੇ ਬਣ ਰਹੀ ਨਵੀਂ ਅਣ-ਅਧਿਕਾਰਤ ਉਸਾਰੀ ਵਿਰੁੱਧ ਕਾਰਵਾਈ ਕਰਦੇ ਹੋਏ ਉਸਾਰੀ ਦਾ ਕੰਮ ਮੁੜ ਤੋਂ ਬੰਦ ਕਰਵਾਇਆ ਗਿਆ।ਜ਼ਿਲ੍ਹਾ ਟਾਊਨ ਪਲਾਨਰ ਨੇ ਜਾਣਕਾਰੀ ਦਿੰਦੇ ਹੋਏ ਦੱਸਿਆ ਕਿ ਪਿੰਡ ਹੇਰ ਵਿਖੇ ਬਣ ਰਹੀ ਅਣ-ਅਧਿਕਾਰਤ ਕਮਰਸ਼ੀਅਲ ਉਸਾਰੀ ਸਬੰਧੀ ਉਸਾਰੀਕਰਤਾ ਕੋਲ ਪੁੱਡਾ ਤੋਂ ਪ੍ਰਾਪਤ ਕੋਈ ਪ੍ਰਵਾਨਗੀ ਮੌਜੂਦ ਨਾ ਹੋਣ ਕਾਰਨ ਰੈਗੂਲੇਟਰੀ ਵਿੰਗ ਵੱਲੋਂ ਨੋਟਿਸ ਜਾਰੀ ਕਰਦੇ ਹੋਏ ਕਈ ਵਾਰ ਉਸਾਰੀ ਦਾ ਕੰਮ ਰੋਕਿਆ ਗਿਆ ਸੀ ਜਿਸਦੇ ਬਾਵਜੂਦ ਉਸਾਰੀਕਰਤਾ ਵੱਲੋਂ ਮੌਕੇ 'ਤੇ ਉਸਾਰੀ ਦਾ ਕੰਮ ਜਾਰੀ ਰੱਖਿਆ ਜਾ ਰਿਹਾ ਸੀ ਜਿਸ ਕਰਕੇ ਉਚ ਅਧਿਕਾਰੀਆਂ ਵੱਲੋਂ ਇਸ ਅਣ-ਅਧਿਕਾਰਤ ਉਸਾਰੀ ਨੂੰ ਢਾਹੁਣ ਸਬੰਧੀ ਹੁਕਮ ਜਾਰੀ ਕੀਤੇ ਗਏ ਸਨ।ਉਕਤ ਹੁਕਮਾਂ ਨੂੰ ਅਮਲ ਵਿੱਚ ਲਿਆਉਣ ਅਤੇ ਮੌਕੇ ਤੇ ਲਾਅ ਅਤੇ ਆਰਡਰ ਦੀ ਸਥਿਤੀ ਨੂੰ ਬਹਾਲ ਰੱਖਣ ਹਿੱਤ



ਲੋੜੀਂਦੀ ਪੁਲਸ ਫੋਰਸ ਮੁਹੱਈਆ ਕਰਵਾਉਣ ਲਈ ਪੁਲਸ ਕਮਿਸ਼ਨਰੇਟ ਨੂੰ ਉਕਤ ਹੁਕਮਾਂ ਦੀ ਕਾਪੀ ਕਰਦੇ ਹੋਏ ਲਿਖਿਆ ਗਿਆ ਸੀ ਪਰੰਤੂ ਇਸ ਸਬੰਧੀ ਪੁਲਸ ਕਮਿਸ਼ਨਰੇਟ ਅਤੇ ਥਾਣਾ ਏਅਰਪੋਰਟ ਦੇ ਅਧਿਕਾਰੀਆਂ ਨਾਲ ਵਾਰ-ਵਾਰ ਸੰਪਰਕ ਕਰਨ ਦੇ ਬਾਵਜੂਦ ਉਨ੍ਹਾਂ ਵੱਲੋਂ ਲੋੜੀਂਦੀ ਪੁਲਸ ਫੋਰਸ ਮੁਹਈਆ ਨਾ ਕਰਵਾਉਣ ਦੇ ਕਾਰਨ ਉਕਤ ਉਸਾਰੀ ਖਿਲਾਫ ਡੈਮੋਲੀਸ਼ਨ ਦੀ ਕਾਰਵਾਈ ਅਮਲ ਵਿੱਚ ਨਹੀਂ ਲਿਆਂਦੀ ਜਾ ਸਕੀ, ਜਿਸ ਦੇ ਚਲਦੇ ਦੁਬਾਰਾ ਮੌਕੇ 'ਤੇ ਚੱਲ ਰਹੇ ਕੰਮ ਨੂੰ ਮੁੜ ਬੰਦ ਕਰਵਾਇਆ ਗਿਆ ਹੈ।

# ਈਮਾਮੀ ਵੱਲੋਂ ਰੀਬ੍ਰਾਂਡਿੰਗ ਮੁਹਿੰਮ ਤਹਿਤ ਮਾਰਕਿਟ 'ਚ ਕੇਸ਼ ਕਿੰਗ ਗੋਲਡ ਪੇਸ਼

**ਅੰਮ੍ਰਿਤਸਰ**-ਕੇਸ਼ ਕਿੰਗ ਭਾਰਤ ਦਾ ਇੱਕ ਪ੍ਰਮੁੱਖ ਆਯੁਰਵੈਦਿਕ ਹੇਅਰਕੇਅਰ ਬ੍ਰਾਂਡ ਹੈ।ਇਸ ਬ੍ਰਾਂਡ ਨੇ ਆਪਣੇ ਆਪ ਨੂੰ ਇੱਕ ਨਵਾਂ ਰੂਪ ਦੇਣ ਲਈ ਰੀਬ੍ਰਾਂਡਿੰਗ ਦੀ ਸ਼ੁਰੂਆਤ ਕਰਦੇ ਹੋਏ ਪੇਸ਼ ਕੀਤਾ ਹੈ ਕੇਸ਼ ਕਿੰਗ ਗੋਲਡ।ਇਸ ਨਾਲ ਬ੍ਰਾਂਡ ਦੀ ਪਛਾਣ, ਪੇਸ਼ਕਾਰੀ ਅਤੇ ਪੈਕੇਜਿੰਗ ਨੂੰ ਇੱਕ ਨਵਾਂ ਅਤੇ ਦਿਲਚਸਪ ਦਰਜਾ ਮਿਲਦਾ ਹੈ।

ਇਸ ਰੀਬ੍ਰਾਂਡਿੰਗ ਪਹਿਲ ਦੇ ਜ਼ਰੀਏ ਈਮਾਮੀ ਨੇ ਆਪਣੇ ਬ੍ਰਾਂਡ ਕੇਸ਼ ਕਿੰਗ ਲਈ ਇੱਕ ਵੱਖਰੀ ਰਣਨੀਤੀ ਅਪਣਾਈ ਹੈ।ਬ੍ਰਾਂਡ ਦੇ ਆਯੁਰਵੇਦ ਦੀ ਪਰੰਪਰਾ ਨੂੰ ਪੂਰੀ ਤਰ੍ਹਾਂ ਨਾਲ ਬਰਕਰਾਰ ਰੱਖਦੇ ਹੋਏ ਇਸ ਨਵੇਂ ਉਤਪਾਦ ਨੂੰ ਗਾਹਕਾਂ ਦੀਆਂ ਮੰਗਾਂ ਨੂੰ ਧਿਆਨ ਵਿੱਚ ਰੱਖਦੇ ਹੋਏ ਤਿਆਰ ਕੀਤਾ ਗਿਆ ਹੈ।

ਇਸ ਮੌਕੇ ਆਪਣੀ ਗੱਲ ਰੱਖਦੇ ਹੋਏ ਮਿਸ ਪ੍ਰੀਤੀ ਏ. ਸੁਰੇਕਾ ਐਗਜ਼ੀਕਿਊਟਿਵ ਡਾਇਰੈਕਟਰ ਇਮਾਮੀ ਨੇ ਕਿਹਾ ਕਿ ਕੇਸ਼ ਕਿੰਗ ਦੀ ਇਹ ਰੀਬ੍ਰਾਂਡਿੰਗ ਸਿਰਫ਼ ਦਿਖਾਵੇ ਲਈ ਕੀਤਾ ਗਿਆ, ਕੋਈ ਬਦਲਾਅ ਨਹੀਂ ਹੈ।

# ਸ੍ਰੀ ਗੁਰੂ ਨਾਨਕ ਦੇਵ ਜੀ ਦੇ ਪ੍ਰਕਾਸ਼ ਪੁਰਬ ਨੂੰ ਸਮਰਪਤ ਕਾਲਾ ਸੰਘਿਆਂ (ਕਪੂਰਥਲਾ) ਤੋਂ ਮਨਜੀਤ ਮਾਨ ਵੱਲੋਂ ਵਿਸ਼ੇਸ਼ ਸਪਲੀਮੈਂਟ

## ਸਰਕਾਰਾਂ ਦੀ ਬੇਰੁਖੀ ਦਾ ਸ਼ਿਕਾਰ ਕਸਬਾ ਕਾਲਾ ਸੰਘਿਆਂ

ਦੋਆਬੇ ਵਿੱਚ ਦੋਨਾਂ ਇਲਾਕੇ ਦਾ ਇਤਿਹਾਸਕ ਨਗਰ ਕਾਲਾ ਸੰਘਿਆਂ ਚਾਰ ਸ਼ਹਿਰਾਂ ਕਪੂਰਥਲਾ, ਨਕੋਦਰ, ਜਲੰਧਰ ਅਤੇ ਸੁਲਤਾਨਪੁਰ ਲੋਧੀ ਦੇ ਐਨ ਵਿਚਕਾਰ ਵੱਸਿਆ ਹੋਇਆ ਹੈ।ਇਹ ਨਗਰ ਅੱਜ ਤੋਂ ਕਰੀਬ ਪੰਜ ਸੌ ਸਾਲ ਪਹਿਲਾਂ ਵਸਿਆ ਹੈ।ਇਹ ਨਗਰ ਇੱਕ ਮਹਾਂਪੁਰਖ ਬਾਬਾ ਲੱਧਾ ਸੱਧਾ ਦੀ ਇਜਾਜ਼ਤ ਲੈ ਕੇ ਵਸਾਇਆ ਗਿਆ ਸੀ।ਇਹ ਨਗਰ ਮੀਰੀ ਪੀਰੀ ਦੇ ਮਾਲਕ ਸਾਹਿਬ ਸ਼੍ਰੀ ਗੁਰੂ ਹਰਗੋਬਿੰਦ ਸਾਹਿਬ ਦੇ ਪਵਿੱਤਰ ਚਰਨਾਂ ਦੀ ਛੋਹ ਪ੍ਰਾਪਤ ਧਰਤੀ ਹੈ। ਜਿਥੇ ਗੁਰੂ ਸਾਹਿਬ ਨੇ ਇਲਾਕੇ ਦੀ ਸੰਗਤ ਦੀ ਬੇਨਤੀ ਪ੍ਰਵਾਨ ਕਰਦੇ ਹੋਏ ਆਦਮਖੋਰ ਸ਼ੇਰ ਨੂੰ ਤਲਵਾਰ ਦੇ ਵਾਰ ਨਾਲ ਖ਼ਤਮ ਕਰਕੇ ਇਸ ਇਲਾਕੇ ਨੂੰ ਭੈਅ ਮੁਕਤ ਕੀਤਾ ਹੈ।ਜਿਥੇ ਗੁਰੂ ਸਾਹਿਬ ਨੇ ਸ਼ੇਰ ਦਾ ਭੈਅ ਖ਼ਤਮ ਕਰਕੇ ਦੀਵਾਨ ਸਜਾਇਆ ਅੱਜਕੱਲ੍ਹ ਉਸ ਅਸਥਾਨ ਉਪਰ ਗੁਰਦੁਆਰਾ ਟਾਂਵੀ ਸਾਹਿਬ ਬਣਿਆ ਹੋਇਆ ਹੈ।ਇਸ ਧਰਤੀ ਨੂੰ ਕਈ ਸੰਤਾਂ ਮਹਾਂਪੁਰਖਾ ਦੀ ਚਰਨ ਛੋਹ ਪ੍ਰਾਪਤ ਹੈ।ਪਿੰਡ ਕਾਲਾ ਸੰਘਿਆਂ ਵਿਚ ਸੰਤ ਬਾਬਾ ਕਾਹਨ ਦਾਸ ਦਾ ਵਿਸ਼ਵ ਪ੍ਰਸਿੱਧ ਅਸਥਾਨ ਹੈ, ਜਿਥੇ ਹਰ ਮਹੀਨੇ ਮੱਸਿਆ 'ਤੇ ਸੰਗਤਾਂ ਦਾ ਭਾਰੀ ਇਕੱਠ ਹੁੰਦਾ ਹੈ। ਸੰਤ ਹੀਰਾ ਦਾਸ ਜੀ ਇਸ ਨਗਰ ਵਿਚ ਵੱਡੇ ਸਮਾਜ ਸੁਧਾਰਕ ਸਨ, ਜਿਨ੍ਹਾਂ ਦੇ ਅਸਥਾਨ ਉਪਰ ਇੱਕ ਵੱਡੀ ਸਿੱਖਿਆ ਸੰਸਥਾ ਸੰਤ ਹੀਰਾ ਦਾਸ ਕੰਨਿਆ ਮਹਾਂਵਿਦਿਆਲਾ ਚੱਲ ਰਹੀ ਹੈ।ਇਸ ਨਗਰ ਦਾ ਆਜ਼ਾਦੀ ਦੇ ਸੰਘਰਸ਼ ਵਿਚ ਵੀ ਅਹਿਮ ਯੋਗਦਾਨ ਰਿਹਾ ਹੈ।ਇਸ ਪਿੰਡ ਨੂੰ ਗ਼ਦਰੀ ਬਾਬਿਆਂ ਦਾ ਪਿੰਡ ਵੀ ਕਿਹਾ ਜਾਂਦਾ ਹੈ।ਗ਼ਦਰੀ ਬਾਬਾ ਹਰਨਾਮ ਸਿੰਘ ਕਾਲਾ ਸੰਘਿਆਂ ਗ਼ਦਰ ਲਹਿਰ ਦੇ ਇੱਕ ਪ੍ਰਮੁੱਖ ਆਗੂ ਸਨ, ਜਿਨ੍ਹਾਂ ਨੇ ਲਾਹੌਰ ਸਾਜਿਸ਼ ਕੇਸ ਦੂਜੇ ਅਧੀਨ ਲੰਮਾ ਸਮਾਂ ਜੇਲ੍ਹ ਕੱਟੀ। ਇਸ ਨਗਰ ਦੇ ਸ. ਠਾਕੁਰ ਸਿੰਘ ਵੀ ਚਾਇਨਾ ਵਿਚ ਗ਼ਦਰ ਲਹਿਰ ਦੇ ਪ੍ਰਮੁੱਖ ਆਗੂ ਸਨ। ਠਾਕੁਰ ਸਿੰਘ ਪੈਪਸੂ ਦੇ ਸਮੇਂ ਕਪੂਰਥਲਾ ਤੋਂ ਦੋ ਵਾਰ ਐਮ ਐਲ ਏ ਵੀ ਰਹੇ।ਕਾਲਾ ਸੰਘਿਆਂ ਨਗਰ ਦੇ ਲੋਕਾਂ ਨੇ ਹਮੇਸ਼ਾ ਹੀ ਹਰ ਲੋਕ ਲਹਿਰ ਵਿਚ ਸਰਗਰਮ ਭੂਮਿਕਾ ਨਿਭਾਈ ਹੈ।

ਜਿੰਨੇ ਮੇਲੇ ਅਤੇ ਤਿਉਹਾਰ ਇਸ ਨਗਰ ਵਿਚ ਮਨਾਏ ਜਾਂਦੇ ਹਨ, ਸ਼ਾਇਦ ਹੀ ਪੰਜਾਬ ਦੇ ਕਿਸੇ ਹੋਰ ਪਿੰਡ ਵਿਚ ਮਨਾਏ ਜਾਂਦੇ ਹੋਣਗੇ।



**ਮਨਜੀਤ ਮਾਨ**
ਪੱਤਰਕਾਰ, ਕਾਲਾ ਸੰਘਿਆਂ, ਕਪੂਰਥਲਾ
ਸੂਬਾ ਪ੍ਰਧਾਨ ਜਰਨਲਿਸਟ ਪ੍ਰੈਸ ਕਲੱਬ ਰਜਿ. ਪੰਜਾਬ
ਮੋਬਾ. 98728-88955


ਇਸ ਨਗਰ ਦਾ ਪੁਰਾਤਨ ਸਮੇਂ ਤੋਂ ਚੱਲਿਆ ਆ ਰਿਹਾ ਛਿੰਝ ਮੇਲਾ, ਦੁਆਬੇ ਦੇ ਪ੍ਰਸਿੱਧ ਛਿੰਝ ਮੇਲਿਆਂ ਵਿਚੋਂ ਇੱਕ ਹੈ। ਜਿਸ ਵਿਚ ਹਰ ਸਾਲ ਦੇਸ਼ਾਂ ਵਿਦੇਸ਼ਾਂ ਦੇ ਨਾਮੀ ਪਹਿਲਵਾਨ ਆਉਂਦੇ ਹਨ। ਕਾਲਾ ਸੰਘਿਆਂ ਦਾ ਦੁਸਹਿਰਾ ਵੀ ਦੁਆਬੇ ਦੇ ਪ੍ਰਸਿੱਧ ਮੇਲਿਆਂ ਵਿਚੋ ਇੱਕ ਹੈ। ਇਸ ਨਗਰ ਨੇ ਕੱਬਡੀ ਵਿਚ ਵੀ ਵੱਡੀਆਂ ਮੱਲਾਂ ਮਾਰੀਆ ਹਨ ਅਤੇ ਨਾਮਵਰ ਕੱਬਡੀ ਖਿਡਾਰੀ ਪੈਦਾ ਕੀਤੇ ਹਨ। ਪਿਛਲੇ ਲੰਮੇ ਸਮੇਂ ਤੋਂ ਨਗਰ ਵਿਚ ਸੰਤ ਬਾਬਾ ਕਾਹਨ ਦਾਸ ਜੀ ਦੇ ਨਾਮ ਉਪਰ ਉੱਚ ਦਰਜੇ ਦੀ ਫੁੱਟਬਾਲ ਐਕਡਮੀ ਅਤੇ ਪਹਿਲਵਾਨੀ ਅਖਾੜਾ ਚੱਲ ਰਿਹਾ ਹੈ।

ਪਿੰਡ ਕਾਲਾ ਸੰਘਿਆਂ ਪਿਛਲੇ ਕੁਝ ਸਾਲਾਂ ਵਿਚ ਬਹੁਤ ਤੇਜੀ ਨਾਲ ਵਿਕਸਤ ਹੋਇਆ ਹੈ। ਅੱਜਕਲ੍ਹ ਇਹ ਇੱਕ ਸੈਮੀ ਅਰਬਨ ਖੇਤਰ ਬਣ ਚੁੱਕਾ ਹੈ।ਪਰ ਫਿਰ ਵੀ ਨਗਰ ਕਾਲਾ ਸੰਘਿਆਂ ਕਾਫੀ ਸਹੂਲਤਾਂ ਤੋਂ ਵਾਂਝਾ ਹੈ। ਇਸ ਪਿੰਡ ਦੇ ਸਰਕਾਰੀ ਹਸਪਤਾਲ ਨੂੰ ਦੁਬਾਰਾ ਅਪਗ੍ਰੇਡ ਕਰਨ ਦਾ ਮਸਲਾ ਕਾਫ਼ੀ ਲੰਮੇ ਸਮੇਂ ਤੋਂ ਲਟਕਦਾ ਚੱਲਿਆ ਆ ਰਿਹਾ ਹੈ। ਵੱਖ-ਵੱਖ ਸਮਿਆਂ 'ਤੇ ਮੌਜੂਦਾ ਸਰਕਾਰਾਂ ਦੇ ਨੁਮਾਇੰਦਿਆਂ ਵੱਲੋਂ ਇਸ ਨੂੰ ਅਪਗ੍ਰੇਡ ਦੇ ਵਾਅਦੇ ਕੀਤੇ ਜਾਂਦੇ ਰਹੇ ਹਨ, ਪਰ ਲੰਮਾ ਸਮਾਂ ਬੀਤ ਜਾਣ ਮਗਰੋਂ ਵੀ ਹਾਲਾਤ ਜਿਉਂ ਦੇ ਤਿਉਂ ਬਣੇ ਹੋਏ ਹਨ। ਜਿਸ ਕਾਰਨ ਇਲਾਕੇ ਵਿਚ ਸਿਹਤ ਸਹੂਲਤਾਂ ਦੇ ਵੱਡੀ ਕਮੀ ਹੈ।ਪਿੰਡ ਵਿਚ ਸਰਕਾਰੀ ਵਾਟਰ ਵਰਕਸ ਦੀ ਸਪਲਾਈ ਅਕਸਰ ਹੀ ਪ੍ਰਭਾਵਿਤ ਰਹਿਣਾ ਵੀ ਇਸ ਨਗਰ ਦੀ ਵੱਡੀ ਸਮੱਸਿਆ ਹੈ, ਜਿਸ ਵਿਚ ਫੌਰੀ ਸੁਧਾਰਾਂ ਦੀ ਲੋੜ ਹੈ।ਇਸੇ ਤਰ੍ਹਾਂ ਹੀ ਸਰਕਾਰੀ ਕੰਨਿਆ ਹਾਈ ਸਕੂਲ ਕਾਲਾ ਸੰਘਿਆਂ ਦੀ ਇਮਾਰਤ ਕਾਫ਼ੀ ਜਰਜਰਾ ਹਾਲਤ ਵਿਚ ਹੈ।ਜਿਸ ਦਾ ਨਵੀਨੀਕਰਨ ਮੁਢਲੀ ਲੋੜ ਹੈ, ਪਰ ਅਫਸੋਸ ਦੀ ਗੱਲ ਹੈ ਕਿ ਇਸ ਸੰਬੰਧੀ ਕਿਸੇ ਸੰਸਥਾ ਵੱਲੋਂ ਕੋਈ ਪਹਿਲਕਦਮੀ ਨਹੀਂ ਹੋ ਰਹੀ ਹੈ। ਪਿੰਡ ਦੇ ਖੇਡ ਸਟੇਡੀਅਮ ਦੀ ਚਾਰ ਦੀਵਾਰੀ ਦਾ ਕੰਮ ਵੀ ਅਧੂਰਾ ਹੈ। ਪਿੰਡ ਵਿੱਚ ਚੱਲ ਰਹੇ ਪਹਿਲਵਾਨੀ ਅਖਾੜੇ ਲਈ ਪੱਕੀ ਚਾਰਦੀਵਾਰੀ ਕੀਤੇ ਹੋਏ ਸਥਾਨ ਅਤੇ ਸ਼ੈਡ ਨਾ ਹੋਣ ਕਾਰਣ ਜ਼ੋਰ ਕਰਨ ਵਾਲੇ ਨੌਜਵਾਨਾਂ ਨੂੰ ਭਾਰੀ ਦਿੱਕਤ ਆਉਂਦੀ ਹੈ।ਪਿੰਡ ਦਾ ਮੇਨ ਬਾਜ਼ਾਰ ਸੀਵਰੇਜ ਦੀ ਸਹੂਲਤਾਂ ਤੋਂ ਵਾਂਝਾ ਹੈ। ਇਸ ਤਰ੍ਹਾਂ ਹੀ ਬਾਬਾ ਨੰਦ ਚੰਦ ਜੀ ਦੇ ਅਸਥਾਨ ਵਾਲਾ ਕੱਚਾ ਰਸਤਾ ਜੋ ਨਜ਼ਦੀਕੀ ਪਿੰਡ ਕੋਹਾਲਾ ਨਾਲ ਲੱਗਦਾ ਹੈ ਨੂੰ ਵੀ ਦੋਹਾਂ ਪਿੰਡਾਂ ਵਿਚਕਾਰ ਲਿੰਕ ਸੜਕ ਬਣਾਉਣ ਦੀ ਜ਼ਰੂਰਤ ਹੈ। ਇਸ ਨਗਰ ਵਿਚ ਅਜੇ ਤੱਕ ਕਿਸੇ ਸਰਕਾਰ ਵੱਲੋਂ ਇਸ ਪਿੰਡ ਦੇ ਆਜਾਦੀ ਘੁਲਾਟੀਆਂ ਦੀ ਕੋਈ ਯਾਦਗਾਰ ਸਥਾਪਤ ਕਰਨ ਦਾ ਕੋਈ ਯਤਨ ਨਹੀ ਕੀਤਾ ਗਿਆ। ਇਹ ਨਗਰ ਆਪਣੀ ਤਹਿਸੀਲ ਤੋਂ 14-15 ਕਿਲੋਮੀਟਰ ਦੂਰ ਹੈ, ਜਿਸ ਕਾਰਨ ਪਿੰਡ ਕਾਲਾ ਸੰਘਿਆਂ ਨੂੰ ਵਾਰ ਵਾਰ ਸਬ ਤਹਿਸੀਲ ਬਣਾਉਣ ਦੀ ਮੰਗ ਉਠਦੀ ਰਹੀ ਹੈ ਅਤੇ ਇਹ ਮੰਗ ਪੂਰੀ ਕੀਤੀ ਜਾਣੀ ਚਾਹੀਦੀ ਹੈ।ਦੁਆਬੇ ਦਾ ਇਹ ਪ੍ਰਸਿੱਧ ਨਗਰ ਕਾਲਾ ਸੰਘਿਆਂ ਦੀ ਆਪਣੀ ਵਿਲੱਖਣ ਪਹਿਚਾਣ ਹੈ, ਪਰ ਇਹ ਨਗਰ ਅਜੇ ਵੀ ਸਰਕਾਰਾਂ ਦੀ ਬੇਰੁਖੀ ਦਾ ਸ਼ਿਕਾਰ ਹੈ।

---

ਸ੍ਰੀ ਗੁਰੂ ਨਾਨਕ ਦੇਵ ਜੀ ਦੇ ਪ੍ਰਕਾਸ਼ ਪੁਰਬ ਨੂੰ ਸਮਰਪਤ ਕਸਬਾ ਕਾਲਾ ਸੰਘਿਆਂ (ਕਪੂਰਥਲਾ) ਦਾ ਵਿਸ਼ੇਸ਼ ਸਪਲੀਮੈਂਟ ਪ੍ਰਕਾਸ਼ਿਤ ਕਰਨ 'ਤੇ ਅਦਾਰਾ ਨਵਾਂ ਜ਼ਮਾਨਾ ਤੇ ਪੱਤਰਕਾਰ ਮਨਜੀਤ ਮਾਨ ਨੂੰ ਮੁਬਾਰਕਾਂ

### ਔਜਲਾ ਮੋਟਰਜ਼
ਨੇੜੇ ਬਾਈਪਾਸ, ਜਲੰਧਰ ਰੋਡ ਨਕੋਦਰ



ਹਰਦੇਵ ਸਿੰਘ ਔਜਲਾ, ਸਾਬਕਾ ਚੇਅਰਮੈਨ ਸ਼ੂਗਰ ਮਿੱਲ, ਨਕੋਦਰ, ਐਮ ਡੀ ਔਜਲਾ ਮੋਟਰਜ਼ ਨਕੋਦਰ | ਸ੍ਰੀਮਤੀ ਮਨਜੀਤ ਕੌਰ ਔਜਲਾ, ਸਰਪੰਚ, ਜਹਾਂਗੀਰ ਨਕੋਦਰ | ਗਗਨਦੀਪ ਸਿੰਘ ਔਜਲਾ, ਹਲਕਾ ਪ੍ਰਧਾਨ ਯੂਥ ਕਾਂਗਰਸ ਅਸੰਬਲੀ ਨਕੋਦਰ

ਇੱਥੇ ਗੱਡੀਆਂ ਦੀ ਰਿਪੇਅਰ, ਡੈਂਟਿੰਗ ਪੇਂਟਿੰਗ, ਲਾਈਨਮੈਂਟ, ਵਾਸ਼ਿੰਗ, ਵੀਲ੍ਹ ਬੈਲੰਸ ਤਸੱਲੀਬਖ਼ਸ਼ ਕੀਤੇ ਜਾਂਦੇ ਹਨ।
ਮੋਬਾ. 98151-81313

---

### ਪੰਡਤਾਂ ਦੀ ਹੱਟੀ
ਮੇਨ ਬਾਜ਼ਾਰ, ਕਾਲਾ ਸੰਘਿਆਂ



ਸਵ. ਪੰਡਤ ਕਿਸ਼ੋਰੀ ਲਾਲ ਭਾਰਗਵ | ਸਵ. ਪੰਡਤ ਵਿਸ਼ਵਾ ਨਾਥ ਭਾਰਗਵ | ਪੰਡਤ ਰਾਕੇਸ਼ ਕੁਮਾਰ ਭਾਰਗਵ (ਯੋਗ ਗੁਰੂ) | ਪੰਡਤ ਰਾਜੇਸ਼ ਕੁਮਾਰ ਭਾਰਗਵ (ਰਜੂ)



ਮਾਸਟਰ ਸ਼ਾਮ ਕੁਮਾਰ ਭਾਰਗਵ

ਸ੍ਰੀ ਗੁਰੂ ਨਾਨਕ ਦੇਵ ਜੀ ਦੇ ਪ੍ਰਕਾਸ਼ ਪੁਰਬ ਨੂੰ ਸਮਰਪਤ ਕਸਬਾ ਕਾਲਾ ਸੰਘਿਆਂ (ਕਪੂਰਥਲਾ) ਦਾ ਵਿਸ਼ੇਸ਼ ਸਪਲੀਮੈਂਟ ਪ੍ਰਕਾਸ਼ਿਤ ਕਰਨ 'ਤੇ ਅਦਾਰਾ ਨਵਾਂ ਜ਼ਮਾਨਾ ਤੇ ਪੱਤਰਕਾਰ ਮਨਜੀਤ ਮਾਨ ਨੂੰ ਮੁਬਾਰਕਾਂ
98157-14465, 98768-85002

---

ਸ੍ਰੀ ਗੁਰੂ ਨਾਨਕ ਦੇਵ ਜੀ ਦੇ ਪ੍ਰਕਾਸ਼ ਪੁਰਬ ਨੂੰ ਸਮਰਪਤ ਕਸਬਾ ਕਾਲਾ ਸੰਘਿਆਂ (ਕਪੂਰਥਲਾ) ਦਾ ਵਿਸ਼ੇਸ਼ ਸਪਲੀਮੈਂਟ ਪ੍ਰਕਾਸ਼ਿਤ ਕਰਨ 'ਤੇ ਅਦਾਰਾ ਨਵਾਂ ਜ਼ਮਾਨਾ ਤੇ ਪੱਤਰਕਾਰ ਮਨਜੀਤ ਮਾਨ ਨੂੰ ਮੁਬਾਰਕਾਂ



ਸੰਜੀਵ ਕੌਂਡਲ, ਜ਼ਿਲ੍ਹਾ ਪ੍ਰਧਾਨ ਜਲ ਸਪਲਾਈ ਸੈਟੇਸ਼ਨ ਮਸਟਰੋਲ ਇੰਪਲਾਈਜ਼ ਯੂਨੀਅਨ ਪੰਜਾਬ | ਬਸਦੇਵ ਪਾਲ | ਸਰਬਜੀਤ | ਸੁਖਵਿੰਦਰ ਸਿੰਘ

ਅਪੀਲ : ਆਪ ਸਰਕਾਰ ਜਲ ਸਪਲਾਈ ਮਾਸਟਰੋਲ ਇੰਪਲਾਈਜ਼ ਯੂਨੀਅਨ ਦੀਆਂ ਹੱਕੀ ਤੇ ਜਾਇਜ਼ ਮੰਗਾਂ ਤੁਰੰਤ ਲਾਗੂ ਕਰੇ।
ਮੋਬਾ. 98786-91456

---

ਸ੍ਰੀ ਗੁਰੂ ਨਾਨਕ ਦੇਵ ਜੀ ਦੇ ਪ੍ਰਕਾਸ਼ ਪੁਰਬ ਨੂੰ ਸਮਰਪਤ ਕਸਬਾ ਕਾਲਾ ਸੰਘਿਆਂ (ਕਪੂਰਥਲਾ) ਦਾ ਵਿਸ਼ੇਸ਼ ਸਪਲੀਮੈਂਟ ਪ੍ਰਕਾਸ਼ਿਤ ਕਰਨ 'ਤੇ ਅਦਾਰਾ ਨਵਾਂ ਜ਼ਮਾਨਾ ਤੇ ਪੱਤਰਕਾਰ ਮਨਜੀਤ ਮਾਨ ਨੂੰ ਮੁਬਾਰਕਾਂ

### ਮਹਿੰਦਰਾ ਟਰੈਕਟਰਜ਼





ਸਤਨਾਮ ਸਿੰਘ ਗਿੱਲ 98770-25596 | ਦਿਲਬਾਗ ਸਿੰਘ ਗਿੱਲ 98729-72595 | ਬ੍ਰਜਮੋਹਨ ਅਰੋੜ 98153-91099

ਵੱਲੋਂ : ਗਿੱਲ ਆਟੋ ਮੋਬਾਈਲਜ਼, ਸੁਲਤਾਨਪੁਰ ਲੋਧੀ
ਬ੍ਰਾਂਚ ਆਫਿਸ ਨਕੋਦਰ, ਜ਼ੀਰਾ, ਸ਼ਾਹਕੋਟ, ਧਰਮਕੋਟ

ਇੱਥੇ ਮਹਿੰਦਰਾ ਦੇ 15 ਹਾਰਸ ਪਾਵਰ ਤੋਂ ਲੈ ਕੇ 75 ਹਾਰਸ ਪਾਵਰ ਤੱਕ ਦੇ ਮਾਡਲਾਂ ਦੇ ਆਧੁਨਿਕ ਤਕਨੀਕੀ ਨਾਲ ਲੈਸ ਟਰੈਕਟਰ, ਲੇਜਰ ਲੈਵਲਰ, ਰੋਟਾਵੇਟ, ਮਾਲਚਰ, ਐਮ ਬੀ ਪਲਾਓ ਉਪਲੱਬਧ ਹਨ। ਕੰਪਨੀ ਤੋਂ ਮਨਜ਼ੂਰਸ਼ੁਦਾ ਸਰਵਿਸ ਸੈਂਟਰ 'ਚ ਆਟੋਮੈਟਿਕ ਟੂਲ ਸਿਸਟਮ ਨਾਲ ਸਰਵਿਸ ਕੀਤੀ ਜਾਂਦੀ ਹੈ।

---

ਸ਼੍ਰੀ ਗੁਰੂ ਨਾਨਕ ਦੇਵ ਜੀ ਦੇ ਪ੍ਰਕਾਸ਼ ਪੁਰਬ ਦੀਆਂ ਲੱਖ-ਲੱਖ ਵਧਾਈਆਂ

### ਪੈਨਸ਼ਨਰਜ਼ ਐਸੋਸੀਏਸ਼ਨ ਪਾਵਰਕਾਮ ਸਬ-ਯੂਨਿਟ ਕਾਲਾ ਸੰਘਿਆਂ



ਰੇਸ਼ਮ ਸਿੰਘ ਮਾਨ, ਡਵੀਜ਼ਨ ਪ੍ਰਧਾਨ | ਬਲਦੇਵ ਰਾਜ, ਸਕੱਤਰ | ਅਮਰਦੀਪ ਤ੍ਰਿਖਾ, ਕਾਰਜਕਾਰੀ ਮੈਂਬਰ | ਗੁਰਬਚਨ ਚੰਦ, ਸਰਕਲ ਮੈਂਬਰ | ਅਵਤਾਰ ਸਿੰਘ | ਬਰਿਜ ਮੋਹਨ | ਪਰਮਜੀਤ ਲਾਲ

ਅਪੀਲ-ਜਥੇਬੰਦੀ ਦੀਆਂ ਹੱਕੀ ਮੰਗਾਂ ਨੂੰ ਸਰਕਾਰ ਤੁਰੰਤ ਪੂਰਾ ਕਰੇ

---

ਸ੍ਰੀ ਗੁਰੂ ਨਾਨਕ ਦੇਵ ਜੀ ਦੇ ਪ੍ਰਕਾਸ਼ ਪੁਰਬ ਨੂੰ ਸਮਰਪਤ ਕਸਬਾ ਕਾਲਾ ਸੰਘਿਆਂ (ਕਪੂਰਥਲਾ) ਦਾ ਵਿਸ਼ੇਸ਼ ਸਪਲੀਮੈਂਟ ਪ੍ਰਕਾਸ਼ਿਤ ਕਰਨ 'ਤੇ ਅਦਾਰਾ ਨਵਾਂ ਜ਼ਮਾਨਾ ਤੇ ਪੱਤਰਕਾਰ ਮਨਜੀਤ ਮਾਨ ਨੂੰ ਮੁਬਾਰਕਾਂ



ਸਾਹਿਬਜ਼ਾਦਾ ਅਜੀਤ ਸਿੰਘ ਗੱਤਕਾ ਅਖਾੜਾ ਕਾਲਾ ਸੰਘਿਆਂ
ਨਗਰ ਕੀਰਤਨ ਅਤੇ ਧਾਰਮਿਕ ਸਮਾਗਮਾਂ 'ਚ ਗੱਤਕੇ ਦੀ ਸਿਖਲਾਈ ਲਈ ਸੰਪਰਕ ਕਰੋ
ਪਵਨਦੀਪ ਸਿੰਘ ਸੰਘਾ, ਨਰਿੰਦਰ ਸਿੰਘ ਸੰਘਾ ਗੱਤਕਾ ਕੋਚ, ਨਵਰਾਜ ਸਿੰਘ ਸੰਘਾ
ਮੋਬਾ. 70094-72254

---

ਸ੍ਰੀ ਗੁਰੂ ਨਾਨਕ ਦੇਵ ਜੀ ਦੇ ਪ੍ਰਕਾਸ਼ ਪੁਰਬ ਨੂੰ ਸਮਰਪਤ ਕਸਬਾ ਕਾਲਾ ਸੰਘਿਆਂ (ਕਪੂਰਥਲਾ) ਦਾ ਵਿਸ਼ੇਸ਼ ਸਪਲੀਮੈਂਟ ਪ੍ਰਕਾਸ਼ਿਤ ਕਰਨ 'ਤੇ ਅਦਾਰਾ ਨਵਾਂ ਜ਼ਮਾਨਾ ਤੇ ਪੱਤਰਕਾਰ ਮਨਜੀਤ ਮਾਨ ਨੂੰ ਮੁਬਾਰਕਾਂ



ਗੁਰਪ੍ਰੀਤ ਸਿੰਘ ਭੰਵਰਾ

---

ਸ੍ਰੀ ਗੁਰੂ ਨਾਨਕ ਦੇਵ ਜੀ ਦੇ ਪ੍ਰਕਾਸ਼ ਪੁਰਬ ਨੂੰ ਸਮਰਪਤ ਕਸਬਾ ਕਾਲਾ ਸੰਘਿਆਂ (ਕਪੂਰਥਲਾ) ਦਾ ਵਿਸ਼ੇਸ਼ ਸਪਲੀਮੈਂਟ ਪ੍ਰਕਾਸ਼ਿਤ ਕਰਨ 'ਤੇ ਅਦਾਰਾ ਨਵਾਂ ਜ਼ਮਾਨਾ ਤੇ ਪੱਤਰਕਾਰ ਮਨਜੀਤ ਮਾਨ ਨੂੰ ਮੁਬਾਰਕਾਂ



ਭਜਨ ਸਿੰਘ ਤਾਸ਼ਪੁਰ, ਐਲ ਆਈ ਸੀ ਨਕੋਦਰ, ਸਮਾਜ ਸੇਵਕ

---

ਆਮ ਆਦਮੀ ਪਾਰਟੀ ਕਾਲਾ ਸੰਘਿਆਂ ਵੱਲੋਂ ਸ੍ਰੀ ਗੁਰੂ ਨਾਨਕ ਦੇਵ ਜੀ ਦੇ ਪ੍ਰਕਾਸ਼ ਪੁਰਬ ਦੀਆਂ ਲੱਖ-ਲੱਖ ਵਧਾਈਆਂ



ਸਤਨਾਮ ਸਿੰਘ ਸੰਘਾ, ਸੀਨੀਅਰ ਆਪ ਆਗੂ | ਦਲਵੀਰ ਸਿੰਘ ਰਾਣਾ, ਸੁੰਨੜਵਾਲ ਸੀਨੀ. ਆਪ ਆਗੂ | ਸਰਬਜੀਤ ਸਿੰਘ | ਦਲੀਪ ਸਿੰਘ
ਕਰਨੈਲ ਸਿੰਘ | ਰਾਕੇਸ਼ ਕੁਮਾਰ | ਮਨਜੀਤ ਸਿੰਘ | ਰਛਪਾਲ ਕੌਰ | ਬਲਵੀਰ ਕੌਰ | ਸਤਨਾਮ ਕੌਰ

---

ਸ੍ਰੀ ਗੁਰੂ ਨਾਨਕ ਦੇਵ ਜੀ ਦੇ ਪ੍ਰਕਾਸ਼ ਪੁਰਬ ਨੂੰ ਸਮਰਪਤ ਕਸਬਾ ਕਾਲਾ ਸੰਘਿਆਂ (ਕਪੂਰਥਲਾ) ਦਾ ਵਿਸ਼ੇਸ਼ ਸਪਲੀਮੈਂਟ ਪ੍ਰਕਾਸ਼ਿਤ ਕਰਨ 'ਤੇ ਅਦਾਰਾ ਨਵਾਂ ਜ਼ਮਾਨਾ ਤੇ ਪੱਤਰਕਾਰ ਮਨਜੀਤ ਮਾਨ ਨੂੰ ਮੁਬਾਰਕਾਂ



ਡਾ. ਸਤਪਾਲ (ਸਾਬਕਾ ਮੈਂਬਰ ਪੰਚਾਇਤ ਪਿੰਡ ਸੰਧੂ ਚੱਠਾ) | ਸੁਰਜੀਤ ਕੌਰ (ਸਰਪੰਚ ਸੰਧੂ ਚੱਠਾ) | ਪ੍ਰਤਾਪ ਸਿੰਘ (ਪੰਚ ਸੰਧੂ ਚੱਠਾ) | ਜਗਮਿੰਦਰ ਸਿੰਘ (ਪੰਚ ਸੰਧੂ ਚੱਠਾ)
ਪਲਵਿੰਦਰ ਕੌਰ (ਪੰਚ ਸੰਧੂ ਚੱਠਾ) | ਪਵਨਦੀਪ ਕੌਰ (ਪੰਚ ਸੰਧੂ ਚੱਠਾ) | ਸੁਰਿੰਦਰ ਕੌਰ (ਪੰਚ ਸੰਧੂ ਚੱਠਾ) | ਗੁਰਦਿੱਤ ਸਿੰਘ (ਪੰਚ ਸੰਧੂ ਚੱਠਾ) | ਚਰਨਜੀਤ ਸਿੰਘ (ਪੰਚ ਸੰਧੂ ਚੱਠਾ)

ਜਾਰੀ ਕਰਤਾ: ਗਰਾਮ ਪੰਚਾਇਤ ਸੰਧੂ ਚੱਠਾ

---

ਸ੍ਰੀ ਗੁਰੂ ਨਾਨਕ ਦੇਵ ਜੀ ਦੇ ਪ੍ਰਕਾਸ਼ ਪੁਰਬ ਨੂੰ ਸਮਰਪਤ ਕਸਬਾ ਕਾਲਾ ਸੰਘਿਆਂ (ਕਪੂਰਥਲਾ) ਦਾ ਵਿਸ਼ੇਸ਼ ਸਪਲੀਮੈਂਟ ਪ੍ਰਕਾਸ਼ਿਤ ਕਰਨ 'ਤੇ ਅਦਾਰਾ ਨਵਾਂ ਜ਼ਮਾਨਾ ਤੇ ਪੱਤਰਕਾਰ ਮਨਜੀਤ ਮਾਨ ਨੂੰ ਮੁਬਾਰਕਾਂ

### ਜੋਸ਼ੀ ਕਲਾਥ ਹਾਊਸ
ਮੇਨ ਬਾਜ਼ਾਰ ਕਾਲਾ ਸੰਘਿਆਂ



ਅਜੈ ਜੋਸ਼ੀ

Cloth & Pagri House
Spl. In. Suiting, Shirings, Showls, Ladies Fancy Suits & Emboridery Suits etc.
M. 98550-75007, 98729-21218

---

### ਚਾਹਲ ਮੈਗਾ ਮਾਰਟ
ਚਾਹਲ ਟਰੇਡਿੰਗ ਕੰਪਨੀ
ਮੇਨ ਬੱਸ ਸਟੈਂਡ, ਕਾਲਾ ਸੰਘਿਆਂ
ਥੋਕ ਵਿਕਰੇਤਾ, ਜੀਨਸ, ਸ਼ਰਟਸ, ਸਕੂਲ ਯੂਨੀਫਾਰਮ, ਅਟੈਚੀ, ਸਕੂਲ ਬੈਗ, ਐਨਕ ਆਦਿ
ਦੇਸ਼-ਵਿਦੇਸ਼ ਲਈ ਕੋਰੀਅਰ ਸਰਵਿਸ



ਸੁਖਵਿੰਦਰ ਸਿੰਘ ਚਾਹਲ 98158-76051



ਕਰਨ ਸਿੰਘ ਚਾਹਲ 01822-258413

---

### Noor Resort



ਫੁੱਲ ਏ ਸੀ, ਖੁੱਲ੍ਹੀ ਪਾਰਕਿੰਗ, ਖੁੱਲ੍ਹਾ ਹਾਲ
All Arrangements For Weddings & Parties
M. 98141-74399, 98147-74099
www.facebook.com/noorresortuggi
Nakodar To Kapurthala Road, V.P.O. Uggi (Jalandhar)



ਅਵਤਾਰ ਸਿੰਘ ਭੋਲਾ ਪਹਿਲਵਾਨ, ਮਾਲਕ ਨੂਰ ਰਿਜ਼ੋਰਟ, ਉੱਗੀ

---

ਸ੍ਰੀ ਗੁਰੂ ਨਾਨਕ ਦੇਵ ਜੀ ਦੇ ਪ੍ਰਕਾਸ਼ ਪੁਰਬ ਨੂੰ ਸਮਰਪਤ ਕਸਬਾ ਕਾਲਾ ਸੰਘਿਆਂ (ਕਪੂਰਥਲਾ) ਦਾ ਵਿਸ਼ੇਸ਼ ਸਪਲੀਮੈਂਟ ਪ੍ਰਕਾਸ਼ਿਤ ਕਰਨ 'ਤੇ ਅਦਾਰਾ ਨਵਾਂ ਜ਼ਮਾਨਾ ਤੇ ਪੱਤਰਕਾਰ ਮਨਜੀਤ ਮਾਨ ਨੂੰ ਮੁਬਾਰਕਾਂ

### ANAM JEWELLERS
100 % Hall Marked Jewellery
Mfrs of : Diamond Gold & Silver Ornamnets & Lucky Stone
WESTERN UNION | MONEY GRAM
Main Bazar, Kala Sanghian
98140-56253, 99152-42002



ਐਨਮ ਵਰਮਾ

---

ਸ੍ਰੀ ਗੁਰੂ ਨਾਨਕ ਦੇਵ ਜੀ ਦੇ ਗੁਰਪੁਰਬ ਦੀਆਂ ਇਲਾਕਾ ਨਿਵਾਸੀਆਂ ਨੂੰ ਲੱਖ-ਲੱਖ ਵਧਾਈਆਂ



ਪਲਵਿੰਦਰ ਸਿੰਘ ਪਿੰਦਾ ਕਾਂਗਰਸੀ ਆਗੂ ਪਿੰਡ ਰਾਮਪੁਰ | ਸਰਬਜੀਤ ਕੌਰ ਸਰਪੰਚ ਰਾਮਪੁਰ | ਦਲਜੀਤ ਕੌਰ ਪੰਚ ਰਾਮਪੁਰ | ਮੋਨਿਕਾ ਪੰਚ ਰਾਮਪੁਰ | ਸੁਰਜੀਤ ਪੰਚ ਰਾਮਪੁਰ | ਪਰਮਜੀਤ ਸਿੰਘ ਮਾਨ ਕਾਂਗਰਸੀ ਆਗੂ ਰਾਮਪੁਰ

ਪਿੰਡ ਦੀ ਪੰਚਾਇਤ ਵਿੱਚ ਸੇਵਾ ਬਖਸ਼ਣ ਤੇ ਸਰਪੰਚ ਸਰਬਜੀਤ ਕੌਰ ਤੇ ਸਮੂਹ ਮੈਂਬਰਾਂ ਵੱਲੋਂ ਨਗਰ ਨਿਵਾਸੀਆਂ ਦਾ ਬਹੁਤ ਬਹੁਤ ਧੰਨਵਾਦ।
ਵੱਲੋਂ: ਗ੍ਰਾਮ ਪੰਚਾਇਤ ਪਿੰਡ ਰਾਮਪੁਰ, ਜ਼ਿਲ੍ਹਾ ਕਪੂਰਥਲਾ

---



ਵੱਲੋਂ : ਕਿਰਤੀ ਕਿਸਾਨ ਯੂਨੀਅਨ (ਇਕਾਈ) ਕਾਲਾ ਸੰਘਿਆਂ

---

ਸ੍ਰੀ ਗੁਰੂ ਨਾਨਕ ਦੇਵ ਜੀ ਦੇ ਪ੍ਰਕਾਸ਼ ਪੁਰਬ ਨੂੰ ਸਮਰਪਤ ਕਸਬਾ ਕਾਲਾ ਸੰਘਿਆਂ (ਕਪੂਰਥਲਾ) ਦਾ ਵਿਸ਼ੇਸ਼ ਸਪਲੀਮੈਂਟ ਪ੍ਰਕਾਸ਼ਿਤ ਕਰਨ 'ਤੇ ਅਦਾਰਾ ਨਵਾਂ ਜ਼ਮਾਨਾ ਤੇ ਪੱਤਰਕਾਰ ਮਨਜੀਤ ਮਾਨ ਨੂੰ ਮੁਬਾਰਕਾਂ

### ਪਾਲਾ ਬੁਟੀਕ ਹਾਊਸ, ਕਾਲਾ ਸੰਘਿਆਂ



ਹਰਪਾਲ ਸਿੰਘ ਉਰਫ਼ ਪਾਲਾ ਟੇਲਰ

ਨੇੜੇ ਸੈਮ ਮੋਬਾਇਲ ਹਾਊਸ ਸਾਹਮਣੇ, ਜਲੰਧਰ ਰੋਡ ਕਾਲਾ ਸੰਘਿਆਂ
ਇੱਥੇ ਲੇਡੀਜ਼ ਸੂਟ, ਲਹਿੰਗਾ, ਸਾੜੀ ਸੂਟ ਤਸੱਲੀਬਖ਼ਸ਼ ਤਿਆਰ ਕੀਤੇ ਜਾਂਦੇ ਹਨ।
ਇੱਥੇ ਪੱਗ ਪੀਕੋ ਵੀ ਕੀਤੀ ਜਾਂਦੀ ਹੈ।
ਮੋਬਾ. 98781-34104



ਵਿਨੋਦ ਰਾਜਪੂਤ

---

ਸ੍ਰੀ ਗੁਰੂ ਨਾਨਕ ਦੇਵ ਜੀ ਦੇ ਪ੍ਰਕਾਸ਼ ਪੁਰਬ ਨੂੰ ਸਮਰਪਤ ਕਸਬਾ ਕਾਲਾ ਸੰਘਿਆਂ (ਕਪੂਰਥਲਾ) ਦਾ ਵਿਸ਼ੇਸ਼ ਸਪਲੀਮੈਂਟ ਪ੍ਰਕਾਸ਼ਿਤ ਕਰਨ 'ਤੇ ਅਦਾਰਾ ਨਵਾਂ ਜ਼ਮਾਨਾ ਤੇ ਪੱਤਰਕਾਰ ਮਨਜੀਤ ਮਾਨ ਨੂੰ ਮੁਬਾਰਕਾਂ

### ਪੀਰ ਲੱਖ ਦਾਤਾ ਦਰਬਾਰ, ਪਿੰਡ ਸੰਧੂ ਚੱਠਾ



ਸਲਾਨਾ ਛਿੰਝ ਮੇਲਾ 7 ਫੱਗਣ ਨੂੰ ਕਰਵਾਇਆ ਜਾ ਰਿਹਾ ਹੈ। ਜਿਸ ਵਿਚ ਨਾਮੀ ਪਹਿਲਵਾਨਾਂ ਦੀਆਂ ਕੁਸ਼ਤੀਆਂ ਵੇਖਣਯੋਗ ਹੁੰਦੀਆਂ ਹਨ।
ਕਿਸ਼ੀ ਖੋਸਲਾ, ਇਟਲੀ
ਗੱਦੀ ਨਸ਼ੀਨ ਬਾਬਾ ਮਦਨ ਲਾਲ ਜੀ

---

ਸ੍ਰੀ ਗੁਰੂ ਨਾਨਕ ਦੇਵ ਜੀ ਦੇ ਪ੍ਰਕਾਸ਼ ਪੁਰਬ ਨੂੰ ਸਮਰਪਤ ਕਸਬਾ ਕਾਲਾ ਸੰਘਿਆਂ (ਕਪੂਰਥਲਾ) ਦਾ ਵਿਸ਼ੇਸ਼ ਸਪਲੀਮੈਂਟ ਪ੍ਰਕਾਸ਼ਿਤ ਕਰਨ 'ਤੇ ਅਦਾਰਾ ਨਵਾਂ ਜ਼ਮਾਨਾ ਤੇ ਪੱਤਰਕਾਰ ਮਨਜੀਤ ਮਾਨ ਨੂੰ ਮੁਬਾਰਕਾਂ

### .ਗਦਰੀ ਬਾਬਾ ਹਰਨਾਮ ਸਿੰਘ
(PM SHRI GOVT SENIOR SECONDARY SCHOOL KALA SANGHIAN



ਗੁਰਚਰਨ ਸਿੰਘ ਚਾਹਲ, ਪ੍ਰਿੰਸੀਪਲ

ਵੱਲੋਂ : ਪ੍ਰਿੰਸੀਪਲ ਸਮੂਹ ਸਟਾਫ਼ ਅਤੇ ਸਕੂਲ ਮੈਨੇਜਮੈਂਟ ਕਮੇਟੀ ਕਾਲਾ ਸੰਘਿਆਂ, ਕਪੂਰਥਲਾ



ਮੋਬਾ. 78892-08532, 01822-294809

---

ਸ੍ਰੀ ਗੁਰੂ ਨਾਨਕ ਦੇਵ ਜੀ ਦੇ ਪ੍ਰਕਾਸ਼ ਪੁਰਬ ਨੂੰ ਸਮਰਪਤ ਕਸਬਾ ਕਾਲਾ ਸੰਘਿਆਂ (ਕਪੂਰਥਲਾ) ਦਾ ਵਿਸ਼ੇਸ਼ ਸਪਲੀਮੈਂਟ ਪ੍ਰਕਾਸ਼ਿਤ ਕਰਨ 'ਤੇ ਅਦਾਰਾ ਨਵਾਂ ਜ਼ਮਾਨਾ ਤੇ ਪੱਤਰਕਾਰ ਮਨਜੀਤ ਮਾਨ ਨੂੰ ਮੁਬਾਰਕਾਂ

### ਡਾ. ਗੁਰਮੇਲ ਸਿੰਘ ਟੁਰਨਾ ਮਲਸੀਆਂ ਵਾਲੇ
ਅੱਡਾ ਮੱਲ੍ਹੀਆਂ ਕਲਾਂ



---

ਸ੍ਰੀ ਗੁਰੂ ਨਾਨਕ ਦੇਵ ਜੀ ਦੇ ਪ੍ਰਕਾਸ਼ ਪੁਰਬ ਨੂੰ ਸਮਰਪਤ ਕਸਬਾ ਕਾਲਾ ਸੰਘਿਆਂ (ਕਪੂਰਥਲਾ) ਦਾ ਵਿਸ਼ੇਸ਼ ਸਪਲੀਮੈਂਟ ਪ੍ਰਕਾਸ਼ਿਤ ਕਰਨ 'ਤੇ ਅਦਾਰਾ ਨਵਾਂ ਜ਼ਮਾਨਾ ਤੇ ਪੱਤਰਕਾਰ ਮਨਜੀਤ ਮਾਨ ਨੂੰ ਮੁਬਾਰਕਾਂ

### BHARTIYA VALMIKI SABHA (REGD.)



Master Mohinder Pal Uggi
Punjab President
94783-03422, 98559-83714

Head Office : Flat No. 2224, E, Block No. 12, Sector 63, Chandigarh
(Non Political & Social Organization)
VPO. Uggi, Tehsil Nakodar, Distt. Jalandhar

ਸ੍ਰੀਮਤੀ ਸਵਰਨ ਕੌਰ, ਸੇਵਾ ਮੁਕਤ ਬਲਾਕ ਸਿੱਖਿਆ ਅਫ਼ਸਰ, ਨਕੋਦਰ

---

### ਮੀਰੀ ਪੀਰੀ
ਚੈਰੀਟੇਬਲ ਸੁਸਾਇਟੀ ਹਸਪਤਾਲ ਐਂਡ ਡਾਇਲਿਸਸ ਸੈਂਟਰ
24 ਘੰਟੇ ਸੇਵਾਵਾਂ
ਨੇੜੇ ਬਾਬਾ ਕਾਹਨ ਦਾਸ ਗੁਰਦੁਆਰਾ, ਕਾਲਾ ਸੰਘਿਆਂ



ਪ੍ਰਧਾਨ ਨਿਰਮਲ ਸਿੰਘ ਖਾਲਸਾ ਯੂ ਕੇ 62842-53841 | ਡਾ. ਜਗਦੀਸ਼ ਸਿੰਘ (ਐਮ ਡੀ) 95011-58266 | ਸਿਮਰਨਜੀਤ ਸਿੰਘ ਸਟਾਫ਼ ਮੈਂਬਰ 99156-57268

---



ਮੋਹਨ ਸਿੰਘ ਮੋਹਣਾ ਯੂ ਕੇ, ਸਾਬਕਾ ਅੰਤਰਰਾਸ਼ਟਰੀ ਕਬੱਡੀ ਖਿਡਾਰੀ ਪ੍ਰਮੋਟਰ

ਸ੍ਰੀ ਗੁਰੂ ਨਾਨਕ ਦੇਵ ਜੀ ਦੇ ਪ੍ਰਕਾਸ਼ ਪੁਰਬ ਨੂੰ ਸਮਰਪਤ ਕਸਬਾ ਕਾਲਾ ਸੰਘਿਆਂ (ਕਪੂਰਥਲਾ) ਦਾ ਵਿਸ਼ੇਸ਼ ਸਪਲੀਮੈਂਟ ਪ੍ਰਕਾਸ਼ਿਤ ਕਰਨ 'ਤੇ ਅਦਾਰਾ ਨਵਾਂ ਜ਼ਮਾਨਾ ਤੇ ਪੱਤਰਕਾਰ ਮਨਜੀਤ ਮਾਨ ਨੂੰ ਮੁਬਾਰਕਾਂ




ਤਰਲੋਚਨ ਸਿੰਘ ਲੋਚੀ ਕੈਨੇਡਾ, ਸਾਬਕਾ ਅੰਤਰਰਾਸ਼ਟਰੀ ਕਬੱਡੀ ਖਿਡਾਰੀ

---

ਸ੍ਰੀ ਗੁਰੂ ਨਾਨਕ ਦੇਵ ਜੀ ਦੇ ਪ੍ਰਕਾਸ਼ ਪੁਰਬ ਨੂੰ ਸਮਰਪਤ ਕਸਬਾ ਕਾਲਾ ਸੰਘਿਆਂ (ਕਪੂਰਥਲਾ) ਦਾ ਵਿਸ਼ੇਸ਼ ਸਪਲੀਮੈਂਟ ਪ੍ਰਕਾਸ਼ਿਤ ਕਰਨ 'ਤੇ ਅਦਾਰਾ ਨਵਾਂ ਜ਼ਮਾਨਾ ਤੇ ਪੱਤਰਕਾਰ ਮਨਜੀਤ ਮਾਨ ਨੂੰ ਮੁਬਾਰਕਾਂ

### ਸਰਕਾਰੀ ਐਲੀਮੈਂਟਰੀ ਸਕੂਲ, ਉਗੀ



ਮਾਸਟਰ ਰਵਿੰਦਰ ਕੰਗ, ਸਟੇਟ ਐਵਾਰਡੀ | ਮਾਸਟਰ ਸੰਦੀਪ ਕੁਮਾਰ

---

ਸ੍ਰੀ ਗੁਰੂ ਨਾਨਕ ਦੇਵ ਜੀ ਦੇ ਪ੍ਰਕਾਸ਼ ਪੁਰਬ ਨੂੰ ਸਮਰਪਤ ਕਸਬਾ ਕਾਲਾ ਸੰਘਿਆਂ (ਕਪੂਰਥਲਾ) ਦਾ ਵਿਸ਼ੇਸ਼ ਸਪਲੀਮੈਂਟ ਪ੍ਰਕਾਸ਼ਿਤ ਕਰਨ 'ਤੇ ਅਦਾਰਾ ਨਵਾਂ ਜ਼ਮਾਨਾ ਤੇ ਪੱਤਰਕਾਰ ਮਨਜੀਤ ਮਾਨ ਨੂੰ ਮੁਬਾਰਕਾਂ

### KHUGHAR FARM
Spl. Best Quality Potato Growers & Order Suppliers
Jawahar Lal Bros.
V.P.O. Uggi, Via Lambra, Jalandahr
Jawahar : 98140-72077
Gian : 98143-71317
Lucky : 98155-79666
Aman : 99144-33799



ਜਵਾਹਰ ਲਾਲ ਖੰਗਰ, ਸਾਬਕਾ ਸਰਪੰਚ, ਉਗੀ

---

ਸ੍ਰੀ ਗੁਰੂ ਨਾਨਕ ਦੇਵ ਜੀ ਦੇ ਪ੍ਰਕਾਸ਼ ਪੁਰਬ ਨੂੰ ਸਮਰਪਤ ਕਸਬਾ ਕਾਲਾ ਸੰਘਿਆਂ (ਕਪੂਰਥਲਾ) ਦਾ ਵਿਸ਼ੇਸ਼ ਸਪਲੀਮੈਂਟ ਪ੍ਰਕਾਸ਼ਿਤ ਕਰਨ 'ਤੇ ਅਦਾਰਾ ਨਵਾਂ ਜ਼ਮਾਨਾ ਤੇ ਪੱਤਰਕਾਰ ਮਨਜੀਤ ਮਾਨ ਨੂੰ ਮੁਬਾਰਕਾਂ



ਮੋਹਨ ਸਿੰਘ ਅਹੀਆ ਸਮਾਜ ਸੇਵੀ | ਲਖਵੀਰ ਸਿੰਘ ਨਿਦੋਕੀ | ਸੁਰਜੀਤ ਸਿੰਘ ਥਿਗਲੀ | ਸਰਬਜੀਤ ਸਿੰਘ | ਸਰਬਜੀਤ ਸਿੰਘ

---

### ਦੋਆਬਾ ਮੈਡੀਕਲ ਪ੍ਰੈਕਟੀਸ਼ਨਰਜ਼ ਐਸੋਸੀਏਸ਼ਨ (ਰਜਿ.) ਕਾਲਾ ਸੰਘਿਆਂ



ਰਾਜੀਵ ਸ਼ਰਮਾ ਜ਼ਿਲ੍ਹਾ ਪ੍ਰਧਾਨ | ਮਨੀਸ਼ ਕੁਮਾਰ ਸ਼ਰਮਾ ਜ਼ਿਲ੍ਹਾ ਕਮੇਟੀ ਸਲਾਹਕਾਰ | ਸੁਰਜੀਤ ਸਿੰਘ ਸਕੱਤਰ | ਡਾ. ਬਲੌਰ ਖਾਨ, ਬਲਾਕ ਪ੍ਰਧਾਨ ਕਾਲਾ ਸੰਘਿਆਂ | ਸੁਸ਼ੀਲ ਵਰਮਾ ਉਪ ਪ੍ਰਧਾਨ
ਬਲਬੀਰ ਥਾਪਰ ਕਮੇਟੀ ਮੈਂਬਰ | ਸੱਤਪਾਲ ਸਿੰਘ ਕਮੇਟੀ ਮੈਂਬਰ | ਸੁਖਜਿੰਦਰ ਮੱਟੂ ਕਮੇਟੀ ਮੈਂਬਰ | ਬਲਕਾਰ ਲਾਲਕਾ ਕਮੇਟੀ ਮੈਂਬਰ | ਰਾਜ਼ਨੀ ਸਰੋਏ ਕਮੇਟੀ ਮੈਂਬਰ


---

### ਪੱਤਰਕਾਰ ਤੇ ਸਹਿਯੋਗੀ ਸੱਜਣ



ਰੇਸ਼ਮ ਸਿੰਘ ਮਾਨ | ਪਰਮਜੀਤ ਸਿੰਘ ਬੱਸਣ ਪ੍ਰਧਾਨ | ਐਡਵੋਕੇਟ ਹਰਜੀਤ ਫਜਲਾਬਾਦ | ਬਰਿੰਦਰ ਚਾਨਾ
ਅਮਰਜੀਤ ਸਿੰਘ ਨਿੱਝਰ | ਸੁਖਵਿੰਦਰ ਸੋਹੀ | ਪ੍ਰਿੰਸੀ. ਬਲਜਿੰਦਰ ਕੌਰ ਸਚਦੇਵਾ | ਅਮਰਪ੍ਰੀਤ ਕੌਰ ਪ੍ਰਧਾਨ
ਸੁਰਜੀਤ ਟੁੱਟ | ਅਵਤਾਰ ਸਿੰਘ ਰਾਣਾ | ਸੁਖਵਿੰਦਰ ਸਿੱਧੂ | ਸੰਦੀਪ ਮਾਨ

---



ਗੁਰਮਿੰਦਰ ਸਿੰਘ ਅਠਵਾਲ, ਬਲਾਕ ਪ੍ਰਧਾਨ ਭਾਰਤੀ ਕਿਸਾਨ ਯੂਨੀਅਨ ਲੱਖੋਵਾਲ ਹਲਕਾ ਕਰਤਾਰਪੁਰ

ਸ੍ਰੀ ਗੁਰੂ ਨਾਨਕ ਦੇਵ ਜੀ ਦੇ ਪ੍ਰਕਾਸ਼ ਪੁਰਬ ਨੂੰ ਸਮਰਪਤ ਕਸਬਾ ਕਾਲਾ ਸੰਘਿਆਂ (ਕਪੂਰਥਲਾ) ਦਾ ਵਿਸ਼ੇਸ਼ ਸਪਲੀਮੈਂਟ ਪ੍ਰਕਾਸ਼ਿਤ ਕਰਨ 'ਤੇ ਅਦਾਰਾ ਨਵਾਂ ਜ਼ਮਾਨਾ ਤੇ ਪੱਤਰਕਾਰ ਮਨਜੀਤ ਮਾਨ ਨੂੰ ਮੁਬਾਰਕਾਂ

ਅਮਰਜੀਤ ਸਿੰਘ ਅਠਵਾਲ

---

### ਧੰਨਵਾਦ



**ਮਨਜੀਤ ਮਾਨ**
ਪੱਤਰਕਾਰ, ਕਾਲਾ ਸੰਘਿਆ ਕਪੂਰਥਲਾ
ਸੂਬਾ ਪ੍ਰਧਾਨ ਜਰਨਲਿਸਟ ਪ੍ਰੈਸ ਕਲੱਬ ਰਜਿ. ਪੰਜਾਬ
ਮੋਬਾ. 98728-88955

ਸ੍ਰੀ ਗੁਰੂ ਨਾਨਕ ਦੇਵ ਜੀ ਦੇ ਗੁਰਪੁਰਬ ਨੂੰ ਸਮਰਪਤ ਕਾਲਾ ਸੰਘਿਆਂ (ਕਪੂਰਥਲਾ) ਵਿਸ਼ੇਸ਼ ਸਪਲੀਮੈਂਟ ਕੱਢਣ 'ਚ ਸਾਨੂੰ ਦਿਲੋਂ ਸਹਿਯੋਗ ਕਰਨ ਵਾਲੇ ਸੱਜਣਾਂ ਦਾ ਤਹਿ ਦਿਲੋਂ ਧੰਨਵਾਦ ਕਰਦੇ ਹਾਂ ਅਤੇ ਆਸ ਕਰਦੇ ਹਾਂ ਕਿ ਉਹ ਅੱਗੇ ਤੋਂ ਵੀ ਇਸੇ ਤਰ੍ਹਾਂ ਸਾਨੂੰ ਸਹਿਯੋਗ ਅਤੇ ਸਾਥ ਦਿੰਦੇ ਰਹਿਣਗੇ।

**ਪ੍ਰੀਤ ਸੰਗੋਜਲਾ**
ਜ਼ਿਲ੍ਹਾ ਪ੍ਰਧਾਨ ਕਪੂਰਥਲਾ
ਜਰਨਲਿਸਟ ਪ੍ਰੈਸ ਕਲੱਬ ਰਜਿ. ਪੰਜਾਬ
ਮੋਬਾ. 99143-35663

---




---

ਸ੍ਰੀ ਗੁਰੂ ਨਾਨਕ ਦੇਵ ਜੀ ਦੇ ਪ੍ਰਕਾਸ਼ ਪੁਰਬ ਨੂੰ ਸਮਰਪਤ ਕਸਬਾ ਕਾਲਾ ਸੰਘਿਆਂ (ਕਪੂਰਥਲਾ) ਦਾ ਵਿਸ਼ੇਸ਼ ਸਪਲੀਮੈਂਟ ਪ੍ਰਕਾਸ਼ਿਤ ਕਰਨ 'ਤੇ ਅਦਾਰਾ ਨਵਾਂ ਜ਼ਮਾਨਾ ਤੇ ਪੱਤਰਕਾਰ ਮਨਜੀਤ ਮਾਨ ਨੂੰ ਮੁਬਾਰਕਾਂ



ਨਰਿੰਦਰ ਸਿੰਘ ਸੰਘਾ, ਹਲਕਾ ਕੋਆਰਡੀਨੇਟਰ ਕਿਸਾਨ ਕਪੂਰਥਲਾ | ਵਿਜੈ ਅਰੋੜਾ, ਬਲਾਕ ਪ੍ਰਧਾਨ ਕਾਲਾ ਸੰਘਿਆਂ | ਜਗਰੂਪ ਸਿੰਘ, ਵਾਇਸ ਕੋਆਰਡੀਨੇਟਰ ਸੋਸ਼ਲ ਮੀਡੀਆ ਕਪੂਰਥਲਾ | ਡਾ. ਬਲਰਾਮ ਸ਼ਰਮਾ, ਸੀਨੀਅਰ ਆਗੂ ਆਮ ਆਦਮੀ ਪਾਰਟੀ